

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 05, February 4, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਭਾਜਪਾ ਨੂੰ ਚੁਫੇਰਿਉਂ ਘੇਰਾ ਪੈਣ ਲੱਗਾ

## ਬੀ.ਬੀ.ਸੀ ਦਸਤਾਵੇਜ਼ੀ ਨੇ ਮੋਦੀ-ਤੰਤਰ ਹਿਲਾਇਆ

**ਚੰਡੀਗੜ੍ਹ:** ਇਸ ਵਰ੍ਹੇ 10 ਦੇ ਕਰੀਬ ਸੂਬਿਆਂ ਵਿਚ ਵਿਧਾਨ ਸਭਾ ਅਤੇ ਅਗਲੇ ਸਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤ ਦੀ ਸਿਆਸਤ ਨਵੇਂ ਉਸਲਵੱਟੇ ਲੈ ਰਹੀ ਹੈ। ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਜਿਥੇ ਪਾਰਟੀ ਵਿਚ ਨਵੀਂ ਰੂਹ ਫੂਕਣ ਅਤੇ ਹਮਖ਼ਿਆਲ ਸਿਆਸੀ ਧਿਰ ਨੂੰ ਏਕੇ ਦਾ ਹੋਕਾ ਦੇਣ ਵਿਚ ਸਫਲ ਹੋਈ ਹੈ, ਉਥੇ ਕੇਂਦਰ ਵਿਚ ਸੱਤਾ ਸਾਂਭੀ ਬੈਠੀ ਭਾਜਪਾ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਆਪਣੀਆਂ ਫੁੱਟਪਾਊ ਨੀਤੀਆਂ ਕਾਰਨ ਘਿਰੀ ਹੋਈ ਜਾਪ ਰਹੀ ਹੈ।

ਗੁਜਰਾਤ ਦੰਗਿਆਂ ਬਾਰੇ ਬੀ.ਬੀ.ਸੀ. ਦੀ ਤਾਜ਼ਾ ਦਸਤਾਵੇਜ਼ੀ 'ਇੰਡੀਆ: ਦਿ ਮੋਦੀ ਕੁਐਸਚਨ' ਨੇ ਭਾਜਪਾ ਨੂੰ ਪੈਰੋਂ ਕੱਢਿਆ ਹੋਇਆ ਹੈ। ਇਸ ਵਿਚ ਨਰਿੰਦਰ ਮੋਦੀ ਨੂੰ ਗੁਜਰਾਤ ਦੰਗਿਆਂ ਬਾਰੇ ਸਿੱਧੇ-ਅਸਿੱਧੇ ਢੰਗ ਨਾਲ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਭਾਜਪਾ ਨੇ ਭਾਵੇਂ ਰਾਸ਼ਟਰਵਾਦ ਦਾ ਰੌਲਾ ਪਾ ਕੇ ਇਸ ਦਸਤਾਵੇਜ਼ੀ ਨੂੰ ਭਾਰਤ ਵਿਚ ਤੁਰੰਤ ਬੈਨ ਕਰ ਦਿੱਤਾ ਸੀ ਪਰ ਵਿਰੋਧੀ ਧਿਰਾਂ ਅਤੇ ਵਿਦਿਆਰਥੀਆਂ ਜਥੇਬੰਦੀਆਂ ਇਸ ਫਿਲਮ ਨੂੰ ਲੋਕਾਂ ਤੱਕ ਪੁੱਜਦੀ ਕਰਨ ਲਈ ਨਿੱਤਰ ਆਈਆਂ ਹਨ। ਸਰਕਾਰ ਦੀ ਸਖਤੀ ਦੇ ਬਾਵਜੂਦ ਪੰਜਾਬ ਸਣੇ ਵੱਡੀ ਗਿਣਤੀ ਸੂਬਿਆਂ ਵਿਚ ਇਹ ਦਸਤਾਵੇਜ਼ੀ ਯੂਨੀਵਰਸਿਟੀ ਕੈਂਪਸ ਵਿਚ ਦਿਖਾਈ ਜਾ ਰਹੀ ਹੈ।

ਉਧਰ, ਅਮਰੀਕੀ ਕੰਪਨੀ ਹਿੰਡਨਬਰਗ ਰਿਸਰਚ ਦੀ ਅਡਾਨੀ ਗਰੁੱਪ ਬਾਰੇ ਰਿਪੋਰਟ ਨੇ ਇਸ ਕਾਰੋਬਾਰੀ ਉਤੇ ਸਰਕਾਰੀ ਮਿਹਰਬਾਨੀ ਬਾਰੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਅਡਾਨੀ ਸਮੂਹ ਨੇ ਭਾਵੇਂ ਭਾਰਤ ਨੂੰ ਬਦਨਾਮ ਕਰਨ ਦਾ ਰੋਣਾ ਰੋ ਕੇ ਭਾਜਪਾ ਵਾਂਗ ਰਾਸ਼ਟਰਵਾਦ ਦਾ ਪੱਤਾ ਖੇਡਣ ਦੀ ਕੋਸ਼ਿਸ਼ ਕੀਤੀ ਪਰ ਹਿੰਡਨਬਰਗ ਨੇ ਇਸ ਦੋਸ਼ ਨੂੰ ਰੱਦ ਕਰ ਦਿੱਤਾ ਹੈ ਕਿ ਉਸ ਦੀ ਰਿਪੋਰਟ ਭਾਰਤ 'ਤੇ 'ਗਿਣਿਆ-ਮਿਥਿਆ ਹਮਲਾ' ਹੈ। ਹਿੰਡਨਬਰਗ ਨੇ ਸਾਫ ਆਖ ਦਿੱਤਾ ਹੈ ਕਿ ਧੋਖਾਧੜੀ ਨੂੰ ਰਾਸ਼ਟਰਵਾਦ ਜਾਂ ਵਧਾਅ ਚੜ੍ਹਾਅ ਕੇ ਪ੍ਰਤੀਕਰਮ ਰਾਹੀਂ ਢਕਿਆ ਨਹੀਂ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਨਿਊਯਾਰਕ ਆਧਾਰਿਤ ਇਸ ਕੰਪਨੀ ਵੱਲੋਂ 24 ਜਨਵਰੀ ਨੂੰ ਪੇਸ਼ ਕੀਤੀ ਰਿਪੋਰਟ ਮਗਰੋਂ ਅਡਾਨੀ ਗਰੁੱਪ ਦੀਆਂ ਲਿਸਟਿਡ ਕੰਪਨੀਆਂ ਨੂੰ 70 ਬਿਲੀਅਨ ਅਮਰੀਕੀ ਡਾਲਰ ਦਾ ਨੁਕਸਾਨ ਹੋਇਆ ਹੈ।

ਯਾਦ ਰਹੇ ਕਿ ਭਾਜਪਾ ਹੁਣ ਤੱਕ ਰਾਸ਼ਟਰਵਾਦ, ਦੇਸ਼ ਭਗਤੀ ਅਤੇ ਧਰਮ ਦੇ ਨਾਮ ਉਤੇ ਸਿਆਸਤ ਕਰਦੀ ਆਈ ਹੈ। ਭਗਵਾ ਧਿਰ ਨੇ ਹਰ ਔਖੀ ਸਥਿਤੀ ਵਿਚ 'ਰਾਸ਼ਟਰ ਨੂੰ ਖਤਰੇ' ਦਾ ਰੌਲਾ ਪਾ ਕੇ ਆਪਣੇ ਪਰਦੇ ਢੱਕੇ ਹਨ ਪਰ ਇਸ ਵਾਰ ਹਾਲਾਤ ਕੁਝ ਵੱਖਰੇ ਹਨ। ਇਨ੍ਹਾਂ ਵਿਚੋਂ ਇਕ ਕਾਰਨ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੂੰ ਵੀ ਮੰਨਿਆ ਜਾ ਰਿਹਾ ਹੈ। ਇਸ ਯਾਤਰਾ ਨੇ ਕਾਂਗਰਸੀ ਆਗੂ ਰਾਹੁਲ ਗਾਂਧੀ ਦਾ ਨਵਾਂ ਅਕਸ ਸਿਰਜਿਆ ਹੈ। 7 ਸਤੰਬਰ 2022 ਨੂੰ ਕੰਨਿਆਕੁਮਾਰੀ ਤੋਂ ਸ਼ੁਰੂ ਹੋਈ ਇਹ ਯਾਤਰਾ 30 ਜਨਵਰੀ 2023 ਨੂੰ ਸ੍ਰੀਨਗਰ ਵਿਚ ਸਮਾਪਤ ਹੋਈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਸ ਯਾਤਰਾ ਨੇ ਨਵੀਂ ਤਰ੍ਹਾਂ ਦੀ ਸਿਆਸਤ ਨੂੰ ਜਨਮ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਹੜੀ ਸਿੱਧੀ ਤੌਰ 'ਤੇ ਚੋਣਾਂ ਨਾਲ ਜੁੜੀ ਹੋਈ ਨਹੀਂ ਸਗੋਂ ਲੋਕਾਂ ਦਾ ਧਿਆਨ ਮੁੱਦਿਆਂ 'ਤੇ ਕੇਂਦਰਿਤ ਕਰਦੀ ਹੈ। ਯਾਤਰਾ ਦੌਰਾਨ ਬੇਰੁਜ਼ਗਾਰੀ, ਕਾਰਪੋਰੇਟ ਅਦਾਰਿਆਂ ਬਾਰੇ ਸਰਕਾਰੀ ਨੀਤੀਆਂ, ਮਹਿੰਗਾਈ ਅਤੇ ਹੋਰ ਲੋਕ-ਪੱਖੀ ਮੁੱਦੇ ਉਠਾਏ ਗਏ।

ਇਸ ਸਾਲ ਮੇਘਾਲਿਆ, ਤ੍ਰਿਪੁਰਾ, ਨਾਗਾਲੈਂਡ, ਕਰਨਾਟਕ, ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਅਤੇ ਤਿਲੰਗਾਨਾ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਵਿਚ ਵੀ ਵਿਧਾਨ ਸਭਾ ਚੋਣਾਂ ਹੋ ਸਕਦੀਆਂ ਹਨ। ਇਨ੍ਹਾਂ ਵਿਧਾਨ ਸਭਾ ਚੋਣਾਂ ਨੂੰ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਸੈਮੀਫਾਈਨਲ ਵਜੋਂ ਵੀ ਦੇਖਿਆ ਜਾ ਰਿਹਾ ਹੈ। ਯਾਤਰਾ ਦੌਰਾਨ ਰਾਹੁਲ ਨੇ ਆਪਣਾ ਮੁੱਖ ਨਿਸ਼ਾਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਨਾਲ-


***(ਬਾਕੀ ਸਫਾ 6 'ਤੇ)***




## ਨਿਤੀਸ਼ ਦੀ ਦੋ-ਟੂਕ: ਭਾਜਪਾ ਨਾਲ ਹੱਥ ਮਿਲਾਉਣ ਨਾਲੋਂ ਮਰਨਾ ਪਸੰਦ ਕਰਾਂਗਾ

**ਪਟਨਾ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਉਹ ਭਾਜਪਾ ਨਾਲ ਹੱਥ ਮਿਲਾਉਣ ਦੀ ਬਜਾਏ 'ਮਰਨ ਨੂੰ ਤਰਜੀਹ' ਦੇਣਗੇ। ਉਨ੍ਹਾਂ ਦੀ ਇਹ ਟਿੱਪਣੀ ਉਸ ਵੇਲੇ ਆਈ ਹੈ, ਜਦੋਂ ਬੀਤੇ ਦਿਨੀਂ ਭਾਜਪਾ ਨੇ ਜਨਤਾ ਦਲ (ਯੂਨਾਈਟਿਡ) ਦੇ ਆਗੂ ਨਾਲ ਗੱਠਜੋੜ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਸਵਾਲਾਂ ਦਾ ਜਵਾਬ ਦਿੰਦਿਆਂ ਨਿਤੀਸ਼ ਨੇ ਕਿਹਾ, "ਮਰ ਜਾਣਾ ਮਨਜ਼ੂਰ ਪਰ ਉਨ੍ਹਾਂ ਨਾਲ ਜਾਣਾ ਸਾਨੂੰ ਕਦੇ ਕਬੂਲ ਨਹੀਂ ਹੈ।"

## ਪੰਜਾਬ ਦੇ ਹਾਲਾਤ ਲਈ ਇੰਦਰਾ ਗਾਂਧੀ ਜ਼ਿੰਮੇਵਾਰ: ਬਰਾੜ



**ਨਵੀਂ ਦਿੱਲੀ:** ਹਰਿਮੰਦਰ ਸਾਹਿਬ ਵਿਖੇ ਹੋਏ ਅਪ੍ਰੇਸ਼ਨ ਬਲੂ ਸਟਾਰ (ਸਾਕਾ ਨੀਲਾ ਤਾਰਾ) ਦੇ 39 ਸਾਲਾਂ ਬਾਅਦ, ਇਸ ਅਪ੍ਰੇਸ਼ਨ ਦੀ ਅਗਵਾਈ ਕਰਨ ਵਾਲੇ ਜਨਰਲ ਕੁਲਦੀਪ ਬਰਾੜ ਨੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਇੰਦਰਾ ਗਾਂਧੀ ਦੀ ਸ਼ਹਿ ਮਿਲੀ ਸੀ ਤੇ ਅਪ੍ਰੇਸ਼ਨ ਬਲੂ ਸਟਾਰ ਦੇ ਸਮੇਂ ਭਾਰਤੀ ਫੌਜ ਕੋਲ ਨਾ ਤਾਂ ਢੁਕਵੇਂ ਵਸੀਲੇ ਸਨ ਤੇ ਨਾ ਹੀ ਕਾਰਵਾਈ ਕਰਨ ਦੀ ਪੂਰੀ ਖੁੱਲ੍ਹ ਸੀ।

ਜਨਰਲ ਬਰਾੜ ਦਾ ਇਹ ਇੰਟਰਵਿਊ ਅਜਿਹੇ ਸਮੇਂ ਉਤੇ ਨਸ਼ਰ ਹੋ ਰਿਹਾ ਹੈ ਜਦੋਂ ਬੀ.ਬੀ.ਸੀ. ਵੱਲੋਂ ਗੁਜਰਾਤ ਦੰਗਿਆਂ ਉਤੇ ਵਿਵਾਦਿਤ ਦਸਤਾਵੇਜ਼ੀ ਫਿਲਮ ਨੂੰ ਲੈ ਕੇ ਵਿਰੋਧੀ ਧਿਰ ਖਾਸ ਤੌਰ ਉਤੇ ਕਾਂਗਰਸ ਹਮਲਾਵਰ ਹੋਈ ਹੈ ਅਤੇ ਕਈ ਥਾਵਾਂ ਉਤੇ ਇਸ ਦੀ ਸਕਰੀਨਿੰਗ ਕਰਵਾਈ ਜਾ ਰਹੀ ਹੈ। ਸੇਵਾਮੁਕਤ ਜਨਰਲ ਬਰਾੜ ਨੇ ਇਕ ਇੰਟਰਵਿਊ ਵਿਚ ਅਪ੍ਰੇਸ਼ਨ ਬਲੂ ਸਟਾਰ ਨੂੰ ਉਪਰੋਂ ਦਿੱਤੇ ਆਦੇਸ਼ ਮੁਤਾਬਕ ਕੀਤੀ ਕਾਰਵਾਈ ਦੱਸਿਆ ਕਿ ਉਸ ਵੇਲੇ ਦੇ ਹਾਲਾਤ ਠੀਕ ਉਂਝ ਸੀ ਜਿਵੇਂ ਮੁੱਕੇਬਾਜ਼ੀ ਦੇ ਰਿੰਗ ਵਿਚ ਕਿਸੇ ਨੂੰ ਇਕ ਹੱਥ ਬੰਨ੍ਹ ਕੇ ਉਤਾਰ ਦਿੱਤਾ ਜਾਏ ਤੇ ਕਿਹਾ ਜਾਏ ਕਿ ਤੁਸੀਂ ਲੜਨਾ ਹੈ। ਉਨ੍ਹਾਂ ਪੰਜਾਬ ਦੇ ਵਿਗੜੇ ਮਾਹੌਲ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਜ਼ਿੰਮੇਵਾਰ ਠਹਿਰਾਇਆ ਕਿ ਇੰਦਰਾ ਗਾਂਧੀ ਨੇ ਵਿਗੜਦਾ ਮਾਹੌਲ ਰੋਕਣ 'ਚ ਦੇਰੀ ਕੀਤੀ।






Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*Personal Injury and Wrongful Death Attorneys*

Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury



WILLIAM E. WEISS
Of Counsel

Offices in San Francisco and Union City



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਪੰਜਾਬੀ ਭਾਈਚਾਰੇ ਦੇ ਮਾਣ ਸ. ਦਰਸ਼ਨ ਸਿੰਘ ਧਾਲੀਵਾਲ ਨੂੰ ਮੁਬਾਰਕਬਾਦ!



ਅਮਰੀਕਾ ਦੇ ਉੱਘੇ ਬਿਜ਼ਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਦੇ ਸ਼ਾਨਦਾਰ ਸਫਲ ਕਾਰੋਬਾਰੀ ਉੱਦਮਾਂ ਅਤੇ ਪੰਜਾਬ, ਭਾਰਤ, ਅਮਰੀਕਾ ਅਤੇ ਪੂਰੀ ਦੁਨੀਆ ਵਿਚ ਉਨ੍ਹਾਂ ਵਲੋਂ ਨਿਭਾਈਆਂ ਜਾ ਰਹੀਆਂ ਨਿਰੰਤਰ ਮਾਨਵਤਾਵਾਦੀ ਸੇਵਾਵਾਂ ਲਈ ਭਾਰਤ ਸਰਕਾਰ ਵਲੋਂ 'ਪਰਵਾਸੀ ਭਾਰਤੀ ਸਨਮਾਨ' ਨਾਲ ਨਿਵਾਜੇ ਜਾਣ 'ਤੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਅਤੇ ਮਿੱਡ-ਵੈਸਟ ਦੇ ਪੰਜਾਬੀ ਭਾਈਚਾਰੇ ਵਲੋਂ ਸ. ਧਾਲੀਵਾਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਤਹਿ ਦਿਲੋਂ ਮੁਬਾਰਕਬਾਦ!

ਸ. ਦਰਸ਼ਨ ਸਿੰਘ ਧਾਲੀਵਾਲ ਨੇ ਪਿਛਲੇ 50 ਸਾਲਾਂ ਤੋਂ ਅਮਰੀਕਾ ਰਹਿੰਦਿਆਂ ਆਪਣਾ ਸਿੱਖੀ ਸਰੂਪ ਕਾਇਮ ਰੱਖਦਿਆਂ ਕਾਰੋਬਾਰੀ ਵਜੋਂ ਨਾਮਣਾ ਖੱਟਿਆ, ਜੋ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।








## ਵਲੋਂ: ਪੰਜਾਬ ਟਾਈਮਜ਼ ਆਨਰੇਰੀ ਸਲਾਹਕਾਰ ਬੋਰਡ


ਜਸਵੀਰ ਕੌਰ ਢਿਲੋਂ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਅਮੋਲਕ ਸਿੰਘ ਗਾਖਲ



ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਗਰੇਵਾਲ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੱਸੀ ਗਿੱਲ


ਜੈਦੇਵ ਸਿੰਘ ਭੱਠਲ


ਪਰਮਿੰਦਰ ਸਿੰਘ ਵਾਲੀਆ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਗੁਰਵੀਰ ਸਿੰਘ ਗਿੱਲ

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5'2" daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

---

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

---

Jatt Sikh family looking for a Jatt Sikh match for their 34 years, 5' 4" daughter. Master of Business Administration, Marketing, Food media. Permanent Resident of Canada. Mother retired govt. Principal, Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

---

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43


**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**


# ਇਲੀਨਾਏ ਸਟੇਟ ਵਿਚ ਫਰਵਰੀ ਪੰਜਾਬੀ ਮਹੀਨੇ ਵਜੋਂ ਮਨਾਇਆ ਜਾਵੇਗਾ

**ਸਪਰਿੰਗਫੀਲਡ (ਇਲੀਨਾਏ):** ਪੰਜਾਬੀ ਬੋਲਦੇ ਵਸਨੀਕਾਂ ਵੱਲੋਂ ਇਲੀਨਾਏ ਸਟੇਟ ਦੇ ਵੱਖ-ਵੱਖ ਭਾਈਚਾਰਿਆਂ ਲਈ ਪਾਏ ਯੋਗਦਾਨ ਦੇ ਮੱਦੇਨਜ਼ਰ ਇਲੀਨਾਏ ਦੇ ਗਵਰਨਰ ਜੇ.ਬੀ. ਪ੍ਰਿਟਜ਼ਕਰ ਨੇ ਸਾਲ 2023 ਦੇ ਫਰਵਰੀ ਮਹੀਨੇ ਨੂੰ 'ਪੰਜਾਬੀ ਭਾਸ਼ਾ ਮਹੀਨਾ' ਐਲਾਨਿਆ ਹੈ। ਇਹ ਕਾਰਵਾਈ ਸੰਯੁਕਤ ਰਾਸ਼ਟਰ ਮਾਂ-ਬੋਲੀ ਦਿਵਸ ਦੇ ਨੇਮਾਂ ਤਹਿਤ ਕੀਤੀ ਗਈ ਹੈ ਜੋ ਹਰ ਸਾਲ ਸੰਸਾਰ ਭਰ ਵਿਚ 21 ਫਰਵਰੀ ਨੂੰ ਮਨਾਇਆ ਜਾਂਦਾ ਹੈ। ਸੰਸਾਰ ਭਰ ਵਿਚ ਭਾਸ਼ਾਈ ਚੇਤਨਾ ਅਤੇ ਸੱਭਿਆਚਾਰਕ ਵੰਨ-ਸਵੰਨਤਾ ਨੂੰ ਹੁਲਾਰਾ ਦੇਣ ਲਈ ਇਹ ਦਿਵਸ ਯੂਨੈਸਕੋ ਵੱਲੋਂ ਵੀ ਮਨਜ਼ੂਰਸ਼ੁਦਾ ਹੈ।

ਯਾਦ ਰਹੇ ਕਿ ਪੰਜਾਬੀ ਸੰਸਾਰ ਭਰ ਵਿਚ ਬੋਲੀਆਂ ਜਾਂਦੀਆਂ ਬੋਲੀਆਂ ਵਿਚੋਂ 9ਵੇਂ ਸਥਾਨ 'ਤੇ ਹੈ। ਇਸ ਦੀ ਉਤਪਤੀ 7ਵੀਂ ਸਦੀ ਦੌਰਾਨ ਹੋਈ ਦੱਸੀ ਜਾਂਦੀ ਹੈ ਅਤੇ ਅੱਜ ਕੱਲ੍ਹ ਇਹ ਸੰਸਾਰ ਭਰ ਵਿਚ 113 ਮਿਲੀਅਨ ਲੋਕਾਂ ਜਿਨ੍ਹਾਂ ਵਿਚ ਸਿੱਖ, ਹਿੰਦੂ, ਮੁਸਲਮਾਨ ਤੇਇਸਾਈ ਸ਼ਾਮਿਲ ਹਨ, ਵੱਲੋਂ ਬੋਲੀ ਜਾਂਦੀ ਹੈ। ਭਾਰਤ, ਪਾਕਿਸਤਾਨ, ਕੈਨਡਾ ਅਤੇ ਯੂ.ਕੇ. ਵਿਚ ਇਸ ਨੂੰ ਰਾਜ ਭਾਸ਼ਾ ਦਾ ਦਰਜਾ ਵੀ ਮਿਲ ਚੁੱਕਾ ਹੈ। ਇਨ੍ਹਾਂ ਮੁਲਕਾਂ ਤੋਂ ਇਲਾਵਾ ਇਹ ਮਲੇਸ਼ੀਆ, ਪੂਰਬੀ ਅਫਰੀਕੀ ਮੁਲਕਾਂ, ਯੂ.ਏ.ਈ., ਨਿਊਜ਼ੀਲੈਂਡ ਅਤੇ ਆਸਟਰੇਲੀਆ ਵਿਚ ਵੀ ਬੋਲੀ ਜਾਂਦੀ ਹੈ। ਇਕੱਲੇ ਅਮਰੀਕਾ ਵਿਚ ਹੀ ਸਾਢੇ ਸੱਤ ਲੱਖ ਲੋਕ ਪੰਜਾਬੀ ਬੋਲਦੇ ਹਨ ਅਤੇ ਇਨ੍ਹਾਂ ਵਿਚੋਂ 50 ਹਜ਼ਾਰ ਤੋਂ ਜ਼ਿਆਦਾ ਵਸਨੀਕ ਇਲੀਨਾਏ ਦੇ ਹਨ।

ਇਸ ਮੌਕੇ ਸ਼ਿਕਾਗੋ ਦੀ ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਜਾਬੀ ਭਾਸ਼ਾ ਮਹੀਨਾ ਮਨਾਉਣ ਲਈ ਮੈਟਰੋ ਸ਼ਿਕਾਗੋ ਇਲਾਕੇ ਵਿਚ ਕਈ ਪ੍ਰਕਾਰ ਦੀਆਂ ਸਰਗਰਮੀਆਂ ਉਲੀਕੀਆਂ ਗਈਆਂ ਹਨ। ਇਨ੍ਹਾਂ ਵਿਚੋਂ ਇਕ ਸਮਾਗਮ 25 ਮਾਰਚ ਨੂੰ 'ਕਾਲਜ ਆਫ ਡੂਪੇਜ' ਵਿਖੇ 'ਰੰਗਲਾ ਪੰਜਾਬ' ਤਹਿਤ ਕੀਤਾ ਜਾ ਰਿਹਾ ਹੈ।

ਪੰਜਾਬੀ ਕਲਚਰਲ ਸੁਸਾਇਟੀ ਦੇ ਬੋਰਡ ਆਫ ਗਵਰਨਰ ਦੇ ਮੈਂਬਰ ਰਾਜਿੰਦਰ ਸਿੰਘ ਮਾਗੋ ਨੇ ਕਿਹਾ ਕਿ ਪੰਜਾਬੀ ਕਲਚਰਲ ਸੁਸਾਇਟੀ ਅਤੇ ਇਲੀਨਾਏ ਦੇ ਪੰਜਾਬੀ ਬੋਲਦੇ ਵਸਨੀਕ ਪੰਜਾਬੀ ਭਾਸ਼ਾ, ਸਾਹਿਤ, ਕਲਾ, ਸੰਗੀਤ, ਨਾਚ, ਸੱਭਿਆਚਾਰ, ਫਿਲਮਾਂ, ਮੇਲੇ ਅਤੇ ਰੀਤ-ਰਿਵਾਜਾਂ ਨੂੰ ਸਾਂਭਣ ਲਈ ਵਚਨਬੱਧ ਹੈ। ਪੰਜਾਬੀ ਕਲਚਰਲ ਸੁਸਾਇਟੀ ਦੇ ਚੇਅਰਮੈਨ ਨਿੱਕ ਬਲਵਿੰਦਰ ਸਿੰਘ ਨੇ ਕਿਹਾ ਕਿ ਪੰਜਾਬੀ ਭਾਈਚਾਰਾ ਅਜਿਹਾ ਭਾਈਚਾਰਾ ਹੈ ਜੋ ਆਪਣੇ ਗੌਰਵ ਅਤੇ ਸਾਹਸ ਸਦਕਾ ਹਰ ਥਾਂ ਆਪਣੀ ਥਾਂ ਬਣਾ ਲੈਂਦਾ ਹੈ।

ਯਾਦ ਰਹੇ ਕਿ ਪਹਿਲਾ ਏਸ਼ਿਆਈ-ਅਮਰੀਕੀ ਕਾਂਗਰਸਮੈਨ ਦਲੀਪ ਸਿੰਘ ਸੌਂਧ ਪੰਜਾਬੀ ਸੀ। ਹੋਰ ਮਸ਼ਹੂਰ ਪੰਜਾਬੀਆਂ ਵਿਚ ਨੋਬੇਲ ਇਨਾਮ ਜੇਤੂ ਹਰ ਗੋਬਿੰਦ ਖੁਰਾਣਾ, ਲੂਸੀਆਨਾ ਦੇ ਸਾਬਕਾ ਗਵਰਨਰ ਬੌਬੀ ਜਿੰਦਲ, ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਨਿੱਕੀ ਹੇਲੇ, ਕਾਂਗਰਸਮੈਨ ਰੋ ਖੰਨਾ, ਆਸਾ ਵਿਗਿਆਨੀ ਕਲਪਨਾ ਚਾਵਲਾ, ਫਾਈਬਰ ਆਪਟਿਕਸ ਦਾ ਪਿਤਾਮਾ ਨਰਿੰਦਰ ਸਿੰਘ ਕਪਾਨੀ, ਪੈਂਟੀਅਮ ਚਿਪ ਦੇ ਖੋਜੀ ਵਿਨੋਦ ਧਾਮ, ਮਾਸਟਰਕਾਰਡ ਦੇ ਸੀ.ਈ.ਓ. ਅਜੈ ਬਾਂਗਾ ਆਦਿ ਸ਼ਮਿਲ ਹਨ। ਇਸੇ ਤਰ੍ਹਾਂ ਹੋਰ ਮੁਲਕਾਂ ਵਿਚ ਵੀ ਪੰਜਾਬੀਆਂ ਨੇ ਬੁਲੰਦੀਆਂ ਹਾਸਲ ਕੀਤੀਆਂ ਹਨ।

## ਲੜਕੀ ਦੀ ਲੋੜ ਹੈ

US settled, Jatt Sikh, well educated, landlord family seeks professionally qualified match for US Citizen, handsome, turbaned boy, 6", 26, B.E. Computer Science, excellent salary, teetotaler, well versed in both cultures. Please respond with recent photographs and detailed particulars at singhusa2022@gmail.com, or WhatsApp: +1-248-854-0003

5-8

Sikh Arora family looking for a suitable match for their 5'-8" B.tech. PMIM son, living in Canada (getting P R soon). Father Associate Professor in a college having Urban Agriculture land also. Want sikh beautiful girl with professional qualifications. Please Contact us at: +9198963-19944 (India).

4-7

---

Khatri Hindu family looking for a suitable match for their son US Citizen 38, 5'9" divorced with full custody of child, non-smoker/non-drinker. Caste and religion no bar. Well settled in California.
Please contact Whatsapp/Phone: 909-286-5400"

3-6

---

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5'11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 765-602-6904 (ਵ੍ਹਟਸਐਪ)।

2-5

---

An educated Jatt Sikh family looking for a suitable match for their 42, 5'10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com

2-5

---

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5'10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906 or E-mail at sanjogmatri27@gmail.com

1-4

---

Looking for suitable, educated match for Jatt Sikh boy, born in 1995, 5'10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com

1-4

Looking for a suitable match for our USA green card holder, 5'7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or E-mail at: santokhkainth53@gmail.com.

1-4

---

Suitable Jatt Sikh match for US born Jatt Sikh Gill boy 30, 5'8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com

1-4

---

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

53-3

Khatri Sikh family looking for a beautiful educated Sikh girl from USA, Canada, or India for their USA citizen son, born in 1987, 5'11", mechanical engineer working in automotive company. Upper cast, no bar. Please contact us at 1-586-604-6191 or email at maninderoberoi1@gmail.com

51-54

---

ਜੱਟ ਸਿੱਖ ਬੋਪਾਰਾਏ 29 ਸਾਲ, 5'10" ਰੰਗ ਗੋਰਾ ਜੀਓਫਿਜ਼ਿਕਸ ਗਰੈਜੂਏਟ (ਮੈਨੀਟੋਬਾ ਯੂਨੀਵਰਸਿਟੀ ਵਿੰਨੀਪੈੱਗ ਕੈਨੇਡਾ) ਕੈਨੇਡੀਅਨ ਪੀ ਆਰ, ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਅਮਰੀਕਾ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੇ ਦੇ ਮਾਤਾ ਪਿਤਾ ਅਮਰੀਕਾ ਵਿਚ ਪੱਕੇ ਹਨ। ਚਾਹਵਾਨ ਸੰਪਰਕ ਕਰਨ: 734-968-1195 or e-mail: kaurgurvinder1965@yahoo.com

50-53

---

Ramgharia Sikh family looking for a suitable match for thier US citizen,1990 born, 6 feet son, Working as an Engineer in Michigan.
Please contact us @ 734-419-3292.

49-52

# ਪੰਥਕ ਆਸਰੇ ਸਿਆਸੀ ਉਭਾਰ ਲਈ ਜੁਗਤਾਂ ਘੜਨ ਲੱਗਾ ਬਾਦਲ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਨਵ-ਗਠਿਤ 'ਪੰਥਕ ਸਲਾਹਕਾਰ ਬੋਰਡ' ਨੇ ਪਾਰਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖਾਂ ਦੇ ਮਨਾਂ ਵਿਚੋਂ ਬਰਗਾੜੀ ਬੇਅਦਬੀ ਕਾਂਡ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ 328 ਸਰੂਪਾਂ ਸਬੰਧੀ ਸ਼ੰਕੇ ਦੂਰ ਕਰਨ ਦੀ ਸਲਾਹ ਦਿੱਤੀ ਹੈ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪਾਰਟੀ ਨੂੰ ਦਰਪੇਸ਼ ਪੰਥਕ ਚੁਣੌਤੀਆਂ ਤੇ ਸਿੱਖ ਮਾਮਲਿਆਂ 'ਤੇ ਚਰਚਾ ਕਰਦਿਆਂ ਪਾਰਟੀ ਆਗੂਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਿੱਖ ਕੌਮ ਦੋਵਾਂ ਮਾਮਲਿਆਂ ਲਈ ਅਕਾਲੀ ਦਲ ਦੇ ਆਗੂਆਂ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੂੰ ਜ਼ਿੰਮੇਵਾਰ ਮੰਨਦੀ ਹੈ, ਇਸ ਸਬੰਧੀ ਸਿੱਖ ਮਨਾਂ 'ਚ ਉਪਜੇ ਸ਼ੰਕੇ ਦੂਰ ਕਰਨਾ ਜ਼ਰੂਰੀ ਹੈ।

ਪਾਰਟੀ ਸੂਤਰਾਂ ਅਨੁਸਾਰ ਅਕਾਲੀ ਦਲ ਦੇ ਪੁਰਾਣੇ ਆਗੂਆਂ ਨੇ ਇਨ੍ਹਾਂ ਦੋਵਾਂ ਮਸਲਿਆਂ 'ਚ ਸਿੱਖਾਂ ਨੂੰ ਕੋਈ ਖਾਸ ਉਜ਼ਰ ਨਾ ਹੋਣ ਦੀ ਵਕਾਲਤ ਕੀਤੀ, ਜਦੋਂ ਕਿ ਬਾਬਾ ਬੂਟਾ ਸਿੰਘ, ਦਿੱਲੀ ਦੇ ਸਿੱਖ ਆਗੂ ਪਰਮਜੀਤ ਸਿੰਘ ਸਰਨਾ, ਬਾਬਾ ਟੇਕ ਸਿੰਘ ਧਨੌਲਾ ਤੇ ਭਾਈ ਰਾਮ ਸਿੰਘ ਨੇ ਸਪੱਸ਼ਟ ਤੌਰ 'ਤੇ ਸਿੱਖ ਕੌਮ ਵੱਲੋਂ ਅਕਾਲੀ ਆਗੂਆਂ ਨੂੰ ਕਟਹਿਰੇ 'ਚ ਖੜ੍ਹਾ ਕਰਨ ਦੀ ਗੱਲ ਕਹੀ। ਬਾਬਾ ਬੂਟਾ ਸਿੰਘ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਬੇਹੱਦ ਗੰਭੀਰ ਹੈ ਅਤੇ ਜਿੰਨੀ ਜਲਦੀ ਇਸ ਦਾ ਨਿਬੇੜਾ ਹੋਵੇ, ਅਕਾਲੀ ਦਲ ਲਈ ਉਨਾ ਹੀ ਚੰਗਾ ਹੈ।



ਅਮਰਜੀਤ ਸਿੰਘ ਚਾਵਲਾ ਤੇ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਬੇਅਦਬੀ ਦੇ ਮਾਮਲੇ 'ਤੇ ਅਕਾਲੀ ਦਲ ਦੇ ਆਗੂਆਂ ਖਿਲਾਫ਼ ਝੂਠੇ ਦੋਸ਼ ਲਗਾਏ ਜਾ ਰਹੇ ਹਨ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਮੁਹਾਲੀ ਵਿਚ ਲੱਗੇ ਕੌਮੀ ਮੋਰਚੇ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ ਕਿਉਂਕਿ ਇਸ ਮੋਰਚੇ ਨੂੰ ਆਮ ਸਿੱਖਾਂ ਦੀ ਹਮਾਇਤ ਮਿਲ ਰਹੀ ਹੈ। ਇਸ ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਝੂਠੇ ਦੋਸ਼ਾਂ ਦੇ ਜਵਾਬ ਲਈ ਹਮਲਾਵਰ ਰੁਖ਼ ਅਖਤਿਆਰ ਕਰਨਾ ਚਾਹੀਦਾ ਹੈ। ਕਮੇਟੀ ਮੈਂਬਰਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੂੰ ਸੋਸ਼ਲ ਮੀਡੀਆ 'ਤੇ ਹੁੰਦੇ ਭੰਡੀ ਪ੍ਰਚਾਰ ਦਾ ਵੀ ਜਵਾਬ ਤੱਥਾਂ ਸਮੇਤ ਦੇਣਾ ਚਾਹੀਦਾ ਹੈ। ਅਕਾਲੀ ਦਲ ਦੇ ਪੰਥਕ ਸਲਾਹਕਾਰ ਬੋਰਡ ਨੇ 13 ਅਪਰੈਲ ਤੱਕ ਪੰਥਕ ਮਾਮਲਿਆਂ 'ਤੇ ਸੁਧਾਰ ਸਬੰਧੀ ਰਿਪੋਰਟ ਦੇਣ ਅਤੇ 13 ਅਪਰੈਲ ਤੋਂ ਬਾਅਦ ਅੰਮ੍ਰਿਤਸਰ ਤੋਂ ਦਿੱਲੀ ਤੱਕ ਇਕ ਮਾਰਚ ਕੱਢਣ ਦਾ ਵੀ ਫੈਸਲਾ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ ਦੀ ਮੀਟਿੰਗ ਵਿਚ ਵੀ ਪਾਰਟੀ ਆਗੂਆਂ ਨੇ ਬੇਅਦਬੀ ਕਾਂਡ ਦੇ ਦਾਗ ਧੋਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਅਤੇ ਭਾਰਤੀ ਜਨਤਾ ਪਾਰਟੀ ਖਿਲਾਫ਼ ਹਮਲਾਵਰ ਰੁਖ਼ ਅਖਤਿਆਰ ਕਰਨ 'ਤੇ ਜ਼ੋਰ ਦਿੱਤਾ ਸੀ। ਮੀਟਿੰਗ ਦੌਰਾਨ ਨਵੇਂ ਅਹੁਦੇਦਾਰਾਂ ਨੇ ਇਸ ਗੱਲ 'ਤੇ ਚਰਚਾ ਕੀਤੀ ਸੀ ਕਿ ਸਾਲ 2015 ਤੋਂ ਲੈ ਕੇ ਅੱਜ ਤੱਕ ਵਿਰੋਧੀ ਪਾਰਟੀਆਂ ਵੱਲੋਂ ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਮਾਮਲਿਆਂ 'ਤੇ ਪਾਰਟੀ ਅਤੇ ਪਾਰਟੀ ਆਗੂਆਂ 'ਤੇ ਲਗਾਤਾਰ ਨਿਸ਼ਾਨਾ ਸੇਧਿਆ ਜਾ ਰਿਹਾ ਹੈ। ਇਸੇ ਕਰਕੇ ਹੀ ਪਾਰਟੀ ਇਨ੍ਹਾਂ ਮਾਮਲਿਆਂ ਕਰਕੇ ਪਿਛਲੇ ਸਮੇਂ ਦੌਰਾਨ ਸਿਆਸੀ ਤੌਰ 'ਤੇ ਮਾਤ ਵੀ ਖਾ ਚੁੱਕੀ ਹੈ। ਨਵੇਂ ਅਹੁਦੇਦਾਰਾਂ ਨੇ ਮਸ਼ਵਰਾ ਦਿੱਤਾ ਸੀ ਕਿ ਇਸ ਮੁੱਦੇ ਦਾ ਜਿੰਨੀ ਜਲਦੀ ਹੋ ਸਕੇ ਅੰਤ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਝੂੰਦਾਂ ਕਮੇਟੀ ਦੀ ਰਿਪੋਰਟ 'ਚ ਵੀ ਇਸ ਮੁੱਦੇ 'ਤੇ ਅਕਾਲ ਤਖ਼ਤ ਤੋਂ ਮੁਆਫ਼ੀ ਦੀ ਸਲਾਹ ਦਿੱਤੀ ਗਈ ਸੀ।

ਪਰਮਜੀਤ ਸਿੰਘ ਸਰਨਾ ਨੇ ਮੀਟਿੰਗ ਵਿਚ ਕਿਹਾ ਕਿ ਅਕਾਲੀ ਦਲ ਨੂੰ ਇਸ ਵੇਲੇ ਬੇਅਦਬੀ ਦੇ ਮਾਮਲੇ ਵਿਚ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਨੂੰ ਗੁਰੂ ਗ੍ਰੰਥ ਸਾਹਿਬ ਦੇ 328 ਲਾਪਤਾ ਸਰੂਪਾਂ ਦੇ ਮਾਮਲੇ 'ਤੇ ਉਠ ਰਹੇ ਸਵਾਲਾਂ ਕਾਰਨ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਨ੍ਹਾਂ ਦੋਵਾਂ ਮਾਮਲਿਆਂ ਦਾ ਨਿਬੇੜਾ ਨਹੀਂ ਹੋ ਜਾਂਦਾ, ਉਦੋਂ ਤੱਕ ਅਕਾਲੀ ਦਲ ਨੂੰ ਸਿਆਸੀ ਤੌਰ 'ਤੇ ਭਾਰੀ ਕੀਮਤ ਉਠਾਉਣੀ ਪਵੇਗੀ ਤੇ ਪਾਰਟੀ ਨੇ ਪਿਛੋਕੜ ਵਿੱਚ ਵੀ ਇਸ ਦਾ ਮਹਿੰਗਾ ਮੁੱਲ ਤਾਰਿਆ ਹੈ। ਸਰਨਾ ਨੇ ਲਾਪਤਾ ਸਰੂਪਾਂ ਦੇ ਮਾਮਲੇ 'ਤੇ ਇੱਕ ਤੱਥ ਖੋਜ ਕਮੇਟੀ ਦੇ ਗਠਨ ਦਾ ਸੁਝਾਅ ਵੀ ਦਿੱਤਾ।

### ਸੁਖਬੀਰ ਬਾਦਲ ਪਾਰਟੀ ਦੀ ਭਲਾਈ ਬਾਰੇ ਸੋਚਣ: ਜਗੀਰ ਕੌਰ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੀ ਇਸਤਰੀ ਵਿੰਗ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਨਿਸ਼ਾਨੇ ਸੇਧੇ। ਉਨ੍ਹਾਂ ਕਿਹਾ ਕਿ ਸੁਖਬੀਰ ਆਪਣੇ ਚੌਗਿਰਦੇ ਵਿਚ ਬੈਠੇ ਕੁਝ ਕੁ ਲੀਡਰਾਂ ਦੀ ਚੁੰਗਲ ਤੋਂ ਬਾਹਰ ਆ ਕੇ ਸ਼੍ਰੋਮਣੀ ਅਕਾਲੀ ਦਲ ਦੀ ਭਲਾਈ ਲਈ ਸੋਚਣ, ਨਹੀਂ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਹੋਰ ਵੀ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਸੁਖਬੀਰ ਆਪਣੀ ਸੋਚ ਤੋਂ ਕੰਮ ਨਹੀਂ ਲੈ ਰਹੇ ਪਰ ਉਹ (ਜਗੀਰ ਕੌਰ) ਸ਼੍ਰੋਮਣੀ ਅਕਾਲੀ ਦਲ ਦੀ ਬਿਹਤਰੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਫਰਵਰੀ ਵਿਚ ਸਿਆਸੀ ਤੇ ਧਾਰਮਿਕ ਪ੍ਰੋਗਰਾਮ ਕਰਵਾ ਰਹੇ ਹਨ ਤੇ ਉਹ ਲੋਕਾਂ ਤੱਕ ਸ਼੍ਰੋਮਣੀ ਅਕਾਲੀ ਦਲ ਦੇ ਅਸਲ ਸਿਧਾਂਤਾਂ ਨੂੰ ਲੈ ਕੇ ਜਾਣਗੇ।

## ਰਾਘਵ ਚੱਢਾ ਨੂੰ ਯੂ.ਕੇ. ਆਊਟਸਟੈਂਡਿੰਗ ਅਚੀਵਰਜ਼ ਐਵਾਰਡ ਮਿਲਿਆ

**ਚੰਡੀਗੜ੍ਹ:** ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਸਰਕਾਰ ਤੇ ਰਾਜਨੀਤਕ ਸ਼੍ਰੇਣੀਆਂ ਵਿਚ ਵਧੀਆ ਕੰਮ ਕਰਨ ਕਰ ਕੇ ਲੰਡਨ ਵਿਚ 'ਇੰਡੀਆ ਯੂਕੇ ਆਊਟਸਟੈਂਡਿੰਗ ਅਚੀਵਰਜ਼ ਆਨਰ' ਐਵਾਰਡ ਦਿੱਤਾ ਗਿਆ। ਇਹ ਐਵਾਰਡ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਲੋਕਤੰਤਰ ਅਤੇ ਨਿਆਂ ਦੇ ਖੇਤਰ ਵਿਚ ਉੱਤਮਤਾ ਦਾ ਪ੍ਰਦਰਸ਼ਨ ਕੀਤਾ ਹੋਵੇ। ਬਰਤਾਨੀਆ ਵਿਚ ਪੜ੍ਹ ਰਹੇ ਭਾਰਤੀ ਦੀਆਂ ਅਕਾਦਮਿਕ ਤੇ ਪੇਸ਼ੇਵਰ ਪ੍ਰਾਪਤੀਆਂ ਦਾ ਸਨਮਾਨ ਕਰਨ ਲਈ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਸਬੰਧੀ ਇਹ ਸਮਾਗਮ ਕਰਵਾਇਆ ਗਿਆ। ਇਹ ਸਮਾਰੋਹ ਲੰਡਨ ਵਿਚ ਬਰਤਾਨੀਆ ਸਰਕਾਰ ਵੱਲੋਂ ਬ੍ਰਿਟਿਸ਼ ਕੌਂਸਲ ਦੇ ਸਹਿਯੋਗ ਨਾਲ ਕਰਵਾਇਆ ਗਿਆ। ਸ੍ਰੀ ਚੱਢਾ ਨੇ ਕਿਹਾ ਕਿ ਇਹ ਪੁਰਸਕਾਰ ਕਿਸੇ ਵਿਅਕਤੀ ਦੀ ਪ੍ਰਾਪਤੀ ਨਹੀਂ ਹੈ, ਬਲਕਿ ਇਕ ਆਮ ਪਿਛੋਕੜ ਵਾਲੇ ਵਿਅਕਤੀ ਵੱਲੋਂ ਪ੍ਰਾਪਤ ਕੀਤਾ ਗਿਆ ਪੁਰਸਕਾਰ ਹੈ। ਉਨ੍ਹਾਂ ਕਿਹਾ ਕਿ ਬਰਤਾਨੀਆ 'ਚ ਉਨ੍ਹਾਂ ਦੇ ਵਿਦਿਆਰਥੀ ਜੀਵਨ ਨੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਬਦਲਿਆ ਹੈ।

## ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਜਲੰਧਰ ਦੇ ਸਾਬਕਾ ਕੌਂਸਲਰ ਵੱਲੋਂ ਖ਼ੁਦਕੁਸ਼ੀ

**ਜਲੰਧਰ:** ਨਗਰ ਨਿਗਮ ਜਲੰਧਰ ਦੇ ਸਾਬਕਾ ਕਾਂਗਰਸੀ ਕੌਂਸਲਰ ਸੁਸ਼ੀਲ ਕਾਲੀਆ ਵਿੱਕੀ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਸਾਬਕਾ ਕੌਂਸਲਰ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ। ਇਸ ਮਗਰੋਂ ਹਾਲਤ ਵਿਗੜਨ 'ਤੇ ਉਨ੍ਹਾਂ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ।

ਸੁਸ਼ੀਲ ਕਾਲੀਆ ਵਿੱਕੀ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਵਿਰੁੱਧ ਕਾਂਗਰਸ ਦੀ ਸਰਕਾਰ ਸਮੇਂ ਵਿਧਾਇਕ ਨਿਧੀ ਯੋਜਨਾ ਵਿਚ 50 ਲੱਖ ਰੁਪਏ ਦਾ ਘਪਲਾ ਕਰਨ ਦੇ ਦੋਸ਼ ਵਿਚ ਪੁਲਿਸ ਨੇ ਕੇਸ ਦਰਜ ਕੀਤਾ ਸੀ। ਵਿਧਾਇਕ ਬਾਵਾ ਹੈਨਰੀ ਨੇ ਵਿਧਾਇਕ ਨਿਧੀ ਵਿਚੋਂ ਛੇ ਵੈੱਲਫੇਅਰ ਸੁਸਾਇਟੀਆਂ ਨੂੰ 10-10 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਸੀ। ਇਹ ਰਾਸ਼ੀ ਬੈਂਕ ਖਾਤੇ ਵਿਚੋਂ ਤਾਂ ਨਿਕਲ ਗਈ ਪਰ ਅੱਗੇ ਕਿਸੇ ਵਰਤੋਂ ਵਿਚ ਨਹੀਂ ਆਈ। ਸਰਕਾਰ ਵੱਲੋਂ ਇਸ ਸਬੰਧੀ ਜਾਂਚ ਏ.ਡੀ.ਸੀ. ਤੋਂ ਕਰਵਾਈ ਗਈ। ਜਾਂਚ ਦੌਰਾਨ ਸੁਸ਼ੀਲ ਕਾਲੀਆ, ਉਨ੍ਹਾਂ ਦੇ ਲੜਕੇ ਅੰਸ਼ੂਮਨ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ। ਸੁਸ਼ੀਲ ਕਾਲੀਆ ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲ ਗਈ ਸੀ ਪਰ ਉਨ੍ਹਾਂ ਦੇ ਪੁੱਤਰ ਨੂੰ ਸੁਪਰੀਮ ਕੋਰਟ ਤੋਂ ਵੀ ਰਾਹਤ ਨਹੀਂ ਮਿਲੀ ਸੀ, ਜਿਸ ਕਾਰਨ ਉਹ ਹਰ ਸਮੇਂ ਤਣਾਅ ਵਿਚ ਰਹਿੰਦੇ ਸਨ।

ਇਸ ਸਬੰਧੀ ਪੁਲਿਸ ਨੂੰ ਖ਼ੁਦਕੁਸ਼ੀ ਨੋਟ ਵੀ ਮਿਲਿਆ ਹੈ ਜਿਸ ਵਿਚ ਸੁਸ਼ੀਲ ਕਾਲੀਆ ਨੇ ਕੁਝ ਲੋਕਾਂ ਨਾਲ ਪੈਸਿਆਂ ਦੇ ਲੈਣ-ਦੇਣ ਦੀ ਗੱਲ ਕਹੀ ਹੈ। ਕਾਲੀਆ ਨੇ ਲਿਖਿਆ ਹੈ ਕਿ ਭਾਜਪਾ ਦੇ ਸਾਬਕਾ ਵਿਧਾਇਕ ਕੇ.ਡੀ. ਭੰਡਾਰੀ ਤੇ ਹੋਰ ਕਈਆਂ ਨੂੰ ਉਸ ਨੇ ਪੈਸੇ ਦਿੱਤੇ ਸਨ ਪਰ ਉਕਤ ਵਿਅਕਤੀ ਉਸ ਨੂੰ ਬਲੈਕਮੇਲ ਕਰਦੇ ਸਨ। ਥਾਣਾ ਡਿਵੀਜ਼ਨ ਨੰਬਰ-1 ਦੇ ਮੁਖੀ ਜਤਿੰਦਰ ਕੁਮਾਰ ਨੇ ਕਿਹਾ ਕਿ ਸੁਸ਼ੀਲ ਕਾਲੀਆ ਦਾ ਇਕ ਖ਼ੁਦਕੁਸ਼ੀ ਨੋਟ ਮਿਲਿਆ ਹੈ ਜਿਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ।

ਉਧਰ, ਇਸ ਸਬੰਧੀ ਭਾਜਪਾ ਦੇ ਵਿਧਾਇਕ ਕੇ.ਡੀ. ਭੰਡਾਰੀ ਨੇ ਕਿਹਾ ਕਿ ਉਹ ਸੁਸ਼ੀਲ ਕਾਲੀਆ ਨੂੰ ਕਾਫੀ ਸਾਲਾਂ ਤੋਂ ਨਹੀਂ ਮਿਲੇ ਹਨ ਤੇ ਉਨ੍ਹਾਂ 'ਤੇ ਲੱਗੇ ਦੋਸ਼ ਗਲਤ ਹਨ।

## ਫਾਜ਼ਿਲਕਾ ਦੇ ਵਿਧਾਇਕ ਸਵਨਾ ਵਿਆਹ ਦੇ ਬੰਧਨ 'ਚ ਬੱਝੇ



**ਫਾਜ਼ਿਲਕਾ:** ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਇਥੋਂ ਦੀ ਵਸਨੀਕ ਖੁਸ਼ਬੂ ਸਾਵਣ ਸੁੱਖਾ ਨਾਲ ਵਿਆਹ ਦੇ ਬੰਧਨ 'ਚ ਬੱਝ ਗਏ ਹਨ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਆਹ ਸਮਾਗਮ ਵਿਚ ਪਹੁੰਚੇ ਤੇ ਉਨ੍ਹਾਂ ਨਵੀਂ ਵਿਆਹੀ ਜੋੜੀ ਨੂੰ ਸ਼ੁਭ-ਇੱਛਾਵਾਂ ਦਿੱਤੀਆਂ।

ਫਾਜ਼ਿਲਕਾ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਵਿਧਾਇਕ ਨਰਿੰਦਰ ਸਵਨਾ ਨੇ ਫਾਜ਼ਿਲਕਾ ਵਾਸੀ ਖੁਸ਼ਬੂ ਨਾਲ ਫੇਰੇ ਲਏ। ਇਸ ਤੋਂ ਪਹਿਲਾਂ ਇਕ ਪੈਲੇਸ ਵਿਚ ਵਿਆਹ ਦੀਆਂ ਹੋਰ ਰਸਮਾਂ ਹੋਈਆਂ। ਵਿਆਹ ਸਮਾਗਮ 'ਚ ਪਹੁੰਚੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਅਤੇ ਵੱਖ-ਵੱਖ ਹਲਕਿਆਂ ਤੋਂ ਵਿਧਾਇਕਾਂ ਨੇ ਵੀ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਰਾਜ ਸਭਾ ਮੈਂਬਰ ਰਾਘਵ ਚੱਢਾ ਵੀ ਉਨ੍ਹਾਂ ਦੇ ਨਾਲ ਸਨ। ਵਿਧਾਇਕ ਸਵਨਾ ਦੇ ਵਿਆਹ ਸਮਾਗਮ 'ਚ ਸ੍ਰੀ ਮਾਨ ਅਤੇ ਸ੍ਰੀ ਕੇਜਰੀਵਾਲ ਦੀ ਸ਼ਮੂਲੀਅਤ ਦੇ ਮੱਦੇਨਜ਼ਰ ਸ਼ਹਿਰ 'ਚ ਸਖਤ ਸੁਰੱਖਿਆ ਬੰਦੋਬਸਤ ਕੀਤੇ ਹੋਏ ਸਨ।

# ਕੁੰਵਰ ਵਿਜੈ ਪ੍ਰਤਾਪ ਦੇ ਬੇਅਦਬੀ ਮਾਮਲੇ ਦੀ ਜਾਂਚ ਕਮੇਟੀ ਤੋਂ ਅਸਤੀਫੇ 'ਤੇ ਘਿਰੀ ਆਪ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਹੁਣ 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਵਿਧਾਨ ਸਭਾ ਦੀ 'ਸਰਕਾਰੀ ਭਰੋਸਾ ਕਮੇਟੀ' ਤੋਂ ਦਿੱਤੇ ਅਸਤੀਫ਼ੇ 'ਤੇ ਗ਼ੌਰ ਕਰਨ ਦੇ ਰੌਂਅ ਵਿਚ ਨਹੀਂ ਹਨ। ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਵਿਧਾਨ ਸਭਾ ਕਮੇਟੀ ਦੀ ਚੇਅਰਮੈਨੀ ਤੋਂ ਅਸਤੀਫ਼ਾ ਦੇ ਕੇ ਸਰਕਾਰ ਨਾਲ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਪਤਾ ਲੱਗਾ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਇਸ ਅਸਤੀਫ਼ੇ ਨੂੰ ਪ੍ਰਵਾਨ ਨਾ ਕਰਨ ਦਾ ਮਨ ਬਣਾਇਆ ਗਿਆ ਹੈ। ਚੇਤੇ ਰਹੇ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸਪੀਕਰ ਨੂੰ ਈਮੇਲ ਜ਼ਰੀਏ ਬਿਨਾਂ ਕੋਈ ਕਾਰਨ ਦੱਸੇ ਆਪਣਾ ਅਸਤੀਫ਼ਾ ਭੇਜਿਆ ਸੀ।

'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਬੇਅਦਬੀ ਦੇ ਮਾਮਲਿਆਂ 'ਤੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ 'ਚ ਆਪਣੀ ਸਰਕਾਰ ਨੂੰ ਕਈ ਦਫ਼ਾ ਘੇਰਦੇ ਨਜ਼ਰ ਆਏ ਹਨ ਤੇ ਸ਼ੁਰੂ ਤੋਂ ਹੀ ਸਰਕਾਰ ਨਾਲ ਉਨ੍ਹਾਂ ਦਾ ਸੁਰਤਾਲ ਠੀਕ ਨਹੀਂ ਸੀ ਬੈਠ ਰਿਹਾ ਅਤੇ ਹੁਣ ਅਸਤੀਫ਼ੇ ਨੇ ਮੁੜ ਬੇਅਦਬੀ ਦੇ ਮੁੱਦੇ 'ਤੇ ਧਿਆਨ ਖਿੱਚਿਆ ਹੈ। ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ



ਕਮੇਟੀ ਦੀ ਮਿਆਦ 31 ਮਾਰਚ ਤੱਕ ਦੀ ਹੈ। ਪਤਾ ਲੱਗਾ ਹੈ ਕਿ ਵਿਧਾਨ ਸਭਾ ਬਾਕੀ ਰਹਿੰਦੇ ਦੋ ਮਹੀਨਿਆਂ ਲਈ ਸਰਕਾਰੀ ਭਰੋਸਿਆਂ 'ਤੇ ਅਮਲ ਸਬੰਧੀ ਕਮੇਟੀ ਦਾ ਨਵਾਂ ਚੇਅਰਮੈਨ ਥਾਪ ਸਕਦੀ ਹੈ ਪਰ ਉਸ ਤੋਂ ਪਹਿਲਾਂ ਅਸਤੀਫ਼ਾ ਪ੍ਰਵਾਨ ਕਰਨਾ ਪਵੇਗਾ। ਚੇਅਰਮੈਨ ਦੀ ਗ਼ੈਰ ਮੌਜੂਦਗੀ ਵਿਚ ਵਿਧਾਨ ਸਭਾ ਦਾ ਸਕੱਤਰ ਕਮੇਟੀ ਦੀ ਅਗਲੀ ਮੀਟਿੰਗ ਬੁਲਾ ਸਕਦਾ ਹੈ ਜਿਸ 'ਚ ਕਮੇਟੀ ਮੈਂਬਰ ਆਪਣੇ ਵਿੱਚੋਂ ਹੀ ਕਾਰਜਕਾਰੀ ਚੇਅਰਮੈਨ ਦੀ ਚੋਣ ਕਰ ਸਕਦੇ ਹਨ। ਪ੍ਰਾਪਤ ਵੇਰਵਿਆਂ ਮੁਤਾਬਕ ਚੇਅਰਮੈਨ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸਰਕਾਰੀ ਭਰੋਸਿਆਂ 'ਤੇ ਅਮਲ ਵਾਲੀ ਕਮੇਟੀ ਦੀ ਮੀਟਿੰਗ 20 ਜਨਵਰੀ ਨੂੰ ਬੁਲਾਈ ਹੋਈ ਸੀ ਜਿਸ ਵਿਚ ਡੀ.ਜੀ.ਪੀ. ਅਤੇ ਗ੍ਰਹਿ ਸਕੱਤਰ ਤੋਂ ਇਲਾਵਾ ਹੋਰਨਾਂ ਅਧਿਕਾਰੀਆਂ ਨੂੰ ਵੀ ਸੱਦਿਆ ਹੋਇਆ ਸੀ। ਮੀਟਿੰਗ ਵਿਚ ਬੇਅਦਬੀ ਦੇ ਮਾਮਲਿਆਂ 'ਤੇ ਸਰਕਾਰੀ ਭਰੋਸਿਆਂ 'ਤੇ ਅਮਲ ਨਾ ਹੋਣ ਬਾਰੇ ਰਿਪੋਰਟ ਬਣਾ ਕੇ ਸਰਕਾਰ ਨੂੰ ਭੇਜਣਾ ਚਾਹੁੰਦੇ ਸਨ। ਪਤਾ ਲੱਗਾ ਹੈ ਕਿ ਉਕਤ ਅਫ਼ਸਰਾਂ ਨੇ ਮਾਮਲਾ ਮੁੱਖ ਮੰਤਰੀ ਦੇ ਧਿਆਨ ਵਿਚ ਲਿਆ ਦਿੱਤਾ ਸੀ।

ਸੂਤਰ ਦੱਸਦੇ ਹਨ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਨ ਸਭਾ ਕਮੇਟੀਆਂ ਦੀ ਮਜ਼ਬੂਤੀ ਲਈ ਸਾਰੀਆਂ 15 ਕਮੇਟੀਆਂ ਦੇ ਚੇਅਰਮੈਨਾਂ ਦੀ 24 ਜਨਵਰੀ ਲਈ ਮੀਟਿੰਗ ਬੁਲਾਈ ਸੀ ਜਿਸ 'ਚ ਬਾਕੀ ਕਮੇਟੀਆਂ ਦੇ ਚੇਅਰਮੈਨ ਤਾਂ ਸ਼ਾਮਲ ਹੋਏ ਸਨ ਪਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਅਸਤੀਫ਼ਾ ਭੇਜ ਦਿੱਤਾ ਸੀ।

### ਅਸਤੀਫੇ ਨੇ ਸਰਕਾਰ ਦਾ ਚਿਹਰਾ ਨੰਗਾ ਕੀਤਾ: ਭਾਜਪਾ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਬੇਅਦਬੀ ਮਾਮਲੇ ਦੀ ਜਾਂਚ ਕਮੇਟੀ ਤੋਂ ਅਸਤੀਫਾ ਦੇਣ ਨਾਲ ਆਮ ਆਦਮੀ ਪਾਰਟੀ ਦਾ ਪੰਜਾਬ ਵਿਰੋਧੀ ਅਸਲੀ ਚਿਹਰਾ ਇਕ ਵਾਰ ਫਿਰ ਸਭ ਦੇ ਸਾਹਮਣੇ ਆ ਗਿਆ ਹੈ। ਕੁੰਵਰ ਵਿਜੇ ਪ੍ਰਤਾਪ ਬੇਅਦਬੀ ਵਰਗੇ ਸੰਵੇਦਨਸ਼ੀਲ ਮਾਮਲੇ ਨੂੰ ਹੱਲ ਕਰਨ ਲਈ ਕੰਮ ਕਰ ਰਹੇ ਸਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿਚ ਇਹ ਦੁਖਦਾਈ ਗੱਲ ਹੈ, ਕਿਉਂਕਿ ਆਮ ਆਦਮੀ ਪਾਰਟੀ ਬੇਅਦਬੀ ਦੇ ਜਜ਼ਬਾਤੀ ਤੇ ਸੰਵੇਦਨਸ਼ੀਲ ਮੁੱਦੇ ਦੇ ਆਧਾਰ ਉਤੇ ਜਨਤਾ ਦੀਆਂ ਭਾਵਨਾਵਾਂ ਨਾਲ ਖੇਡ ਕੇ ਸੱਤਾ ਵਿਚ ਆਈ ਸੀ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਨੇ ਵਾਰ-ਵਾਰ ਵਾਅਦਾ ਕੀਤਾ ਸੀ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਸ਼੍ਰੋਮਣੀ ਕਮੇਟੀ 9 ਸਿੱਖ ਕੈਦੀਆਂ ਨੂੰ ਸਨਮਾਨ ਭੱਤਾ ਦੇਵੇਗੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਨਿਰਧਾਰਿਤ ਮਿਆਦ ਤੋਂ ਵੱਧ ਸਮਾਂ ਦੇਸ਼ ਦੀਆਂ ਜੇਲ੍ਹਾਂ ਵਿਚ ਬੰਦ 9 ਸਿੱਖ ਕੈਦੀਆਂ ਨੂੰ ਸਨਮਾਨ ਭੱਤੇ ਵਜੋਂ ਹਰ ਮਹੀਨੇ 20-20 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਯੂ.ਐਨ.ਓ. ਅਤੇ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਤੱਕ ਲੈ ਕੇ ਜਾਣ ਦਾ ਫੈਸਲਾ ਵੀ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦਫਤਰ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਹ ਬੰਦੀ ਸਿੰਘ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਹਨ ਅਤੇ ਸਰਕਾਰਾਂ ਦਾ ਸਿੱਖਾਂ ਪ੍ਰਤੀ ਇਹ ਵਤੀਰਾ ਮਨੁੱਖੀ ਅਧਿਕਾਰਾਂ ਦੀ ਵੱਡਾ ਉਲੰਘਣਾ ਹੈ, ਜਿਸ ਬਾਰੇ ਅੰਤਰਰਾਸ਼ਟਰੀ ਮੰਚ 'ਤੇ ਆਵਾਜ਼ ਉਠਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਲੰਮੀਆਂ ਸਜ਼ਾਵਾਂ ਵਾਲੇ 9 ਸਿੱਖ ਬੰਦੀਆਂ ਨੂੰ 20-20 ਹਜ਼ਾਰ ਰੁਪਏ ਮਾਸਿਕ ਸਨਮਾਨ ਭੱਤਾ ਦੇਣ ਅਤੇ ਲੋੜ ਅਨੁਸਾਰ ਕਾਨੂੰਨੀ ਮਦਦ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਿਚ ਗੁਰਦੀਪ ਸਿੰਘ ਖੇੜਾ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ, ਲਖਵਿੰਦਰ ਸਿੰਘ ਲੱਖਾ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ ਅਤੇ ਪਰਮਜੀਤ ਸਿੰਘ ਭਿਓਰਾ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਚੋਂ ਭਾਈ ਰਾਜੋਆਣਾ ਨੂੰ ਪਹਿਲਾਂ ਹੀ ਇਹ ਸਨਮਾਨ ਭੱਤਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਹਰ ਪੱਧਰ 'ਤੇ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਕਾਨੂੰਨੀ ਚਾਰਾਜੋਈ ਲਈ ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਪਰਮਜੀਤ ਸਿੰਘ ਥਿਆੜਾ, ਬਲਤੇਜ ਸਿੰਘ ਢਿੱਲੋਂ, ਭਗਵੰਤ ਸਿੰਘ ਸਿਆਲਕਾ, ਅਮਰਜੀਤ ਸਿੰਘ ਧਾਰਨੀ ਅਤੇ ਅਰਸ਼ਦੀਪ ਸਿੰਘ ਕਲੇਰ 'ਤੇ ਅਧਾਰਿਤ ਕਾਨੂੰਨੀ ਸਲਾਹਕਾਰ ਬੋਰਡ ਦਾ ਗਠਨ ਕੀਤਾ ਗਿਆ ਹੈ, ਜੋ ਬੰਦੀ ਸਿੰਘਾਂ ਦੇ ਪਰਿਵਾਰਾਂ ਦੀ ਕਾਨੂੰਨੀ ਮਦਦ ਲਈ ਕੰਮ ਕਰੇਗਾ। ਉਨ੍ਹਾਂ ਦੱਸਿਆ ਕਿ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀਆਂ ਪੰਥਕ ਸੇਵਾਵਾਂ ਦੇ ਮੱਦੇਨਜ਼ਰ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈ ਜਾਵੇਗੀ। ਇਸੇ ਤਰ੍ਹਾਂ ਹੀ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਬਾਬਾ ਚੰਦਾ ਸਿੰਘ ਕੱਟੂ ਵਾਲਿਆਂ ਦੀ ਤਸਵੀਰ ਵੀ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਵਾਤਾਵਰਨ ਦੀ ਸੰਭਾਲ ਲਈ ਚੱਲ ਰਹੀ ਲਹਿਰ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਪਹਿਲਾਂ ਹੀ ਗੁਰਦੁਆਰਾ ਸਾਹਿਬਾਨ ਦੇ ਇਕ-ਇਕ ਏਕੜ ਰਕਬੇ ਵਿਚ ਵਿਰਾਸਤੀ ਜੰਗਲ ਸਥਾਪਿਤ ਕੀਤੇ ਜਾ ਚੁੱਕੇ ਹਨ।

### ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਦਾ ਗਠਨ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਦਾ ਗਠਨ ਕਰਦਿਆਂ ਇਸ ਵਿਚ ਫਿਲਹਾਲ 13 ਮੈਂਬਰ ਸ਼ਾਮਲ ਕੀਤੇ ਹਨ। ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਇਸ ਸਲਾਹਕਾਰ ਬੋਰਡ ਨੂੰ ਅੰਤਮ ਛੋਹਾਂ ਦਿੱਤੀਆਂ ਗਈਆਂ। ਐਡਵੋਕੇਟ ਧਾਮੀ ਨੇ ਦੱਸਿਆ ਕਿ ਇਨ੍ਹਾਂ 13 ਮੈਂਬਰਾਂ ਵਿਚ ਇੰਦਰਜੀਤ ਸਿੰਘ ਬੱਲ, ਦਲਬੀਰ ਸਿੰਘ, ਗੁਰਨਾਮ ਸਿੰਘ ਪੰਨਵਾਂ, ਜਤਿੰਦਰਪਾਲ ਸਿੰਘ, ਦਰਸ਼ਨ ਸਿੰਘ ਧਾਲੀਵਾਲ, ਬਲਵੰਤ ਸਿੰਘ ਧਾਮੀ, ਡਾ. ਕੰਵਲਜੀਤ ਕੌਰ, ਗੁਰਮੀਤ ਸਿੰਘ ਰੰਧਾਵਾ, ਹਰਪਾਲ ਸਿੰਘ, ਰਾਜਬੀਰ ਸਿੰਘ, ਨਿਰਮਲ ਸਿੰਘ ਚੰਦੀ, ਗੁਰਚਰਨਜੀਤ ਸਿੰਘ ਲਾਂਬਾ ਤੇ ਮਲਕੀਤ ਸਿੰਘ ਧਾਮੀ ਨੂੰ ਸ਼ਾਮਲ ਕੀਤਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਕੌਮ ਪੂਰੇ ਵਿਸ਼ਵ ਵਿਚ ਫੈਲੀ ਹੋਈ ਹੈ ਅਤੇ ਵਿਸ਼ਵ ਪੱਧਰ 'ਤੇ ਸਿੱਖ ਮਸਲਿਆਂ ਸਬੰਧੀ ਇਹ ਸਲਾਹਕਾਰ ਬੋਰਡ ਕੰਮ ਕਰੇਗਾ।

## ਜਬਰ ਜਨਾਹ ਮਾਮਲੇ 'ਚ ਸਾਬਕਾ ਵਿਧਾਇਕ ਬੈਂਸ ਨੂੰ ਜ਼ਮਾਨਤ ਮਿਲੀ

**ਲੁਧਿਆਣਾ:** ਸਾਬਕਾ ਵਿਧਾਇਕ ਤੇ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੂੰ ਜਬਰ ਜਨਾਹ ਮਾਮਲੇ ਵਿਚ ਹਾਈ ਕੋਰਟ ਨੇ ਰਾਹਤ ਦਿੱਤੀ ਹੈ। ਇਸ ਤੋਂ ਪਹਿਲਾਂ ਵੀ ਇਸੇ ਮਹੀਨੇ ਬੈਂਸ ਨੂੰ ਚੋਣਾਂ ਦੌਰਾਨ ਹਿੰਸਾ ਦੇ ਮਾਮਲੇ ਵਿਚ ਕਤਲ ਦੀ ਕੋਸ਼ਿਸ਼ ਦੇ ਕੇਸ ਵਿਚ ਵੀ ਜ਼ਮਾਨਤ ਮਿਲ ਗਈ ਸੀ।

ਦੱਸ ਦਈਏ ਕਿ 11 ਜੁਲਾਈ ਨੂੰ ਬੈਂਸ ਨੇ ਹੋਰ ਮੁਲਜ਼ਮਾਂ ਦੇ ਨਾਲ ਸਥਾਨਕ ਅਦਾਲਤ ਦੇ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਸੀ। ਉਹ ਇਕ ਹਫ਼ਤੇ ਤੋਂ ਜ਼ਿਆਦਾ ਸਮੇਂ ਤੱਕ ਪੁਲਿਸ ਹਿਰਾਸਤ 'ਚ ਰਹੇ। ਇਸ ਤੋਂ ਬਾਅਦ ਉਨ੍ਹਾਂ ਨੂੰ ਜੇਲ੍ਹ 'ਚ ਭੇਜ ਦਿੱਤਾ ਗਿਆ ਤੇ ਉਹ ਮੌਜੂਦਾ ਸਮੇਂ ਵਿਚ ਜੇਲ੍ਹ 'ਚ ਬੰਦ ਹੈ। ਬੈਂਸ ਨੇ ਆਪਣੀ ਜ਼ਮਾਨਤ ਪਟੀਸ਼ਨ 'ਚ ਖੁਦ ਨੂੰ ਬੇਕਸੂਰ ਦੱਸਿਆ ਸੀ।

# ਮੋਦੀ ਦੇ ਵਜ਼ੀਰ ਵੀ ਬੰਦੀ ਸਿੰਘਾਂ ਦੀ ਰਿਹਾਈ ਲਈ ਫਾਰਮ ਭਰਨ ਲੱਗੇ

**ਤਲਵੰਡੀ ਸਾਬੋ:** ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖ਼ਤੀ ਮੁਹਿੰਮ ਛੇੜੀ ਗਈ ਹੈ। ਇਸ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਹੁਣ ਕੇਂਦਰੀ ਮੰਤਰੀ ਵੀ ਇਸ ਮੁਹਿੰਮ ਵਿਚ ਸ਼ਾਮਲ ਹੋਣ ਲੱਗੇ ਹਨ। ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ੁਰੂ ਕੀਤੀ ਗਈ ਦਸਤਖ਼ਤੀ ਮੁਹਿੰਮ ਤਹਿਤ ਇੱਥੇ ਤਖ਼ਤ ਸਾਹਿਬ ਵਿਖੇ ਲਗਾਏ ਗਏ ਕਾਊਂਟਰ 'ਤੇ ਪਹੁੰਚ ਕੇ ਰਿਹਾਈ ਵਾਲੇ ਹਲਫ਼ਨਾਮੇ 'ਤੇ ਦਸਤਖ਼ਤ ਕੀਤੇ।

ਸ਼ੇਖਾਵਤ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ। ਉਨ੍ਹਾਂ ਪਾਰਟੀ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਤੇ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਵੀ ਕੀਤੇ। ਕੇਂਦਰੀ ਮੰਤਰੀ ਨੇ ਤਖ਼ਤ ਸਾਹਿਬ ਵਿਖੇ ਮੱਥਾ ਟੇਕਣ ਮਗਰੋਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕਰਕੇ ਪੰਜਾਬ ਦੇ ਮਸਲਿਆਂ ਬਾਰੇ ਚਰਚਾ ਕੀਤੀ। ਸ਼ੇਖਾਵਤ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ੁਰੂ ਕੀਤੀ ਗਈ ਦਸਤਖ਼ਤੀ ਮੁਹਿੰਮ ਤਹਿਤ ਇੱਥੇ ਤਖ਼ਤ ਸਾਹਿਬ ਵਿਖੇ ਲਗਾਏ ਗਏ ਕਾਊਂਟਰ 'ਤੇ ਪਹੁੰਚ ਕੇ ਬੰਦੀ ਸਿੰਘਾਂ ਦੀ ਰਿਹਾਈ ਵਾਲੇ ਹਲਫ਼ਨਾਮੇ 'ਤੇ ਦਸਤਖ਼ਤ ਕੀਤੇ।



ਭਾਜਪਾ ਆਗੂਆਂ ਤੇ ਵਰਕਰਾਂ ਨੇ ਕੇਂਦਰੀ ਮੰਤਰੀ ਦਾ ਇੱਥੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ। ਸ਼ੇਖਾਵਤ ਨੇ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਕਾਰਕੁਨਾਂ ਨਾਲ ਵੀ ਮੀਟਿੰਗ ਕੀਤੀ। ਉਨ੍ਹਾਂ ਪਾਰਟੀ ਦੇ ਏਜੰਡਿਆਂ ਦੀ ਗੱਲ ਕਰਦਿਆਂ ਵਰਕਰਾਂ ਨੂੰ ਹੁਣੇ ਤੋਂ 2024 ਦੀਆਂ ਲੋਕ ਸਭਾ ਚੋਣਾਂ ਲਈ ਤਿਆਰੀ ਕਰਨ ਦੀ ਅਪੀਲ ਕੀਤੀ। ਕੇਂਦਰੀ ਮੰਤਰੀ ਨੇ ਕਿਹਾ ਕਿ ਭਾਜਪਾ ਨੂੰ ਹੇਠਲੇ ਪੱਧਰ 'ਤੇ ਮਜ਼ਬੂਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮੀਟਿੰਗ ਮਗਰੋਂ ਸ਼ੇਖਾਵਤ ਗੁਰਦੁਆਰਾ ਸੰਤ ਸੇਵਕ ਬੁੰਗਾ ਮਸਤੂਆਣਾ ਸਾਹਿਬ ਵਿਖੇ ਵੀ ਮੱਥਾ ਟੇਕਣ ਗਏ।

## ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਦੀਆਂ ਤਿਆਰੀਆਂ ਵਿੱਢੀਆਂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਨਵੇਂ ਵਿੱਤੀ ਵਰ੍ਹੇ ਦੇ ਆਗਾਮੀ ਬਜਟ ਨੂੰ ਲੈ ਕੇ ਤਿਆਰੀਆਂ ਵਿੱਢ ਦਿੱਤੀਆਂ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕਾਇਮ ਸਬ-ਕਮੇਟੀ ਨੇ ਇਥੇ ਸ਼੍ਰੋਮਣੀ ਕਮੇਟੀ ਮੁੱਖ ਦਫਤਰ ਵਿਚ ਬਜਟ ਸਬੰਧੀ ਮੀਟਿੰਗ ਕੀਤੀ।

ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਸਰਵਣ ਸਿੰਘ ਕੁਲਾਰ, ਵਧੀਕ ਸਕੱਤਰ ਸੁਖਮਿੰਦਰ ਸਿੰਘ ਤੇ ਗੁਰਿੰਦਰ ਸਿੰਘ ਮਥਰੇਵਾਲ ਵੱਲੋਂ ਸ਼੍ਰੋਮਣੀ ਕਮੇਟੀ ਦੇ ਆਉਣ ਵਾਲੇ ਬਜਟ ਦੀਆਂ ਤਰਜੀਹਾਂ ਨਿਰਧਾਰਤ ਕਰਨ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਜਨਰਲ ਸਕੱਤਰ ਗਰੇਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਜਿੱਥੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਕਰਦੀ ਹੈ, ਉਥੇ ਹੀ ਧਰਮ ਪ੍ਰਚਾਰ ਕਮੇਟੀ ਰਾਹੀਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਵੀ ਯਤਨਸ਼ੀਲ ਹੈ। ਨਾਲ ਹੀ ਵੱਡੀ ਗਿਣਤੀ ਵਿੱਦਿਅਕ ਅਦਾਰੇ ਵੀ ਸ਼੍ਰੋਮਣੀ ਕਮੇਟੀ ਚਲਾ ਰਹੀ ਹੈ। ਇਨ੍ਹਾਂ ਸੰਸਥਾਵਾਂ ਲਈ ਵੱਖੋ-ਵੱਖ ਬਜਟ ਰੱਖਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹਰ ਸਾਲ ਮਾਰਚ ਮਹੀਨੇ ਵਿਚ ਪੇਸ਼ ਕੀਤੇ ਜਾਂਦੇ ਸ਼੍ਰੋਮਣੀ ਕਮੇਟੀ ਦੇ ਬਜਟ ਲਈ ਸਬ ਕਮੇਟੀ ਹਰ ਪਹਿਲੂ 'ਤੇ ਵਿਚਾਰ ਕਰ ਕੇ ਆਪਣੀ ਰਿਪੋਰਟ ਦਿੰਦੀ ਹੈ, ਜਿਸ ਅਨੁਸਾਰ ਬਜਟ ਤਿਆਰ ਹੁੰਦਾ ਹੈ। ਉਨ੍ਹਾਂ ਨੇ ਦੱਸਿਆ ਕਿ ਬਜਟ ਸਬ-ਕਮੇਟੀ ਵੱਲੋਂ ਕੁਝ ਦਿਨਾਂ ਤੋਂ ਮੀਟਿੰਗਾਂ ਸ਼ੁਰੂ ਕੀਤੀਆਂ ਗਈਆਂ ਹਨ ਤੇ ਸੁਝਾਵਾਂ ਨੂੰ ਘੋਖ ਕੇ ਸਮੇਂ ਦੀ ਲੋੜ ਅਨੁਸਾਰ ਅਗਲੇ ਬਜਟ ਦੀਆਂ ਤਰਜੀਹਾਂ ਨਿਰਧਾਰਤ ਕੀਤੀਆਂ ਜਾਣਗੀਆਂ।

# ਪੰਜਾਬ 'ਚ ਰਾਏਸ਼ੁਮਾਰੀ ਦੀ ਮੰਗ ਵਾਲੇ ਮਾਰਚ ਨੂੰ ਹੁੰਗਾਰਾ

**ਅੰਮ੍ਰਿਤਸਰ:** ਗਣਤੰਤਰ ਦਿਵਸ ਤੋਂ ਇਕ ਦਿਨ ਪਹਿਲਾਂ ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਸਹਿਯੋਗੀ ਜਥੇਬੰਦੀਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਖੰਡ ਕੀਰਤਨੀ ਜਥਾ ਅਤੇ ਅਕਾਲ ਫੈਡਰੇਸ਼ਨ ਦੇ ਸਹਿਯੋਗ ਨਾਲ ਪੰਜਾਬ ਵਿਚ ਰਾਏਸ਼ੁਮਾਰੀ ਕਰਵਾਉਣ ਦੀ ਮੰਗ ਲਈ ਅੰਮ੍ਰਿਤਸਰ ਸ਼ਹਿਰ ਦੀਆਂ ਸੜਕਾਂ 'ਤੇ ਮਾਰਚ ਕੀਤਾ। ਦਲ ਖ਼ਾਲਸਾ ਵੱਲੋਂ ਪੰਜਾਬ ਦੀ ਪ੍ਰਭੂਸੱਤਾ ਅਤੇ ਆਜ਼ਾਦੀ ਲਈ ਪਿਛਲੇ 44 ਵਰ੍ਹਿਆਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਜਥੇਬੰਦੀ ਨੇ ਮੰਗ ਕੀਤੀ ਹੈ ਕਿ ਸੰਯੁਕਤ ਰਾਸ਼ਟਰ ਦੀ ਅਗਵਾਈ ਹੇਠ ਪੰਜਾਬ ਵਿਚ ਰਾਏਸ਼ੁਮਾਰੀ ਕਰਵਾਈ ਜਾਵੇ। ਇਹ ਪਹਿਲੀ ਵਾਰ ਹੈ ਕਿ ਪੰਜਾਬ ਵਿਚ ਕੋਈ ਪੰਥਕ ਜਥੇਬੰਦੀ ਰੈਫਰੈਂਡਮ ਦੀ ਮੰਗ ਲਈ ਸੜਕਾਂ 'ਤੇ ਉਤਰੀ ਹੋਵੇ। ਇਹ ਮਾਰਚ ਹੈਰੀਟੇਜ ਸਟਰੀਟ ਵਿਚਲੇ ਗੁਰਦੁਆਰਾ ਸੰਤੋਖਸਰ ਤੋਂ ਸ਼ੁਰੂ ਹੋ ਕੇ ਹਾਲ ਗੇਟ ਤੇ ਹਾਲ ਬਾਜ਼ਾਰ ਵਿਚੋਂ ਹੁੰਦਾ ਹੋਇਆ ਸ੍ਰੀ ਅਕਾਲ ਤਖ਼ਤ ਪਹੁੰਚ ਕੇ ਅਰਦਾਸ ਮਗਰੋਂ ਸਮਾਪਤ ਹੋਇਆ। ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਬਾਬਾ ਹਰਦੀਪ ਸਿੰਘ ਮਹਿਰਾਜ, ਪਰਮਜੀਤ ਸਿੰਘ ਟਾਂਡਾ, ਪਰਮਜੀਤ ਸਿੰਘ ਮੰਡ, ਕੰਵਰਪਾਲ ਸਿੰਘ, ਹਰਪਾਲ ਸਿੰਘ ਬਲੇਰ, ਨਰੈਣ ਸਿੰਘ ਚੌੜਾ, ਭੁਪਿੰਦਰ ਸਿੰਘ ਭਲਵਾਨ ਅਤੇ ਭਾਈ ਬਖ਼ਸ਼ੀਸ਼ ਸਿੰਘ ਨੇ ਮਾਰਚ ਨੂੰ ਸੰਬੋਧਨ ਕੀਤਾ। ਮਾਰਚ ਤੋਂ ਪਹਿਲਾਂ ਕਰਵਾਈ ਕਾਨਫਰੰਸ ਵਿਚ ਜਥੇਬੰਦੀ ਨੇ ਇਕ ਮਤਾ ਪਾਸ ਕੀਤਾ, ਜਿਸ ਵਿਚ ਕਿਹਾ ਗਿਆ ਕਿ ਸੰਯੁਕਤ ਰਾਸ਼ਟਰ ਦੇ 'ਕੌਮਾਂਤਰੀ ਨਿਯਮਾਂ ਤਹਿਤ ਸਿਵਲ ਅਤੇ ਰਾਜਸੀ ਹੱਕ ਚਾਰਟਰ 1966' ਅਨੁਸਾਰ ਦੁਨੀਆਂ ਭਰ ਦੇ ਲੋਕ ਇਸ ਹੱਕ ਦੇ ਅਧਿਕਾਰੀ ਹਨ ਪਰ ਅਫਸੋਸ ਹੈ ਕਿ ਭਾਰਤੀ ਸ਼ਾਸਕ ਇਹ ਅਧਿਕਾਰ ਆਪਣੇ ਲੋਕਾਂ ਨੂੰ ਦੇਣ ਤੋਂ ਮੁਨਕਰ ਹਨ। ਮਤੇ ਰਾਹੀਂ ਸੰਯੁਕਤ ਰਾਸ਼ਟਰ ਨੂੰ ਅਪੀਲ ਕੀਤੀ ਕਿ ਉਹ ਦਖ਼ਲਅੰਦਾਜ਼ੀ ਕਰਕੇ ਇਹ ਹੱਕ ਪੰਜਾਬ ਦੇ ਲੋਕਾਂ ਨੂੰ ਦਿਵਾਏ।



## ਸਿੱਧੂ ਮੂਸੇਵਾਲਾ ਦੇ ਨਾਂ 'ਤੇ ਸੜਕ ਦਾ ਨਾਮਕਰਨ



**ਮਾਨਸਾ:** ਪੰਜਾਬ ਮੰਡੀ ਬੋਰਡ ਵੱਲੋਂ ਮਾਨਸਾ ਤੋਂ ਪਿੰਡ ਮੂਸਾ ਨੂੰ ਜਾਂਦੇ ਮੁੱਖ ਮਾਰਗ ਦਾ ਨਾਂ ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਨਾਂ 'ਤੇ ਰੱਖ ਦਿੱਤਾ ਗਿਆ ਹੈ। ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਗੱਲ ਦਾ ਪ੍ਰਗਟਾਵਾ ਮਾਨਸਾ ਵਿਚ ਕੀਤਾ ਹੈ। ਉਹ ਇੱਥੇ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਉਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਮੂਸੇਵਾਲਾ ਕਤਲ ਦੇ ਸਾਰੇ ਕਸੂਰਵਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਵਿਦੇਸ਼ਾਂ 'ਚ ਬੈਠੇ ਮੁਲਜ਼ਮਾਂ ਨੂੰ ਭਾਰਤ ਲਿਆਉਣ ਲਈ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾਂ ਇਹ ਸੜਕ ਰਮਦਿੱਤੇਵਾਲਾ ਰੋਡ ਵਜੋਂ ਜਾਣੀ ਜਾਂਦੀ ਸੀ।

# ਪੰਜ ਪਿਆਰਿਆਂ ਦੇ ਨਾਂ 'ਤੇ ਬਣੇ ਸਿਹਤ ਕੇਂਦਰ ਬਦਲਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਇਥੇ ਪੰਜ ਪਿਆਰਿਆਂ ਦੇ ਨਾਂ 'ਤੇ ਬਣੇ ਸਿਹਤ ਕੇਂਦਰਾਂ ਨੂੰ ਆਮ ਆਦਮੀ ਕਲੀਨਿਕਾਂ 'ਚ ਤਬਦੀਲ ਕੀਤੇ ਜਾਣ ਦੀ ਸ਼੍ਰੋਮਣੀ ਕਮੇਟੀ ਨੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਸਰਕਾਰ ਨੂੰ ਇਹ ਫੈਸਲਾ ਤੁਰਤ ਵਾਪਸ ਲੈਣ ਦੀ ਚਿਤਾਵਨੀ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸੂਬਾ ਸਰਕਾਰ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਤ ਯਾਦਗਾਰਾਂ ਨਾਲ ਛੇੜਛਾੜ ਕੀਤੇ ਜਾਣ ਖਿਲਾਫ ਨਿੰਦਾ ਮਤਾ ਪਾਸ ਕਰਦਿਆਂ ਭਗਵੰਤ ਮਾਨ ਸਰਕਾਰ ਨੂੰ ਤਾੜਨਾ ਕੀਤੀ ਹੈ ਕਿ ਉਹ ਸਿਆਸੀ ਲਾਹਾ ਲੈਣ ਲਈ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖੇਡਣ ਤੋਂ ਬਾਜ ਆਵੇ।



ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਖ਼ਾਲਸਾ ਸਾਜਨਾ ਦਿਵਸ ਦੇ 300 ਸਾਲਾ ਮੌਕੇ ਅਕਾਲੀ-ਭਾਜਪਾ ਸਰਕਾਰ ਵੱਲੋਂ ਅੰਮ੍ਰਿਤਸਰ ਵਿਚ ਪੰਜ ਪਿਆਰਿਆਂ ਦੇ ਨਾਂ 'ਤੇ ਪੰਜ ਸਿਹਤ ਕੇਂਦਰ ਸਥਾਪਤ ਕੀਤੇ ਗਏ ਸਨ, ਜਿਨ੍ਹਾਂ ਨੂੰ ਹੁਣ ਆਮ ਆਦਮੀ ਕਲੀਨਿਕ ਵਜੋਂ ਤਬਦੀਲ ਕਰ ਕੇ ਸੂਬੇ ਦੀ 'ਆਪ' ਸਰਕਾਰ ਨੇ ਸਿੱਖ ਕੌਮ ਦੀਆਂ ਯਾਦਗਾਰਾਂ ਦੀ ਤੌਹੀਨ ਕੀਤੀ ਹੈ। ਪੰਜ ਪਿਆਰਿਆਂ ਦੇ ਨਾਂ ਵਾਲੇ ਇਨ੍ਹਾਂ ਸਿਹਤ ਕੇਂਦਰਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੀ ਤਸਵੀਰ ਵਾਲੇ ਬੋਰਡ ਲਗਾ ਕੇ ਆਮ ਆਦਮੀ ਕਲੀਨਿਕ ਐਲਾਨ ਦਿੱਤਾ ਗਿਆ ਹੈ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਵੱਜੀ ਹੈ।

ਸਿੱਖ ਇਤਿਹਾਸ ਵਿਚ ਗੁਰੂ ਸਾਹਿਬਾਨ ਤੋਂ ਬਾਅਦ ਪੰਜ ਪਿਆਰਿਆਂ ਦਾ ਵੱਡਾ ਸਤਿਕਾਰ ਹੈ ਪਰ ਦੁੱਖ ਦੀ ਗੱਲ ਹੈ ਕਿ ਮੁੱਖ ਮੰਤਰੀ ਪੰਜਾਬ ਦੇ ਇਤਿਹਾਸ ਨੂੰ ਖੋਰਾ ਲਗਾ ਰਹੇ ਹਨ। ਉਨ੍ਹਾਂ ਸਵਾਲ ਕੀਤਾ ਕਿ ਕੀ ਭਗਵੰਤ ਮਾਨ ਪੰਜ ਪਿਆਰਿਆਂ ਨਾਲੋਂ ਉੱਪਰ ਹਨ, ਜੋ ਇਨ੍ਹਾਂ ਧਾਰਮਿਕ ਯਾਦਗਾਰਾਂ ਨੂੰ ਆਪਣੀ ਪਾਰਟੀ ਦੇ ਨਾਂ ਹੇਠ ਤਬਦੀਲ ਕਰ ਰਹੇ ਹਨ। ਦੱਸਣਯੋਗ ਹੈ ਕਿ 1999 ਵਿਚ 300 ਸਾਲਾ ਮੌਕੇ ਅਕਾਲੀ ਸਰਕਾਰ ਵੱਲੋਂ ਅੰਮ੍ਰਿਤਸਰ 'ਚ ਭਾਈ ਦਇਆ ਸਿੰਘ ਸ਼ਹਿਰੀ ਪ੍ਰਾਇਮਰੀ ਸਿਹਤ ਕੇਂਦਰ ਮੁਸਤਫ਼ਾਬਾਦ, ਭਾਈ ਧਰਮ ਸਿੰਘ ਸ਼ਹਿਰੀ ਪ੍ਰਾਇਮਰੀ ਸਿਹਤ ਕੇਂਦਰ ਰਣਜੀਤ ਐਵੇਨਿਊ, ਭਾਈ ਹਿੰਮਤ ਸਿੰਘ ਸੈਟੇਲਾਈਟ ਹਸਪਤਾਲ ਘਣੂਪੁਰ ਕਾਲੇ, ਭਾਈ ਮੋਹਕਮ ਸਿੰਘ ਸੈਟੇਲਾਈਟ ਹਸਪਤਾਲ ਸਕੱਤਰੀ ਬਾਗ ਅਤੇ ਭਾਈ ਸਾਹਿਬ ਸਿੰਘ ਸਰਕਾਰੀ ਹਸਪਤਾਲ ਫਤਾਹਪੁਰ ਬਣਾਏ ਗਏ ਸਨ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਵਿਜੀਲੈਂਸ ਵੱਲੋਂ ਸੋਨੀ ਦੀਆਂ ਜਾਇਦਾਦਾਂ ਦਾ ਮੁਲਾਂਕਣ

**ਅੰਮ੍ਰਿਤਸਰ:** ਵਿਜੀਲੈਂਸ ਬਿਊਰੋ ਨੇ ਕਥਿਤ ਤੌਰ 'ਤੇ ਆਮਦਨ ਤੋਂ ਵੱਧ ਜਾਇਦਾਦ ਦੀ ਸ਼ਿਕਾਇਤ ਦੇ ਆਧਾਰ 'ਤੇ ਸਾਬਕਾ ਉਪ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਓਪੀ ਸੋਨੀ ਦੀਆਂ ਜਾਇਦਾਦਾਂ ਦਾ ਮੁਲਾਂਕਣ ਕਰਨਾ ਸ਼ੁਰੂ ਕੀਤਾ ਹੈ। ਬਿਊਰੋ ਨੇ ਪਿਛਲੇ ਸਾਲ ਨਵੰਬਰ 'ਚ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਸੀ। ਬਿਊਰੋ ਦੀ ਇਕ ਤਕਨੀਕੀ ਟੀਮ ਏਅਰਪੋਰਟ ਰੋਡ ਸਥਿਤ ਕਾਂਗਰਸੀ ਆਗੂ ਦੇ ਨਿਰਮਾਣ ਅਧੀਨ ਫਾਰਮ ਹਾਊਸ ਅਤੇ ਉਸ ਦੇ ਹੋਟਲ 'ਤੇ ਪਹੁੰਚੀ। ਮੁਲਾਂਕਣ ਸ਼ਾਮ ਤੱਕ ਜਾਰੀ ਰਿਹਾ।

ਇਸ ਜਾਂਚ ਦੀ ਨਿਗਰਾਨੀ ਕਰ ਰਹੇ ਐਸ.ਐਸ.ਪੀ. ਵਰਿੰਦਰ ਸਿੰਘ ਨੇ ਦੱਸਿਆ ਕਿ ਮੁਲਾਂਕਣ ਕਰਨ ਵਾਲੀ ਅੱਠ ਮੈਂਬਰੀ ਟੀਮ ਵਿਚ ਚੰਡੀਗੜ੍ਹ ਦੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਵਿਜੀਲੈਂਸ ਦੇ ਅਧਿਕਾਰੀ ਵੀ ਸ਼ਾਮਲ ਹਨ। ਵਿਜੀਲੈਂਸ ਸੂਤਰਾਂ ਨੇ ਦੱਸਿਆ ਕਿ ਸੀਨੀਅਰ ਕਾਂਗਰਸੀ ਆਗੂ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਤੇ ਚੋਣਾਂ ਦੌਰਾਨ ਕੀਤੇ ਐਲਾਨ ਅਨੁਸਾਰ ਪਿਛਲੇ ਡੇਢ ਦਹਾਕੇ ਦੌਰਾਨ ਉਸ ਦੀ ਚੱਲ ਤੇ ਅਚੱਲ ਜਾਇਦਾਦ ਵਿੱਚ ਕਈ ਗੁਣਾਂ ਵਾਧਾ ਹੋਇਆ ਹੈ।

# ਪੰਜਾਬ ਵਿਚ ਭਾਜਪਾ ਆਪਣੇ ਦਮ 'ਤੇ ਚੋਣ ਲੜੇਗੀ: ਅਸ਼ਵਨੀ ਸ਼ਰਮਾ



**ਅੰਮ੍ਰਿਤਸਰ:** ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਦੀਆਂ ਨਗਰ ਨਿਗਮ, ਨਗਰ ਪੰਚਾਇਤ ਅਤੇ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ। ਪਾਰਟੀ ਵੱਲੋਂ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਇਕੱਲਿਆਂ ਹੀ ਚੋਣ ਲੜਨ ਦਾ ਫੈਸਲਾ ਕੀਤਾ ਗਿਆ ਹੈ। ਮੀਟਿੰਗ ਵਿਚ ਭਾਜਪਾ ਪ੍ਰਧਾਨ ਨੇ ਕਿਹਾ ਕਿ ਪੰਜਾਬ 'ਚ ਨਗਰ ਨਿਗਮ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਅਤੇ ਸਾਰੇ ਭਾਜਪਾ ਅਹੁਦੇਦਾਰ ਤੇ ਵਰਕਰ ਆਪੋ-ਆਪਣੇ ਖੇਤਰਾਂ ਵਿਚ ਘਰ-ਘਰ ਜਾ ਕੇ ਲੋਕਾਂ ਨੂੰ ਭਾਜਪਾ ਦੀ ਵਿਚਾਰਧਾਰਾ ਤੇ ਮੋਦੀ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਤੋਂ ਜਾਣੂ ਕਰਵਾਉਣ।

ਉਨ੍ਹਾਂ ਕਿਹਾ ਕਿ ਚੋਣਾਂ ਸਬੰਧੀ ਭਾਜਪਾ ਹਾਈਕਮਾਨ ਨੇ ਸਾਰੇ ਜ਼ਿਲ੍ਹਿਆਂ ਤੋਂ ਫੀਡਬੈਕ ਲਈ ਹੈ। ਵਰਕਰ ਪੂਰੀ ਤਰ੍ਹਾਂ ਤਿਆਰ ਹਨ ਤੇ ਉਹ ਪਹਿਲਾਂ ਹੀ ਮੈਦਾਨ 'ਚ ਨਿੱਤਰੇ ਹੋਏ ਹਨ। ਉਨ੍ਹਾਂ ਕਿਹਾ ਕਿ ਪਾਰਟੀ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਹਲਕਿਆਂ ਤੋਂ ਫੀਡਬੈਕ ਲੈ ਕੇ ਯੋਗ ਉਮੀਦਵਾਰ ਨੂੰ ਚੋਣ ਲੜਨ ਦਾ ਮੌਕਾ ਦੇਵੇਗੀ ਤੇ ਇਸ ਲਈ ਪਾਰਟੀ ਵੱਲੋਂ ਰਣਨੀਤੀ ਵੀ ਤਿਆਰ ਕਰ ਲਈ ਗਈ ਹੈ। ਉਨ੍ਹਾਂ ਸਮੂਹ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਆਪੋ-ਆਪਣੇ ਇਲਾਕੇ ਦੇ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਦੀ ਪੰਜਾਬ ਤੇ ਪੰਜਾਬੀਅਤ ਵਿਰੋਧੀ ਨੀਤੀਆਂ ਤੋਂ ਜਾਣੂ ਕਰਵਾਉਣ।

## ਬਲਾਤਕਾਰ ਦੇ ਮਾਮਲੇ 'ਚ ਆਸਾਰਾਮ ਨੂੰ ਉਮਰ ਕੈਦ

**ਅਹਿਮਦਾਬਾਦ:** ਗਾਂਧੀਨਗਰ ਦੀ ਅਦਾਲਤ ਨੇ 2013 ਵਿਚ ਸਾਬਕਾ ਮਹਿਲਾ ਸ਼ਰਧਾਲੂ ਵੱਲੋਂ ਦਰਜ ਕਰਵਾਏ ਬਲਾਤਕਾਰ ਦੇ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ ਅਖੌਤੀ ਸਾਧ ਆਸਾਰਾਮ ਬਾਪੂ ਨੂੰ ਉਮਰ ਕੈਦ ਦੀ ਸਜਾ ਸੁਣਾਈ ਹੈ। 81 ਸਾਲਾ ਅਖੌਤੀ ਸਾਧ ਇਸ ਸਮੇਂ ਜੋਧਪੁਰ ਜੇਲ੍ਹ ਵਿਚ ਬੰਦ ਹੈ, ਜਿੱਥੇ ਉਹ 2013 ਵਿਚ ਰਾਜਸਥਾਨ ਵਿਚ ਆਪਣੇ ਆਸਾਰਾਮ ਵਿਚ ਨਾਬਾਲਗ ਲੜਕੀ ਨਾਲ ਬਲਾਤਕਾਰ ਕਰਨ ਦੇ ਇਕ ਹੋਰ ਮਾਮਲੇ ਵਿਚ ਉਮਰ ਕੈਦ ਦੀ ਸਜਾ ਭੁਗਤ ਰਿਹਾ ਹੈ।

ਅਹਿਮਦਾਬਾਦ ਦੇ ਚਾਂਦਖੇੜਾ ਪੁਲਿਸ ਥਾਣੇ ਵਿਚ ਦਰਜ ਐਫ.ਆਈ.ਆਰ. ਅਨੁਸਾਰ ਆਸਾਰਾਮ ਨੇ ਆਪਣੀ ਸ਼ਾਗਿਰਦ ਨਾਲ 2001 ਤੋਂ 2006 ਦਰਮਿਆਨ ਕਈ ਵਾਰ ਜਬਰ ਜਨਾਹ ਕੀਤਾ ਸੀ, ਜਦੋਂ ਪੀੜਤਾ ਸ਼ਹਿਰ ਦੇ ਬਾਹਰਵਾਰ ਸਥਿਤ ਆਸਾਰਾਮ ਦੇ ਆਸ਼ਰਮ ਵਿਚ ਰਹਿੰਦੀ ਸੀ। ਵਿਵਾਦਤ ਸੰਤ ਆਸਾਰਾਮ ਪਹਿਲਾਂ ਹੀ ਜਬਰ ਜਨਾਹ ਦੇ ਇਕ ਹੋਰ ਮਾਮਲੇ ਵਿਚ ਜੋਧਪੁਰ ਜੇਲ੍ਹ ਵਿਚ ਬੰਦ ਹੈ।

# ਮਜੀਠੀਆ ਖਿਲਾਫ ਸੁਣਵਾਈ ਤੋਂ ਲਾਂਭੇ ਹੋਏ ਜਸਟਿਸ ਸੂਰਿਆ ਕਾਂਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਜੱਜ ਜਸਟਿਸ ਸੂਰਿਆ ਕਾਂਤ ਨੇ ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਡਰੱਗਜ਼ ਕੇਸ ਵਿਚ ਹਾਈ ਕੋਰਟ ਵੱਲੋਂ ਮਿਲੀ ਜ਼ਮਾਨਤ ਖ਼ਿਲਾਫ਼ ਪੰਜਾਬ ਸਰਕਾਰ ਵੱਲੋਂ ਦਾਇਰ ਅਪੀਲ 'ਤੇ ਸੁਣਵਾਈ ਤੋਂ ਖੁਦ ਨੂੰ ਵੱਖ ਕਰ ਲਿਆ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਏ.ਕੇ.ਮਹੇਸ਼ਵਰੀ 'ਤੇ ਅਧਾਰਿਤ ਬੈਂਚ ਨੇ ਜਿਵੇਂ ਹੀ ਪੰਜਾਬ ਸਰਕਾਰ ਦੀ ਅਪੀਲ 'ਤੇ ਸੁਣਵਾਈ ਸ਼ੁਰੂ ਕੀਤੀ ਤਾਂ ਜਸਟਿਸ ਕਾਂਤ ਨੇ ਕਿਹਾ ਕਿ ਉਹ ਹਾਈ ਕੋਰਟ ਦੇ ਉਸ ਬੈਂਚ ਵਿਚ ਸ਼ਾਮਲ ਸਨ, ਜਿਸ ਨੇ ਨਸ਼ਾ ਤਸਕਰੀ ਕੇਸ ਦੀ ਜਾਂਚ ਲਈ ਵਿਸ਼ੇਸ਼ ਟਾਸਕ ਫੋਰਸ ਗਠਿਤ ਕਰਨ ਦੇ ਹੁਕਮ ਦਿੱਤੇ ਸਨ। ਸਿਖਰਲੀ ਕੋਰਟ ਨੇ ਕਿਹਾ, "ਇਸ ਕੇਸ ਨੂੰ ਉਸ ਬੈਂਚ ਅੱਗੇ ਰੱਖਿਆ ਜਾਵੇ, ਜਿਸ ਦਾ ਸਾਡੇ ਵਿਚੋਂ ਇਕ (ਜਸਟਿਸ ਸੂਰਿਆ ਕਾਂਤ) ਮੈਂਬਰ ਨਾ ਹੋਵੇ।" ਪੰਜਾਬ ਸਰਕਾਰ ਵੱਲੋਂ ਸੀਨੀਅਰ ਵਕੀਲ ਸ਼ਿਆਮ ਦੀਵਾਨ ਪੇਸ਼ ਹੋਏ, ਜਿਨ੍ਹਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 10 ਅਗਸਤ 2022 ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਉਦੋਂ ਕਿਹਾ ਕਿ ਸੀ ਕਿ ਇਹ ਗੱਲ ਮੰਨਣ ਦਾ 'ਵਾਜਬ ਅਧਾਰ' ਹੈ ਕਿ ਉਹ (ਮਜੀਠੀਆ) ਅਪਰਾਧੀ ਨਹੀਂ ਹੈ।

# ਆਸਟਰੇਲੀਆ ਖਾਲਿਸਤਾਨੀ ਅਨਸਰਾਂ ਨੂੰ ਮੁਲਕ ਵਿਚ ਦਾਖਲ ਹੋਣ ਤੋਂ ਰੋਕੇ: ਭਾਰਤ

**ਨਵੀਂ ਦਿੱਲੀ:** ਆਸਟਰੇਲੀਆ ਰਹਿੰਦੇ ਭਾਰਤੀ ਪਰਵਾਸੀ ਭਾਈਚਾਰੇ ਵਿਚਾਲੇ ਵਧਦੀ ਕਸ਼ੀਦਗੀ ਦਰਮਿਆਨ ਭਾਰਤ ਨੇ ਐਲਬਨੀਜ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਖਾਲਿਸਤਾਨੀ ਅਨਸਰਾਂ ਨੂੰ ਮੁਲਕ ਵਿਚ ਦਾਖਲ ਹੋਣ ਤੋਂ ਰੋਕੇ। ਆਸਟਰੇਲੀਆ ਦੇ ਮੈਲਬਰਨ ਸ਼ਹਿਰ ਵਿਚ ਖਾਲਿਸਤਾਨੀ ਕਾਰਕੁਨਾਂ ਤੇ ਭਾਰਤ ਪੱਖੀ ਮੁਜ਼ਾਹਰਾਕਾਰੀਆਂ ਵਿਚਾਲੇ ਟਕਰਾਅ ਦੀਆਂ ਦੋ ਵੱਖੋ-ਵੱਖਰੀਆਂ ਘਟਨਾਵਾਂ 'ਚ ਦੋ ਵਿਅਕਤੀ ਜ਼ਖ਼ਮੀ ਹੋ ਗਏ ਸਨ। ਆਸਟਰੇਲੀਆ ਵਿਚ ਭਾਰਤ ਦੇ ਹਾਈ ਕਮਿਸ਼ਨਰ ਮਨਪ੍ਰੀਤ ਵੋਹਰਾ ਨੇ ਉਨ੍ਹਾਂ ਦੋ ਮੰਦਿਰਾਂ (ਬੀ.ਏ.ਪੀ.ਐਸ. ਸ੍ਰੀ ਸਵਾਮੀਨਰਾਇਣ ਮੰਦਰ ਤੇ ਇਸਕੋਨ ਕ੍ਰਿਸ਼ਨ ਮੰਦਰ) ਦਾ ਵੀ ਦੌਰਾ ਕੀਤਾ, ਜਿੱਥੇ ਦੋਵਾਂ ਧਿਰਾਂ ਵਿਚਾਲੇ ਟਕਰਾਅ ਹੋਇਆ ਸੀ। ਵੋਹਰਾ ਵਿਕਟੋਰੀਆ ਦੇ ਪ੍ਰੀਮੀਅਰ ਡੈਨੀਅਲ ਐਂਡਰਿਊਜ ਨੂੰ ਵੀ ਮਿਲੇ।

ਕਾਬਲੇਗੌਰ ਹੈ ਕਿ ਖਾਲਿਸਤਾਨ ਪੱਖੀਆਂ ਵੱਲੋਂ 'ਰਾਏਸ਼ੁਮਾਰੀ' ਲਈ ਕਰਵਾਈ ਵੋਟਿੰਗ ਦੌਰਾਨ ਵੀ ਦੋਵੇਂ ਧਿਰਾਂ ਇਕ ਦੂਜੇ ਨਾਲ ਖਹਿਬੜ ਪਈਆਂ ਸਨ। ਸ੍ਰੀ ਵੋਹਰਾ ਨੇ ਕਿਹਾ ਕਿ ਆਸਟਰੇਲੀਆ ਨੂੰ ਖਾਲਿਸਤਾਨੀ ਅਨਸਰਾਂ ਨੂੰ ਦੇਸ਼ ਵਿਚ ਦਾਖਲ ਹੋਣ ਤੋਂ ਰੋਕਣਾ ਚਾਹੀਦਾ ਹੈ। ਵੋਹਰਾ ਨੇ ਕਿਹਾ ਕਿ ਉਹ 'ਨਿਰਾਸ਼' ਹਨ ਕਿਉਂਕਿ ਇਸ ਮਸਲੇ ਨੂੰ ਸ਼ੁਰੂ ਹੋਣ ਤੋਂ ਪਹਿਲਾਂ ਹੀ ਨੱਥ ਨਹੀਂ ਪਾਈ ਗਈ। ਭਾਰਤੀ ਹਾਈ ਕਮਿਸ਼ਨ ਨੇ ਇਕ ਬਿਆਨ ਵਿਚ ਕਿਹਾ, "ਅਜਿਹੇ ਸੰਕੇਤ ਹਨ ਕਿ ਖਾਲਿਸਤਾਨ ਪੱਖੀਆਂ ਨੇ ਆਸਟਰੇਲੀਆ ਵਿਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ ਤੇ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਜਿਹੀਆਂ ਦਹਿਸ਼ਤੀ ਜਥੇਬੰਦੀਆਂ ਦੇ ਮੈਂਬਰਾਂ ਵੱਲੋਂ ਇਨ੍ਹਾਂ ਅਨਸਰਾਂ ਦੀ ਸਹਾਇਤਾ ਦੇ ਨਾਲ ਇਨ੍ਹਾਂ ਨੂੰ ਮਜਬੂਰ ਕੀਤਾ ਜਾ ਰਿਹੈ।"

## ਪਾਕਿਸਤਾਨ ਵਸਦੇ ਸਿੱਖ ਵੱਲੋਂ ਮਦਦ ਲਈ ਹਾਕ

**ਸਿੰਧ (ਪਾਕਿਸਤਾਨ):** ਪਾਕਿਸਤਾਨ ਦੇ ਸੂਬਾ ਸਿੰਧ ਦੇ ਜੈਕਬਾਬਾਦ ਵਿਚ ਆਪਣੀ ਧੀ ਨੂੰ ਸਕੂਲ ਤੋਂ ਲੈਣ ਸਿੱਖ ਨੂੰ ਸਥਾਨਕ ਮੁਸਲਮਾਨਾਂ ਨੇ ਧਮਕੀ ਦਿੱਤੀ, ਉਸ ਨਾਲ ਦੁਰਵਿਵਹਾਰ ਕੀਤਾ ਅਤੇ ਕਿਹਾ ਕਿ ਉਹ ਉਨ੍ਹਾਂ ਨੂੰ ਮਾਰ ਦੇਣਗੇ।

ਸਿੰਧ ਦੇ ਹਿੰਦੂ ਸੰਗਠਨ ਦੇ ਸੰਸਥਾਪਕ ਅਤੇ ਚੀਫ ਆਰਗੇਨਾਈਜ਼ਰ ਨਰਾਇਣ ਦਾਸ ਭੀਲ ਨੇ ਵੀਡੀਓ ਟਵੀਟ ਕੀਤਾ, ਜਿਸ ਵਿਚ ਸਿੱਖਾਂ ਨੂੰ ਪਾਕਿਸਤਾਨ ਵਿਚ ਹੋ ਰਹੇ ਅਤਿਆਚਾਰਾਂ ਦੀਆਂ ਘਟਨਾਵਾਂ ਨੂੰ ਬਿਆਨ ਕਰਦੇ ਸੁਣਿਆ ਜਾ ਸਕਦਾ ਹੈ। ਹਰੀਸ਼ ਸਿੰਘ ਨੇ ਦੱਸਿਆ ਕਿ ਜਦੋਂ ਉਹ ਆਪਣੀਆਂ ਧੀਆਂ ਨੂੰ ਸਕੂਲ ਤੋਂ ਲੈਣ ਜਾ ਰਿਹਾ ਸੀ ਤਾਂ ਸਥਾਨਕ ਮੁਸਲਮਾਨਾਂ ਵੱਲੋਂ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਉਸ ਨੇ ਦੱਸਿਆ ਕਿ ਹਮਲਾਵਰਾਂ ਨੇ ਉਸ ਦੀਆਂ ਧੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਉਨ੍ਹਾਂ ਦੀਆਂ ਧੀਆਂ ਡਰੀਆਂ ਹੋਈਆਂ ਹਨ ਅਤੇ ਉਨ੍ਹਾਂ ਨੇ ਸਕੂਲ ਜਾਣ ਤੋਂ ਇਨਕਾਰ ਕਰ ਦਿੱਤਾ।

# ਭਾਜਪਾ ਨੂੰ ਚੁਫੇਰਿਉਂ ਘੇਰਾ ਪੈਣ ਲੱਗਾ

*(ਪਹਿਲੇ ਸਫੇ ਦੀ ਬਾਕੀ)*

ਨਾਲ ਭਾਜਪਾ ਤੇ ਰਾਸ਼ਟਰੀ ਸਵੈਮਸੇਵਕ ਸੰਘ ਨੂੰ ਬਣਾਈ ਰੱਖਿਆ। ਇਸ ਦੌਰਾਨ ਰਾਹੁਲ ਨੇ ਫਿਰਕੂ ਏਜੰਡੇ ਦੇ ਨਾਲ-ਨਾਲ ਵਧਦੀ ਮਹਿੰਗਾਈ, ਬੇਰੁਜ਼ਗਾਰੀ ਤੇ ਕੁਝ ਸਰਮਾਏਦਾਰਾਂ ਨੂੰ ਮੋਦੀ ਸਰਕਾਰ ਵੱਲੋਂ ਦੇਸ਼ ਦਾ ਖ਼ਜ਼ਾਨਾ ਲੁਟਾਉਣ ਦੀ ਵੀ ਚਰਚਾ ਕੀਤੀ ਹੈ। ਇਸ ਦੇ ਨਾਲ ਹੀ ਪਿਛਲੇ ਲੰਮੇ ਸਮੇਂ ਤੋਂ ਢਹਿੰਦੀ ਕਲਾ ਵਿਚ ਜਾ ਰਹੇ ਕਾਂਗਰਸੀਆਂ ਅਤੇ ਮਾਯੂਸ ਹੋਏ ਉਨ੍ਹਾਂ ਦੇ ਪ੍ਰਸੰਸਕਾਂ ਵਿਚ ਵੀ ਮੁੜ ਤੋਂ ਊਰਜਾ ਦਾ ਸੰਚਾਰ ਹੋਇਆ ਹੈ ਅਤੇ ਸਿਆਸੀ ਪੱਖੋਂ ਵੀ ਉਨ੍ਹਾਂ ਦੇ ਹੌਸਲੇ ਬੁਲੰਦ ਹੋਏ ਹਨ। ਕਾਂਗਰਸ ਨੇ ਭਾਵੇਂ ਦੇਸ਼ ਵਿਚ ਲੰਮਾ ਸਮਾਂ ਰਾਜ ਕੀਤਾ ਹੈ ਪਰ ਪਿਛਲੇ ਇਕ ਦਹਾਕੇ ਤੋਂ ਦੇਸ਼ ਭਰ ਵਿਚ ਇਸ ਦਾ ਸਮੁੱਚਾ ਪ੍ਰਭਾਵ ਲੁੜਕਦਾ ਹੀ ਗਿਆ ਹੈ। ਮਿਸਾਲ ਦੇ ਤੌਰ ਉਤੇ ਕਦੇ ਬਹੁਤੇ ਪ੍ਰਾਂਤਾਂ ਵਿਚ ਇਸ ਦੀਆਂ ਸਰਕਾਰਾਂ ਸਨ ਪਰ ਇਸ ਦੀ ਜਗ੍ਹਾ ਇਹ ਲੁੜਕ ਕੇ ਦੋ ਰਾਜਾਂ ਰਾਜਸਥਾਨ ਤੇ ਛੱਤੀਸਗੜ੍ਹ ਤੱਕ ਹੀ ਸੀਮਤ ਹੋ ਕੇ ਰਹਿ ਗਈ ਸੀ। ਹੁਣੇ ਜਿਹੇ ਹੀ ਤੀਸਰਾ ਰਾਜ ਹਿਮਾਚਲ ਪ੍ਰਦੇਸ਼ ਇਸ ਕਤਾਰ ਵਿਚ ਸ਼ਾਮਲ ਹੋਇਆ ਹੈ। ਸਾਲ 2014 ਤੇ 2019 ਦੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਇਸ ਨੂੰ ਨਮੋਸ਼ੀਜਨਕ ਹਾਰ ਦਾ ਮੂੰਹ ਵੇਖਣਾ ਪਿਆ ਸੀ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਇਹ 543 ਮੈਂਬਰੀ ਲੋਕ ਸਭਾ ਵਿਚ ਸਿਰਫ 44 ਤੇ ਦੂਸਰੀ ਵਾਰ 52 ਸੀਟਾਂ ਤੱਕ ਹੀ ਸੁੰਗੜ ਕੇ ਰਹਿ ਗਈ ਸੀ। ਹੁਣ ਭਾਰਤ ਜੋੜੋ ਯਾਤਰਾ ਨਾਲ ਕਾਂਗਰਸੀਆਂ ਦੇ ਵਧੇ ਹੌਸਲੇ ਤੇ ਵਿਰੋਧੀ ਧਿਰਾਂ ਦੇ ਏਕੇ ਦੇ ਬਣੇ ਮਾਹੌਲ ਨੇ ਸੰਕੇਤ ਦਿੱਤੇ ਹਨ ਕਿ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਖ਼ਿਲਾਫ਼ ਮੋਰਚੇਬੰਦੀ ਹੋਰ ਤਿੱਖੀ ਹੋਵੇਗੀ। ਕੁਝ ਤਾਜ਼ਾ ਘਟਨਾਵਾਂ ਨੇ ਭਾਜਪਾ ਦੇ ਰਾਸ਼ਟਰਵਾਦ ਵਾਲੇ ਰੌਲੇ ਨੂੰ ਵੀ ਮੱਠਾ ਕਰ ਦਿੱਤਾ ਹੈ। ਅਸਲ ਵਿਚ, ਭਾਰਤ ਜੋੜੋ ਯਾਤਰਾ ਦਾ ਮੁੱਖ ਮਕਸਦ ਅਸਲੀ ਤੇ ਫਰਜ਼ੀ ਰਾਸ਼ਟਰਵਾਦ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਵੀ ਸੀ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਰਾਹੁਲ ਗਾਂਧੀ ਆਉਂਦੇ ਮਹੀਨਿਆਂ ਤੱਕ ਆਪਣਾ ਇਹੀ ਅਕਸ ਬਰਕਰਾਰ ਰੱਖ ਕੇ ਜੇਕਰ ਭਾਜਪਾ ਵਿਰੋਧੀ ਧਿਰਾਂ ਨੂੰ ਇਕ ਮੰਚ ਉਤੇ ਇਕੱਠਾ ਕਰਨ ਵਿਚ ਸਫਲ ਹੁੰਦੇ ਹਨ ਤਾਂ ਭਗਵਾ ਧਿਰ ਲਈ ਚੁਣੌਤੀ ਖੜ੍ਹੀ ਕਰ ਸਕਦੇ ਹਨ।

## ਆਂਧਰਾ ਦੀ ਨਵੀਂ ਰਾਜਧਾਨੀ ਵਿਸ਼ਾਖਾਪਟਨਮ ਹੋਵੇਗੀ

**ਨਵੀਂ ਦਿੱਲੀ:** ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈ.ਐਸ. ਜਗਨ ਮੋਹਨ ਰੈੱਡੀ ਨੇ ਕਿਹਾ ਹੈ ਕਿ ਰਾਜ ਦੀ ਨਵੀਂ ਰਾਜਧਾਨੀ ਵਿਸ਼ਾਖਾਪਟਨਮ ਹੋਵੇਗੀ। ਮਾਰਚ ਵਿਚ ਵਿਸ਼ਾਖਾਪਟਨਮ ਵਿਚ ਹੋਣ ਵਾਲੇ ਕੌਮਾਂਤਰੀ ਨਿਵੇਸ਼ਕ ਸੰਮੇਲਨ ਦੀ ਤਿਆਰੀ ਮੀਟਿੰਗ ਵਿਚ ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਮਹੀਨਿਆਂ ਵਿਚ ਆਪਣਾ ਦਫਤਰ ਵੀ ਇਸ ਬੰਦਰਗਾਹ ਵਾਲੇ ਸ਼ਹਿਰ ਵਿਚ ਤਬਦੀਲ ਕਰਨਗੇ।

## ਪਿਸ਼ਾਵਰ 'ਚ ਆਤਮਘਾਤੀ ਹਮਲਾ, 93 ਤੋਂ ਵੱਧ ਮੌਤਾਂ

**ਪਿਸ਼ਾਵਰ:** ਪਾਕਿਸਤਾਨ ਵਿਚ ਨਮਾਜ਼ ਦੌਰਾਨ ਮਸਜਿਦ ਵਿਚ ਹੋਏ ਆਤਮਘਾਤੀ ਹਮਲੇ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 93 ਹੋ ਗਈ ਤੇ 221 ਜ਼ਖ਼ਮੀਆਂ 'ਚੋਂ ਕਈਆਂ ਦੀ ਹਾਲਤ ਚਿੰਤਾਜਣਕ ਹੈ। ਮਲਬੇ 'ਚੋਂ ਹੋਰ ਲਾਸ਼ਾਂ ਦੀ ਭਾਲ ਕੀਤੀ ਜਾ ਰਹੀ ਹੈ। ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਇਸ ਦੌਰਾਨ ਪੁਲਿਸ ਨੇ ਹਮਲਾਵਰ ਦਾ ਸਿਰ ਬਰਾਮਦ ਕਰ ਲਿਆ ਹੈ। ਇਹ ਕਾਫੀ ਖਰਾਬ ਹਾਲਤ 'ਚ ਹੈ। ਸੁਰੱਖਿਆ ਅਧਿਕਾਰੀਆਂ ਮੁਤਾਬਕ ਹਮਲਾਵਰ ਦੁਪਹਿਰ ਦੀ ਨਮਾਜ਼ ਦੌਰਾਨ ਮੂਹਰਲੀ ਕਤਾਰ ਵਿਚ ਸੀ, ਜਦੋਂ ਉਸ ਨੇ ਆਪਣੇ ਵਿਸਫੋਟਕਾਂ ਨਾਲ ਧਮਾਕਾ ਕੀਤਾ।

## ਲੋਕ ਸਭਾ 'ਚ 2022-23 ਦਾ ਆਰਥਿਕ ਸਰਵੇਖਣ ਪੇਸ਼

**ਨਵੀਂ ਦਿੱਲੀ:** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਲੋਕ ਸਭਾ ਵਿਚ ਵਿੱਤੀ ਸਾਲ 2022-23 ਦੀ ਆਰਥਿਕ ਸਰਵੇਖਣ ਪੇਸ਼ ਕੀਤਾ। ਇਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਦੇਸ਼ ਦੀ ਅਰਥਵਿਵਸਥਾ 2023-24 ਵਿਚ 6.5 ਫੀਸਦੀ ਦੀ ਦਰ ਨਾਲ ਵਿਕਾਸ ਕਰੇਗੀ, ਜਦਕਿ ਮੌਜੂਦਾ ਵਿੱਤੀ ਸਾਲ ਵਿਚ ਸੱਤ ਫੀਸਦੀ ਦੀ ਦਰ ਨਾਲ ਵਾਧਾ ਹੋਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕੇਂਦਰ ਸਰਕਾਰ ਦੀ ਵਾਅਦਾਖਿਲਾਫੀ ਨੇ ਕਿਸਾਨਾਂ ਅੰਦਰ ਰੋਹ ਭਰਿਆ



**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਕੇਂਦਰ ਸਰਕਾਰ ਵੱਲੋਂ ਕਿਸਾਨ ਅੰਦੋਲਨ ਦੀ ਸਮਾਪਤੀ ਸਮੇਂ ਕੀਤੇ ਵਾਅਦੇ ਪੂਰੇ ਨਾ ਕਰਨ ਦੇ ਰੋਸ ਵਜੋਂ ਪੰਜਾਬ ਦੇ 12 ਜ਼ਿਲ੍ਹਿਆਂ ਵਿਚ ਤਿੰਨ ਘੰਟੇ ਰੇਲਵੇ ਲਾਈਨਾਂ ਜਾਮ ਕਰਕੇ ਰੋਸ ਪ੍ਰਦਰਸ਼ਨ ਕੀਤੇ। ਇਹ ਰੋਸ ਪ੍ਰਦਰਸ਼ਨ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਜਾਰੀ ਰਹੇ।

ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਮੋਰਚੇ ਦੀ ਸਮਾਪਤੀ ਵੇਲੇ ਲਿਖਤੀ ਭਰੋਸੇ ਦੇ ਬਾਵਜੂਦ ਕੇਂਦਰ ਨੇ ਐਮ.ਐਸ.ਪੀ. ਦੀ ਗਾਰੰਟੀ ਲਈ ਕਾਨੂੰਨ ਨਹੀਂ ਬਣਾਇਆ, ਕਿਸਾਨਾਂ ਮਜ਼ਦੂਰਾਂ ਖ਼ਿਲਾਫ਼ ਦਿੱਲੀ ਸਣੇ ਦੇਸ਼ ਭਰ 'ਚ ਦਰਜ ਕੀਤੇ ਕੇਸ ਵਾਪਸ ਨਹੀਂ ਲਏ ਗਏ। ਜ਼ਿਲ੍ਹਾ ਅੰਮ੍ਰਿਤਸਰ ਦੇ ਦੇਵੀਦਾਸਪੁਰਾ ਰੇਲ ਫਾਟਕ 'ਤੇ ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਅਤੇ ਸੂਬਾ ਆਗੂ ਗੁਰਬਚਨ ਸਿੰਘ ਚੱਬਾ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਵੱਲੋਂ ਕਿਸਾਨ ਅੰਦੋਲਨ ਸਮੇਂ ਕਿਸਾਨ ਜਥੇਬੰਦੀਆਂ ਨਾਲ ਕੀਤੇ ਵਾਅਦੇ ਛੇਤੀ ਪੂਰੇ ਕੀਤੇ ਜਾਣ। ਆਗੂਆਂ ਨੇ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਦੇ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰ ਕੇ ਉਸ ਨੂੰ ਬਨਦੀ ਸਜ਼ਾ ਦਿੱਤੀ ਜਾਵੇ ਅਤੇ ਬੇਕਸੂਰ ਕਿਸਾਨ ਰਿਹਾਅ ਕੀਤੇ ਜਾਣ ਤੇ ਬਿਜਲੀ ਸੋਧ ਬਿੱਲ-2020 ਦਾ ਖਰੜਾ ਰੱਦ ਕੀਤਾ ਜਾਵੇ। ਕਿਸਾਨ ਆਗੂ ਬਾਜ਼ ਸਿੰਘ, ਲਖਵਿੰਦਰ ਸਿੰਘ ਤੇ ਸਕੱਤਰ ਸਿੰਘ ਕੋਟਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਐਲਾਨਿਆ ਗੰਨੇ ਦਾ ਭਾਅ 380 ਰੁਪਏ ਦੇ ਹਿਸਾਬ ਨਾਲ ਦਿੱਤਾ ਜਾਵੇ। ਇਸ ਤੋਂ ਇਲਾਵਾ ਸਨਅਤੀ ਇਕਾਈਆਂ ਵੱਲੋਂ ਕੀਤੇ ਜਾ ਰਹੇ ਹਵਾ ਤੇ ਪਾਣੀ ਪ੍ਰਦੂਸ਼ਣ ਦੀ ਰੋਕਥਾਮ ਲਈ ਕਾਨੂੰਨ ਸਖਤੀ ਨਾਲ ਲਾਗੂ ਕੀਤੇ ਜਾਣ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉਤੇ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਕਾਰਕੁਨਾਂ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਟਰੈਕਟਰ ਮਾਰਚ ਕੀਤਾ ਗਿਆ। ਇਥੇ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫ਼ਤਰ ਕੰਪਲੈਕਸ ਦੇ ਗੇਟ ਅੱਗੇ ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਜਗਮੋਹਣ ਸਿੰਘ ਪਟਿਆਲਾ ਨੇ ਕਿਹਾ ਕਿ 9 ਦਸੰਬਰ 2021 ਨੂੰ ਕੇਂਦਰ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਸਬੰਧੀ ਕਾਨੂੰਨ ਬਣਾਉਣ, ਬਿਜਲੀ ਸੋਧ ਬਿੱਲ-2020 ਰੱਦ ਕਰਨ, ਪੁਲਿਸ ਕੇਸ ਵਾਪਸ ਲੈਣ, ਸ਼ਹੀਦ ਕਿਸਾਨ ਪਰਿਵਾਰਾਂ ਦੇ ਵਾਰਸਾਂ ਨੂੰ ਨੌਕਰੀਆਂ ਦੇਣ ਆਦਿ ਮੰਗਾਂ ਲਿਖਤੀ ਰੂਪ ਵਿਚ ਮੰਨੀਆਂ ਗਈਆਂ ਸਨ, ਪਰ ਮੋਦੀ ਸਰਕਾਰ ਇਨ੍ਹਾਂ ਮੰਗਾਂ ਨੂੰ ਲਾਗੂ ਕਰਨ ਤੋਂ ਮੁੱਕਰ ਗਈ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਇਸ ਵਾਅਦਾਖ਼ਿਲਾਫ਼ੀ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ ਅਤੇ ਇਸ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ।

## ਜ਼ੀਰਾ ਮੋਰਚੇ ਦੀ ਹਮਾਇਤ ਜਾਰੀ ਰੱਖਾਂਗੇ: ਚੜੂਨੀ

**ਰਾਜਪੁਰਾ:** ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਕੌਮੀ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਆਖਿਆ ਕਿ ਜਦੋਂ ਤੱਕ ਪੰਜਾਬ ਸਰਕਾਰ ਜ਼ੀਰਾ ਸ਼ਰਾਬ ਫੈਕਟਰੀ ਨੂੰ ਪੱਕੇ ਤੌਰ 'ਤੇ ਬੰਦ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਨਹੀਂ ਕਰਦੀ, ਉਦੋਂ ਤੱਕ ਉਨ੍ਹਾਂ ਦੀ ਯੂਨੀਅਨ ਫੈਕਟਰੀ ਦੇ ਬਾਹਰ ਰੋਸ ਧਰਨਾ ਦੇ ਰਹੇ ਧਰਨਾਕਾਰੀਆਂ ਦੀ ਹਮਾਇਤ ਜਾਰੀ ਰੱਖੇਗੀ। ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਇੱਥੇ ਯੂਨੀਅਨ ਦੀ ਜ਼ਿਲ੍ਹਾ ਪੱਧਰੀ ਲਾਮਬੰਦੀ ਮੀਟਿੰਗ 'ਚ ਸ਼ਾਮਲ ਹੋਣ ਮਗਰੋਂ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜ਼ੀਰਾ ਮੋਰਚੇ ਦੇ ਦਬਾਅ ਕਾਰਨ ਪੰਜਾਬ ਸਰਕਾਰ ਵੱਲੋਂ ਹਾਲੇ ਸਿਰਫ ਫੈਕਟਰੀ ਨੂੰ ਬੰਦ ਕਰਨ ਦਾ ਐਲਾਨ ਹੀ ਕੀਤਾ ਗਿਆ ਹੈ, ਜਦਕਿ ਇਸ ਸਬੰਧੀ ਹਾਲੇ ਕੋਈ ਵੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਹੈ। ਸਰਕਾਰ ਨੂੰ ਇਸ ਸਬੰਧੀ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

## ਮਹਿਲਾ ਸਿਪਾਹੀ ਦੀ ਹੱਤਿਆ ਮਗਰੋਂ ਖੁਦਕੁਸ਼ੀ



**ਫਿਰੋਜ਼ਪੁਰ:** ਇਥੇ ਸਵੈਟ ਟੀਮ ਵਿਚ ਤਾਇਨਾਤ ਕਾਂਸਟੇਬਲ ਗੁਰਸੇਵਕ ਸਿੰਘ ਨੇ ਇਕ ਮਹਿਲਾ ਕਾਂਸਟੇਬਲ ਦੀ ਹੱਤਿਆ ਕਰਨ ਮਗਰੋਂ ਗੋਲੀ ਮਾਰ ਕੇ ਆਤਮਹੱਤਿਆ ਕਰ ਲਈ। ਇਹ ਘਟਨਾ ਦੇਰ ਰਾਤ ਛਾਉਣੀ ਸਥਿਤ ਸ਼ੇਰ ਸ਼ਾਹ ਵਾਲੀ ਚੌਕ ਵਿਚ ਵਾਪਰੀ। ਇਸੇ ਦੌਰਾਨ ਅਮਨਦੀਪ ਦੀ ਭਤੀਜੀ ਨਵਦੀਪ ਕੌਰ (17) ਜੋ ਕਿ ਵਾਰਦਾਤ ਵੇਲੇ ਅਮਨਦੀਪ ਦੇ ਨਾਲ ਸੀ, ਦੇ ਬਿਆਨਾਂ 'ਤੇ ਥਾਣਾ ਛਾਉਣੀ ਵਿੱਚ ਗੁਰਸੇਵਕ ਸਿੰਘ ਖ਼ਿਲਾਫ਼ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ।

ਥਾਣਾ ਛਾਉਣੀ ਵਿਚ ਸੀ.ਸੀ.ਟੀ.ਐਨ.ਐਸ. ਵਿੰਗ ਵਿਚ ਤਾਇਨਾਤ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਦੇਰ ਰਾਤ ਆਪਣੀ ਡਿਊਟੀ ਖ਼ਤਮ ਕਰ ਕੇ ਪੁਲਿਸ ਲਾਈਨ ਸਥਿਤ ਆਪਣੇ ਪਿਤਾ ਦੇ ਸਰਕਾਰੀ ਕੁਆਰਟਰ ਵਿਚ ਵਾਪਸ ਆ ਰਹੀ ਸੀ। ਜਦੋਂ ਉਹ ਸ਼ੇਰ ਸ਼ਾਹ ਵਾਲੀ ਚੌਕ ਵਿਚ ਪਹੁੰਚੀ ਤਾਂ ਉਥੇ ਪਹਿਲਾਂ ਤੋਂ ਹੀ ਮੌਜੂਦ ਕਾਰ ਸਵਾਰ ਗੁਰਸੇਵਕ ਸਿੰਘ ਨੇ ਐਕਟਿਵਾ 'ਤੇ ਆ ਰਹੀ ਅਮਨਦੀਪ ਨੂੰ ਜਬਰੀ ਰੋਕ ਲਿਆ ਅਤੇ ਤਕਰਾਰ ਮਗਰੋਂ ਗੁਰਸੇਵਕ ਨੇ ਆਪਣੀ ਸਰਕਾਰੀ ਏਕੇ-47 ਰਾਈਫਲ ਨਾਲ ਅਮਨਦੀਪ 'ਤੇ ਗੋਲੀਆਂ ਚਲਾ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਦੱਸਿਆ ਜਾਂਦਾ ਹੈ ਕਿ ਅਮਨਦੀਪ ਨੂੰ ਪੰਜ ਗੋਲੀਆਂ ਵੱਜੀਆਂ ਹਨ। ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਮੁਲਜ਼ਮ ਗੁਰਸੇਵਕ ਸਿੰਘ ਫ਼ਰਾਰ ਹੋ ਗਿਆ 'ਤੇ ਉਥੋਂ 30 ਕਿਲੋਮੀਟਰ ਦੂਰ ਤਲਵੰਡੀ ਭਾਈ ਦੇ ਨਜ਼ਦੀਕ ਪਹੁੰਚ ਕੇ ਉਸ ਨੇ ਖੁਦ ਨੂੰ ਵੀ ਗੋਲੀ ਮਾਰ ਲਈ। ਮ੍ਰਿਤਕ ਅਮਨਦੀਪ ਕੌਰ ਦੇ ਪਿਤਾ ਵੀ ਪੁਲਿਸ ਮੁਲਜ਼ਮ ਹਨ। ਨਜ਼ਦੀਕੀ ਪਿੰਡ ਨੌਰੰਗ ਕੇ ਸਿਆਲ ਦਾ ਰਹਿਣ ਵਾਲਾ ਗੁਰਸੇਵਕ ਵਿਆਹਿਆ ਹੋਇਆ ਸੀ ਤੇ ਉਸ ਦੀ ਤਿੰਨ ਸਾਲਾਂ ਦੀ ਬੇਟੀ ਵੀ ਹੈ। ਜਦਕਿ ਅਮਨਦੀਪ ਦਾ ਹਾਲੇ ਵਿਆਹ ਨਹੀਂ ਹੋਇਆ ਸੀ। ਇਸੇ ਦੌਰਾਨ ਪਤਾ ਲੱਗਾ ਹੈ ਕਿ ਅਮਨਦੀਪ ਦਾ ਆਪਣੇ ਪਤੀ ਨਾਲ ਤਲਾਕ ਹੋ ਚੁੱਕਾ ਹੈ।

## ਮਹਾਰਾਸ਼ਟਰ ਦੇ ਰਾਜਪਾਲ ਵਜੋਂ ਕੈਪਟਨ ਦੇ ਨਾਂ ਦੇ ਚਰਚੇ

**ਨਵੀਂ ਦਿੱਲੀ:** ਭਗਤ ਸਿੰਘ ਕੋਸ਼ਿਆਰੀ ਵੱਲੋਂ ਮਹਾਰਾਸ਼ਟਰ ਦੇ ਰਾਜਪਾਲ ਦਾ ਅਹੁਦਾ ਛੱਡਣ ਦੀ ਜਤਾਈ ਇੱਛਾ ਪਿਛੋਂ ਉਨ੍ਹਾਂ ਦੇ ਜਾਨਸ਼ੀਨ ਵਜੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਲੋਕ ਸਭਾ ਸਪੀਕਰ ਸੁਮਿੱਤਰਾ ਮਹਾਜਨ ਦੇ ਨਾਵਾਂ ਦੀ ਚਰਚਾ ਹੈ।

ਸੂਤਰਾਂ ਨੇ ਕਿਹਾ ਕਿ ਹਾਲ ਦੀ ਘੜੀ ਇਸ ਬਾਰੇ ਯਕੀਨੀ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ ਹੈ, ਕਿਉਂਕਿ ਸਿਖਰਲੀ ਲੀਡਰਸ਼ਿਪ ਇਸ ਅਹੁਦੇ ਲਈ ਕਈ ਨਾਵਾਂ 'ਤੇ ਵਿਚਾਰ ਕਰ ਰਹੀ ਹੈ। ਉਂਜ ਸੂਤਰਾਂ ਨੇ ਮੰਨਿਆ ਕਿ ਸਿੰਘ ਤੇ ਮਹਾਜਨ ਦੀ ਉਮਰ ਤੇ ਸਿਆਸੀ ਤਜਰਬੇ ਨੂੰ ਵੇਖਦਿਆਂ, ਉਹ ਇਸ ਅਹੁਦੇ ਦੇ ਯੋਗ ਹਨ। ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ 2021 ਵਿਚ ਗੈਰ ਰਸਮੀ ਤਰੀਕੇ ਨਾਲ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਮਗਰੋਂ ਕਾਂਗਰਸ ਛੱਡ ਦਿੱਤੀ ਸੀ, ਨੇ ਪੰਜਾਬ ਲੋਕ ਕਾਂਗਰਸ ਪਾਰਟੀ ਬਣਾਈ ਸੀ, ਜਿਸ ਦਾ ਬਾਅਦ ਵਿਚ ਭਾਜਪਾ 'ਚ ਰਲੇਵਾਂ ਹੋ ਗਿਆ ਸੀ। ਭਾਜਪਾ ਨੇ ਕੈਪਟਨ ਨੂੰ ਅਜੇ ਪਿੱਛੇ ਜਿਹੇ ਆਪਣੀ ਕੌਮੀ ਕਾਰਜਕਾਰਨੀ ਦਾ ਮੈਂਬਰ ਨਿਯੁਕਤ ਕੀਤਾ ਹੈ।

## ਕੈਦੀ ਤੋਂ ਪੈਸੇ ਲੈਣ ਦੇ ਦੋਸ਼ਾਂ ਹੇਠ ਸੁਪਰਡੈਂਟ ਮੁਅੱਤਲ

**ਪਟਿਆਲਾ:** ਪਟਿਆਲਾ ਜੇਲ੍ਹ ਦੇ ਇਕ ਕੈਦੀ ਕੋਲ ਫੋਨ ਪਹੁੰਚਾਉਣ ਬਦਲੇ ਪੈਸੇ ਲੈਣ ਦੇ ਕਥਿਤ ਦੋਸ਼ ਹੇਠ ਡਿਪਟੀ ਸੁਪਰਡੈਂਟ ਕਮਲਜੀਤ ਸਿੰਘ ਨੂੰ ਮੁਅੱਤਲ ਕੀਤਾ ਗਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸਬੰਧਤ ਕੈਦੀ ਦੇ ਪਰਿਵਾਰ ਵੱਲੋਂ ਡੀ.ਜੀ.ਪੀ. ਜੇਲ੍ਹਾਂ ਕੋਲ ਸ਼ਿਕਾਇਤ ਕੀਤੀ ਗਈ ਸੀ। ਡੀ.ਜੀ.ਪੀ. ਵੱਲੋਂ ਪਟਿਆਲਾ ਜੇਲ੍ਹ ਦੇ ਸੁਪਰਡੈਂਟ ਮਨਜੀਤ ਸਿੰਘ ਟਿਵਾਣਾ ਨੂੰ ਜਾਂਚ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਵੱਲੋਂ ਸੌਂਪੀ ਗਈ ਜਾਂਚ ਰਿਪੋਰਟ ਤਹਿਤ ਉਕਤ ਡਿਪਟੀ ਸੁਪਰਡੈਂਟ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਘੋਲ ਤਿੱਖਾ ਕਰਨ ਦੀ ਤਿਆਰੀ




**ਸੰਗਰੂਰ:** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੱਦੇ ਉਤੇ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿਚ ਕੰਮ ਕਰਦੇ ਮੁਲਾਜ਼ਮਾਂ ਨੇ ਇਥੇ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਸੂਬਾਈ ਰੈਲੀ ਕੀਤੀ। ਰੈਲੀ ਵਿਚ ਹਜ਼ਾਰਾਂ ਦੀ ਗਿਣਤੀ 'ਚ ਪਹੁੰਚੇ ਕੱਚੇ, ਆਊਟਸੋਰਸ, ਠੇਕਾ ਆਧਾਰਿਤ ਮੁਲਾਜ਼ਮਾਂ, ਸਕੀਮ ਵਰਕਰਾਂ, ਰੈਗੂਲਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।

ਇਸ ਦੌਰਾਨ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਸਟੇਟ ਗੌਰਮਿੰਟ ਐਂਪਲਾਈਜ਼ ਕਨਫੈਡਰੇਸ਼ਨ ਦੇ ਕੌਮੀ ਚੇਅਰਮੈਨ ਐਮ.ਐਲ. ਸਹਿਗਲ ਅਤੇ ਪੰਜਾਬ ਏਟਕ ਦੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਮਾਨ ਸਰਕਾਰ ਵੀ ਪਿਛਲੀਆਂ ਸੂਬਾਈ ਸਰਕਾਰਾਂ ਅਤੇ ਕੇਂਦਰ ਸਰਕਾਰ ਵਾਂਗ ਸਰਮਾਏਦਾਰਾਂ ਦਾ ਪੱਖ ਪੂਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹਾਲੇ ਤੱਕ ਹਰੇਕ ਕਿਰਤੀ ਨੂੰ ਘੱਟੋ ਘੱਟ 26000 ਰੁਪਏ ਮਹੀਨਾ ਮਿਹਨਤਾਨਾ ਦੇਣ ਤੋਂ ਮੂੰਹ ਮੋੜੀ ਬੈਠੀ ਹੈ।

'ਆਪ' ਸਰਕਾਰ ਵੱਲੋਂ ਲਗਾਤਾਰ ਦਸ ਮਹੀਨਿਆਂ ਤੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਮੌਕੇ ਮੁਲਾਜ਼ਮਾਂ ਨੇ ਪੈਨਸ਼ਨਰ ਫਰੰਟ ਵੱਲੋਂ 15 ਫਰਵਰੀ ਨੂੰ ਜ਼ਿਲ੍ਹਾ ਪੱਧਰ 'ਤੇ ਹੋ ਰਹੀਆਂ ਰੈਲੀਆਂ ਵਿਚ ਭਰਵੀਂ ਸ਼ਮੂਲੀਅਤ ਕਰਨ ਦਾ ਵੀ ਫੈਸਲਾ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਸੰਗਰੂਰ ਦੇ ਪ੍ਰਤੀਨਿਧ ਤਹਿਸੀਲਦਾਰ ਨੇ ਰੈਲੀ ਵਿਚ ਪਹੁੰਚ ਕੇ ਮੰਗ ਪੱਤਰ ਪ੍ਰਾਪਤ ਕੀਤਾ ਅਤੇ 22 ਫਰਵਰੀ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਮੀਟਿੰਗ ਕਰਵਾਉਣ ਦਾ ਪੱਤਰ ਆਗੂਆਂ ਨੂੰ ਦਿੱਤਾ।

## ਸਰਕਾਰ ਨੇ ਮੇਰੇ ਪੁੱਤ ਦੇ ਹਤਿਆਰਿਆਂ ਖਿਲਾਫ ਠੋਸ ਕਾਰਵਾਈ ਨਹੀਂ ਕੀਤੀ: ਚਰਨ ਕੌਰ



**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਆਪਣੇ ਗ੍ਰਹਿ ਪਿੰਡ ਮੂਸਾ ਵਿਚ ਪੁੱਤਰ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ 8 ਮਹੀਨਿਆਂ ਤੋਂ ਇਨਸਾਫ ਦੀ ਗੁਹਾਰ ਲਗਾ ਰਹੇ ਹਨ ਪਰ ਹਾਲੇ ਤੱਕ ਸਰਕਾਰ ਵੱਲੋਂ ਹਤਿਆਰਿਆਂ ਖ਼ਿਲਾਫ਼ ਠੋਸ ਕਾਰਵਾਈ ਨਹੀਂ ਕੀਤੀ ਜਾ ਰਹੀ।

ਉਨ੍ਹਾਂ ਕਿਹਾ ਕਿ ਨਿਆਂ ਲੈਣ ਲਈ ਉਨ੍ਹਾਂ ਨੂੰ ਜਿਸ ਕੋਲ ਵੀ ਜਾਣਾ ਪਵੇ, ਉਹ ਬਿਨਾਂ ਝਿਜਕ ਪਹੁੰਚਣਗੇ। ਉਨ੍ਹਾਂ ਦੱਸਿਆ ਕਿ ਸਾਜ਼ਿਸ਼ ਵਿਚ ਸ਼ਾਮਲ ਲੋਕਾਂ ਦੇ ਨਾਂ ਤੇ ਸਬੂਤ ਵੀ ਅਧਿਕਾਰੀਆਂ ਨੂੰ ਦੇ ਚੁੱਕੇ ਹਨ ਪਰ ਫਿਰ ਵੀ ਸੂਬਾ ਸਰਕਾਰ ਦੀ ਕਾਰਗੁਜ਼ਾਰੀ ਢਿੱਲੀ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਿਸ ਸ਼ਖ਼ਸ ਨੇ ਉਨ੍ਹਾਂ ਦੇ ਪੁੱਤਰ ਦੀ ਸੁਰੱਖਿਆ ਲੀਕ ਕੀਤੀ ਹੈ, ਉਸ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ।

ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਸੀ ਸਿੱਧੂ ਦੀ ਹੱਤਿਆ ਪਿੱਛੇ ਸ਼ਾਮਲ ਤਾਕਤਾਂ ਨੂੰ ਜਲਦ ਨੰਗਾ ਕਰ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ ਪਰ ਐਨਾ ਸਮਾਂ ਬੀਤਣ ਉਤੇ ਵੀ ਅਜਿਹਾ ਕੁਝ ਨਹੀਂ ਹੋਇਆ। ਚਰਨ ਕੌਰ ਨੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਦੇ ਸਾਥ ਸਦਕਾ ਇਨਸਾਫ ਲਈ ਹਰ ਲੜਾਈ ਲੜਦੇ ਰਹਿਣਗੇ।

## ਖਾਲਿਸਤਾਨੀ ਨਾਅਰੇ ਲਿਖਣ ਦੇ ਦੋਸ਼ ਵਿਚ ਦੋ ਗ੍ਰਿਫਤਾਰ

**ਨਵੀਂ ਦਿੱਲੀ:** ਗਣਤੰਤਰ ਦਿਵਸ ਤੋਂ ਪਹਿਲਾਂ ਪੱਛਮੀ ਦਿੱਲੀ ਦੇ ਕਈ ਇਲਾਕਿਆਂ ਵਿਚ 'ਖਾਲਿਸਤਾਨ ਪੱਖੀ' ਨਾਅਰੇ ਲਿਖਣ ਤੇ ਪੋਸਟਰ ਲਾਏ ਜਾਣ ਸਬੰਧੀ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਕੰਧਾਂ 'ਤੇ 'ਖਾਲਿਸਤਾਨ ਜ਼ਿੰਦਾਬਾਦ' ਤੇ "ਰੈਫਰੰਡਮ-2020" ਦੇ ਨਾਅਰੇ ਲਿਖੇ ਗਏ ਸਨ। ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ, "ਸਪੈਸ਼ਲ ਸੈੱਲ ਨੇ ਖਾਲਿਸਤਾਨ ਪੱਖੀ ਨਾਅਰਿਆਂ ਸਬੰਧੀ ਕੇਸ ਵਿਚ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਦੋਵੇਂ ਮੁਲਜ਼ਮ ਪਾਬੰਦੀਸ਼ੁਦਾ ਖਾਲਿਸਤਾਨੀ ਸੰਗਠਨਾਂ ਨਾਲ ਕੰਮ ਕਰਦੇ ਹਨ ਜੋ ਕਥਿਤ ਤੌਰ 'ਤੇ ਦਿੱਲੀ ਵਿਚ ਦਹਿਸ਼ਤੀ ਹਮਲਿਆਂ ਦੀ ਸਾਜ਼ਿਸ਼ ਰਚ ਰਹੇ ਸਨ।" ਦਿੱਲੀ ਪੁਲਿਸ ਦੀ ਸੂਚਨਾ ਅਧਿਕਾਰੀ ਸੁਮਨ ਨਲਵਾ ਨੇ ਪਹਿਲਾਂ ਦੱਸਿਆ ਸੀ ਕਿ 19 ਤੇ 20 ਜਨਵਰੀ ਨੂੰ ਵਿਕਾਸਪੁਰੀ, ਜਨਕਪੁਰੀ, ਪੱਛਮ ਵਿਹਾਰ, ਪੀਰਾਗੜ੍ਹੀ ਅਤੇ ਪੱਛਮੀ ਦਿੱਲੀ ਦੇ ਹੋਰ ਹਿੱਸਿਆਂ ਵਿਚ ਕੰਧਾਂ 'ਤੇ ਨਾਅਰੇ/ਪੋਸਟਰ ਦੇਖੇ ਗਏ ਸਨ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ, "ਇਹ ਨਾਅਰੇ ਸ਼ਾਂਤੀ ਭੰਗ ਕਰਨ ਲਈ ਲਿਖੇ ਗਏ ਸਨ। ਅਸੀਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਇਥੋਂ ਦੇ ਰਹਿਣ ਵਾਲੇ ਹਨ। ਮੁਲਜ਼ਮਾਂ ਨੇ ਮਾਮਲੇ ਵਿਚ ਆਪਣੀ ਸ਼ਮੂਲੀਅਤ ਕਬੂਲ ਕੀਤੀ ਤੇ ਮੰਨਿਆ ਹੈ ਕਿ ਉਹ ਦਿੱਲੀ ਵਿਚ ਦਹਿਸ਼ਤੀ ਹਮਲਿਆਂ ਦੀ ਯੋਜਨਾ ਬਣਾਉਣ ਵਾਲੇ ਅਤਿਵਾਦੀ ਸੰਗਠਨਾਂ ਦਾ ਹਿੱਸਾ ਹਨ। ਇਸ ਮਾਮਲੇ ' ਅਤਿਵਾਦੀ ਸੰਗਠਨਾਂ ਦੀ ਸ਼ਮੂਲੀਅਤ ਸਪੱਸ਼ਟ ਹੈ।" ਉਨ੍ਹਾਂ ਦੱਸਿਆ ਕਿ ਪੁਲਿਸ ਨੇ ਇਲਾਕੇ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਤੇ ਅਤੇ ਦੋਵਾਂ ਨੂੰ ਇਹ ਕਹਿੰਦੇ ਹੋਏ ਸੁਣਿਆ ਕਿ ਉਹ ਖਾਲਿਸਤਾਨ ਸਮਰਥਕ ਅਤਿਵਾਦੀ ਸੰਗਠਨਾਂ ਨਾਲ ਮਿਲੀਭੁਗਤ ਨਾਲ ਕੰਮ ਕਰਦੇ ਸਨ।

## ਰਾਜਕੁਮਾਰੀ ਸੋਫੀਆ ਦਲੀਪ ਸਿੰਘ ਦੀ ਯੂ.ਕੇ. ਵਿਚ ਲੱਗੇਗੀ ਨੀਲੀ ਤਖ਼ਤੀ

**ਲੰਡਨ:** ਸਿੱਖ ਰਾਜ ਦੇ ਆਖਰੀ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਧੀ ਸੋਫੀਆ ਦਲੀਪ ਸਿੰਘ ਦੇ ਨਾਮ ਦੀ ਲੰਡਨ ਵਿਚ ਇਕ ਯਾਦਗਾਰੀ ਨੀਲੀ ਤਖ਼ਤੀ ਲਗਾ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਰਾਜਕੁਮਾਰੀ ਸੋਫੀਆ ਨੇ 1900 ਦੇ ਦਹਾਕੇ ਵਿਚ ਬ੍ਰਿਟੇਨ ਵਿਚ ਔਰਤਾਂ ਦੇ ਵੋਟ ਦੇ ਅਧਿਕਾਰਾਂ ਲਈ ਜੰਗ ਲੜੀ ਸੀ। ਇੰਗਲਿਸ਼ ਹੈਰੀਟੇਜ ਚੈਰਿਟੀ ਵੱਲੋਂ ਚਲਾਈ ਗਈ ਬਲੂ ਪਲੈਕ ਸਕੀਮ ਇਤਿਹਾਸਕ ਸ਼ਖ਼ਸੀਅਤਾਂ ਨਾਲ ਜੁੜੀਆਂ ਖਾਸ ਇਮਾਰਤਾਂ ਦੇ ਇਤਿਹਾਸਕ ਮਹੱਤਵ ਦਾ ਸਨਮਾਨ ਕਰਦੀ ਹੈ। ਇਸ ਦੇ 2023 ਦੇ ਸਮੂਹ ਵਿਚ ਬ੍ਰਿਟਿਸ਼ ਭਾਰਤੀ ਰਾਜਕੁਮਾਰੀ ਦਾ 19ਵੀਂ ਸਦੀ ਦਾ ਘਰ ਵੀ ਸ਼ਾਮਲ ਹੈ। ਇਹ ਤਖ਼ਤੀ ਹੈਪਟਨ ਕੋਰਟ ਪੈਲੇਸ ਦੇ ਨੇੜੇ ਵੱਡੇ ਘਰ ਦੀ ਨਿਸ਼ਾਨਦੇਹੀ ਕਰੇਗੀ ਜੋ ਸੋਫੀਆ ਅਤੇ ਉਸ ਦੀਆਂ ਭੈਣਾਂ ਨੂੰ 1896 ਵਿਚ ਮਹਾਰਾਣੀ ਵਿਕਟੋਰੀਆ ਨੇ ਦਿੱਤਾ ਸੀ।

# ਮੁਹੱਲਾ ਕਲੀਨਿਕਾਂ ਦੇ ਮਸਲੇ ਉਤੇ ਸਰਕਾਰ ਦੁਆਲੇ ਹੋਈਆਂ ਵਿਰੋਧੀ ਧਿਰਾਂ

**ਅੰਮ੍ਰਿਤਸਰ:** ਆਮ ਆਦਮੀ ਮੁਹੱਲਾ ਕਲੀਨਿਕ ਦੇ ਮਸਲੇ ਉਤੇ ਆਪ ਸਰਕਾਰ ਵਿਰੋਧੀ ਧਿਰਾਂ ਦੇ ਨਿਸ਼ਾਨਾਂ ਉਤੇ ਆ ਗਈ ਹੈ। ਇਸ ਮਸਲੇ ਨੂੰ ਲੈ ਕੇ ਸੂਬੇ ਦੇ ਰਾਜਪਾਲ ਤੱਕ ਵੀ ਪਹੁੰਚ ਕੀਤੀ ਗਈ ਹੈ। ਆਲ ਇੰਡੀਆ ਕਿਸਾਨ ਕਾਂਗਰਸ ਦੇ ਚੇਅਰਮੈਨ ਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੇ ਸਰਕਾਰੀ ਕਲੀਨਿਕਾਂ ਦਾ ਨਾਂ 'ਆਮ ਆਦਮੀ ਕਲੀਨਿਕ' ਰੱਖਣ ਉਤੇ ਸਖਤ ਇਤਰਾਜ਼ ਪ੍ਰਗਟ ਕਰਦੇ ਹੋਏ ਕਿਹਾ ਕਿ ਇਨ੍ਹਾਂ ਕਲੀਨਿਕਾਂ ਦਾ ਨਾਂ ਬਦਲ ਕੇ 'ਸਰਕਾਰੀ ਕਲੀਨਿਕ' ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਸੱਤਾਧਾਰੀ ਸਿਆਸੀ ਪਾਰਟੀ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਸਰੋਤਾਂ ਦੀ ਸਪਸ਼ਟ ਦੁਰਵਰਤੋਂ ਹੈ।




ਵਿਧਾਨ ਸਭਾ ਹਲਕਾ ਭੁਲੱਥ ਤੋਂ ਵਿਧਾਇਕ ਤੇ ਆਲ ਇੰਡੀਆ ਕਿਸਾਨ ਕਾਂਗਰਸ ਦੇ ਚੇਅਰਮੈਨ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਿਹਤ ਸਹੂਲਤਾਂ ਦਾ ਨਾਂ 'ਆਮ ਆਦਮੀ ਕਲੀਨਿਕ' ਰੱਖਣ ਦੀ ਆਲੋਚਨਾ ਕੀਤੀ ਹੈ। ਇਸ ਬਾਰੇ ਸ੍ਰੀ ਖਹਿਰਾ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਪੱਤਰ ਲਿਖ ਕੇ ਸਰਕਾਰੀ ਸਿਹਤ ਸਹੂਲਤਾਂ ਦਾ ਨਾਮ 'ਆਮ ਆਦਮੀ ਕਲੀਨਿਕ' ਰੱਖਣ ਦੇ ਫੈਸਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਕਿ ਪੰਜਾਬ ਵਿਚ 'ਆਪ' ਸਰਕਾਰ ਨੇ ਸਿਹਤ ਸਹੂਲਤਾਂ ਦਾ ਨਾਮ ਬਦਲ ਕੇ ਆਪਣੀ ਪਾਰਟੀ ਦੇ ਨਾਮ 'ਤੇ ਰੱਖ ਦਿੱਤਾ ਹੈ। ਇਹ ਨਿਯਮਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਹੂਲਤਾਂ ਦਾ ਨਾਂ ਕਿਸੇ ਸਿਆਸੀ ਪਾਰਟੀ ਦੇ ਨਾਮ 'ਤੇ ਨਹੀਂ ਰੱਖਿਆ ਜਾ ਸਕਦਾ ਹੈ।


ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੀ 50 ਆਬਾਦੀ ਤੋਂ ਪ੍ਰਾਇਮਰੀ ਹੈਲਥ ਸੇਵਾਵਾਂ ਲਾਂਭੇ ਕਰ ਕੇ ਲੋਕਾਂ ਦੀ ਜਾਨ ਨਾਲ ਖੇਡ ਰਹੀ ਹੈ ਅਤੇ ਪੰਜਾਬ ਵਿਚ ਪਾਰਟੀ ਦੇ ਡੁੱਬਦੇ ਬੇੜੇ ਨੂੰ ਬਚਾਉਣ ਵਾਸਤੇ ਪੀ.ਆਰ. ਮੁਹਿੰਮ ਚਲਾ ਰਹੀ ਹੈ। ਮਜੀਠੀਆ ਨੇ ਕਿਹਾ ਕਿ ਇਹ ਸਾਰੀ ਪ੍ਰਕਿਰਿਆ ਹੀ 'ਇਕ ਵੱਡਾ ਘੁਟਾਲਾ' ਹੈ ਤੇ ਮੰਗ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾਈ ਜਾਵੇ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਜਲਦੀ ਹੀ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮਿਲ ਕੇ ਘੁਟਾਲੇ ਦੀ ਜਾਂਚ ਦੇ ਹੁਕਮ ਦੇਣ ਤੇ ਸਰਕਾਰੀ ਸਕੀਮਾਂ ਨੂੰ ਆਮ ਆਦਮੀ ਪਾਰਟੀ ਦੇ ਲਾਭ ਵਾਸਤੇ ਨਾ ਵਰਤਣ ਦੀ ਹਦਾਇਤ ਦੇਣ ਦੀ ਬੇਨਤੀ ਕਰੇਗਾ। ਅਕਾਲੀ ਆਗੂ ਨੇ 300ਵੇਂ ਖਾਲਸਾ ਸਾਜਨਾ ਦਿਵਸ ਮੌਕੇ ਪੰਜ ਪਿਆਰਿਆਂ ਦੇ ਨਾਂ 'ਤੇ ਸਥਾਪਿਤ ਕੀਤੇ ਸੈਟੇਲਾਈਟ ਕੇਂਦਰਾਂ ਦੇ ਨਾਂ ਬਦਲਣ ਦੇ ਤਰੀਕੇ 'ਤੇ ਵੀ ਰੋਸ ਪ੍ਰਗਟ ਕੀਤਾ। ਮਜੀਠੀਆ ਨੇ ਕਿਹਾ ਕਿ ਸਰਕਾਰ ਨੇ ਪਹਿਲਾਂ 100 ਸੇਵਾ ਕੇਂਦਰਾਂ ਨੂੰ ਮੁਹੱਲਾ ਕਲੀਨਿਕਾਂ ਵਿਚ ਬਦਲ ਦਿੱਤਾ ਤੇ ਹੁਣ 500 ਪ੍ਰਾਇਮਰੀ ਹੈਲਥ ਸੈਂਟਰਾਂ ਦੀਆਂ ਇਮਾਰਤਾਂ ਨੂੰ ਆਮ ਆਦਮੀ ਕਲੀਨਿਕਾਂ 'ਚ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਰਕਾਰ 10 ਕਰੋੜ ਰੁਪਏ ਪ੍ਰੋਜੈਕਟ 'ਤੇ ਖਰਚਣ ਮਗਰੋਂ ਇਸ ਦੇ ਪ੍ਰਚਾਰ 'ਤੇ 30 ਕਰੋੜ ਰੁਪਏ ਖਰਚਣਾ ਚਾਹੁੰਦੀ ਹੈ। ਮਜੀਠੀਆ ਨੇ ਦੋਸ਼ ਲਾਇਆ ਕਿ 540 ਪੇਂਡੂ ਡਿਸਪੈਂਸਰੀਆਂ ਬੰਦ ਕਰ ਦਿੱਤੀਆਂ ਗਈਆਂ ਹਨ ਜਿਸ ਕਾਰਨ 6000 ਪਿੰਡਾਂ ਵਿਚ ਸਿਹਤ ਸੰਭਾਲ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ। 1200 ਪੇਂਡੂ ਫਾਰਮਾਸਿਸਟ ਤੇ ਡਾਕਟਰ ਪ੍ਰਭਾਵਿਤ ਹੋਏ ਹਨ।

### ਭਗਵੰਤ ਮਾਨ ਨੇ ਸਰਕਾਰ ਦੀ ਪਿੱਠ ਥਾਪੜੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ 100 ਆਮ ਆਦਮੀ ਕਲੀਨਿਕ 75ਵੇਂ ਆਜ਼ਾਦੀ ਦਿਹਾੜੇ ਮੌਕੇ ਲੋਕਾਂ ਨੂੰ ਸਮਰਪਿਤ ਕੀਤੇ ਗਏ ਸਨ। ਇਹ ਕਲੀਨਿਕ ਲੋਕਾਂ ਨੂੰ ਲਗਭਗ 100 ਕਲੀਨਿਕਲ ਟੈਸਟਾਂ ਦੇ ਨਾਲ 41 ਸਿਹਤ ਪੈਕੇਜ ਦੇ ਰਹੇ ਹਨ। ਅਗਸਤ ਮਹੀਨੇ ਤੋਂ ਹੁਣ ਤੱਕ ਸੂਬੇ ਵਿਚ ਚੱਲ ਰਹੇ 100 ਆਮ ਆਦਮੀ ਕਲੀਨਿਕਾਂ 'ਚੋਂ ਲਗਭਗ 10.26 ਲੱਖ ਮਰੀਜ਼ਾਂ ਨੇ ਮੁਫ਼ਤ ਇਲਾਜ ਕਰਵਾਇਆ ਅਤੇ 1.24 ਲੱਖ ਮਰੀਜ਼ਾਂ ਦੇ ਮੁਫ਼ਤ ਟੈਸਟ ਕੀਤੇ ਗਏ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਵਾਸੀਆਂ ਨੂੰ ਹੁਣ ਇਲਾਜ ਤੇ ਜਾਂਚ ਲਈ ਹਸਪਤਾਲਾਂ ਵਿਚ ਪੈਸਾ ਨਹੀਂ ਖਰਚਣਾ ਪਵੇਗਾ। ਮਰੀਜ਼ ਇਨ੍ਹਾਂ ਕਲੀਨਿਕਾਂ ਵਿਚ ਜਾ ਕੇ ਸਿਹਤ ਸੇਵਾਵਾਂ ਦਾ ਲਾਭ ਲੈ ਸਕਦੇ ਹਨ ਜਾਂ ਆਨਲਾਈਨ ਸਮਾਂ ਲੈਣ ਦੀ ਸਹੂਲਤ ਵੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸੂਬੇ ਦੇ ਸਾਰੇ ਮੁਹੱਲਾ ਕਲੀਨਿਕ ਸਿਹਤ ਸੇਵਾਵਾਂ ਦੇਣ ਦੇ ਨਾਲ-ਨਾਲ ਇਨ੍ਹਾਂ ਕਲੀਨਿਕਾਂ ਵਿਚ ਆਉਣ ਵਾਲੇ ਹਰੇਕ ਮਰੀਜ਼ ਦਾ ਆਨਲਾਈਨ ਡੇਟਾ ਵੀ ਰੱਖਣਗੇ।

# ਦੇਸ਼ 'ਚ ਰਾਮ ਮੰਦਰ ਤਾਂ ਹੈ ਪਰ 'ਰਾਮ ਰਾਜ' ਨਹੀਂ: ਪ੍ਰਵੀਨ ਤੋਗੜੀਆ

**ਅਮੇਠੀ (ਉੱਤਰ ਪ੍ਰਦੇਸ਼):** ਅੰਤਰਰਾਸ਼ਟਰੀ ਹਿੰਦੂ ਪ੍ਰੀਸ਼ਦ ਦੇ ਮੁਖੀ ਪ੍ਰਵੀਨ ਤੋਗੜੀਆ ਨੇ ਕਿਹਾ ਕਿ ਭਾਵੇਂ ਕਿ ਅਯੁੱਧਿਆ ਵਿਚ ਰਾਮ ਮੰਦਰ ਬਣ ਰਿਹਾ ਹੈ ਪਰ ਹਾਲੇ ਦੇਸ਼ ਵਿਚ 'ਰਾਮ ਰਾਜ' ਨਹੀਂ ਹੈ। ਇੱਥੇ ਪਿੰਡ ਪੂਰੇ ਰਾਮਦੀਨ ਵਿਚ ਇਕ ਸਮਾਗਮ ਮੌਕੇ ਤੋਗੜੀਆ ਨੇ ਆਖਿਆ, ''ਅਯੁੱਧਿਆ ਵਿਚ ਰਾਮ ਮੰਦਰ ਬਣ ਰਿਹਾ ਹੈ ਪਰ ਜਿਹੜਾ 'ਰਾਮ ਰਾਜ' ਹੋਣਾ ਚਾਹੀਦਾ ਸੀ, ਉਹ ਕਿਤੇ ਦਿਖਾਈ ਨਹੀਂ ਦੇ ਰਿਹਾ।''



ਉਨ੍ਹਾਂ ਕਿਹਾ, ''ਹੁਣ ਮੈਂ ਚਾਹੁੰਦਾ ਹਾਂ ਕਿ ਦੇਸ਼ ਦੇ ਹਜ਼ਾਰਾਂ ਹਿੰਦੂਆਂ ਨੂੰ ਘਰ ਮਿਲਣ, ਬੱਚਿਆਂ ਨੂੰ ਚੰਗੀ ਸਿੱਖਿਆ ਮਿਲੇ, ਨੌਜਵਾਨਾਂ ਨੂੰ ਰੁਜ਼ਗਾਰ ਅਤੇ ਕਿਸਾਨਾਂ ਉਨ੍ਹਾਂ ਦੀਆਂ ਫਸਲਾਂ ਲਈ ਵਧੀਆ ਭਾਅ ਮਿਲਣਾ ਚਾਹੀਦਾ ਹੈ।'' ਤੋਗੜੀਆ ਨੇ ਆਖਿਆ, ''ਹਿੰਦੂਆਂ ਨੇ ਸਾਰਿਆਂ ਨੂੰ ਜਗਾਉਣ ਲਈ ਇਕੱਠੇ ਹੋ ਕੇ ਕੰਮ ਕੀਤਾ ਤੇ ਰਾਮ ਮੰਦਰ ਬਣਾਉਣ ਲਈ ਇਕ ਮੁਹਿੰਮ ਚਲਾਈ। ਰਾਮ ਮੰਦਰ ਦੇ ਨਿਰਮਾਣ ਵਾਸਤੇ ਲੋਕਾਂ ਦਾ ਸਮਰਥਨ ਤੇ ਦਾਨ ਲੈਣ ਲਈ ਹਿੰਦੂ ਪਿੰਡ-ਪਿੰਡ ਗਏ।'' ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮੁਹਿੰਮ ਇਸ ਲਈ ਹੈ ਕਿ ਹਿੰਦੂ ਖੁਸ਼ਹਾਲ ਅਤੇ ਦੇਸ਼ ਵਿਚ ਸੁਰੱਖਿਅਤ ਹੋਣੇ ਚਾਹੀਦੇ ਹਨ। ਪ੍ਰਵੀਨ ਤੋਗੜੀਆ ਨੇ ਕਿਹਾ, ''ਸਾਡੇ ਦੇਸ਼ ਨੂੰ ਖੁਸ਼ਹਾਲ ਬਣਾਉਣ ਲਈ ਸਾਰੇ ਹਿੰਦੂਆਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਹਿੰਦੂਆਂ ਦੀ ਖੁੱਸੀ ਖੁਸ਼ਹਾਲੀ ਵਾਪਸ ਲਿਆਉਣ ਲਈ ਇੱਕਜੁਟ ਹੋਣਾ ਚਾਹੀਦਾ ਹੈ।''

# ਸਕਰੈਪ ਵਾਹਨ ਮਾਲਕ ਨੂੰ ਨਵੇਂ ਵਾਹਨ 'ਤੇ ਟੈਕਸ ਤੋਂ ਛੋਟ ਮਿਲੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚੋਂ ਪ੍ਰਦੂਸ਼ਣ ਘਟਾਉਣ ਦੇ ਮਕਸਦ ਨਾਲ ਸਕਰੈਪ ਵਾਹਨ ਦੇ ਮਾਲਕ ਨੂੰ ਨਵਾਂ ਵਾਹਨ ਖਰੀਦਣ 'ਤੇ ਮੋਟਰ ਵਹੀਕਲ ਟੈਕਸ ਤੋਂ ਛੋਟ ਦੇਣ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਕੇਂਦਰੀ ਸੜਕੀ ਆਵਾਜਾਈ ਤੇ ਹਾਈਵੇਅ ਮੰਤਰਾਲੇ ਦੀ ਨਵੇਂ ਵਾਹਨਾਂ ਦੀ ਰਜਿਸਟ੍ਰੇਸ਼ਨ ਬਾਰੇ ਨੀਤੀ ਤਹਿਤ ਪੰਜਾਬ ਕੈਬਨਿਟ ਨੇ ਵੀ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ-1924 ਦੀ ਧਾਰਾ 13 (3) ਅਧੀਨ ਨਵੀਆਂ ਗੱਡੀਆਂ ਦੀ ਖ਼ਰੀਦ ਮੌਕੇ ਛੋਟ ਦੇਣ ਦਾ ਫੈਸਲਾ ਕੀਤਾ ਸੀ।

ਜਾਰੀ ਨੋਟੀਫਿਕੇਸ਼ਨ ਅਨੁਸਾਰ ਮੋਟਰ ਵਹੀਕਲ ਟੈਕਸ 'ਚ ਟਰਾਂਸਪੋਰਟ ਵਾਹਨ ਮਾਲਕਾਂ ਨੂੰ 15 ਫ਼ੀਸਦੀ ਤੇ ਨਾਨ-ਟਰਾਂਸਪੋਰਟ ਵਾਹਨ ਮਾਲਕਾਂ ਨੂੰ 25 ਫ਼ੀਸਦੀ ਤੱਕ ਛੋਟ ਮਿਲੇਗੀ। ਉਨ੍ਹਾਂ ਕਿਹਾ ਕਿ ਵਾਤਾਵਰਨ ਪੱਖੀ ਫੈਸਲੇ ਨਾਲ ਸਕਰੈਪਿੰਗ ਪਾਲਿਸੀ ਅਧੀਨ ਟਰਾਂਸਪੋਰਟ ਗੱਡੀਆਂ ਦੇ ਮਾਲਕ ਗੱਡੀ ਦੀ ਰਜਿਸਟ੍ਰੇਸ਼ਨ ਤੋਂ 8 ਸਾਲ ਤੱਕ ਅਤੇ ਨਾਨ-ਟਰਾਂਸਪੋਰਟ ਗੱਡੀਆਂ ਦੇ ਮਾਲਕ 15 ਸਾਲ ਤੱਕ ਸਕੀਮ ਦਾ ਲਾਭ ਉਠਾ ਸਕਦੇ ਹਨ। ਇਸ ਨੀਤੀ ਤਹਿਤ ਜਿਸ ਵੇਲੇ ਗੱਡੀ ਨੂੰ



ਸਕਰੈਪ ਕੀਤਾ ਜਾਵੇਗਾ ਤਾਂ ਇਸ ਬਾਰੇ ਸਕਰੈਪਰ ਵੱਲੋਂ ਹੀ ਗੱਡੀ ਦੀ ਖ਼ਰੀਦ ਕੀਤੀ ਜਾਵੇਗੀ। ਸਕਰੈਪਰ ਵੱਲੋਂ ਵਾਹਨ ਦੇ ਮਾਲਕ ਨੂੰ ਸਰਟੀਫਿਕੇਟ ਆਫ ਡਿਪਾਜ਼ਿਟ (ਵਾਹਨ ਜਮ੍ਹਾਂ ਕਰਵਾਉਣ ਦਾ ਸਰਟੀਫਿਕੇਟ) ਜਾਰੀ ਕੀਤਾ ਜਾਵੇਗਾ, ਜਿਸ ਨੂੰ ਗੱਡੀ ਮਾਲਕ ਵੱਲੋਂ ਸਬੰਧਤ ਲਾਇਸੈਂਸਿੰਗ ਅਥਾਰਿਟੀ ਕੋਲ ਜਮ੍ਹਾਂ ਕਰਵਾਉਣ ਉਤੇ ਨਵੀਂ ਗੱਡੀ ਦੀ ਰਜਿਸਟ੍ਰੇਸ਼ਨ ਦੇ ਮੋਟਰ ਵਹੀਕਲ ਟੈਕਸ 'ਚ ਛੋਟ ਮਿਲੇਗੀ। ਉਨ੍ਹਾਂ ਦੱਸਿਆ ਕਿ ਟਰਾਂਸਪੋਰਟ ਗੱਡੀ ਨੂੰ ਰਜਿਸਟ੍ਰੇਸ਼ਨ ਤੋਂ 8 ਸਾਲ ਤੱਕ ਸਕਰੈਪ ਕਰਨਾ ਆਪਸ਼ਨਲ ਹੈ।

# ਕੇਂਦਰ ਨੇ ਖੇਤੀ ਸੈਕਟਰ ਨੂੰ ਮੁਫਤ ਬਿਜਲੀ ਦੇਣ ਵਾਲੇ ਸੂਬਿਆਂ ਨੂੰ ਦਿੱਤੀ ਨਸੀਹਤ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਸਮੇਤ ਖੇਤੀ ਸੈਕਟਰ ਨੂੰ ਮੁਫ਼ਤ ਬਿਜਲੀ ਦੇਣ ਵਾਲੇ ਸੂਬਿਆਂ ਨੂੰ ਨਸੀਹਤ ਦਿੱਤੀ ਹੈ ਕਿ ਉਹ ਖੇਤੀ ਫੀਡਰਾਂ ਨੂੰ ਸੋਲਰ ਬਿਜਲੀ ਉਤੇ ਚਲਾਉਣ। ਕੇਂਦਰੀ ਊਰਜਾ ਮੰਤਰੀ ਆਰ.ਕੇ. ਸਿੰਘ ਨੇ ਕਿਹਾ ਕਿ ਜੇਕਰ ਸੂਬਾਈ ਸਰਕਾਰ ਖੇਤੀ ਫੀਡਰਾਂ ਦਾ ਸੋਲਰਾਈਜੇਸ਼ਨ ਕਰਦੀ ਹੈ ਤਾਂ ਇਸ ਨਾਲ ਦਿਨ ਵੇਲੇ ਖੇਤੀ ਖਪਤਕਾਰਾਂ ਨੂੰ ਘੱਟ ਕੀਮਤ 'ਤੇ ਬਿਜਲੀ ਮਿਲੇਗੀ ਅਤੇ ਸੂਬਾ ਸਰਕਾਰ 'ਤੇ ਸਬਸਿਡੀ ਦਾ ਬੋਝ ਵੀ ਘਟੇਗਾ।

ਕੇਂਦਰੀ ਊਰਜਾ ਮੰਤਰੀ ਨੇ ਸੂਬਿਆਂ ਦੀ ਦੋ ਰੋਜ਼ਾ ਮੀਟਿੰਗ ਕੀਤੀ ਹੈ, ਜਿਸ ਦੌਰਾਨ ਸੂਬਿਆਂ 'ਚ ਬਿਜਲੀ ਦੀ ਸਥਿਤੀ ਅਤੇ ਹੋਰਨਾਂ ਪੱਖਾਂ ਬਾਰੇ ਚਰਚਾ ਕੀਤੀ ਗਈ। ਕੇਂਦਰੀ ਮੰਤਰੀ ਨੇ ਘਰੇਲੂ ਬਿਜਲੀ ਦੇ ਪ੍ਰੀ-ਪੇਡ ਮੋਡ ਵਿਚ ਸਮਾਰਟ ਮੀਟਰਿੰਗ ਨੂੰ ਲਾਗੂ ਕਰਨ ਦੇ ਫਾਇਦੇ ਵੀ ਗਿਣਾਏ ਅਤੇ ਇਸ ਯੋਜਨਾ ਨੂੰ ਲਾਗੂ ਕਰਨ ਵਾਸਤੇ ਕਿਹਾ। ਉਨ੍ਹਾਂ ਕਿਹਾ ਕਿ ਪ੍ਰੀ-ਪੇਡ ਸਮਾਰਟ ਮੀਟਰ ਲੱਗਣ ਮਗਰੋਂ ਪਾਏ ਜਾਣ ਵਾਲੇ ਵੱਧ ਲੋਡ ਲਈ ਕਿਸੇ ਵੀ ਖਪਤਕਾਰ 'ਤੇ ਕੋਈ ਜੁਰਮਾਨਾ ਨਾ ਲਗਾਇਆ ਜਾਵੇ। ਬਿਲਿੰਗ ਅਸਲ ਲੋਡ ਦੇ ਆਧਾਰ 'ਤੇ ਹੀ ਕੀਤੀ ਜਾ ਸਕਦੀ ਹੈ।



ਕੇਂਦਰੀ ਊਰਜਾ ਮੰਤਰੀ ਨੇ ਮਾਲੀਆ ਵਧਾਉਣ ਅਤੇ ਘਾਟੇ ਘਟਾਉਣ 'ਤੇ ਵੀ ਜ਼ੋਰ ਦਿੱਤਾ ਹੈ। ਦੱਸਣਯੋਗ ਹੈ ਕਿ ਖੇਤੀ ਟਿਊਬਵੈੱਲਾਂ ਨੂੰ ਸੋਲਰ ਊਰਜਾ 'ਤੇ ਚਲਾਉਣ ਦੀ ਯੋਜਨਾਬੰਧੀ ਇਕ ਦਫ਼ਾ ਪੰਜਾਬ ਸਰਕਾਰ ਨੇ ਵੀ ਕੀਤੀ ਸੀ। ਮਹਿੰਗਾ ਸੌਦਾ ਹੋਣ ਕਰਕੇ ਸਰਕਾਰ ਨੇ ਪੈਰ ਪਿੱਛੇ ਖਿੱਚ ਲਏ ਸਨ। ਪੰਜਾਬ ਸਰਕਾਰ ਇਸ ਵੇਲੇ ਹਰ ਤਰ੍ਹਾਂ ਦੀ ਬਿਜਲੀ ਸਬਸਿਡੀ ਦਾ ਕਰੀਬ 18 ਹਜ਼ਾਰ ਕਰੋੜ ਰੁਪਏ ਸਾਲਾਨਾ ਬੋਝ ਚੁੱਕ ਰਹੀ ਹੈ, ਜਿਸ ਵਿਚੋਂ ਤਕਰੀਬਨ ਸੱਤ ਹਜ਼ਾਰ ਕਰੋੜ ਖੇਤੀ ਸੈਕਟਰ ਦੀ ਬਿਜਲੀ ਸਬਸਿਡੀ ਦਾ ਬਣਦਾ ਹੈ। ਦੇਸ਼ ਦੇ ਛੇ ਸੂਬਿਆਂ ਵਿਚ ਕਿਸਾਨਾਂ ਨੂੰ ਖੇਤੀ ਲਈ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਇਨ੍ਹਾਂ ਸੂਬਿਆਂ ਨੂੰ ਹੀ ਖਾਸ ਤੌਰ 'ਤੇ ਖੇਤੀ ਫੀਡਰ ਊਰਜਾ ਉਤੇ ਚਲਾਉਣ ਦਾ ਮਸ਼ਵਰਾ ਦਿੱਤਾ ਗਿਆ ਹੈ।

ਮੱਧ ਪ੍ਰਦੇਸ਼ ਵਿਚ ਇਕ ਹੈਕਟੇਅਰ ਤੱਕ ਦੀ ਮਾਲਕੀ ਵਾਲੇ ਐਸ.ਸੀ/ਐਸ.ਟੀ. ਕਿਸਾਨਾਂ ਨੂੰ ਸਾਲਾਨਾ 4506 ਕਰੋੜ ਦੀ ਬਿਜਲੀ ਸਬਸਿਡੀ ਦਿੱਤੀ ਜਾਂਦੀ ਹੈ ਅਤੇ ਇਨ੍ਹਾਂ 'ਤੇ ਪੰਜ ਹਾਰਸ ਪਾਵਰ ਦੇ ਕੁਨੈਕਸ਼ਨ ਦੀ ਸ਼ਰਤ ਵੀ ਲਾਈ ਹੋਈ ਹੈ। ਪੰਜਾਬ ਵਿਚ 13.78 ਲੱਖ ਕਿਸਾਨਾਂ ਨੂੰ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ ਆਂਧਰਾ ਪ੍ਰਦੇਸ਼ ਵਿਚ 1 ਅਪਰੈਲ, 2019 ਤੋਂ 17.40 ਲੱਖ ਕਿਸਾਨਾਂ ਅਤੇ ਕਰਨਾਟਕ ਵਿਚ 29.69 ਲੱਖ ਕਿਸਾਨਾਂ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਹਾਲਾਂਕਿ ਕਰਨਾਟਕ ਵਿਚ 10 ਹਾਰਸ ਪਾਵਰ ਤੱਕ ਟਿਊਬਵੈੱਲਾਂ 'ਤੇ ਹੀ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਤਾਮਿਲਨਾਡੂ ਵਿਚ 11 ਅਗਸਤ, 2017 ਤੋਂ 21.17 ਲੱਖ ਕਿਸਾਨਾਂ ਨੂੰ ਬਿਨਾਂ ਕੋਈ ਸ਼ਰਤ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ।

ਕੇਂਦਰੀ ਬਿਜਲੀ ਮੰਤਰੀ ਆਰ.ਕੇ. ਸਿੰਘ ਨੇ ਪੰਜਾਬ ਸਰਕਾਰ ਦੀ ਬਿਜਲੀ ਦੇ ਤਕਨੀਕੀ ਤੇ ਵਪਾਰਕ ਘਾਟੇ ਘਟਾਉਣ ਸਬੰਧੀ ਪਿੱਠ ਥਾਪੜੀ ਹੈ। ਦੇਸ਼ ਦੇ 11 ਸੂਬੇ ਸ਼ਨਾਖਤ ਕੀਤੇ ਗਏ ਹਨ, ਜਿਨ੍ਹਾਂ ਨੇ 2020-21 ਤੋਂ ਵਿੱਤੀ ਸਾਲ 2021-22 ਦੌਰਾਨ ਬਿਜਲੀ ਦੇ ਤਕਨੀਕੀ ਘਾਟਿਆਂ ਵਿਚ ਤਿੰਨ ਫ਼ੀਸਦੀ ਤੋਂ ਵੱਧ ਦੀ ਕਮੀ ਕੀਤੀ ਹੈ। ਇਸ ਸੂਚੀ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਆਂਧਰਾ ਪ੍ਰਦੇਸ਼, ਝਾਰਖੰਡ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ, ਮੇਘਾਲਿਆ, ਤ੍ਰਿਪੁਰਾ ਅਤੇ ਪੱਛਮੀ ਬੰਗਾਲ ਵੀ ਸ਼ਾਮਲ ਹੈ।

## ਲੋਕਾਂ ਨਾਲ ਕੀਤੇ ਵਾਅਦੇ ਦਸ ਮਹੀਨਿਆਂ ਵਿਚ ਹੀ ਨਿਭਾਏ: ਭਗਵੰਤ ਮਾਨ

**ਬਠਿੰਡਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ ਸੰਜੀਦਾ ਯਤਨਾਂ ਸਦਕਾ ਹਰੇਕ ਖੇਤਰ ਦਾ ਵਿਆਪਕ ਪੱਧਰ 'ਤੇ ਵਿਕਾਸ ਕੀਤਾ ਜਾ ਰਿਹਾ ਹੈ ਅਤੇ ਇਸ ਸਾਲ ਵਿਕਾਸ ਵਿਚ ਹੋਰ ਨਿਖਾਰ ਆਵੇਗਾ। ਇਥੋਂ ਦੇ ਸ਼ਹੀਦ ਭਗਤ ਸਿੰਘ ਸਪੋਰਟਸ ਸਟੇਡੀਅਮ ਵਿਚ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਰਾਮ ਸਿੰਘ, ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਦੀਵਾਨ ਸਿੰਘ ਕਾਲੇਪਾਣੀ ਅਤੇ ਹੋਰ ਬਹੁਤ ਸਾਰੇ ਨਾਇਕਾਂ ਨੇ ਆਜ਼ਾਦੀ ਲੈਣ ਲਈ ਆਪਣਾ ਖ਼ੂਨ ਵਹਾਇਆ ਜਿਸ ਦਾ ਨਿੱਘ ਅੱਜ ਅਸੀਂ ਸਾਰੇ ਮਾਣ ਰਹੇ ਹਾਂ। ਭਗਵੰਤ ਮਾਨ ਨੇ ਕਿਹਾ ਕਿ ਲੋਕਾਂ ਨੂੰ ਆਜ਼ਾਦੀ ਤੋਂ ਬਾਅਦ ਕਈ ਦਹਾਕਿਆਂ ਦੌਰਾਨ ਸੂਬੇ ਦੀ ਵਾਗਡੋਰ ਸੰਭਾਲਣ ਵਾਲੀਆਂ ਸਰਕਾਰਾਂ ਤੋਂ ਬਹੁਤ ਉਮੀਦਾਂ ਸਨ, ਪਰ ਬਹੁਤੀਆਂ ਸਰਕਾਰਾਂ ਨੇ ਲੋਕਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਕਿਉਂਕਿ ਭ੍ਰਿਸ਼ਟਾਚਾਰ, ਗਰੀਬੀ, ਬੇਰੁਜ਼ਗਾਰੀ ਅਤੇ ਹੋਰ ਬਹੁਤ ਸਾਰੀਆਂ ਅਲਾਮਤਾਂ ਨੇ ਅਜੇ ਵੀ ਸੂਬੇ ਵਿਚ ਪੈਰ ਪਸਾਰੇ ਹੋਏ ਹਨ। ਸਰਕਾਰ ਨੇ ਆਪਣੇ ਕਾਰਜਕਾਲ ਦੇ ਪਹਿਲੇ 10 ਮਹੀਨਿਆਂ ਵਿਚ ਹੀ ਵਾਅਦੇ ਪੂਰੇ ਕੀਤੇ ਹਨ।

# ਪੰਜਾਬ ਵਿਚ ਡੇਰਾ ਮੁਖੀ ਦੇ ਵਰਚੂਅਲ ਸਤਿਸੰਗ ਖਿਲਾਫ ਰੋਹ ਭਖਿਆ

**ਭਗਤਾ ਭਾਈ:** ਸ਼੍ਰੋਮਣੀ ਅਕਾਲੀ ਦਲ (ਅ) ਤੇ ਹੋਰ ਸਿੱਖ ਜਥੇਬੰਦੀਆਂ ਨੇ ਡੇਰਾ ਸਿਰਸਾ ਦੇ ਮੁਖੀ ਵੱਲੋਂ ਪੰਜਾਬ ਵਿਚਲੇ ਆਪਣੇ ਹੈੱਡਕੁਆਰਟਰ ਡੇਰਾ ਸਲਾਬਤਪੁਰਾ ਵਿਚ ਕੀਤੇ ਜਾ ਰਹੇ ਵਰਚੁਅਲ ਸਤਿਸੰਗ ਖ਼ਿਲਾਫ਼ ਰੋਸ ਪ੍ਰਗਟ ਕਰਦਿਆਂ ਡੇਰੇ ਨੂੰ ਜਾਣ ਵਾਲੇ ਮੁੱਖ ਰਸਤੇ ਬਾਜਾਖਾਨਾ-ਬਰਨਾਲਾ ਸੜਕ 'ਤੇ ਪਿੰਡ ਜਲਾਲ ਦੇ ਬੱਸ ਅੱਡੇ ਕੋਲ ਧਰਨਾ ਲਾ ਕੇ ਆਵਾਜਾਈ ਠੱਪ ਕਰ ਦਿੱਤੀ। ਜਥੇਬੰਦੀਆਂ ਦੇ ਵਿਰੋਧ ਕਾਰਨ ਬਾਜਾਖਾਨਾ-ਬਰਨਾਲਾ ਸੜਕ 'ਤੇ ਵੱਡਾ ਜਾਮ ਲੱਗ ਗਿਆ, ਜਿਸ ਨੂੰ ਪੁਲਿਸ ਨੇ ਮਗਰੋਂ ਖੁੱਲ੍ਹਵਾ ਦਿੱਤਾ।

ਇਸ ਮੌਕੇ ਜਦੋਂ ਪੁਲਿਸ ਨੇ ਧਰਨਾ ਲਗਾਉਣ ਵਾਲੇ ਕਾਰਕੁਨਾਂ ਨੂੰ ਬੱਸਾਂ ਵਿਚ ਬਿਠਾਉਣ ਦਾ ਯਤਨ ਕੀਤਾ ਤਾਂ ਉਨ੍ਹਾਂ ਪੁਲਿਸ ਖ਼ਿਲਾਫ਼ ਵੀ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪੁਲਿਸ ਵਿਭਾਗ ਵੱਲੋਂ ਸਵੇਰੇ ਹੀ ਵੱਡੀ ਗਿਣਤੀ ਪੁਲਿਸ ਮੁਲਾਜ਼ਮ ਇਸ ਥਾਂ 'ਤੇ ਤਾਇਨਾਤ ਕਰ ਦਿੱਤੇ ਗਏ ਸਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਸੀਨੀਅਰ ਆਗੂ ਭਾਈ ਰਣਜੀਤ ਸਿੰਘ ਵਾਂਦਰ, ਬਾਬਾ ਬਲਜਿੰਦਰ ਸਿੰਘ ਲੱਛਾ, ਦਮਦਮੀ ਟਕਸਾਲ ਦੇ ਬਾਬਾ ਰੇਸ਼ਮ ਸਿੰਘ, ਗੁਰਚਰਨ ਸਿੰਘ ਭਗਤਾ, ਡਾ. ਬਲਜੀਤ ਸਿੰਘ ਸਰਾਵਾਂ ਤੇ ਹੋਰਨਾਂ ਨੇ ਦੋਸ਼ ਲਾਇਆ ਕਿ ਡੇਰਾ ਸਿਰਸਾ ਮੁਖੀ ਜਾਣ-ਬੁੱਝ ਕੇ ਪੰਜਾਬ ਦਾ ਮਾਹੌਲ ਖਰਾਬ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਦਾ ਨਾਂ ਬੇਅਦਬੀ ਮਾਮਲੇ ਵਿਚ ਆਉਣ ਦੇ ਬਾਵਜੂਦ



ਪੰਜਾਬ ਸਰਕਾਰ ਉਸ ਖ਼ਿਲਾਫ਼ ਕੋਈ ਕਾਰਵਾਈ ਕਰਨ ਦੀ ਥਾਂ ਪੁਲਿਸ ਪਹਿਰੇ ਹੇਠ ਉਸ ਦੀਆਂ ਨਾਮ ਚਰਚਾਵਾਂ ਕਰਵਾ ਰਹੀ ਹੈ। ਉਨ੍ਹਾਂ ਡੇਰਾ ਸਿਰਸਾ ਮੁਖੀ ਨੂੰ ਮੁੜ-ਮੁੜ ਪੈਰੋਲ ਦੇਣ 'ਤੇ ਵੀ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਇਕ ਪਾਸੇ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਤੇ ਦੂਜੇ ਪਾਸੇ ਸੰਗੀਨ ਦੋਸ਼ਾਂ ਹੇਠ ਸਜਾ ਭੁਗਤ ਰਹੇ ਡੇਰਾ ਮੁਖੀ ਨੂੰ ਚਾਰ ਵਾਰ ਪੈਰੋਲ 'ਤੇ ਰਿਹਾਅ ਕੀਤਾ ਗਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਡੇਰਾ ਮੁਖੀ ਦੇ ਸਤਿਸੰਗ ਬੰਦ ਨਾ ਕਰਵਾਏ ਗਏ ਤਾਂ ਇਹ ਸੰਘਰਸ਼ ਹੋਰ ਤੇਜ ਕੀਤਾ ਜਾਵੇਗਾ।

ਉਧਰ, ਬਹਿਬਲ ਇਨਸਾਫ਼ ਮੋਰਚੇ ਦੇ ਆਗੂਆਂ ਨੇ ਪਿੰਡ ਬਹਿਬਲ ਕਲਾਂ ਨੇੜੇ ਡੇਰਾ ਸਿਰਸਾ ਮੁਖੀ ਦੇ ਵਰਚੁਅਲ ਸਤਿਸੰਗ ਵਿਚ ਸ਼ਾਮਲ ਹੋਣ ਲਈ ਸਲਾਬਤਪੁਰਾ ਜਾ ਰਹੇ ਡੇਰਾ ਪ੍ਰੇਮੀਆਂ ਦੀਆਂ ਬੱਸਾਂ ਰੋਕ ਲਈਆਂ। ਰੋਕੀਆਂ ਗਈਆਂ ਅੱਧੀ ਦਰਜਨ ਬੱਸਾਂ ਵਿਚ 300 ਤੋਂ ਵੱਧ ਡੇਰਾ ਪ੍ਰੇਮੀ ਸਵਾਰ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਡੇਰਾ ਪ੍ਰੇਮੀਆਂ ਨਾਲ ਭਰੀਆਂ ਬੱਸਾਂ ਪਿੰਡ ਬਹਿਬਲ ਕਲਾਂ ਨੇੜੇ ਇਨਸਾਫ਼ ਲਈ ਲੱਗੇ ਮੋਰਚੇ ਕੋਲੋਂ ਲੰਘਣ ਲੱਗੀਆਂ ਤਾਂ ਬਹਿਬਲ ਗੋਲੀ ਕਾਂਡ ਦੇ ਪੀੜਤ ਸੁਖਰਾਜ ਸਿੰਘ ਨਿਆਮੀਵਾਲਾ ਦੀ ਅਗਵਾਈ ਹੇਠ ਸਿੱਖ ਕਾਰਕੁਨਾਂ ਨੇ ਉਕਤ ਬੱਸਾਂ ਨੂੰ ਰੋਕ ਲਿਆ। ਇਸ ਮੌਕੇ ਕੁਝ ਸਿੱਖ ਕਾਰਕੁਨਾਂ ਤੇ ਡੇਰਾ ਪ੍ਰੇਮੀਆਂ ਵਿਚਾਲੇ ਤਕਰਾਰ ਵੀ ਹੋਈ, ਪਰ ਮੌਕੇ 'ਤੇ ਵੱਡੀ ਗਿਣਤੀ ਪੁਲਿਸ ਮੁਲਾਜ਼ਮ ਪਹੁੰਚ ਜਾਣ ਨਾਲ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਪੁਲੀਸ ਦੇ ਦਖਲ ਮਗਰੋਂ ਡੇਰਾ ਪ੍ਰੇਮੀ ਆਪਣੀਆਂ ਬੱਸਾਂ ਫਰੀਦਕੋਟ ਵਾਪਸ ਲੈ ਗਏ।

## ਪੰਜਾਬ ਸਰਕਾਰ ਨੂੰ ਆਗਿਆ ਨਹੀਂ ਸੀ ਦੇਣੀ ਚਾਹੀਦੀ: ਜਥੇਦਾਰ

**ਅੰਮ੍ਰਿਤਸਰ:** ਜੇਲ੍ਹ ਵਿਚੋਂ ਪੈਰੋਲ ਉਤੇ ਬਾਹਰ ਆਏ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਡੇਰਾ ਸਲਾਬਤਪੁਰਾ ਵਿਖੇ ਆਨਲਾਈਨ ਨਾਮ ਚਰਚਾ ਕਰਨ ਅਤੇ ਡੇਰਾ ਪ੍ਰੇਮੀਆਂ ਨੂੰ ਸੰਬੋਧਨ ਕਰਨ ਦੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਰੜੀ ਨਿੰਦਾ ਕੀਤੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਤੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਨੂੰ ਕਿਸੇ ਵੀ ਕੀਮਤ ਉਤੇ ਇਸ ਦੀ ਆਗਿਆ ਨਹੀਂ ਦੇਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਥਾਂ ਕਤਲਾਂ ਤੇ ਜਬਰ ਜਨਾਹ ਦੇ ਦੋਸ਼ੀ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਅਤੇ ਸੁਰੱਖਿਆ ਦੇ ਕੇ ਸਰਕਾਰਾਂ ਵੱਲੋਂ ਸਿੱਖਾਂ ਨਾਲ ਸ਼ਰੇਆਮ ਵਿਤਕਰਾ ਕੀਤਾ ਜਾ ਰਿਹਾ ਹੈ।

## ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਹੋਵੇ: ਸੀਚੇਵਾਲ

**ਜਲੰਧਰ:** ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਜਿਹੜੇ ਬੰਦੀ ਸਿੰਘਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ, ਉਨ੍ਹਾਂ ਨੂੰ ਤੁਰਤ ਰਿਹਾਅ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਜਿੱਥੇ ਇਨਸਾਫ਼ ਦਾ ਮਾਮਲਾ ਹੈ, ਉਥੇ ਹੀ ਮਨੁੱਖੀ ਅਧਿਕਾਰਾਂ ਦਾ ਵੀ ਮਾਮਲਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਬੰਦੀ ਸਿੰਘਾਂ ਨੂੰ ਸਜ਼ਾਵਾਂ ਹੋਈਆਂ ਸਨ, ਉਹੀ ਸੰਵਿਧਾਨ ਜਿਊਣ ਦਾ ਅਧਿਕਾਰ ਵੀ ਦਿੰਦਾ ਹੈ। ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਜੇਲ੍ਹਾਂ ਵਿਚ ਰੱਖਣਾ ਗੈਰ-ਸੰਵਿਧਾਨਕ ਹੈ।

# ਅਕਾਲ ਤਖਤ ਦਾ ਪੱਕਾ ਜਥੇਦਾਰ ਨਾ ਲਾਉਣ 'ਤੇ ਸਖਤ ਇਤਰਾਜ਼



**ਅੰਮ੍ਰਿਤਸਰ:** ਵਿਰੋਧੀ ਧਿਰ ਦੇ ਅੰਤਰਿੰਗ ਕਮੇਟੀ ਮੈਂਬਰਾਂ ਨੇ ਪੰਥਕ ਮਾਮਲਿਆਂ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਪੱਤਰ ਲਿਖਿਆ ਹੈ। ਪੱਤਰ ਵਿਚ ਸ੍ਰੀ ਅਕਾਲ ਤਖਤ ਦਾ ਪੱਕਾ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਪੱਕਾ ਹੈੱਡ ਗ੍ਰੰਥੀ ਨਾ ਹੋਣ, ਸ੍ਰੀ ਅਕਾਲ ਤਖਤ ਦੇ ਦੋ ਹੈੱਡ ਗ੍ਰੰਥੀ ਅਤੇ ਪੰਜਾਬ ਵਿਚਲੇ ਤਿੰਨ ਤਖਤਾਂ ਦੇ ਦੋ ਜਥੇਦਾਰ ਹੋਣ 'ਤੇ ਸਖਤ ਇਤਰਾਜ਼ ਦਾ ਪ੍ਰਗਟਾਵਾ ਕੀਤਾ ਹੈ।

ਉਨ੍ਹਾਂ ਨੇ ਇਸ ਵਰਤਾਰੇ ਨੂੰ ਪਰੰਪਰਾ ਤੇ ਸਿਧਾਂਤਾਂ ਦੇ ਖ਼ਿਲਾਫ਼ ਦੱਸਿਆ ਹੈ। ਵਿਰੋਧੀ ਧਿਰ ਵਿਚ ਸ਼ਾਮਲ ਅੰਤਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ, ਮਲਕੀਤ ਸਿੰਘ, ਮਲਕੀਤ ਸਿੰਘ ਚੰਗਾਲ ਅਤੇ ਭੁਪਿੰਦਰ ਸਿੰਘ ਅਸੰਧ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਲਿਖ ਕੇ ਇਹ ਅਹਿਮ ਮਸਲੇ ਪੇਸ਼ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਤਿੰਨ ਤਖਤ ਹਨ ਪਰ ਤਖਤਾਂ ਦੇ ਜਥੇਦਾਰ ਦੋ ਹਨ। ਉਨ੍ਹਾਂ ਕਿਹਾ ਕਿ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਹੀ ਸ੍ਰੀ ਅਕਾਲ ਤਖਤ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਹੈੱਡ ਗ੍ਰੰਥੀ ਵੀ ਇਸ ਵੇਲੇ ਕਾਰਜਕਾਰੀ ਹੈੱਡ ਗ੍ਰੰਥੀ ਹੈ।

## ਸਿੱਖਾਂ ਨੂੰ ਆਪਸ ਵਿਚ ਲੜਾਉਣਾ ਚਾਹੁੰਦੀ ਹੈ ਹਰਿਆਣਾ ਸਰਕਾਰ: ਝੀਂਡਾ

**ਸ੍ਰੀ ਆਨੰਦਪੁਰ ਸਾਹਿਬ:** ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਹਰਿਆਣਾ ਸਰਕਾਰ ਸਿੱਖਾਂ 'ਚ ਭਰਾ ਮਾਰੂ ਜੰਗ ਕਰਵਾਉਣਾ ਚਾਹੁੰਦੀ ਹੈ, ਇਸ ਚਾਲ ਨੂੰ ਸਮਝਦਿਆਂ ਹਰਿਆਣਾ ਕਮੇਟੀ ਦੇ ਸਾਰੇ ਮੈਂਬਰ ਪ੍ਰਧਾਨ ਸਮੇਤ ਅਸਤੀਫ਼ੇ ਦੇਣ।

ਤਖਤ ਸ੍ਰੀ ਕੇਸਗੜ੍ਹ ਸਾਹਿਬ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਝੀਂਡਾ ਨੇ ਕਿਹਾ ਕਿ ਸਰਕਾਰ ਦੀ ਬਣਾਈ ਕਮੇਟੀ ਦੇ ਪ੍ਰਧਾਨ ਤੇ ਮੈਂਬਰ ਸਰਕਾਰ ਦੇ ਹੱਥਾਂ ਵਿਚ ਖੇਡ ਰਹੇ ਹਨ। ਭਾਜਪਾ ਸਰਕਾਰ ਨੇ ਹਰਿਆਣਾ ਦੇ ਸਿੱਖਾਂ ਨੂੰ ਆਪਸ ਵਿਚ ਲੜਾਉਣ ਲਈ 40 ਮੈਂਬਰੀ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਬਣਾਈ ਹੈ, ਇਸ ਵਿਚ ਉਨ੍ਹਾਂ ਨੂੰ ਵੀ ਮੈਂਬਰ ਲਿਆ ਗਿਆ ਸੀ। ਉਹ ਨਹੀਂ ਚਾਹੁੰਦੇ ਕਿ ਭਾਜਪਾ ਗੁਰੂ ਘਰਾਂ 'ਤੇ ਕਬਜ਼ਾ ਕਰ ਕੇ ਗੁਰੂ ਦੀ ਗੋਲਕ ਦੀ ਦੁਰਵਰਤੋਂ ਕਰੇ ਤੇ ਗੁਰੂ ਘਰਾਂ ਦੀਆਂ ਜ਼ਮੀਨਾਂ ਆਪਣੇ ਚਹੇਤਿਆਂ ਨੂੰ ਦੇ ਕੇ ਸੰਗਤ ਦੀ ਸ਼ਰਧਾ ਨਾਲ ਖਿਲਵਾੜ ਕਰੇ। ਇਸ ਕਰ ਕੇ ਉਨ੍ਹਾਂ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਇਸ ਕਮੇਟੀ ਤੋਂ ਅਸਤੀਫ਼ਾ ਦਿੱਤਾ ਅਤੇ ਅਕਾਲ ਤਖਤ 'ਤੇ ਜਾ ਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲੇ। ਜਥੇਦਾਰ ਨੇ ਭਰੋਸਾ ਦਿੱਤਾ ਹੈ ਕਿ ਉਹ ਹਰ ਤਰ੍ਹਾਂ ਦਾ ਸਹਿਯੋਗ ਦੇਣਗੇ। ਉਨ੍ਹਾਂ ਨੂੰ ਅਕਾਲ ਤਖਤ 'ਤੇ ਭਰੋਸਾ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਅਪੀਲ ਕੀਤੀ ਕਿ ਉਹ ਪੰਥਕ ਏਕਤਾ ਲਈ ਹੰਭਲਾ ਮਾਰਨ।

# ਕੇਂਦਰ ਨੇ ਦਿੱਲੀ-ਲੁਧਿਆਣਾ ਉਡਾਣਾਂ ਮੁੜ ਸ਼ੁਰੂ ਕਰਨ ਲਈ ਭਰੀ ਹਾਮੀ



**ਲੁਧਿਆਣਾ:** ਕੇਂਦਰ ਸਰਕਾਰ ਨੇ ਲੁਧਿਆਣਾ ਤੋਂ ਦਿੱਲੀ ਲਈ ਸਿੱਧੀਆਂ ਉਡਾਣਾਂ ਮੁੜ ਸ਼ੁਰੂ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਆਉਣ ਵਾਲੀਆਂ ਗਰਮੀਆਂ ਦੇ ਸੀਜ਼ਨ ਤੋਂ ਪਹਿਲਾਂ ਉਡਾਣਾਂ ਸ਼ੁਰੂ ਹੋਣਗੀਆਂ। ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤਿਰਦਿੱਤਿਆ ਸਿੰਧੀਆ ਨੇ ਇਕ ਅਧਿਕਾਰਤ ਪੱਤਰ ਰਾਹੀਂ ਲੁਧਿਆਣਾ ਤੋਂ 'ਆਪ' ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਸੂਚਿਤ ਕੀਤਾ ਹੈ ਕਿ 'ਉਡਾਣ' (ਉੜੇ ਦੇਸ਼ ਕਾ ਆਮ ਨਾਗਰਿਕ) ਰੂਟ 'ਲੁਧਿਆਣਾ-ਦਿੱਲੀ-ਲੁਧਿਆਣਾ' ਮੈਸਰਜ਼ ਅਲਾਇੰਸ ਏਅਰ ਨੂੰ 2017 ਵਿਚ ਦਿੱਤਾ ਗਿਆ ਸੀ। ਏਅਰਲਾਈਨ ਨੇ ਤਿੰਨ ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ 31 ਅਗਸਤ, 2020 ਨੂੰ ਇਸ ਰੂਟ 'ਤੇ ਸੇਵਾ ਬੰਦ ਕਰ ਦਿੱਤੀ ਗਈ ਸੀ। ਮੌਜੂਦਾ ਸਮੇਂ ਵਿਚ ਲੁਧਿਆਣਾ ਹਵਾਈ ਅੱਡੇ 'ਤੇ ਕੋਈ ਨਿਰਧਾਰਤ ਉਡਾਣ ਸੰਚਾਲਨ ਨਹੀਂ ਹੈ। 'ਉਡਾਣ' ਰੂਟ 'ਹਿੰਡਨ ਲੁਧਿਆਣਾ ਹਿੰਡਨ' ਨੂੰ 19-ਸੀਟਰ ਜਹਾਜ਼ਾਂ ਲਈ ਬੋਲੀ ਤਹਿਤ ਮੈਸਰਜ਼ ਬਿੱਗ ਚਾਰਟਰਜ ਨੂੰ ਦਿੱਤਾ ਗਿਆ ਹੈ। ਉਨ੍ਹਾਂ ਸ੍ਰੀ ਅਰੋੜਾ ਨੂੰ ਸੂਚਿਤ ਕੀਤਾ ਹੈ ਕਿ ਲੁਧਿਆਣਾ ਲਈ ਉਡਾਣਾਂ 'ਤੇ ਵਿਚਾਰ ਕਰਨ ਸਬੰਧੀ ਸਾਰੀਆਂ ਏਅਰਲਾਈਨਾਂ ਨੂੰ ਆਪਣੀ ਬੇਨਤੀ ਭੇਜ ਦਿੱਤੀ ਹੈ। ਸ੍ਰੀ ਅਰੋੜਾ ਨੇ ਸ੍ਰੀ ਸਿੰਧੀਆ ਨੂੰ ਲਿਖਿਆ ਸੀ ਕਿ 'ਉਡਾਣ' ਦੇ ਤਹਿਤ ਲੁਧਿਆਣਾ ਲਈ ਜੋ ਉਡਾਣਾਂ ਚੱਲਦੀਆਂ ਸਨ, ਉਹ ਕੋਵਿਡ ਦੇ ਸਮੇਂ ਦੌਰਾਨ ਬੰਦ ਹੋ ਗਈਆਂ ਸਨ।

ਸ੍ਰੀ ਅਰੋੜਾ ਨੇ ਕਿਹਾ ਕਿ ਉਹ ਖ਼ੁਸ਼ ਹਨ ਕਿ ਉਨ੍ਹਾਂ ਦੇ ਠੋਸ ਯਤਨਾਂ ਦੇ ਕੁਝ ਨਤੀਜੇ ਸਾਹਮਣੇ ਆਏ ਹਨ। ਉਨ੍ਹਾਂ ਨੇ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤਿਰਦਿੱਤਿਆ ਸਿੰਧੀਆ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਵਪਾਰੀ ਵਰਗ ਲਈ ਹੀ ਨਹੀਂ ਸਗੋਂ, ਆਮ ਲੋਕਾਂ ਲਈ ਵੀ ਬਹੁਤ ਲਾਹੇਵੰਦ ਸਾਬਤ ਹੋਵੇਗਾ।

# ਸ਼੍ਰੋਮਣੀ ਕਮੇਟੀ ਦੇ ਵਫਦ ਨੇ ਸਿੰਧੀ ਸਮਾਜ ਦੇ ਗਿਲੇ ਦੂਰ ਕੀਤੇ

**ਅੰਮ੍ਰਿਤਸਰ:** ਇੰਦੌਰ ਸਥਿਤ ਸਿੰਧੀ ਸਮਾਜ ਦੇ ਆਗੂਆਂ ਨਾਲ ਗੱਲਬਾਤ ਕਰਨ ਲਈ ਪੰਜਾਬ ਤੋਂ ਸ਼੍ਰੋਮਣੀ ਕਮੇਟੀ ਦਾ ਵਫ਼ਦ ਉਥੇ ਪੁੱਜਾ। ਪ੍ਰਾਪਤ ਜਾਣਕਾਰੀ ਅਨੁਸਾਰ ਵਫ਼ਦ ਵੱਲੋਂ ਸਿੰਧੀ ਸਮਾਜ ਦੇ ਆਗੂਆਂ ਨਾਲ ਗੱਲਬਾਤ ਆਰੰਭੀ ਗਈ ਹੈ। ਸਿੱਖ ਵਫ਼ਦ ਵਿਚ ਸ਼ਾਮਲ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਨੇ ਕਿਹਾ ਕਿ ਸਿੰਧੀ ਸਮਾਜ ਨਾਲ ਸਦਭਾਵਨਾ ਵਾਲੇ ਮਾਹੌਲ ਵਿਚ ਗੱਲਬਾਤ ਹੋਈ ਹੈ ਅਤੇ ਚੰਗੇ ਨਤੀਜੇ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਕਾਰਕੁਨਾਂ ਵੱਲੋਂ ਇੰਦੌਰ ਰਹਿੰਦੇ ਸਿੰਧੀ ਭਾਈਚਾਰੇ ਦੇ ਘਰਾਂ ਅਤੇ ਧਾਰਮਿਕ ਅਸਥਾਨਾਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਹਟਾ ਦਿੱਤੇ ਗਏ ਸਨ। ਸਤਿਕਾਰ ਕਮੇਟੀ ਦੇ ਕਾਰਕੁਨਾਂ ਦਾ ਤਰਕ ਸੀ ਕਿ ਸਿੰਧੀ ਭਾਈਚਾਰੇ ਵੱਲੋਂ ਪਾਵਨ ਸਰੂਪਾਂ ਦੀ ਦੇਖਭਾਲ ਤੇ



ਮਾਣ-ਸਤਿਕਾਰ ਮਰਿਆਦਾ ਅਨੁਸਾਰ ਨਹੀਂ ਕੀਤਾ ਜਾ ਰਿਹਾ। ਦੂਜੇ ਪਾਸੇ ਸਿੰਧੀ ਸਮਾਜ ਵੱਲੋਂ ਸਤਿਕਾਰ ਕਮੇਟੀ ਦੀ ਇਸ ਕਾਰਵਾਈ ਦਾ ਸਖਤ ਵਿਰੋਧ ਕਰਦਿਆਂ ਸਿੱਖ ਭਾਈਚਾਰੇ ਨਾਲ ਸਮਾਜਿਕ ਦੂਰੀ ਕਾਇਮ ਕਰ ਲਈ ਸੀ।

ਇਹ ਮਾਮਲਾ ਸ੍ਰੀ ਅਕਾਲ ਤਖਤ 'ਤੇ ਪੁੱਜਣ ਮਗਰੋਂ ਮੌਕੇ ਦੀ ਜਾਣਕਾਰੀ ਹਾਸਲ ਕਰਨ ਲਈ ਇਕ ਵਫ਼ਦ ਇੰਦੌਰ ਭੇਜਿਆ ਗਿਆ ਸੀ, ਜਿਸ ਵੱਲੋਂ ਦਿੱਤੀ ਗਈ ਰਿਪੋਰਟ ਦੇ ਆਧਾਰ 'ਤੇ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਉਕਤ ਵਫ਼ਦ ਨੂੰ ਗੱਲਬਾਤ ਲਈ ਭੇਜਿਆ ਗਿਆ ਹੈ। ਇਸ ਵਫ਼ਦ ਵਿਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪੰਨੂ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਛੱਤੀਸਗੜ੍ਹ ਸਿੱਖ ਮਿਸ਼ਨ ਦੇ ਇੰਚਾਰਜ ਭਾਈ ਗੁਰਮੀਤ ਸਿੰਘ ਅਤੇ ਆਈਟੀ ਵਿਭਾਗ ਦੇ ਨੁਮਾਇੰਦੇ ਜਸਕਰਨ ਸਿੰਘ ਸ਼ਾਮਲ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਸੀ ਕਿ ਇਸ ਗੰਭੀਰ ਮਸਲੇ ਨੂੰ ਹੱਲ ਕਰਨ ਅਤੇ ਦੋਵੇਂ ਭਾਈਚਾਰਿਆਂ ਵਿਚਲੀ ਸਾਂਝ ਨੂੰ ਬਰਕਰਾਰ ਰੱਖਣ ਦੇ ਉਦੇਸ਼ ਲਈ ਸ਼੍ਰੋਮਣੀ ਕਮੇਟੀ ਵੱਲੋਂ ਵਫ਼ਦ ਭੇਜ ਕੇ ਸਿੰਧੀ ਸਮਾਜ ਦੇ ਨੁਮਾਇੰਦਿਆਂ ਨਾਲ ਵਿਚਾਰ-ਚਰਚਾ ਕਰਨ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਸਿੰਧੀ ਸਮਾਜ ਸਿੱਖ ਕੌਮ ਦਾ ਅਹਿਮ ਹਿੱਸਾ ਹੈ, ਜਿਸ ਦੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਨੂੰ ਸੱਟ ਨਹੀਂ ਵੱਜਣ ਦਿੱਤੀ ਜਾਵੇਗੀ।

## ਮੈਡੀਕਲ ਕਾਲਜ ਦਾ ਕੰਮ ਰੁਕਵਾਉਣ ਦੇ ਦੋਸ਼ ਬੇਬੁਨਿਆਦ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਸੰਤ ਅਤਰ ਸਿੰਘ ਗੁਰੂਸਾਗਰ ਮਸਤੂਆਣਾ ਟਰੱਸਟ ਅਤੇ ਅਕਾਲ ਕਾਲਜ ਕੌਂਸਲ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ ਗਏ ਉਸ ਬਿਆਨ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿਚ ਉਨ੍ਹਾਂ ਢੀਂਡਸਾ ਪਰਿਵਾਰ 'ਤੇ ਸੰਗਰੂਰ ਮੈਡੀਕਲ ਕਾਲਜ ਦਾ ਕੰਮ ਰੁਕਵਾਉਣ ਦਾ ਦੋਸ਼ ਲਗਾਇਆ ਸੀ। ਢੀਂਡਸਾ ਨੇ ਇਕ ਬਿਆਨ ਰਾਹੀਂ ਕਿਹਾ ਕਿ ਉਨ੍ਹਾਂ ਕਦੇ ਵੀ ਸੰਗਰੂਰ ਵਿਚ ਮੈਡੀਕਲ ਕਾਲਜ ਬਣਾਉਣ ਦੇ ਕੰਮ 'ਚ ਅੜਿੱਕਾ ਨਹੀਂ ਪਾਇਆ ਹੈ ਅਤੇ ਜੇਕਰ ਮੁੱਖ ਮੰਤਰੀ ਇਸ ਕਾਲਜ ਦੇ ਮਾਮਲੇ ਵਿਚ ਉਨ੍ਹਾਂ ਜਾਂ ਉਨ੍ਹਾਂ ਦੇ ਪਰਿਵਾਰ ਦਾ ਕੋਈ ਦਖਲ ਸਾਬਤ ਕਰ ਦੇਣ ਤਾਂ ਉਹ ਦੇਣਦਾਰ ਹੋਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕਾਲਜ ਦੇ ਬਹਾਨੇ ਇਸ ਨੂੰ ਇਕ ਸਿਆਸੀ ਮੁੱਦਾ ਬਣਾ ਕੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

# ਹੁਣ ਉਤਰ ਪ੍ਰਦੇਸ਼ ਵੱਲ ਖਿਸਕਣ ਲੱਗੇ ਪੰਜਾਬ ਦੇ ਸਨਅਤਕਾਰ

**ਚੰਡੀਗੜ੍ਹ:** ਇਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਲਗਾਤਾਰ ਹਵਾਈ ਸਫਰਾਂ ਵਿਚ ਦੂਜੇ ਸੂਬਿਆਂ ਤੇ ਵਿਦੇਸ਼ਾਂ ਵਿਚ ਜਾ ਕੇ ਸੂਬੇ ਵਿਚ ਨਿਵੇਸ਼ ਕਰਨ ਦੀ ਗੱਲ ਕਰ ਰਹੇ ਹਨ ਤੇ ਦੂਜੇ ਪਾਸੇ ਸਨਅਤਕਾਰਾਂ ਤੇ ਵਪਾਰੀਆਂ ਨੇ ਇਥੋਂ ਖਿਸਕਣਾ ਸ਼ੁਰੂ ਕਰ ਦਿੱਤਾ ਹੈ। ਦਸੰਬਰ ਦੇ ਮਹੀਨੇ ਵਿਚ 50 ਦੇ ਲਗਭਗ ਵੱਡੇ ਸਨਅਤਕਾਰਾਂ ਅਤੇ ਵਪਾਰੀਆਂ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨਾਲ ਮੁਲਾਕਾਤਾਂ ਕਰ ਕੇ ਉਥੇ ਆਪਣੇ ਅਦਾਰੇ ਖੋਲ੍ਹਣ ਅਤੇ ਵੱਧ ਤੋਂ ਵੱਧ ਨਿਵੇਸ਼ ਕਰਨ ਬਾਰੇ ਵਿਚਾਰ ਵਟਾਂਦਰੇ ਕੀਤੇ ਸਨ। ਹੁਣ ਫਿਰ ਫਰਵਰੀ ਵਿਚ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿਚ ਨਿਵੇਸ਼ਕ ਸੰਮੇਲਨ ਕਰਵਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੱਖ-ਵੱਖ ਥਾਵਾਂ ਉਤੇ ਜਾ ਕੇ ਉੱਤਰ ਪ੍ਰਦੇਸ਼ ਦੀ ਸਰਕਾਰ ਵੱਲੋਂ ਸਨਅਤਾਂ ਲਈ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਗੱਲ ਕੀਤੀ ਗਈ। ਇਸ ਮੁਹਿੰਮ ਦੇ 8ਵੇਂ ਅਤੇ ਆਖਰੀ ਪੜਾਅ ਵਿਚ ਚੰਡੀਗੜ੍ਹ ਵਿਚ ਸੰਮੇਲਨ ਕਰਵਾਇਆ ਗਿਆ, ਜਿਸ ਵਿਚ ਪੰਜਾਬ ਦੇ ਸਨਅਤਕਾਰਾਂ ਨੇ ਵੱਡੀ ਗਿਣਤੀ ਵਿਚ ਹਿੱਸਾ



ਲਿਆ। ਇਸ ਸਮੇਂ ਵੱਖ-ਵੱਖ ਖੇਤਰਾਂ ਵਿਚ 29 ਸਮਝੌਤੇ ਕੀਤੇ ਗਏ।

ਪੰਜਾਬ ਦੇ ਵੱਡੇ ਸਨਅਤਕਾਰਾਂ ਜਿਵੇਂ ਕਿ ਨਾਹਰ ਗਰੁੱਪ, ਸਪਰੇਅ ਇੰਜੀਨੀਅਰਿੰਗ ਡਿਵਾਇਸੈਸ, ਟ੍ਰਾਈਡੈਂਟ ਗਰੁੱਪ, ਮਾਧਵ ਕੇ.ਆਰ.ਜੀ. ਪ੍ਰਾਈਵੇਟ ਲਿਮਟਿਡ ਆਦਿ ਗਰੁੱਪਾਂ ਨੇ ਕੀਤੇ ਇਨ੍ਹਾਂ ਸਮਝੌਤਿਆਂ ਵਿਚ 10,000 ਕਰੋੜ ਦੇ ਲਗਭਗ ਨਿਵੇਸ਼ ਕਰਨ ਦਾ ਵਾਅਦਾ ਕੀਤਾ ਹੈ। ਇਨ੍ਹਾਂ ਸਨਅਤਾਂ ਵਿਚ 22 ਹਜ਼ਾਰ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕੀਤਾ ਜਾਏਗਾ। ਉੱਤਰ ਪ੍ਰਦੇਸ਼ ਦੇ ਚੰਡੀਗੜ੍ਹ ਆਏ ਤਿੰਨ ਮੰਤਰੀਆਂ ਨੇ ਇਹ ਦਾਅਵਾ ਕੀਤਾ ਕਿ ਰਾਜ ਵਿਚ ਵਧੀਆ ਸੜਕਾਂ ਦਾ ਜਾਲ ਵਿਛ ਗਿਆ ਹੈ। 6 ਅੰਤਰ-ਰਾਸ਼ਟਰੀ ਹਵਾਈ ਅੱਡਿਆਂ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਹਰ ਤਰ੍ਹਾਂ ਦੀ ਸਨਅਤ ਲਈ ਮੁਢਲਾ ਢਾਂਚਾ ਪੂਰੀ ਤਰ੍ਹਾਂ ਤਿਆਰ ਕਰ ਲਿਆ ਗਿਆ ਹੈ। ਸਨਅਤ ਲਈ ਬਿਜਲੀ ਦੀ ਨਿਰੰਤਰ ਸਪਲਾਈ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਏਗੀ। ਅਮਨ ਕਾਨੂੰਨ ਦੀ ਸਥਿਤੀ ਵਿਚ ਵੱਡਾ ਸੁਧਾਰ ਕਰ ਕੇ ਸੂਬੇ ਨੂੰ ਵੱਧ ਤੋਂ ਵੱਧ ਨਿਵੇਸ਼ ਦੇ ਯੋਗ ਬਣਾਇਆ ਗਿਆ ਹੈ। ਇਸ ਦੇ ਮੁਕਾਬਲੇ ਪੰਜਾਬ ਦੇ ਸਨਅਤਕਾਰ ਤੇ ਵਪਾਰੀ ਪੂਰੀ ਤਰ੍ਹਾਂ ਨਿਰਾਸ਼ ਦਿਖਾਈ ਦਿੰਦੇ ਹਨ। ਬਹੁਤੇ ਤਾਂ ਇਥੋਂ ਹਿਜਰਤ ਕਰ ਚੁੱਕੇ ਹਨ ਅਤੇ ਹੋਰ ਇਥੋਂ ਨਿਕਲਣ ਲਈ ਮੌਕੇ ਦੀ ਭਾਲ ਵਿਚ ਹਨ।

### ਸਰਕਾਰ ਸਨਅਤਕਾਰਾਂ ਦੇ ਹਿੱਤਾਂ ਦੀ ਰਾਖੀ 'ਚ ਅਸਫਲ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਪੰਜਾਬ ਦੇ ਪ੍ਰਮੁੱਖ ਸਨਅਤਕਾਰਾਂ ਦੇ ਹਿੱਤਾਂ ਦੀ ਸੰਭਾਲ ਕਰਨ ਵਿਚ ਅਸਮਰੱਥ ਰਹੀ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਦਸੰਬਰ ਮਹੀਨੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਨਿਵੇਸ਼ ਦੀ ਭਾਲ ਵਿਚ ਦੱਖਣੀ ਸੂਬਿਆਂ ਦਾ ਦੌਰਾ ਕਰਨ ਗਏ ਸਨ। ਇਸ ਦੌਰਾਨ ਪੰਜਾਬ ਦੇ ਕਈ ਉਦਯੋਗਪਤੀਆਂ ਨੇ ਉੱਤਰ ਪ੍ਰਦੇਸ਼ ਸਰਕਾਰ ਨਾਲ ਸਮਝੌਤੇ ਕੀਤੇ। ਮੁੱਖ ਮੰਤਰੀ ਹੁਣੇ-ਹੁਣੇ ਮੁੰਬਈ ਤੋਂ ਵਾਪਸ ਆਏ ਹਨ, ਜਿੱਥੇ ਉਹ ਨਿਵੇਸ਼ ਦੇ ਮੌਕਿਆਂ ਦੀ ਪੜਚੋਲ ਕਰਨ ਗਏ ਸਨ। ਇਸ ਦੌਰਾਨ ਪੰਜਾਬ ਦੇ 29 ਪ੍ਰਮੁੱਖ ਕਾਰਪੋਰੇਟ ਘਰਾਣਿਆਂ ਨੇ ਯੂਪੀ ਸਰਕਾਰ ਨਾਲ ਮੁੜ ਸਮਝੌਤੇ 'ਤੇ ਹਸਤਾਖ਼ਰ ਕੀਤੇ ਹਨ। ਸ੍ਰੀ ਬਾਜਵਾ ਨੇ ਕਿਹਾ ਕਿ ਪੰਜਾਬ ਵਿਚ ਸਹੀ ਉਦਯੋਗ ਤੇ ਕਾਰੋਬਾਰ ਨੀਤੀ ਦੀ ਘਾਟ ਕਾਰੋਬਾਰੀਆਂ ਦੇ ਯੂਪੀ ਪਰਵਾਸ ਦੇ ਮੁੱਖ ਕਾਰਨਾਂ ਵਿਚੋਂ ਇਕ ਹੈ।

## ਸਿੱਧੂ ਦੀ ਰਿਹਾਈ ਟਲੀ, ਕਾਂਗਰਸੀਆਂ ਨੇ ਆਪ ਸਰਕਾਰ ਉਤੇ ਚੁੱਕੇ ਸਵਾਲ

**ਪਟਿਆਲਾ:** ਆਜ਼ਾਦੀ ਦੇ ਅੰਮ੍ਰਿਤ ਮਹਾਉਤਸਵ ਦੇ ਅਧੀਨ ਭਾਰਤ ਸਰਕਾਰ ਵੱਲੋਂ ਗਣਤੰਤਰ ਦਿਵਸ ਮੌਕੇ ਦਿੱਤੀ ਜਾਣ ਵਾਲੀ ਅਗੇਤੀ ਰਿਹਾਈ ਹਾਸਲ ਕਰਨ ਵਾਲਿਆਂ 'ਚ ਭਾਵੇਂ ਕਾਂਗਰਸੀ ਆਗੂ ਨਵਜੋਤ ਸਿੱਧੂ ਦਾ ਨਾਮ ਸ਼ੁਮਾਰ ਸੀ ਪਰ ਉਨ੍ਹਾਂ ਦੀ ਰਿਹਾਈ ਨਾ ਹੋਣ ਕਾਰਨ ਪਾਰਟੀ ਵਰਕਰਾਂ ਵੱਲੋਂ ਕੀਤੀਆਂ ਤਿਆਰੀਆਂ ਧਰੀਆਂ ਧਰਾਈਆਂ ਰਹਿ ਗਈਆਂ।

ਉਨ੍ਹਾਂ ਦੇ ਹਮਾਇਤੀਆਂ ਨੇ ਨਾ ਸਿਰਫ ਸਵਾਗਤੀ ਬੋਰਡ, ਬਲਕਿ ਆਪਣੀਆਂ ਗੱਡੀਆਂ 'ਤੇ ਵੀ ਸਿੱਧੂ ਦੀ ਰਿਹਾਈ ਸਬੰਧੀ ਪੋਸਟਰ ਲਾਏ ਹੋਏ ਸਨ।

ਰਿਹਾਈ ਨਾ ਹੋਣ ਕਾਰਨ ਨਿਰਾਸ਼ ਆਗੂਆਂ ਤੇ ਵਰਕਰਾਂ ਨੇ ਸੂਬਾ ਸਰਕਾਰ ਦੀ ਆਲੋਚਨਾ ਕੀਤੀ ਹੈ। ਇਸ ਤੋਂ ਇਲਾਵਾ ਕਾਂਗਰਸ ਦੇ ਸਾਬਕਾ ਸੂਬਾਈ ਪ੍ਰਧਾਨ ਸ਼ਮਸ਼ੇਰ ਦੂਲੋਂ, ਮਹਿੰਦਰ ਸਿੰਘ ਕੇਪੀ ਤੇ ਸਾਬਕਾ ਵਿਧਾਇਕ ਕਾਕਾ ਰਾਜਿੰਦਰ ਸਿੰਘ ਸਮਾਣਾ ਸਣੇ ਕੁਝ ਹੋਰ ਆਗੂ ਤਾਂ ਸਿੱਧੂ ਦੇ ਯਾਦਵਿੰਦਰਾ ਕਲੋਨੀ 'ਚ ਸਥਿਤ ਘਰ ਵਿਚ ਵੀ ਪਹੁੰਚ ਗਏ ਸਨ। ਕਾਂਗਰਸੀ ਆਗੂਆਂ ਨੇ 'ਆਪ' ਸਰਕਾਰ ਦੀ ਨਿੰਦਾ ਕਰਦਿਆਂ ਇਸ ਨੂੰ ਸਰਕਾਰ ਦੀ ਘਬਰਾਹਟ ਦੀ ਨਿਸ਼ਾਨੀ ਦੱਸਿਆ। ਉਨ੍ਹਾਂ ਕਿਹਾ



ਕਿ ਸਰਕਾਰ ਸਿੱਧੂ ਤੋਂ ਪੂਰੀ ਤਰ੍ਹਾਂ ਘਬਰਾਈ ਹੋਈ ਹੈ। ਟਕਸਾਲੀ ਨੇਤਾ ਲਾਲ ਸਿੰਘ ਨੇ ਵੀ 'ਆਪ' ਸਰਕਾਰ ਦੀ ਆਲੋਚਨਾ ਕੀਤੀ ਹੈ। ਜ਼ਿਕਰਯੋਗ ਹੈ ਕਿ ਸਿੱਧੂ ਰੋਡ ਰੇਜ ਦੇ ਮਾਮਲੇ 'ਚ ਪਟਿਆਲਾ ਜੇਲ੍ਹ ਵਿਚ ਬੰਦ ਹਨ। ਉਕਤ ਯੋਜਨਾ ਤਹਿਤ ਸੰਗੀਨ ਅਪਰਾਧਾਂ ਵਾਲੇ ਕੈਦੀਆਂ ਨੂੰ ਛੱਡ ਕੇ ਬਾਕੀ ਦੇ 66 ਫੀਸਦੀ ਤੱਕ ਦੀ ਸਜ਼ਾ ਪੂਰੀ ਕਰਨ ਵਾਲੇ ਕੈਦੀਆਂ ਨੂੰ ਰਿਹਾਅ ਕੀਤਾ ਜਾਣਾ ਸੀ।

## ਹੁਣ ਮੋਬਾਈਲ ਕੁਨੈਕਸ਼ਨ ਲੈਣ ਦਾ ਚਾਅ ਮੱਠਾ ਪੈਣ ਲੱਗਾ

**ਚੰਡੀਗੜ੍ਹ:** ਇਕ ਵੇਲੇ ਮੋਬਾਈਲ ਕੁਨੈਕਸ਼ਨ ਲੈਣ ਦੇ ਮਾਮਲੇ ਵਿਚ ਰਿਕਾਰਡ ਤੋੜਨ ਵਾਲੇ ਪੰਜਾਬੀਆਂ ਵਿਚ ਖੇਤੀ ਅੰਦੋਲਨ ਖ਼ਤਮ ਹੋਣ ਮਗਰੋਂ ਇਹ ਰੁਝਾਨ ਵਿਚ ਕਾਫੀ ਗਿਰਾਵਟ ਆਈ ਹੈ। ਤਿੰਨ ਵਰ੍ਹੇ ਪਹਿਲਾਂ ਪੰਜਾਬ 'ਚ ਪ੍ਰਤੀ ਘਰ ਔਸਤਨ ਸੱਤ ਮੋਬਾਈਲ ਕੁਨੈਕਸ਼ਨ ਸਨ, ਜੋ ਹੁਣ ਛੇ ਹੋ ਗਏ ਹਨ।

ਟੈਲੀਕਾਮ ਰੈਗੂਲੇਟਰੀ ਅਥਾਰਿਟੀ ਆਫ ਇੰਡੀਆ ਵੱਲੋਂ 28 ਜਨਵਰੀ ਨੂੰ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਇਸ ਵੇਲੇ ਪੰਜਾਬ ਵਿਚ ਮੋਬਾਈਲ ਕੁਨੈਕਸ਼ਨਾਂ ਦੀ ਗਿਣਤੀ 3.57 ਕਰੋੜ ਹੈ, ਜਦਕਿ ਨਵੰਬਰ 2019 ਵਿਚ ਇਹ ਅੰਕੜਾ 4.06 ਕਰੋੜ ਕੁਨੈਕਸ਼ਨਾਂ ਦਾ ਸੀ। ਬੀਤੇ ਤਿੰਨ ਸਾਲਾਂ ਦੌਰਾਨ 49 ਹਜ਼ਾਰ ਮੋਬਾਈਲ ਕੁਨੈਕਸ਼ਨ ਘਟੇ ਹਨ। ਪ੍ਰਾਪਤ ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਸ਼ੁਰੂ ਹੋਏ ਕਿਸਾਨ ਅੰਦੋਲਨ ਮਗਰੋਂ ਨਵੰਬਰ 2021 ਵਿਚ ਮੋਬਾਈਲ ਕੁਨੈਕਸ਼ਨਾਂ ਦੀ ਗਿਣਤੀ 3.81 ਕਰੋੜ ਰਹਿ ਗਈ ਸੀ। ਇਹ ਅੰਕੜਾ ਨਵੰਬਰ 2022 ਵਿਚ 3.57 ਕਰੋੜ 'ਤੇ ਆ ਗਿਆ ਹੈ।

ਕਿਸਾਨ ਆਗੂ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਖੇਤੀ ਅੰਦੋਲਨ 'ਚ ਕਿਸਾਨ ਆਗੂਆਂ ਨੇ ਕਾਰਪੋਰੇਟਾਂ ਨੂੰ ਨਿਸ਼ਾਨੇ 'ਤੇ ਰੱਖਿਆ ਸੀ ਤੇ ਖੇਤੀ ਕਾਨੂੰਨਾਂ ਦੇ ਹਮਾਇਤੀ ਕਾਰਪੋਰੇਟਾਂ



ਦੇ ਕਾਰੋਬਾਰ ਦਾ ਬਾਈਕਾਟ ਵੀ ਕੀਤਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੇ ਸੰਯੁਕਤ ਕਿਸਾਨ ਮੋਰਚੇ ਦਾ ਸੱਦਾ ਕਬੂਲ ਕੀਤਾ ਹੈ, ਜਿਸ ਵਜੋਂ ਕੁਨੈਕਸ਼ਨਾਂ ਦੀ ਗਿਣਤੀ ਘਟੀ ਹੈ।

ਸਰਕਾਰੀ ਰਿਪੋਰਟ ਅਨੁਸਾਰ ਪੰਜਾਬ ਵਿਚ ਇਸ ਵੇਲੇ ਰਿਲਾਇੰਸ ਜੀਓ ਦੇ ਮੋਬਾਈਲ ਕੁਨੈਕਸ਼ਨਾਂ ਦੀ ਗਿਣਤੀ 1.11 ਕਰੋੜ ਹੈ, ਜੋ ਨਵੰਬਰ 2020 ਵਿਚ 1.40 ਕਰੋੜ ਸੀ। ਅਕਤੂਬਰ 2019 ਤੋਂ ਨਵੰਬਰ 2020 ਦਰਮਿਆਨ ਇਸ ਕੰਪਨੀ ਦੇ ਕਰੀਬ ਸੱਤ ਲੱਖ ਕੁਨੈਕਸ਼ਨ ਵਧੇ ਸਨ, ਪਰ ਕਿਸਾਨ ਅੰਦੋਲਨ ਮਗਰੋਂ ਇਨ੍ਹਾਂ ਕੁਨੈਕਸ਼ਨਾਂ ਦੀ ਗਿਣਤੀ 29 ਲੱਖ ਤੱਕ ਘਟੀ ਹੈ। ਇਸੇ ਤਰ੍ਹਾਂ ਵੋਡਾਫੋਨ ਕੰਪਨੀ ਦੇ ਕੁਨੈਕਸ਼ਨਾਂ ਦੀ ਗਿਣਤੀ ਨਵੰਬਰ 2020 'ਚ 86.42 ਲੱਖ ਸੀ, ਜੋ ਨਵੰਬਰ 2022 ਵਿਚ 74.67 ਲੱਖ ਰਹਿ ਗਈ ਹੈ। ਬੀ.ਐਸ.ਐਨ.ਐਲ. ਦੇ ਕੁਨੈਕਸ਼ਨ, ਜੋ ਨਵੰਬਰ 2020 'ਚ 58.04 ਲੱਖ ਸਨ, ਘੱਟ ਕੇ 49.87 ਲੱਖ ਰਹਿ ਗਏ ਹਨ।

ਇਕ ਪ੍ਰਾਈਵੇਟ ਕੰਪਨੀ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਘਰਾਂ ਤੱਕ ਹਾਈਸਪੀਡ ਇੰਟਰਨੈੱਟ ਬਰਾਡਬੈਂਡ (ਫਾਈਬਰ-ਟੂ-ਹੋਮ) ਪਹੁੰਚਣ ਮਗਰੋਂ ਪਰਿਵਾਰਕ ਜੀਆਂ ਵੱਲੋਂ ਸਿਰਫ ਇੰਟਰਨੈੱਟ ਵਾਸਤੇ ਵਰਤੇ ਜਾਂਦੇ ਮੋਬਾਈਲ ਕੁਨੈਕਸ਼ਨ ਬੰਦ ਕਰਵਾ ਦਿੱਤੇ ਗਏ ਹਨ, ਜਿਸ ਕਰਕੇ ਇਹ ਗਿਣਤੀ ਘਟੀ ਹੈ। ਦੱਸਣਯੋਗ ਹੈ ਕਿ ਪੰਜਾਬੀ ਹਰ ਵਰ੍ਹੇ ਕਰੀਬ ਇਕ ਹਜ਼ਾਰ ਕਰੋੜ ਰੁਪਏ ਮੋਬਾਈਲ ਰੀਚਾਰਜ ਕਰਾਉਣ ਜਾਂ ਬਿੱਲਾਂ 'ਤੇ ਖ਼ਰਚ ਕਰ ਦਿੰਦੇ ਹਨ।

## ਕੇਂਦਰ ਸਰਕਾਰ 30 ਲੱਖ ਟਨ ਕਣਕ ਕਿਫਾਇਤੀ ਭਾਅ 'ਤੇ ਵੇਚੇਗੀ

**ਨਵੀਂ ਦਿੱਲੀ:** ਕਣਕ ਤੇ ਆਟੇ ਦੀਆਂ ਵਧੀਆਂ ਕੀਮਤਾਂ 'ਤੇ ਠੱਲ੍ਹ ਪਾਉਣ ਲਈ ਕੇਂਦਰ ਸਰਕਾਰ ਵੱਲੋਂ 30 ਲੱਖ ਟਨ ਕਣਕ ਖੁੱਲ੍ਹੀ ਮਾਰਕੀਟ ਵਿਚ ਕਿਫਾਇਤੀ ਭਾਅ 'ਤੇ ਵੇਚੀ ਜਾਵੇਗੀ। ਜ਼ਿਕਰਯੋਗ ਹੈ ਕਿ ਦੇਸ਼ ਵਿਚ ਆਟੇ ਦੀ ਕੀਮਤ ਲਗਭਗ 38 ਰੁਪਏ ਪ੍ਰਤੀ ਕਿਲੋ ਹੋ ਗਈ ਹੈ। ਸੂਤਰਾਂ ਅਨੁਸਾਰ ਖਾਧ ਮੰਤਰਾਲੇ ਵੱਲੋਂ ਕਣਕ ਦੇ ਵਾਧੂ ਸਟਾਕ ਵਿਚੋਂ 30 ਲੱਖ ਟਨ ਕਣਕ ਓਪਨ ਮਾਰਕੀਟ ਸੇਲ ਸਕੀਮ (ਓ.ਐਮ.ਐਸ.ਐਸ.) ਤਹਿਤ ਵੇਚੀ ਜਾਵੇਗੀ। ਕਣਕ ਦੀ ਇਹ ਸਟਾਕ ਆਟਾ ਚੱਕੀਆਂ, ਵਪਾਰੀਆਂ ਤੇ ਹੋਰਨਾਂ ਨੂੰ ਵੇਚਿਆ ਜਾਵੇਗਾ। ਜ਼ਿਕਰਯੋਗ ਹੈ ਕਿ 19 ਜਨਵਰੀ ਨੂੰ ਫੂਡ ਸਕੱਤਰ ਸੰਜੀਵ ਚੋਪੜਾ ਨੇ ਕਿਹਾ ਸੀ ਕਿ ਕਣਕ ਤੇ ਆਟੇ ਦੀਆਂ ਕੀਮਤਾਂ ਨੂੰ ਕਾਬੂ ਹੇਠ ਕਰਨ ਲਈ ਸਰਕਾਰ ਵੱਲੋਂ ਛੇਤੀ ਹੀ ਕਦਮ ਚੁੱਕੇ ਜਾਣਗੇ।

## ਬਰਤਾਨਵੀ ਸਿੱਖ ਇੰਜੀਨੀਅਰ ਨੇ ਜਿੱਤਿਆ ਪੁਆਇੰਟਸ ਆਫ ਲਾਈਟ ਐਵਾਰਡ

**ਲੰਡਨ:** ਕੁੱਲ ਆਲਮ ਵਿਚ ਘੱਟ ਆਮਦਨ ਵਾਲੇ ਸਮੂਹ ਦੇ ਲੋਕਾਂ ਲਈ ਮੈਨੂਅਲ ਵਾਸ਼ਿੰਗ ਮਸ਼ੀਨ ਤਿਆਰ ਕਰਨ ਵਾਲੇ ਬਰਤਾਨਵੀ ਸਿੱਖ ਇੰਜੀਨੀਅਰ ਨਵਜੋਤ ਸਾਹਨੀ ਨੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦਾ 'ਪੁਆਇੰਟ ਆਫ ਲਾਈਟ ਐਵਾਰਡ' ਜਿੱਤ ਲਿਆ ਹੈ।

ਚਾਰ ਸਾਲ ਪਹਿਲਾਂ ਵਾਸ਼ਿੰਗ ਮਸ਼ੀਨ ਪ੍ਰੋਜੈਕਟ ਸਥਾਪਿਤ ਕਰਨ ਵਾਲੇ ਸਾਹਨੀ ਨੂੰ ਉਸ ਦੀ ਇਸ ਕਾਢ ਲਈ ਸਨਮਾਨਿਤ ਕੀਤਾ ਗਿਆ ਹੈ। ਇਸ ਮਸ਼ੀਨ ਨੂੰ ਉਨ੍ਹਾਂ ਖੇਤਰਾਂ ਵਿਚ ਚਲਾਇਆ ਜਾ ਸਕਦਾ ਹੈ, ਜਿੱਥੇ ਬਿਜਲੀ ਉਪਲਬਧ ਨਹੀਂ ਹੈ। ਪ੍ਰਧਾਨ ਮੰਤਰੀ ਸੂਨਕ ਨੇ ਸਾਹਨੀ ਨੂੰ ਲਿਖੇ ਨਿੱਜੀ ਪੱਤਰ ਵਿਚ ਕਿਹਾ, "ਤੁਸੀਂ ਇਕ ਇੰਜੀਨੀਅਰ ਵਜੋਂ ਆਪਣੇ ਪੇਸ਼ੇਵਰ ਹੁਨਰ ਨੂੰ ਦੁਨੀਆਂ ਭਰ ਦੇ ਉਨ੍ਹਾਂ ਹਜ਼ਾਰਾਂ ਲੋਕਾਂ ਦੀ ਮਦਦ ਲਈ ਵਰਤਿਆ ਹੈ, ਜਿਨ੍ਹਾਂ ਦੀ ਪਹੁੰਚ ਵਿਚ ਇਲੈਕਟ੍ਰਿਕ ਵਾਸ਼ਿੰਗ ਮਸ਼ੀਨ ਨਹੀਂ ਸੀ।" ਸਾਹਨੀ ਨੇ ਆਪਣੀਆਂ ਪਹਿਲੀਆਂ ਮਸ਼ੀਨਾਂ ਦਾ ਨਾਂ ਆਪਣੀ ਗੁਆਂਢਣ



ਦਿਵਿਆ ਦੇ ਨਾਂ 'ਤੇ ਰੱਖਿਆ ਸੀ। ਸਾਹਨੀ ਵਾਸ਼ਿੰਗ ਮਸ਼ੀਨ ਪ੍ਰੋਜੈਕਟ ਤਹਿਤ ਹੁਣ ਤੱਕ ਰਫਿਊਜ਼ੀ ਕੈਂਪਾਂ, ਸਕੂਲਾਂ ਤੇ ਯਤੀਮਖਾਨਿਆਂ ਸਣੇ ਆਲਮੀ ਪੱਧਰ 'ਤੇ 300 ਤੋਂ ਵੱਧ ਮਸ਼ੀਨਾਂ ਵੰਡ ਚੁੱਕਾ ਹੈ। ਲੰਡਨ 'ਚ ਜੰਮੇ ਸਾਹਨੀ ਨੇ ਕਿਹਾ ਕਿ ਪੁਆਇੰਟਸ ਆਫ ਲਾਈਟ ਐਵਾਰਡ ਜਿੱਤਣਾ ਤੇ ਪ੍ਰਧਾਨ ਮੰਤਰੀ ਵੱਲੋਂ ਪਛਾਣ ਮਿਲਣਾ ਖਾਸ ਹੈ।

## ਵੀਜ਼ਾ ਅਰਜ਼ੀ 'ਚ ਗਲਤ ਤੱਥ ਪੇਸ਼ ਕਰਨ ਲਈ ਅਮਰੀਕੀ ਪੱਤਰਕਾਰ ਨੂੰ ਕਾਲੀ ਸੂਚੀ 'ਚ ਪਾਇਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਦਿੱਲੀ ਹਾਈ ਕੋਰਟ ਨੂੰ ਦੱਸਿਆ ਕਿ ਪੱਤਰਕਾਰੀ ਸਬੰਧੀ ਵੀਜ਼ਾ ਲੈਣ ਲਈ ਦਾਇਰ ਕੀਤੀ ਅਰਜ਼ੀ ਵਿਚ ਗਲਤ ਤੱਥ ਪੇਸ਼ ਕਰਨ ਅਤੇ ਕੁਝ ਨੇਮਾਂ ਦੀ ਉਲੰਘਣਾ ਕੀਤੇ ਜਾਣ ਕਰ ਕੇ ਓ.ਸੀ.ਆਈ. ਕਾਰਡ ਧਾਰਕ ਹੋਣ ਦੇ ਬਾਵਜੂਦ ਅਮਰੀਕੀ ਪੱਤਰਕਾਰ ਅੰਗਦ ਸਿੰਘ ਨੂੰ ਕਾਲੀ ਸੂਚੀ ਵਿਚ ਪਾ ਦਿੱਤਾ ਗਿਆ ਹੈ। ਜਸਟਿਸ ਪ੍ਰਤਿਭਾ ਐੱਮ. ਸਿੰਘ ਨੇ ਕੇਂਦਰ ਦੇ ਵਕੀਲ ਨੂੰ ਨਿਰਦੇਸ਼ ਪ੍ਰਾਪਤ ਕਰਨ ਲਈ ਸਮਾਂ ਦਿੱਤਾ ਅਤੇ ਇਹ ਪੁਸ਼ਟੀ ਕਰਨ ਲਈ ਕਿਹਾ ਕਿ ਦਸਤਾਵੇਜ਼ੀ ਦੇ ਨਿਰਮਾਤਾ ਅੰਗਦ ਸਿੰਘ ਦਾ ਭਾਰਤ ਦਾ ਪਰਵਾਸੀ ਨਾਗਰਿਕ (ਓ.ਸੀ.ਆਈ.) ਕਾਰਡ ਰੱਦ ਕਰਨ ਲਈ ਕੋਈ ਕਾਰਵਾਈ ਸ਼ੁਰੂ ਕੀਤੀ ਗਈ ਹੈ ਜਾਂ ਨਹੀਂ। ਅਦਾਲਤ ਨੇ ਕੇਂਦਰ ਦੇ ਵਕੀਲ ਨੂੰ ਇਹ ਦੱਸਣ ਲਈ ਵੀ ਕਿਹਾ ਕਿ ਕੀ ਪਟੀਸ਼ਨਰ ਨੂੰ ਕੋਈ 'ਕਾਰਨ ਦੱਸੋ' ਨੋਟਿਸ ਜਾਰੀ ਕੀਤਾ ਗਿਆ ਹੈ। ਹਾਈ ਕੋਰਟ ਅੰਗਦ ਸਿੰਘ ਨੂੰ ਭਾਰਤ ਵਿਚ ਦਾਖਲੇ




ਦੀ ਇਜਾਜ਼ਤ ਨਾ ਦਿੱਤੇ ਜਾਣ ਖ਼ਿਲਾਫ਼ ਉਸ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ। ਅੰਗਦ ਨੂੰ ਪਿਛਲੇ ਸਾਲ ਅਗਸਤ ਵਿਚ ਦਿੱਲੀ ਤੋਂ ਨਿਊ ਯਾਰਕ ਵਾਪਸ ਭੇਜ ਦਿੱਤਾ ਗਿਆ ਸੀ। ਅਦਾਲਤ ਨੇ ਕਿਹਾ, "ਉਪਰੋਕਤ ਨਿਰਦੇਸ਼ਾਂ ਨੂੰ ਦੋ ਹਫਤਿਆਂ ਦੇ ਅੰਦਰ ਇਕ ਹਲਫਨਾਮੇ ਰਾਹੀਂ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇ।" ਮਾਮਲੇ ਵਿਚ ਅਗਲੀ ਸੁਣਵਾਈ 28 ਫਰਵਰੀ ਨੂੰ ਹੋਵੇਗੀ। ਕੇਂਦਰ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਅੰਗਦ ਸਿੰਘ ਨੇ 'ਇੰਡੀਆ ਬਰਨਿੰਗ' ਨਾਂ ਦੀ ਦਸਤਾਵੇਜ਼ੀ ਵਿਚ ਭਾਰਤ ਨੂੰ 'ਨਕਾਰਾਤਮਕ ਢੰਗ' ਨਾਲ ਦਰਸਾਇਆ ਹੈ।

## ਹਰਮੀਤ ਢਿੱਲੋਂ ਰਿਪਬਲਿਕਨ ਪਾਰਟੀ ਦਾ ਚੋਟੀ ਦਾ ਅਹੁਦਾ ਜਿੱਤਣ 'ਚ ਅਸਫਲ

**ਵਾਸ਼ਿੰਗਟਨ:** ਉੱਘੀ ਭਾਰਤੀ-ਅਮਰੀਕੀ ਸ਼ਖਸੀਅਤ ਹਰਮੀਤ ਢਿੱਲੋਂ ਰਿਪਬਲਿਕਨ ਨੈਸ਼ਨਲ ਕਮੇਟੀ (ਆਰ.ਐਨ.ਸੀ.) ਦੀ ਚੇਅਰਮੈਨਸ਼ਿਪ ਹਾਸਲ ਕਰਨ ਵਿਚ ਸਫਲ ਨਹੀਂ ਹੋ ਸਕੀ ਹੈ। ਇਸ ਬੇਹੱਦ ਉੱਚੇ ਪੱਧਰ ਦੀ ਚੋਣ ਵਿਚ ਰੋਨਾ ਮੈਕਡੇਨੀਅਲ ਮੁੜ ਤੋਂ ਚੁਣੀ ਗਈ ਹੈ।

ਢਿੱਲੋਂ (54) ਜੋ ਕਿ ਕੈਲੀਫੋਰਨੀਆ ਰਿਪਬਲਿਕਨ ਪਾਰਟੀ ਦੀ ਕੋ-ਚੇਅਰ ਰਹਿ ਚੁੱਕੀ ਹੈ, ਨੇ ਮੈਕਡੇਨੀਅਲ ਖ਼ਿਲਾਫ਼ ਚੋਣ ਲੜੀ ਸੀ। ਮੈਕਡੇਨੀਅਲ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਹਮਾਇਤ ਨਾਲ 2016 ਵਿਚ ਆਰ.ਐਨ.ਸੀ. ਦੀ ਚੇਅਰਮੈਨਸ਼ਿਪ ਹਾਸਲ ਕੀਤੀ ਸੀ। ਹਾਲ ਹੀ ਵਿਚ ਪਈਆਂ ਵੋਟਾਂ ਵਿਚ ਰੋਨਾ ਨੇ ਢਿੱਲੋਂ ਨੂੰ ਆਸਾਨੀ ਨਾਲ ਹਰਾ ਦਿੱਤਾ। ਰੋਨਾ ਨੂੰ 111 ਤੇ ਢਿੱਲੋਂ ਨੂੰ 51 ਵੋਟਾਂ ਪਈਆਂ। ਜ਼ਿਕਰਯੋਗ ਹੈ ਕਿ ਆਰ.ਐਨ.ਸੀ. ਰਿਪਬਲਿਕਨ ਪਾਰਟੀ ਦੀ ਚੋਟੀ ਦੀ ਗਵਰਨਿੰਗ ਇਕਾਈ ਹੈ, ਜਿਸ ਦੀ ਅਗਵਾਈ ਟਰੰਪ ਕਰ ਰਹੇ ਹਨ। ਆਰ.ਐਨ.ਸੀ. ਦੀ ਬੈਠਕ ਹਾਲ ਹੀ ਵਿਚ ਕੈਲੀਫੋਰਨੀਆ ਦੀ ਔਰੇਂਜ ਕਾਊਂਟੀ ਦੇ ਲਗਜ਼ਰੀ ਰਿਜ਼ੌਰਟ ਵਿਚ ਹੋਈ ਸੀ। ਇਸ ਜਿੱਤ ਨਾਲ ਹੁਣ ਮੈਕਡੇਨੀਅਲ ਰਿਕਾਰਡ ਚੌਥੀ ਵਾਰ ਆਰ.ਐਨ.ਸੀ. ਦੀ ਕਮਾਨ ਸੰਭਾਲੇਗੀ। ਟਰੰਪ ਨੇ ਸੋਸ਼ਲ ਮੀਡੀਆ 'ਤੇ ਰੋਨਾ ਮੈਕਡੇਨੀਅਲ ਨੂੰ ਵਧਾਈ ਦਿੱਤੀ ਹੈ।



# ਕੈਨੇਡਾ ਵਿਚ ਨਵੰਬਰ ਮਹੀਨੇ ਦੌਰਾਨ ਨੌਕਰੀਆਂ ਘਟੀਆਂ



**ਓਟਵਾ:** ਕੈਨੇਡਾ ਵਿਚ ਪਿਛਲੇ ਸਾਲ ਨਵੰਬਰ ਵਿਚ ਲਗਭਗ ਹਰੇਕ ਸੈਕਟਰ ਵਿਚ 20,700 ਨੌਕਰੀਆਂ ਘਟ ਕੇ 8,50,300 ਅਸਾਮੀਆਂ ਰਹਿ ਗਈਆਂ ਹਨ। ਕੈਨੇਡਾ ਦੀ ਕੌਮੀ ਅੰਕੜਾ ਏਜੰਸੀ ਨੇ ਕਿਹਾ ਕਿ ਮਈ ਮਹੀਨੇ ਇਹ ਅੰਕੜਾ 10 ਲੱਖ ਨਾਲ ਆਪਣੇ ਸਿਖਰ 'ਤੇ ਸੀ। ਸਿਨਹੂਆ ਖ਼ਬਰ ਏਜੰਸੀ ਨੇ ਇਕ ਰਿਪੋਰਟ ਵਿਚ ਅੰਕੜਾ ਦਫਤਰ ਕੈਨੇਡਾ ਦੇ ਹਵਾਲੇ ਨਾਲ ਕਿਹਾ ਕਿ ਪੇਸ਼ੇਵਰ, ਵਿਗਿਆਨਕ ਤੇ ਤਕਨੀਕੀ ਸੇਵਾਵਾਂ ਦੇ ਨਾਲ-ਨਾਲ ਸਿਹਤ ਸੰਭਾਲ ਤੇ ਸਮਾਜਿਕ ਸਹਾਇਤਾ ਵਾਲੇ ਸੈਕਟਰਾਂ ਵਿੱਚ ਨੌਕਰੀਆਂ 'ਚ ਤੇਜੀ ਨਾਲ ਨਿਘਾਰ ਵੇਖਣ ਨੂੰ ਮਿਲਿਆ ਹੈ।

ਏਜੰਸੀ ਮੁਤਾਬਕ ਉਸਾਰੀ ਸੈਕਟਰ ਵਿਚ ਨੌਕਰੀਆਂ ਵਧੀਆਂ ਹਨ ਜਦੋਂਕਿ ਨਿਵਾਸ ਤੇ ਖੁਰਾਕ ਸੇਵਾਵਾਂ, ਰਿਟੇਲ ਟਰੇਡ ਤੇ ਮੈਨੂਫੈਕਚਰਿੰਗ ਵਿਚ ਥੋੜ੍ਹਾ ਬਦਲਾਅ ਆਇਆ ਹੈ। ਜੌਬ ਵੈਕੇਂਸੀ ਅਨੁਪਾਤ, ਜੋ ਕੁੱਲ ਲੇਬਰ ਦੀ ਮੰਗ ਤੇ ਖਾਲੀ ਅਸਾਮੀਆਂ ਦੀ ਗਿਣਤੀ ਦੇ ਅਨੁਪਾਤ 'ਤੇ ਅਧਾਰਿਤ ਹੈ, ਨਵੰਬਰ 2022 ਵਿਚ 4.8 ਫੀਸਦ ਸੀ। ਜੂਨ 2021 ਮਗਰੋਂ ਇਹ ਹੁਣ ਤੱਕ ਦੀ ਸਭ ਤੋਂ ਹੇਠਲੀ ਦਰ ਹੈ।

ਨਵੰਬਰ 2022 ਵਿਚ ਹਰੇਕ ਜੌਬ ਵੈਕੇਂਸੀ ਲਈ 1.2 ਬੇਰੁਜ਼ਗਾਰ ਵਿਅਕਤੀ ਸੀ ਤੇ ਅਗਸਤ ਤੋਂ ਇਸ ਅੰਕੜੇ 'ਚ ਵਰਚੁਅਲੀ ਕੋਈ ਬਦਲਾਅ ਨਹੀਂ ਆਇਆ। ਅੰਕੜਾ ਦਫਤਰ ਕੈਨੇਡਾ ਨੇ ਕਿਹਾ ਕਿ ਕੋਵਿਡ ਮਹਾਮਾਰੀ ਤੋਂ ਪਹਿਲਾਂ ਬੇਰੁਜ਼ਗਾਰੀ-ਜੌਬ ਵੈਕੇਂਸੀ ਅਨੁਪਾਤ ਜਨਵਰੀ 2019 ਤੋਂ ਫਰਵਰੀ 2020 ਦਰਮਿਆਨ 2.2 ਦੇ ਕਰੀਬ ਸੀ।

## ਯੂ.ਕੇ. 'ਚ ਵਿਦੇਸ਼ੀ ਪਾੜ੍ਹਿਆਂ ਦੇ ਕੰਮ ਘੰਟੇ ਵਧਣਗੇ

**ਲੰਡਨ:** ਬਰਤਾਨੀਆ ਵਿਚ ਭਾਰਤੀਆਂ ਸਮੇਤ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦੇਸ਼ ਭਰ ਦੇ ਵੱਖ-ਵੱਖ ਖੇਤਰਾਂ ਵਿਚ ਕਿਰਤੀਆਂ ਦੀ ਕਮੀ ਨੂੰ ਪੂਰਾ ਕਰਨ ਲਈ ਜ਼ਿਆਦਾ ਘੰਟੇ ਕੰਮ ਕਰਨ ਅਤੇ ਪਾਰਟ ਟਾਈਮ ਨੌਕਰੀਆਂ ਕਰਨ ਦੀ ਇਜਾਜ਼ਤ ਮਿਲਣ ਦੀ ਸੰਭਾਵਨਾ ਹੈ। ਮੌਜੂਦਾ ਸਮੇਂ ਯੂਕੇ ਵਿਚ ਵਿਦੇਸ਼ੀ ਵਿਦਿਆਰਥੀਆਂ, ਜਿਨ੍ਹਾਂ ਦੀ ਗਿਣਤੀ 6,80,000 ਹੈ, ਨੂੰ ਹਫਤੇ ਵਿਚ ਵੱਧ ਤੋਂ ਵੱਧ 20 ਘੰਟੇ ਕੰਮ ਕਰਨ ਦੀ ਆਗਿਆ ਹੈ। ਹਾਲਾਂਕਿ ਸਰਕਾਰ ਇਸ ਸਮੇਂ ਨੂੰ 30 ਘੰਟਿਆਂ ਤੱਕ ਵਧਾਉਣ ਲਈ ਚਰਚਾ ਕਰ ਰਹੀ ਹੈ ਤਾਂ ਜੋ ਦੇਸ਼ 'ਚ ਕਾਮਿਆਂ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ।

## ਅਮਰੀਕਾ ਮਾਰਚ ਤੋਂ ਲਵੇਗਾ ਐਚ-1ਬੀ ਵੀਜ਼ਾ ਅਰਜ਼ੀਆਂ

**ਵਾਸ਼ਿੰਗਟਨ:** ਅਮਰੀਕਾ ਵਿੱਤੀ ਸਾਲ 2023-24 ਲਈ ਹੁਨਰਮੰਦ ਵਿਦੇਸ਼ੀ ਕਾਮਿਆਂ ਲਈ ਐਚ-1 ਬੀ ਵੀਜ਼ਾ ਅਰਜ਼ੀਆਂ ਪਹਿਲੀ ਮਾਰਚ ਤੋਂ ਲੈਣਾ ਸ਼ੁਰੂ ਕਰ ਸਕਦਾ ਹੈ। ਐਚ-1 ਬੀ ਵੀਜ਼ੇ ਇਕ ਗੈਰ ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿਚ ਵਿਦੇਸ਼ੀ ਕਰਮਚਾਰੀਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ। ਅਮਰੀਕੀ ਨਾਗਰਿਕਤਾ ਤੇ ਇੰਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਵੱਲੋਂ ਦੱਸਿਆ ਗਿਆ ਹੈ ਕਿ ਪਹਿਲੀ ਅਕਤੂਬਰ 2023 ਤੋਂ ਸ਼ੁਰੂ ਹੋ ਰਹੇ ਵਿੱਤੀ ਸਾਲ ਲਈ 1 ਤੋਂ 17 ਮਾਰਚ ਤੱਕ ਐਚ-1 ਬੀ ਵੀਜ਼ਾ ਅਰਜ਼ੀਆਂ ਸਵੀਕਾਰ ਕੀਤੀਆਂ ਜਾਣਗੀਆਂ।

# ਯੂਕੇ: ਸੂਨਕ ਵੱਲੋਂ ਕੈਬਨਿਟ ਮੰਤਰੀ ਜਾਹਾਵੀ ਬਰਖ਼ਾਸਤ

**ਲੰਡਨ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਆਪਣੇ ਕੈਬਨਿਟ ਮੰਤਰੀ ਤੇ ਕੰਜ਼ਰਵੇਟਿਵ ਪਾਰਟੀ ਦੇ ਚੇਅਰਮੈਨ ਨਦੀਮ ਜਾਹਾਵੀ ਨੂੰ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਹੈ। ਉਨ੍ਹਾਂ 'ਤੇ ਮੰਤਰੀ ਦੇ ਅਹੁਦੇ ਨਾਲ ਸਬੰਧਤ ਜ਼ਾਬਤੇ ਦੀ ਗੰਭੀਰ ਉਲੰਘਣਾ ਦਾ ਦੋਸ਼ ਹੈ। ਜਾਹਾਵੀ ਕੋਲ ਫਿਲਹਾਲ ਕੋਈ ਵਿਭਾਗ ਨਹੀਂ ਸੀ, ਪਰ ਉਹ ਸੱਤਾਧਾਰੀ ਟੋਰੀ ਪਾਰਟੀ ਦੀ ਕਮਾਨ ਸੰਭਾਲ ਰਹੇ ਸਨ। ਕੈਬਨਿਟ ਮੰਤਰੀ ਪਿਛਲੇ ਕੁਝ ਦਿਨਾਂ ਤੋਂ ਵਿੱਤੀ ਪੱਖ ਤੋਂ ਘਿਰਿਆ ਹੋਇਆ ਸੀ। ਜਾਹਾਵੀ ਉਤੇ ਦੋਸ਼ ਸੀ ਕਿ ਉਸ ਨੇ ਰੈਵੇਨਿਊ ਤੇ ਕਸਟਮਜ਼ ਵਿਭਾਗ ਨਾਲ ਜਰਮਾਨੇ ਸਬੰਧੀ ਕੋਈ ਸਮਝੌਤਾ ਕੀਤਾ ਹੈ। ਸੂਨਕ ਨੇ ਇਸ ਮਾਮਲੇ ਵਿਚ ਜਾਂਚ ਦੇ ਹੁਕਮ ਦਿੱਤੇ ਸਨ। ਇਰਾਕ ਦੇ ਜੰਮਪਲ ਸਾਬਕਾ ਖਜ਼ਾਨਾ ਮੰਤਰੀ ਟੈਕਸ ਦੇ ਮਾਮਲੇ ਵਿਚ ਵਿਵਾਦਾਂ ਵਿਚ ਘਿਰਿਆ ਹੋਇਆ ਸੀ। ਵਿਰੋਧੀ ਧਿਰ ਉਸ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕਰ ਰਹੀ ਸੀ। ਨੈਤਿਕਤਾ ਬਾਰੇ ਸੂਨਕ ਦੇ ਸਲਾਹਕਾਰ ਸਰ ਲੌਰੀ ਮੈਗਨਸ ਨੇ ਇਸ ਮੁੱਦੇ ਉਤੇ ਆਪਣਾ ਮੁਲਾਂਕਣ ਦਾਖਲ ਕੀਤਾ ਸੀ ਕਿ ਕੀ ਵਿਭਾਗ ਨਾਲ ਹੋਏ ਸਮਝੌਤੇ ਨੂੰ ਮੰਤਰੀ ਪੱਧਰ ਦੇ ਜ਼ਾਬਤੇ ਦੀ ਉਲੰਘਣਾ ਮੰਨਿਆ ਜਾਵੇ। ਜਾਹਾਵੀ ਨੂੰ ਲਿਖੇ ਪੱਤਰ ਵਿਚ ਸੂਨਕ ਨੇ ਕਿਹਾ ਕਿ ਜਦ ਉਹ ਪ੍ਰਧਾਨ ਮੰਤਰੀ ਬਣੇ ਸਨ ਤਾਂ ਅਹਿਦ ਕੀਤਾ ਸੀ ਕਿ ਉਹ ਹਰ ਪੱਧਰ ਉਤੇ ਇਮਾਨਦਾਰੀ ਤੇ ਪੇਸ਼ੇਵਰ ਪਹੁੰਚ ਯਕੀਨੀ ਬਣਾਉਣਗੇ, ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ। ਰਿਸ਼ੀ ਸੂਨਕ ਨੇ ਕਿਹਾ ਕਿ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮੰਤਰੀ ਦੇ ਅਹੁਦੇ ਦਾ ਜ਼ਾਬਤਾ ਭੰਗ ਕੀਤਾ ਗਿਆ ਹੈ। ਇਸ ਲਈ ਜਾਹਾਵੀ ਨੂੰ ਬਰਖ਼ਾਸਤ ਕੀਤਾ ਜਾਂਦਾ ਹੈ।



## ਮੋਦੀ ਵੱਲੋਂ ਮੰਤਰੀਆਂ ਨੂੰ ਮੱਧ ਵਰਗ ਤੱਕ ਪਹੁੰਚ ਕਰਨ ਦੀ ਹਦਾਇਤ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਮੰਤਰੀਆਂ ਨੂੰ ਮੱਧ ਵਰਗ ਤੱਕ ਪਹੁੰਚ ਕਰਨ ਤੇ ਇਸ ਵਰਗ ਨੂੰ ਫਾਇਦਾ ਪਹੁੰਚਾਉਣ ਲਈ ਲਿਆਂਦੀਆਂ ਗਈਆਂ ਯੋਜਨਾਵਾਂ ਬਾਰੇ ਜਾਣਕਾਰੀ ਮੁਹੱਈਆ ਕਰਾਉਣ ਲਈ ਵੀ ਕਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਯੋਜਨਾਵਾਂ ਨਾਲ ਗਰੀਬ ਤੇ ਹਾਸ਼ੀਏ 'ਤੇ ਰਹਿੰਦੇ ਵਰਗ ਨੂੰ ਫਾਇਦਾ ਹੋਇਆ ਹੈ। ਇਸ ਤੋਂ ਇਲਾਵਾ ਮੱਧ ਵਰਗ ਲਈ ਵੀ ਕਈ ਉਪਰਾਲੇ ਕੀਤੇ ਗਏ ਹਨ ਜਿਨ੍ਹਾਂ ਨਾਲ ਉਨ੍ਹਾਂ ਦੀ ਜ਼ਿੰਦਗੀ ਆਸਾਨ ਹੋ ਗਈ ਹੈ। ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਕੇਂਦਰੀ ਮੰਤਰੀ ਮੱਧ ਵਰਗ ਤੱਕ ਪਹੁੰਚ ਕਰਨ ਵੇਲੇ ਉਨ੍ਹਾਂ ਸਾਰੇ ਉਪਰਾਲਿਆਂ ਸਬੰਧੀ ਇਸ ਵਰਗ ਨੂੰ ਜਾਣੂ ਕਰਵਾਉਣ ਜਿਨ੍ਹਾਂ ਨਾਲ ਮੱਧ ਵਰਗ ਨੂੰ ਵੱਖ-ਵੱਖ ਤਰੀਕਿਆਂ ਨਾਲ ਕਾਫੀ ਮਦਦ ਮਿਲੀ ਹੈ। ਮੀਟਿੰਗ ਦੌਰਾਨ ਵਿਚਾਰੇ ਗਏ ਵੱਖ-ਵੱਖ ਮੁੱਦਿਆਂ ਨਾਲ ਸਬੰਧਤ ਦਸਤਾਵੇਜ਼ ਵੀ ਮੰਤਰੀਆਂ ਨੂੰ ਦਿੱਤੇ ਗਏ ਤਾਂ ਜੋ ਉਹ ਇਸ ਸਬੰਧੀ ਜਾਣਕਾਰੀ ਅੱਗੇ ਲੋਕਾਂ ਤੱਕ ਪਹੁੰਚਾ ਸਕਣ। ਸੂਤਰਾਂ ਅਨੁਸਾਰ ਇਸ ਵੇਲੇ ਜਦੋਂ ਭਾਰਤ ਆਜ਼ਾਦੀ ਦਾ 75ਵਾਂ ਵਰ੍ਹਾ ਮਨਾ ਰਿਹਾ ਹੈ ਤਾਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਬਰਤਾਨਵੀ ਰਾਜ ਨੂੰ ਯਾਦ ਕਰਨ ਲਈ ਚੱਲ ਰਹੀਆਂ ਚੀਜ਼ਾਂ ਤੇ ਕਾਨੂੰਨ ਖਤਮ ਕੀਤੇ ਜਾਣ। ਇਸ ਦੌਰਾਨ ਮੋਦੀ ਸਰਕਾਰ ਵੱਲੋਂ ਪਿਛਲੇ ਅੱਠ ਸਾਲਾਂ ਵਿਚ ਸਮਾਜਿਕ ਤੇ ਆਰਥਿਕ ਖੇਤਰਾਂ ਨਾਲ ਸਬੰਧਤ ਕੀਤੇ ਗਏ ਸਾਰੇ ਕੰਮਾਂ ਬਾਰੇ ਕੈਬਨਿਟ ਸਕੱਤਰ ਰਾਜੀਵ ਗਾਬਾ ਦੀ ਪੇਸ਼ਕਾਰੀ ਸਣੇ ਤਿੰਨ ਪੇਸ਼ਕਾਰੀਆਂ ਦਿੱਤੀਆਂ ਗਈਆਂ।

# ਥਾਣੇਦਾਰ ਵੱਲੋਂ ਉੜੀਸਾ ਦੇ ਸਿਹਤ ਮੰਤਰੀ ਦੀ ਗੋਲੀ ਮਾਰ ਕੇ ਹੱਤਿਆ

**ਭੁਬਨੇਸ਼ਵਰ:** ਉੜੀਸਾ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨਬ ਕਿਸ਼ੋਰ ਦਾਸ ਦੀ ਪੁਲਿਸ ਦੇ ਏ.ਐਸ.ਆਈ. ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਨ੍ਹਾਂ ਨੂੰ ਗੰਭੀਰ ਹਾਲਤ 'ਚ ਭੁਬਨੇਸ਼ਵਰ ਦੇ ਹਸਪਤਾਲ 'ਚ ਹੈਲੀਕਾਪਟਰ ਰਾਹੀਂ ਪਹੁੰਚਾਇਆ ਗਿਆ ਸੀ ਜਿਥੇ ਉਨ੍ਹਾਂ ਦਮ ਤੋੜ ਦਿੱਤਾ। ਇਹ ਘਟਨਾ ਦੁਪਹਿਰ ਕਰੀਬ ਇਕ ਵਜੇ ਉਦੋਂ ਵਾਪਰੀ ਜਦੋਂ ਮੰਤਰੀ ਝਾਰਸੁਗੁੜਾ ਜ਼ਿਲ੍ਹੇ ਦੇ ਬ੍ਰਜਰਾਜਨਗਰ ਕਸਬੇ 'ਚ ਇਕ ਪ੍ਰੋਗਰਾਮ 'ਚ ਹਿੱਸਾ ਲੈਣ ਲਈ ਪਹੁੰਚੇ ਸਨ।

ਉਹ ਕਾਰ 'ਚੋਂ ਜਿਵੇਂ ਹੀ ਉਤਰੇ ਤਾਂ ਏ.ਐਸ.ਆਈ. ਗੋਪਾਲ ਦਾਸ ਨੇ ਉਨ੍ਹਾਂ 'ਤੇ ਐਨ ਨੇੜਿਓਂ ਗੋਲੀਆਂ ਚਲਾ ਦਿੱਤੀਆਂ। ਬ੍ਰਜਰਾਜਨਗਰ ਦੇ ਐਸ.ਡੀ.ਪੀ.ਓ. ਗੁਪਤੇਸ਼ਵਰ ਭੋਈ ਨੇ ਦੱਸਿਆ ਕਿ ਏ.ਐਸ.ਆਈ. ਨੂੰ ਸਥਾਨਕ ਲੋਕਾਂ ਨੇ ਤੁਰਤ ਫੜ ਕੇ ਪੁਲਿਸ ਹਵਾਲੇ ਕਰ ਦਿੱਤਾ। ਹਮਲੇ ਦੀ ਨਿੰਦਾ ਕਰਦਿਆਂ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਕਿਹਾ ਕਿ ਅਪਰਾਧ ਸ਼ਾਖਾ ਨੂੰ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਗਏ ਹਨ। ਵੀਡੀਓ ਫੁਟੇਜ 'ਚ ਨਬ ਕਿਸ਼ੋਰ ਦਾਸ ਦੀ ਛਾਤੀ 'ਚੋਂ ਖ਼ੂਨ ਨਿਕਲਦਾ ਦਿਖਾਈ ਦੇ ਰਿਹਾ ਹੈ ਅਤੇ ਲੋਕ ਮੰਤਰੀ ਨੂੰ ਚੁੱਕ ਕੇ ਕਾਰ ਦੀ ਅਗਲੀ ਸੀਟ 'ਤੇ ਬਿਠਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੂੰ ਪਹਿਲਾਂ ਝਾਰਸੁਗੁੜਾ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ 'ਚ ਲਿਜਾਇਆ ਗਿਆ ਜਿਥੋਂ ਉਨ੍ਹਾਂ ਨੂੰ ਭੁਬਨੇਸ਼ਵਰ ਭੇਜਣ ਦੇ ਪ੍ਰਬੰਧ ਕੀਤੇ ਗਏ ਸਨ। ਝਾਰਸੁਗੁੜਾ ਦੇ ਮਾਈਨਿੰਗ ਇਲਾਕੇ 'ਚ ਆਪਣੀ ਚੰਗੀ ਪੈਠ ਰੱਖਣ ਵਾਲੇ ਮੰਤਰੀ ਨਬ ਕਿਸ਼ੋਰ ਦਾਸ 2019 ਦੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਛੱਡ ਕੇ ਬੀ.ਜੇ.ਡੀ. 'ਚ ਸ਼ਾਮਲ ਹੋ ਗਏ ਸਨ। ਉਨ੍ਹਾਂ ਦੇ ਕੋਲਾ ਖਾਣਾਂ, ਢੋਆ-ਢੁਆਈ ਅਤੇ ਮਹਿਮਾਨ ਨਿਵਾਜ਼ੀ ਖੇਤਰਾਂ 'ਚ ਕਈ ਕਾਰੋਬਾਰ ਦੱਸੇ ਜਾਂਦੇ ਹਨ।

# ਹਿੰਦੂ ਸੈਨਾ ਨੇ ਬੀ.ਬੀ.ਸੀ. ਦਫਤਰ ਦੇ ਬਾਹਰ ਵਿਰੋਧ 'ਚ ਪੋਸਟਰ ਲਾਏ

**ਜੈਪੁਰ:** ਹਿੰਦੂ ਸੈਨਾ ਦੇ ਮੈਂਬਰਾਂ ਨੇ ਦਿੱਲੀ ਸਥਿਤ ਬੀ.ਬੀ.ਸੀ. ਦੇ ਦਫਤਰ ਦੇ ਬਾਹਰ ਇਸ ਬਰਤਾਨਵੀ ਪ੍ਰਸਾਰਨ ਸੇਵਾ ਖਿਲਾਫ਼ ਪੋਸਟਰ ਲਾ ਦਿੱਤੇ। ਬੀ.ਬੀ.ਸੀ. ਦਾ ਦਫਤਰ ਕਸਤੂਰਬਾ ਗਾਂਧੀ ਮਾਰਗ 'ਤੇ ਸਥਿਤ ਹੈ। ਜ਼ਿਕਰਯੋਗ ਹੈ ਕਿ ਬੀ.ਬੀ.ਸੀ. ਦੀ ਗੁਜਰਾਤ ਦੰਗਿਆਂ ਬਾਰੇ ਦਸਤਾਵੇਜ਼ੀ 'ਤੇ ਵਿਵਾਦ ਭਖਿਆ ਹੋਇਆ ਹੈ। ਪੋਸਟਰਾਂ 'ਤੇ ਲਿਖਿਆ ਗਿਆ ਕਿ, 'ਬੀ.ਬੀ.ਸੀ. ਭਾਰਤ ਦੀ ਏਕਤਾ ਲਈ ਖਤਰਾ ਹੈ ਤੇ ਇਸ ਉਤੇ ਪਾਬੰਦੀ ਲੱਗਣੀ ਚਾਹੀਦੀ ਹੈ। ਬੀ.ਬੀ.ਸੀ. ਨੂੰ ਭਾਰਤ ਦੀ ਸਾਖ ਖਰਾਬ ਕਰਨ ਦੇ ਯਤਨ ਬੰਦ ਕਰਨੇ ਚਾਹੀਦੇ ਹਨ, ਬੀ.ਬੀ.ਸੀ. ਭਾਰਤ ਛੱਡੋ।' ਪੋਸਟਰਾਂ ਨੂੰ ਹਾਲਾਂਕਿ ਮਗਰੋਂ ਪੁਲਿਸ ਨੇ ਹਟਾ ਲਿਆ। ਇਸੇ ਦੌਰਾਨ ਰਾਜਸਥਾਨ ਦੀ ਕੇਂਦਰੀ ਯੂਨੀਵਰਸਿਟੀ ਦੇ ਦਸ ਵਿਦਿਆਰਥੀਆਂ ਨੂੰ ਬੀ.ਬੀ.ਸੀ. ਦਸਤਾਵੇਜ਼ੀ ਦੀ ਸਕਰੀਨਿੰਗ ਦੇ ਮਾਮਲੇ 'ਚ ਮੁਅੱਤਲ ਕਰ ਦਿੱਤਾ ਗਿਆ ਹੈ। ਅਥਾਰਿਟੀ ਮੁਤਾਬਕ ਵਿਦਿਆਰਥੀਆਂ ਨੇ ਹਦਾਇਤਾਂ ਦਾ ਪਾਲਣ ਨਹੀਂ ਕੀਤਾ ਤੇ ਉਨ੍ਹਾਂ ਨੂੰ ਦੋ ਹਫਤਿਆਂ ਲਈ ਮੁਅੱਤਲ ਕੀਤਾ ਗਿਆ ਹੈ। 'ਵਰਸਿਟੀ ਦੇ ਏ.ਬੀ.ਵੀ.ਪੀ. ਵਿੰਗ ਦੇ ਪ੍ਰਧਾਨ ਵਿਕਾਸ ਪਾਠਕ ਨੇ ਕਿਹਾ ਕਿ ਐਸ.ਐਫ.ਆਈ. ਤੇ ਐਨ.ਐਸ.ਯੂ.ਆਈ. ਨਾਲ ਜੁੜੇ ਵਿਦਿਆਰਥੀਆਂ ਨੇ ਦਸਤਾਵੇਜ਼ੀ ਦੀ ਸਕਰੀਨਿੰਗ ਦਾ ਸੱਦਾ ਦਿੱਤਾ ਸੀ। ਮੁੰਬਈ ਦੇ ਟਾਟਾ ਇੰਸਟੀਚਿਊਟ ਦੇ ਕੁਝ ਵਿਦਿਆਰਥੀਆਂ ਨੇ ਦਸਤਾਵੇਜ਼ੀ ਦੇਖੀ ਜਿਨ੍ਹਾਂ ਖ਼ਿਲਾਫ਼ ਭਾਜਪਾ ਦੇ ਯੂਥ ਵਿੰਗ ਨੇ ਮੁਜ਼ਾਹਰਾ ਕੀਤਾ। ਇਸ ਤੋਂ ਪਹਿਲਾਂ ਵਿਦਿਆਰਥੀਆਂ ਨੇ ਦਸਤਾਵੇਜ਼ੀ ਦੀ ਜਨਤਕ ਪੱਧਰ ਉਤੇ ਸਕਰੀਨਿੰਗ ਦਾ ਪ੍ਰਬੰਧ ਕੀਤਾ ਸੀ, ਪਰ ਮਗਰੋਂ ਉਨ੍ਹਾਂ ਤੈਅ ਸਮੇਂ 'ਤੇ ਇਸ ਨੂੰ ਲੈਪਟਾਪ ਤੇ ਫੋਨ 'ਤੇ ਦੇਖਿਆ।



## ਚੌਲਾਂ ਦੇ ਗੁਦਾਮਾਂ 'ਚ ਡਾਕਾ, 70 ਲੱਖ ਦੀ ਲੁੱਟ



**ਜੰਡਿਆਲਾ ਗੁਰੂ:** ਇਥੇ ਅਣਪਛਾਤੇ ਲੁਟੇਰਿਆਂ ਨੇ ਪਿੰਡ ਸ਼ਫੀਪੁਰ ਸਥਿਤ ਐਮ.ਸੀ.ਐਮ.ਐਲ. ਦੇ ਨਿੱਜੀ ਗੁਦਾਮਾਂ ਦੇ ਤਿੰਨ ਸੁਰੱਖਿਆ ਕਰਮੀਆਂ ਨੂੰ ਬੰਦੀ ਬਣਾ ਕੇ ਲਗਭਗ 70 ਲੱਖ ਰੁਪਏ ਦੇ ਚੌਲ ਲੁੱਟ ਲਏ ਹਨ। ਇਸ ਸਬੰਧੀ ਪੁਲਿਸ ਨੇ ਕੇਸ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਥਾਣਾ ਜੰਡਿਆਲਾ ਗੁਰੂ ਦੇ ਐਸ.ਐਚ.ਓ. ਮੁਖਤਿਆਰ ਸਿੰਘ ਨੇ ਦੱਸਿਆ ਰਾਤ 40-50 ਲੁਟੇਰਿਆਂ ਨੇ ਨੇੜਲੇ ਪਿੰਡ ਸ਼ਫੀਪੁਰ ਦੇ ਨਿੱਜੀ ਗੁਦਾਮਾਂ ਵਿਚੋਂ 3 ਸੁਰੱਖਿਆ ਮੁਲਾਜ਼ਮਾਂ ਨੂੰ ਬੰਧਕ ਬਣਾ ਕੇ 1,250 ਬੋਰੀਆਂ ਚੌਲਾਂ ਦੀਆਂ ਲੁੱਟ ਲਈਆਂ ਹਨ। ਉਨ੍ਹਾਂ ਦੱਸਿਆ ਕਿ ਚੋਰੀ ਕੀਤੇ ਚੌਲਾਂ ਦੀ ਕੀਮਤ ਲਗਭਗ 70 ਲੱਖ ਰੁਪਏ ਬਣਦੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਮੁਲਜ਼ਮਾਂ ਖਿਲਾਫ਼ ਕੇਸ ਦਰਜ ਕਰ ਲਿਆ ਹੈ ਤੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਅੰਡਰ-19 ਟੀ-20: ਭਾਰਤੀ ਕੁੜੀਆਂ ਨੇ ਇਤਿਹਾਸ ਸਿਰਜਿਆ

**ਪੋਚੇਫਸਟਰੂਮ (ਦੱਖਣੀ ਅਫਰੀਕਾ):** ਭਾਰਤ ਨੇ ਕ੍ਰਿਸ਼ਮਈ ਪ੍ਰਦਰਸ਼ਨ ਕਰਦਿਆਂ ਪਹਿਲੀ ਵਾਰ ਖੇਡਿਆ ਗਿਆ ਮਹਿਲਾ ਅੰਡਰ-19 ਟੀ-20 ਵਿਸ਼ਵ ਕੱਪ ਆਪਣੇ ਨਾਂ ਕਰ ਲਿਆ ਹੈ। ਦੱਖਣੀ ਅਫਰੀਕਾ ਵਿਚ ਹੋਏ ਟੂਰਨਾਮੈਂਟ ਦੇ ਖ਼ਿਤਾਬੀ ਮੁਕਾਬਲੇ ਵਿਚ ਸ਼ੈਫਾਲੀ ਵਰਮਾ ਦੀ ਕਪਤਾਨੀ ਵਾਲੀ ਨੌਜਵਾਨ ਬ੍ਰਿਗੇਡ ਨੇ ਇੰਗਲੈਂਡ ਨੂੰ 7 ਵਿਕਟਾਂ ਨਾਲ ਕਰਾਰੀ ਹਾਰ ਦਿੱਤੀ। ਤੇਜ ਗੇਂਦਬਾਜ਼ ਤੀਤਸ ਸਾਧੂ ਤੇ ਲੈੱਗ ਸਪਿਨਰ ਪਾਰਸਵੀ ਚੋਪੜਾ ਦੀ ਅਗਵਾਈ ਵਿਚ ਭਾਰਤੀ ਗੇਂਦਬਾਜ਼ਾਂ ਨੇ ਕਮਾਲ ਦਾ ਪ੍ਰਦਰਸ਼ਨ ਕਰਦਿਆਂ ਇੰਗਲੈਂਡ ਦੀ ਟੀਮ ਨੂੰ 68 ਦੌੜਾਂ ਉਤੇ ਆਲ-ਆਊਟ ਕਰ ਦਿੱਤਾ। ਇਸ ਤੋਂ ਬਾਅਦ ਸਿਰਫ 3 ਵਿਕਟਾਂ ਗੁਆ ਕੇ ਪਲੇਠੇ ਟੂਰਨਾਮੈਂਟ ਦੀ ਟਰਾਫੀ ਆਪਣੇ ਨਾਂ ਕਰ ਲਈ। ਇਸ ਤਰ੍ਹਾਂ ਟੀ-20 ਵਿਸ਼ਵ ਕੱਪ ਦੀ ਤਰ੍ਹਾਂ ਭਾਰਤ ਨੇ ਆਈ.ਸੀ.ਸੀ. ਅੰਡਰ-19 ਟੀ-20 ਵਿਸ਼ਵ ਕੱਪ 2023 ਜਿੱਤ ਕੇ ਇਤਿਹਾਸ ਰਚ ਦਿੱਤਾ। ਭਾਰਤੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਕਪਤਾਨ ਸ਼ੈਫਾਲੀ ਦੇ ਫੈਸਲੇ ਨੂੰ ਉਸ ਦੀਆਂ ਗੇਂਦਬਾਜ਼ਾਂ ਨੇ ਸਹੀ ਸਾਬਤ ਕੀਤਾ। ਖਾਸ ਕਰਕੇ ਤੀਤਸ ਸਾਧੂ ਨੇ ਆਪਣੀਆਂ ਕਹਿਰ ਵਰ੍ਹਾਉਂਦੀਆਂ ਗੇਂਦਾਂ ਨਾਲ ਇੰਗਲੈਂਡ ਦੀਆਂ ਬੱਲੇਬਾਜ਼ਾਂ ਦੇ ਹੌਸਲੇ ਪਸਤ ਕਰ ਦਿੱਤੇ। ਉਸ ਨੇ ਇੰਗਲਿਸ਼ ਟੀਮ ਨੂੰ ਪਹਿਲਾ ਝਟਕਾ ਦਿੰਦੇ ਹੋਏ ਲਿਬਰਟੀ ਹੀਪ ਨੂੰ ਖਾਤਾ ਖੋਲ੍ਹਣ ਤੋਂ ਪਹਿਲਾਂ ਹੀ ਕੈਚ ਆਊਟ ਕਰਵਾਇਆ, ਜਦੋਂਕਿ ਅਰਚਨਾ ਦੇਵੀ ਨੇ ਨਿਆਮ ਹਾਲੈਂਡ (10) ਨੂੰ 'ਕਲੀਨ ਬੋਲਡ' ਅਤੇ ਕਪਤਾਨ ਗ੍ਰੇਸ ਸਿਕ੍ਰਵੇਂਸ (4) ਨੂੰ ਆਊਟ ਕਰਕੇ 15 ਦੌੜਾਂ ਉਤੇ 3 ਬੱਲੇਬਾਜ਼ਾਂ ਨੂੰ ਮੈਦਾਨ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ। ਇਸ ਤੋਂ ਬਾਅਦ ਵਿਕਟਾਂ ਦੀ ਝੜੀ ਲੱਗ ਗਈ। ਰੀਆਨ ਮੈਕਡਾਨਲਡ ਗੇ (19), ਅਲੈਕਸਾ ਗਰੁਵ (11) ਅਤੇ ਸੋਫੀਆ ਸਮੇਲ (11) ਦੌੜਾਂ ਨਹੀਂ ਬਣਾਉਂਦੀਆਂ ਤਾਂ ਇੰਗਲੈਂਡ ਦੀ ਹਾਲਤ ਹੋਰ ਖਰਾਬ ਹੁੰਦੀ। ਭਾਰਤੀ ਗੇਂਦਬਾਜ਼ਾਂ ਦਾ ਖ਼ੌਫ ਇਹ ਸੀ ਕਿ ਇੰਗਲੈਂਡ ਦੀ ਪੂਰੀ ਪਾਰੀ ਦੌਰਾਨ ਇਕ ਵੀ ਛੱਕਾ ਨਹੀਂ ਲੱਗਾ। ਭਾਰਤ ਲਈ ਤੀਤਸ ਸਾਧੂ ਨੇ 4 ਓਵਰ ਵਿਚ ਸਿਰਫ 6 ਦੌੜਾਂ ਦੇ ਕੇ 2 ਵਿਕਟਾਂ ਆਪਣੇ ਨਾਂ ਕੀਤੀਆਂ। ਅਰਚਨਾ ਦੇਵੀ ਨੇ 3 ਓਵਰਾਂ 'ਚ 17 ਦੌੜਾਂ ਦੇ ਕੇ 2 ਵਿਕਟਾਂ ਅਤੇ ਪਾਰਸ਼ਵੀ ਚੋਪੜਾ ਨੇ 4 ਓਵਰ ਵਿਚ 13 ਦੌੜਾਂ ਦੇ ਕੇ 2 ਵਿਕਟਾਂ ਝਟਕੀਆਂ। ਇਸ ਤੋਂ ਇਲਾਵਾ ਮੰਨਤ ਕਸ਼ਯਪ, ਸ਼ੈਫਾਲੀ ਤੇ ਸੋਨਮ ਯਾਦਵ ਨੇ ਇਕ-ਇਕ ਵਿਕਟ ਹਾਸਲ ਕੀਤੀ। ਬੇਹੱਦ ਛੋਟੇ ਟੀਚੇ ਦਾ ਪਿੱਛਾ ਕਰਨ ਉਤਰੀ ਭਾਰਤੀ ਟੀਮ ਦੀ ਕਪਤਾਨ ਸ਼ੈਫਾਲੀ ਵਰਮਾ ਨੇ ਪਹਿਲੀ ਗੇਂਦ ਵਿਚ ਚੌਕਾ ਜੜਦਿਆਂ ਆਪਣੇ ਇਰਾਦੇ ਜ਼ਾਹਰ ਕਰ ਦਿੱਤੇ। ਸ਼ੈਫਾਲੀ ਨੇ 11 ਗੇਂਦਾਂ ਵਿਚ ਇਕ ਚੌਕਾ ਤੇ ਇਕ ਛੱਕਾ ਜੜਿਆ, ਜਦੋਂਕਿ ਉਨ੍ਹਾਂ ਦੀ ਸਾਥੀ ਸਲਾਮੀ ਬੱਲੇਬਾਜ਼ ਸ਼ਵੇਤਾ ਸ਼ਹਿਰਾਵਤ 20 ਸਕੋਰ 'ਉਤੇ ਆਊਟ ਹੋਈ। ਇਸ ਤੋਂ ਬਾਅਦ ਸ਼ਾਨਦਾਰ ਫੀਲਡਿੰਗ ਨਾਲ ਸਭ ਨੂੰ ਹੈਰਾਨ ਕਰਨ ਵਾਲੀ ਸੌਮਿਆ ਤਿਵਾੜੀ ਤੇ ਤ੍ਰਿਸ਼ਾ ਨੇ ਲਾਜਵਾਬ ਬੱਲੇਬਾਜ਼ੀ ਨਾਲ ਇੰਗਲੈਂਡ ਦੇ ਛੱਕੇ ਛੁਡਾ ਦਿੱਤੇ।



ਪੰਜਾਬ ਟਾਈਮਜ਼

ਸਨਿਚਰਵਾਰ, 4 ਫਰਵਰੀ 2023

# ਕੌਮਾਂਤਰੀ ਸਿਆਸਤ ਦੀ ਪੈੜਚਾਲ

ਕੌਮੀ ਅਤੇ ਕੌਮਾਂਤਰੀ ਮੰਚਾਂਉਤੇ ਬੜਾ ਅਜੀਬ ਇਤਫਾਕ ਦੇਖਣ ਨੂੰ ਮਿਲ ਰਿਹਾ ਹੈ। ਬੀ.ਬੀ.ਸੀ.ਦਸਤਾਵੇਜ਼ੀ 'ਇੰਡੀਆ: ਦਿ ਮੋਦੀ ਕੁਐਸਚਨ' ਨੇ ਸਿਆਸੀ ਹਲਕਿਆਂ ਅੰਦਰ ਬੜੀ ਚਰਚਾ ਛੇੜੀ ਹੋਈ ਹੈ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਭਾਵੇਂ ਇਸ ਨੂੰ ਭਾਰਤ ਦੀ ਪ੍ਰਭੂਸੱਤਾ ਉਤੇ ਹਮਲਾ ਕਰਾਰ ਦੇ ਕੇ ਮਸਲੇ ਨੂੰ ਪਿਛਾਂਹ ਸੁੱਟਣ ਦੀ ਕੋਸ਼ਿਸ਼ ਕੀਤੀ ਹੈ ਪਰ ਦਸਤਾਵੇਜ਼ੀ ਵਿਚ ਉਠਾਏ ਗਏ ਸਵਾਲ ਹੌਲੀ-ਹੌਲੀ ਲੋਕਾਂ ਤੱਕ ਪੁੱਜ ਰਹੇ ਹਨ ਅਤੇ ਇਨ੍ਹਾਂ ਬਾਰੇ ਨਵੇਂ ਸਿਰਿਓਂ ਚਰਚਾ ਵੀ ਚੱਲ ਰਹੀ ਹੈ। ਦੂਜੀ ਚਰਚਾ ਭਾਰਤ ਦੇ ਵੱਡੇ ਕਾਰਪੋਰੇਟ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਾਸ ਮਿੱਤਰ ਗੌਤਮ ਅਡਾਨੀ, ਕਾਰੋਬਾਰੀ ਧੋਖਾਧੜੀਆਂ ਦੇ ਮਾਮਲਿਆਂ ਵਿਚ ਘਿਰ ਗਏ ਹਨ। ਇਨ੍ਹਾਂ ਧੋਖਾਧੜੀਆਂ ਬਾਰੇ ਜਿਹੜੀ ਰਿਪੋਰਟ ਨਸ਼ਰ ਹੋਈ ਹੈ, ਉਸ ਨੇ ਅਡਾਨੀ ਦੇ ਕਾਰੋਬਾਰ ਨੂੰ ਵੀ ਤਕੜਾ ਹਿਲੂਣਾ ਦਿੱਤਾ ਹੈ। ਅਡਾਨੀ ਨੇ ਵੀ ਇਹ ਰਿਪੋਰਟ ਨਸ਼ਰ ਕੀਤੇ ਜਾਣ ਨੂੰ ਭਾਰਤ ਦੀ ਅਖੰਡਤਾ 'ਤੇ ਹਮਲਾ ਕਰਾਰ ਦੇਣ ਦਾ ਯਤਨ ਕੀਤਾ ਪਰ ਇਸ ਮਾਮਲੇ ਵਿਚ ਉਸ ਦਾ ਹਾਲ ਵੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵਾਲਾ ਹੀ ਹੋਇਆ ਹੈ। ਅਸਲ ਵਿਚ ਇਨ੍ਹਾਂ ਦੋਹਾਂ ਮਾਮਲਿਆਂ ਵਿਚ ਜੋ ਤੱਥ ਅਤੇ ਹਕੀਕਤਾਂ ਸਾਹਮਣੇ ਆ ਰਹੀਆਂ ਹਨ, ਉਹ ਥੋੜ੍ਹਾ ਕੀਤਿਆਂ ਸੁੱਟ ਪਾਉਣ ਵਾਲੀਆਂ ਨਹੀਂ। ਇਸੇ ਕਰ ਕੇ ਇਨ੍ਹਾਂ ਮਾਮਲਿਆਂ ਨੂੰ ਦਬਾਉਣ ਦਾ ਸਰਕਾਰ ਅਤੇ ਗੌਤਮ ਅਡਾਨੀ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ। ਕੀ ਇਨ੍ਹਾਂ ਦੋਹਾਂ ਮਾਮਲਿਆਂ ਦਾ ਭਾਰਤ ਵਿਚ 2024 ਵਿਚ ਹੋ ਰਹੀਆਂ ਲੋਕ ਸਭਾ ਚੋਣਾਂ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਹੈ? ਇਸ ਬਾਰੇ ਅਜੇ ਕਿਆਸਆਰਾਈਆਂ ਹੀ ਚੱਲ ਰਹੀਆਂ ਹਨ। ਸੰਭਵ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਮਾਮਲਿਆਂ ਦੀ ਤਸਵੀਰ ਕੁਝ ਹੋਰ ਸਾਫ ਹੋ ਜਾਵੇ।

ਇਨ੍ਹਾਂ ਦੋਹਾਂ ਮਾਮਲਿਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੂੰ ਤਕੜਾ ਝਟਕਾ ਦਿੱਤਾ ਹੈ। ਜਿਹੜੇ ਸਵਾਲ ਬੀ.ਬੀ.ਸੀ. ਦੀ ਦਸਤਾਵੇਜ਼ੀ ਵਿਚ ਉਠਾਏ ਗਏ ਹਨ, ਉਨ੍ਹਾਂ ਦਾ ਜਵਾਬ ਨਾ ਕਦੀ ਨਰਿੰਦਰ ਮੋਦੀ ਅਤੇ ਨਾ ਹੀ ਭਾਰਤੀ ਜਨਤਾ ਪਾਰਟੀ ਨੇ ਦਿੱਤਾ ਹੈ। ਇਸ ਦਸਤਾਵੇਜ਼ੀ ਨੇ ਮੁੱਖ ਰੂਪ ਵਿਚ ਨਰਿੰਦਰ ਮੋਦੀ ਦੀ ਕਾਰਜ ਸ਼ੈਲੀ 'ਤੇ ਸਵਾਲ ਉਠਾਏ ਹਨ। ਅਜਿਹਾ ਕਰਦਿਆਂ 2002 ਵਿਚ ਮੁਸਲਮਾਨਾਂ ਦੇ ਹੋਏ ਕਤਲੇਆਮ ਨੂੰ ਕੇਂਦਰ ਵਿਚ ਰੱਖਿਆ ਹੈ। ਇਹ ਤੱਥ ਗਾਹੇ-ਬਗਾਹੇ ਮੀਡੀਆ ਅਤੇ ਕੁਝ ਹੋਰ ਮੰਚਾਂ ਉਤੇ ਉਭਰਦੇ ਰਹੇ ਹਨ ਪਰ ਮੋਦੀ ਦੀ ਤਾਕਤ ਹੀ ਅਜਿਹੀ ਬਣੀ ਕਿ ਹਰ ਵਾਰ ਇਨ੍ਹਾਂ ਸਵਾਲਾਂ ਨੂੰ ਦਰਕਿਨਾਰ ਕਰ ਦਿੱਤਾ ਗਿਆ। ਫਿਰ ਇਨ੍ਹਾਂ ਸਵਾਲਾਂ ਤੋਂ ਬਚਣ ਲਈ ਕਾਨੂੰਨੀ ਰਾਹ ਅਖਤਿਆਰ ਕੀਤਾ ਗਿਆ ਅਤੇ ਅਦਾਲਤ ਤੋਂ ਕਲੀਨ ਚਿੱਟ ਹਾਸਲ ਕਰ ਲਈ ਗਈ।ਉਧਰ, ਗੌਤਮ ਅਡਾਨੀ ਦੀ ਕੰਪਨੀ ਅਡਾਨੀ ਇੰਟਰਪ੍ਰਾਈਜ਼ਜ਼ ਦੇ ਫਾਲੋ-ਅੱਪ ਪਬਲਿਕ ਆਫਰ ਤਹਿਤ ਜਾਰੀ ਕੀਤੇ 20,000 ਕਰੋੜ ਰੁਪਏ ਦੇ ਸ਼ੇਅਰ ਭਾਵੇਂ ਸਮੇਂ ਸਿਰ ਵਿਕ ਗਏ ਪਰ ਹਿੰਡਨਬਰਗ ਰਿਸਰਚ ਦੀ ਰਿਪੋਰਟ ਨੇ ਇਸ ਅਦਾਰੇ ਨੂੰ ਤਕੜਾਖੋਰਾ ਲਾਇਆ ਹੈ। ਅਡਾਨੀ ਗਰੁੱਪ ਦੀਆਂ ਕੰਪਨੀਆਂ ਦੇ ਸ਼ੇਅਰ ਡਿੱਗਣ ਨਾਲ ਇਸ ਦਾ ਹੁਣ ਤੱਕ 70 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ। ਹਿੰਡਨਬਰਗ ਰਿਸਰਚ ਅਮਰੀਕਾ ਵਿਚ ਨਾਥਨ ਐਂਡਰਸਨ ਦੀ ਬਣਾਈ ਸੰਸਥਾ ਹੈ ਜਿਹੜੀ ਕਾਰਪੋਰੇਟ ਅਦਾਰਿਆਂ ਦੇ ਕੰਮ-ਕਾਜ ਕਰਨ ਦੇ ਤਰੀਕਿਆਂ ਬਾਰੇ ਖੋਜ ਕਰਦੀ ਹੈ। 2017 ਵਿਚ ਬਣੀ ਇਹ ਸੰਸਥਾ ਬਿਜਲਈ ਵਾਹਨ ਬਣਾਉਣ ਵਾਲੀ ਅਮਰੀਕੀ ਕੰਪਨੀ ਨਿਕੋਲਾ ਕਾਰਪੋਰੇਸ਼ਨ, ਸਿਹਤ ਬੀਮਾ ਕਰਨ ਵਾਲੀ ਅਮਰੀਕੀ ਕੰਪਨੀ ਕਲੋਵਰ ਹੈਲਥ, ਖੇਡਾਂ ਬਾਰੇ ਸੱਟਾ ਲਗਾਉਣ ਵਾਲੀ ਕੰਪਨੀ ਡਰਾਫਕਿੰਗਜ਼, ਊਰਜਾ ਕੰਪਨੀ ਔਰਮੈਟ ਟੈਕਨਾਲੋਜੀ ਅਤੇ ਕਈ ਹੋਰ ਕਾਰਪੋਰੇਟ ਅਦਾਰਿਆਂ ਬਾਰੇ ਖੋਜ ਕਰ ਚੁੱਕੀ ਹੈ। ਇਸ ਨੇ ਇਨ੍ਹਾਂ ਕੰਪਨੀਆਂ ਦੇ ਗ਼ੈਰ-ਕਾਨੂੰਨੀ ਕੰਮਾਂ ਦਾ ਪਰਦਾਫਾਸ਼ ਕੀਤਾ ਹੈ।ਰਿਪੋਰਟ ਤੋਂ ਬਾਅਦ ਅਡਾਨੀ ਗਰੁੱਪ ਦੀਆਂ ਕੰਪਨੀਆਂ ਦੇ ਸ਼ੇਅਰਾਂ ਵਿਚ ਵੀ ਤਕੜੀ ਗਿਰਾਵਟ ਆਈ ਹੈ।

ਸਿਆਸੀ ਵਿਸ਼ਲੇਸ਼ਕਾਰ ਇਨ੍ਹਾਂ ਦੋਹਾਂ ਘਟਨਾਵਾਂ ਨੂੰ ਤੀਜੀ ਘਟਨਾ ਨਾਲ ਜੋੜ ਕੇ 2024 ਵਾਲੀਆਂ ਲੋਕ ਸਭਾ ਚੋਣਾਂ ਦੇ ਪ੍ਰਸੰਗ ਵਿਚ ਵਾਚ ਰਹੇ ਹਨ। ਤੀਜੀ ਘਟਨਾ ਕਾਂਗਰਸ ਆਗੂ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਹੈ। ਪਹਿਲਾਂ-ਪਹਿਲਾਂ ਤਾਂ ਇਹ ਭਾਸ ਰਿਹਾ ਸੀ ਕਿ ਇਹ ਯਾਤਰਾ ਰਾਹੁਲ ਗਾਂਧੀ ਨੂੰ ਇਕਵਾਰ ਫਿਰ ਕਾਂਗਰਸ ਦਾ ਆਗੂ ਸਥਾਪਿਤ ਕਰਨ ਦੀ ਹੀ ਕਵਾਇਦ ਹੈ ਪਰ ਜਿਉਂ-ਜਿਉਂ ਇਹ ਯਾਤਰਾ ਅੱਗੇ ਵਧਦੀ ਗਈ, ਸਿਆਸੀ ਵਿਸ਼ਲੇਸ਼ਕਾਂ ਦੇ ਵਿਚਾਰ ਵੀ ਬਦਲਦੇ ਗਏ। ਹੁਣ ਇਨ੍ਹਾਂ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਯਾਤਰਾ ਰਾਹੀਂ ਭਾਰਤੀ ਜਨਤਾ ਪਾਰਟੀ ਦੀ ਫਿਰਕੂ, ਜ਼ਹਿਰੀਲੀ ਅਤੇ ਫੁੱਟ-ਪਾਊ ਸਿਆਸਤ ਨੂੰ ਸਿੱਧਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਰਤੀ ਜਨਤਾ ਪਾਰਟੀ ਪਿਛਲੇ ਕੁਝ ਸਮੇਂ ਤੋਂ ਕਾਂਗਰਸ-ਮੁਕਤ ਭਾਰਤ ਦੇ ਨਆਰੇ ਮਾਰ ਰਹੀ ਹੈ। ਜਥੇਬੰਦਕ ਪੱਧਰ 'ਤੇ ਅਤੇ ਵੱਖ-ਵੱਖ ਸੂਬਿਆਂ ਵਿਚ ਕਾਂਗਰਸ ਦੀ ਕਾਰਗੁਜ਼ਾਰੀ ਤੋਂ ਇਹ ਜਾਪਣ ਲੱਗ ਪਿਆ ਸੀ ਕਿ ਸੱਚਮੁੱਚ ਕਾਂਗਰਸ ਹੁਣ ਉਠਣ ਜੋਗੀ ਨਹੀਂ ਪਰ ਜਿਸ ਤਰ੍ਹਾਂ ਦੀ ਮਾਰੂ ਸਿਆਸਤ ਭਾਰਤੀ ਜਨਤਾ ਪਾਰਟੀ ਲਗਾਤਾਰ ਕਰ ਰਹੀ ਹੈ ਅਤੇ ਘੱਟਗਿਣਤੀਆਂ ਨਾਲ ਮਾੜਾ ਵਿਹਾਰ ਕਰ ਰਹੀ ਹੈ, ਉਸ ਨੇ ਕਾਂਗਰਸ ਅਤੇ ਖੇਤਰੀ ਪਾਰਟੀ ਲਈ ਸਿਆਸਤ ਕਰਨ ਦੀ ਗੁੰਜਾਇਸ਼ ਇਕ ਵਾਰ ਫਿਰ ਜਗਾ ਦਿੱਤੀ ਹੈ। ਹੁਣ ਜੇ ਕਾਂਗਰਸ ਅਤੇ ਖੇਤਰੀ ਪਾਰਟੀਆਂ ਬੀ.ਬੀ.ਸੀ. ਵਾਲੀ ਦਸਤਾਵੇਜ਼ੀ ਅਤੇ ਗੌਤਮ ਅਡਾਨੀ ਵਾਲੀ ਕਾਰੋਬਾਰੀ ਜਆਲਸਾਜ਼ੀ ਨੂੰ ਸਿਆਸੀ ਪਿੜ ਵਿਚ ਕਾਰਗਰ ਢੰਗ ਨਾਲ ਵਰਤ ਲੈਂਦੀਆਂ ਹਨ ਤਾਂ 2024 ਵਾਲੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਸਹਿਜੇ ਹੀ ਵੱਡੀ ਵੰਗਾਰ ਦਿੱਤੀ ਜਾ ਸਕਦੀ ਹੈ। ਹੁਣ ਮਸਲਾ ਸਮੁੱਚੀ ਵਿਰੋਧੀ ਧਿਰ ਦੇ ਆਪਸੀ ਤਾਲਮੇਲ ਦਾ ਹੈ। ਸੰਸਾਰ ਦੇ ਬਹੁਤੇ ਮੁਲਕਾਂ ਵਿਚ ਭਾਵੇਂ ਪਿਛਲੇ ਸਮੇਂ ਦੌਰਾਨ ਸੱਜੇ ਪੱਖੀ ਸਰਕਾਰ ਹੋਂਦ ਵਿਚ ਆਈਆਂ ਹਨ ਪਰ ਬੀ.ਬੀ.ਸੀ. ਦਸਤਾਵੇਜ਼ੀ ਅਤੇ ਗੌਤਮ ਅਡਾਨੀ ਦੀਆਂ ਧੋਖਾਧੜੀਆਂ ਨਸ਼ਰ ਹੋਣਾ ਇਹ ਸੰਕੇਤ ਦੇ ਰਿਹਾ ਹੈ ਕਿ ਕੌਮਾਂਤਰੀ ਪੱਧਰ 'ਤੇ ਇਹ ਸੋਚ ਕੰਮ ਕਰ ਰਹੀ ਹੈ ਕਿ ਮੋਦੀ ਵਰਗਾ ਲੀਡਰ ਭਾਰਤ ਲਈ ਮਾਰੂ ਸਾਬਤ ਹੋ ਰਿਹਾ ਹੈ। ਇਸ ਸਮੁੱਚੀ ਸਿਆਸਤ ਦੀਆਂ ਗੁੰਝਲਾਂ ਆਉਣ ਵਾਲੇ ਸਮੇਂ ਵਿਚ ਖੁੱਲ੍ਹਣ 'ਤੇ ਹੀ ਹਕੀਕਤ ਸਾਹਮਣੇ ਆਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੈਰੋਲ ਦਾ ਹੱਕਦਾਰ ?

ਹੁੰਦੇ 'ਹੱਥ' ਸਰਕਾਰਾਂ ਦੇ ਬਹੁਤ ਲੰਮੇ, ਨਿਆਂ-ਪ੍ਰਣਾਲੀ ਨੂੰ ਦਿੰਦੇ ਨੇ ਰੋਲ ਮੀਆਂ।
'ਕਾਰੇ' ਕਰੇ ਕੋਈ ਭਾਵੇਂ ਮੁਸ਼ਟੰਡਿਆਂ ਦੇ, 'ਬਾਬਾ-ਵਾਦ' ਦੇ ਨਾਲ਼ ਹੀ ਤੋਲ ਮੀਆਂ।
ਅੱਖੀਂ ਘੱਟਾ ਕਾਨੂੰਨ ਦੇ ਪਾਉਣ ਵਾਲ਼ੇ, 'ਚੋਰ-ਮੋਰੀਆਂ' ਲੈਂਦੇ ਹਨ ਟੋਲ੍ਹ ਮੀਆਂ।
ਬੋਕ-ਰਾਜ ਹੀ ਭਾਵੇਂ ਹੁਣ ਆਖੀਏ ਜੀ, ਲੋਕ ਰਾਜ ਦਾ ਲਹਿ ਗਿਆ ਖੋਲ ਮੀਆਂ।
'ਸੂਓ-ਮੋਟੋ' ਦੇ ਕੰਨ ਵੀ ਖੋਲ੍ਹਦਾ ਨਹੀਂ, ਵੱਜ ਰਿਹਾ ਅਨਿਆਂ ਦਾ ਢੋਲ ਮੀਆਂ।
'ਵੋਟ-ਬੈਂਕ' ਜੋ 'ਭੇਡਾਂ' ਦਾ ਰੱਖਦਾ ਐ, ਮਿਲ਼ ਜਾਂਦੀ ਐ ਉਹਨੂੰ 'ਪੈਰੋਲ' ਮੀਆਂ!

# ਆਮ ਆਦਮੀ ਕਲੀਨਿਕਾਂ ਰਾਹੀਂ ਨਿੱਜੀਕਰਨ ਦਾ ਕੁਹਾੜਾ

***ਮੁਹੱਲਾ ਕਲੀਨਿਕ ਜਾਂ ਆਮ ਆਦਮੀ ਕਲੀਨਿਕ ਹਕੀਕੀ ਤੌਰ 'ਤੇ ਸਿਹਤ ਖੇਤਰ ਵਿਚ ਨਿੱਜੀਕਰਨ ਦਾ ਹੀ ਇਕ ਪੜਾਅ ਹਨ। ਕਲੀਨਿਕ ਵਿਚ ਤਾਇਨਾਤ ਡਾਕਟਰ, ਫਾਰਮਾਸਿਸਟ, ਕਲੀਨਿਕਲ ਅਸਿਸਟੈਂਟ ਅਤੇ ਸਵੀਪਰ-ਕਮ-ਹੈਲਪਰ ਸਭ ਠੇਕਾ ਆਧਾਰ 'ਤੇ ਨਿਯੁਕਤ ਕੀਤੇ ਗਏ ਹਨ। ਇਨ੍ਹਾਂ ਸਭਨਾਂ ਨੂੰ ਕੋਈ ਪੱਕੀ ਤਨਖਾਹ ਜਾ ਭੱਤਾ ਨਹੀਂ ਮਿਲਣਗੇ ਬਲਕਿ ਕਲੀਨਿਕਾਂ ਵਿਚ ਇਲਾਜ ਲਈ ਪਹੁੰਚਦੇ ਮਰੀਜ਼ਾਂ ਦੀ ਗਿਣਤੀ ਮੁਤਾਬਿਕ ਇਨ੍ਹਾਂ ਦੀ ਤਨਖਾਹ ਤੈਅ ਹੋਵੇਗੀ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

27 ਜਨਵਰੀ ਦੇ ਦਿਨ ਅੰਮ੍ਰਿਤਸਰ ਵਿਚ ਸਮਾਗਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 400 ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ। ਪਿਛਲੇ ਸਾਲ 15 ਅਗਸਤ ਨੂੰ ਵੀ ਪੰਜਾਬ ਸਰਕਾਰ ਅਜਿਹੇ 100 ਕਲੀਨਿਕਾਂ ਦੀ ਸ਼ੁਰੂਆਤ ਕਰ ਚੁੱਕੀ ਹੈ। ਪੰਜ ਮਹੀਨੇ ਪਹਿਲਾਂ ਸ਼ੁਰੂ ਕੀਤੇ ਜ਼ਿਆਦਾਤਰ ਕਲੀਨਿਕ ਸੁਵਿਧਾ ਕੇਂਦਰਾਂ ਦੀਆਂ ਇਮਾਰਤਾਂ 'ਤੇ ਰੰਗ ਰੋਗਣ ਕਰ ਕੇ ਚਾਲੂ ਕੀਤੇ ਸਨ; ਹੁਣ ਸ਼ੁਰੂ ਕੀਤੇ ਜ਼ਿਆਦਾਤਰ ਕਲੀਨਿਕ ਪਹਿਲਾਂ ਹੀ ਚੱਲ ਰਹੀਆਂ ਪੀ.ਐਚ.ਸੀ., ਡਿਸਪੈਂਸਰੀਆਂ ਜਿਹੇ ਸਿਹਤ ਕੇਂਦਰਾਂ 'ਤੇ ਰੰਗ ਰੋਗਣ ਕਰ ਕੇ ਖੋਲ੍ਹ ਦਿੱਤੇ ਹਨ। ਵਿਰੋਧੀ ਪਾਰਟੀਆਂ ਦਾ ਵਿਰੋਧ ਤਾਂ ਸਿਰਫ ਰੰਗ ਰੋਗਣ ਕਰ ਕੇ ਨਾਮ ਬਦਲਣ ਤੱਕ ਸੀਮਤ ਹੈ ਪਰ ਇਸ ਗੰਭੀਰ ਮਸਲੇ ਦੀਆਂ ਤਹਿਆਂ ਫਰੋਲਣਾ ਸਮੇਂ ਲੋੜ ਹੈ ਕਿਉਂਕਿ ਮਸਲਾ ਸਿਰਫ ਰੰਗ ਕਰ ਕੇ ਨਾਮਕਰਨ ਦਾ ਹੀ ਨਹੀਂ ਬਲਕਿ ਸਰਕਾਰ ਦੇ ਇਸ ਕਦਮ ਵਿਚੋਂ ਨਿੱਜੀਕਰਨ ਦੇ ਝਲਕਾਰੇ ਵੀ ਪੈ ਰਹੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦਾ ਸਿਹਤ ਢਾਂਚਾ ਬੁਰੀ ਤਰ੍ਹਾਂ ਲੜਖੜਾ ਚੁੱਕਾ ਹੈ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ), ਭਾਜਪਾ ਵਰਗੀਆਂ ਰਵਾਇਤੀ ਪਾਰਟੀਆਂ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਸਰਕਾਰੀ ਹਸਪਤਾਲ ਡਾਕਟਰਾਂ, ਪੈਰਾ-ਮੈਡੀਕਲ ਸਟਾਫ ਸਮੇਤ ਦਵਾਈਆਂ ਤੇ ਟੈਸਟ ਮਸ਼ੀਨਾਂ ਦੀ ਵੱਡੀ ਘਾਟ ਨਾਲ ਜੂਝ ਰਹੇ ਹਨ। 'ਆਪ' ਸਰਕਾਰ ਇਸ ਸਿਹਤ ਢਾਂਚੇ ਦੀਆਂ ਘਾਟਾਂ ਦਰੁਸਤ ਕਰਨ ਦੀ ਬਜਾਇ ਇਸ ਸਰਕਾਰੀ ਢਾਂਚੇ ਦੀ ਬੁਨਿਆਦ 'ਤੇ ਹੀ ਸੱਟ ਮਾਰ ਰਹੀ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ 'ਆਪ' ਸਰਕਾਰ ਲੋਕਾਂ ਨੂੰ ਕੁਨੀਨ ਦੀ ਕੌੜੀ ਗੋਲੀ 'ਤੇ ਖੰਡ ਦਾ ਲੇਪ ਚਾੜ੍ਹ ਕੇ ਪੇਸ਼ ਕਰ ਰਹੀ ਹੈ।

'ਆਪ' ਸਰਕਾਰ ਨੇ ਭਾਵੇਂ ਆਪਣੇ ਇਸ ਪ੍ਰੋਜੈਕਟ ਦੇ ਪ੍ਰਚਾਰ ਲਈ ਲੱਖਾਂ ਰੁਪਏ ਇਸ਼ਤਿਹਾਰਾਂ 'ਤੇ ਖਰਚੇ ਹਨ, ਫਿਰ ਵੀ ਕਲੀਨਿਕਾਂ ਦਾ ਉਦਘਾਟਨ ਕਰਨ ਪਹੁੰਚੇ ਕੈਬਨਿਟ ਮੰਤਰੀਆਂ/ਵਿਧਾਇਕਾਂ ਨੂੰ ਬਹੁਤੇ ਪਿੰਡਾਂ ਵਿਚ ਲੋਕਾਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਸੂਬਾ ਸਰਕਾਰ ਨੇ ਕਲੀਨਿਕ ਬਣਾਉਣ ਲਈ ਇੱਕ ਵੀ ਬਿਲਡਿੰਗ ਨਵੀਂ ਨਹੀਂ ਉਸਾਰੀ ਬਲਕਿ ਚਾਲੂ ਹਾਲਤ ਵਾਲੀਆਂ ਪੁਰਾਣੀਆਂ ਬਿਲਡਿੰਗਾਂ 'ਤੇ ਰੰਗ ਰੋਗਣ ਕਰ ਕੇ 'ਆਮ ਆਦਮੀ ਕਲੀਨਿਕ' ਲਿਖ ਦਿੱਤਾ ਹੈ। ਕਈ ਪਿੰਡਾਂ ਵਿਚ ਲੋਕਾਂ ਨਾਲ ਧੋਖਾ ਇਹ ਹੋਇਆ ਹੈ ਕਿ ਮੁੱਢਲਾ ਸਿਹਤ ਕੇਂਦਰ (ਪੀ.ਐਚ.ਸੀ.) ਦਾ ਨਾਮ ਬਦਲ ਕੇ ਕਲੀਨਿਕ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਅਸਿੱਧੇ ਢੰਗ ਨਾਲ ਸਰਕਾਰ ਨੇ ਸਿਹਤ ਕੇਂਦਰ ਦੀ ਅਹੁਦਾ ਘਟਾਈ ਕਰ ਕੇ ਉਸ ਨੂੰ ਸੀਮਤ ਸਟਾਫ ਵਾਲੇ ਕਲੀਨਿਕ ਵਿਚ ਤਬਦੀਲ ਕਰ ਦਿੱਤਾ ਹੈ।

ਮੁਹੱਲਾ ਕਲੀਨਿਕ ਜਾਂ ਆਮ ਆਦਮੀ ਕਲੀਨਿਕ ਹਕੀਕੀ ਤੌਰ 'ਤੇ ਸਿਹਤ ਖੇਤਰ ਵਿਚ ਨਿੱਜੀਕਰਨ ਦਾ ਅਹਿਮ ਰੂਪ ਹਨ। ਕਲੀਨਿਕ ਵਿਚ ਰੱਖਿਆ ਡਾਕਟਰ, ਫਾਰਮਾਸਿਸਟ, ਕਲੀਨਿਕਲ ਅਸਿਸਟੈਂਟ ਅਤੇ ਸਵੀਪਰ-ਕਮ-ਹੈਲਪਰ ਸਭ ਠੇਕਾ ਆਧਾਰ 'ਤੇ ਨਿਯੁਕਤ ਕੀਤੇ ਗਏ ਹਨ। ਇਹਨਾਂ ਡਾਕਟਰਾਂ ਸਮੇਤ ਕਿਸੇ ਪੈਰਾ-ਮੈਡੀਕਲ ਸਟਾਫ਼ ਨੂੰ ਕੋਈ ਪੱਕੀ ਤਨਖ਼ਾਹ ਜਾਂ



ਭੱਤਾ ਨਹੀਂ ਬਲਕਿ ਕਲੀਨਿਕਾਂ ਵਿਚ ਇਲਾਜ ਲਈ ਪਹੁੰਚਦੇ ਮਰੀਜ਼ਾਂ ਦੀ ਗਿਣਤੀ ਮੁਤਾਬਕ ਇਨ੍ਹਾਂ ਦੀ ਤਨਖ਼ਾਹ ਤੈਅ ਹੋਵੇਗੀ।

ਘੱਟ ਮਰੀਜ਼ ਆਉਣ 'ਤੇ ਵੀ ਘੱਟੋ-ਘੱਟ 50 ਮਰੀਜ਼ਾਂ ਦੇ ਆਧਾਰ ਉੱਤੇ ਤਨਖ਼ਾਹ ਤੈਅ ਹੋਵੇਗੀ ਜਿਵੇਂ ਡਾਕਟਰ ਨੂੰ 50 ਰੁਪਏ ਪ੍ਰਤੀ ਮਰੀਜ਼, ਫਾਮਰਸਿਸਟਾਂ ਨੂੰ 12 ਰੁਪਏ ਪ੍ਰਤੀ ਮਰੀਜ਼ ਅਤੇ ਕਲੀਨਿਕ ਅਸਿਸਟੈਂਟ ਲਈ 11 ਰੁਪਏ ਪ੍ਰਤੀ ਮਰੀਜ਼ ਦੇਣ ਦੀ ਤਜਵੀਜ਼ ਹੈ ਹਾਲਾਂਕਿ ਇੱਕ ਵਾਰ ਤਾਂ ਸਰਕਾਰ ਕੁਝ ਕਲੀਨਿਕਾਂ ਵਿਚ ਡਾਕਟਰ ਇੱਧਰੋਂ-ਉੱਧਰੋਂ ਹੀ ਸ਼ਿਫਟ ਕਰ ਕੇ ਭੇਜ ਦਿੱਤੇ ਹਨ।

ਮਸ਼ਹੂਰ ਕਹਾਵਤ ਹੈ ਕਿ 'ਜਿਹੜੇ ਰੋਗ ਨਾਲ ਬੱਕਰੀ ਮਰ ਗਈ, ਉਹੀ ਰੋਗ ਪਠੋਰੇ ਨੂੰ'; ਸਰਕਾਰਾਂ ਦੀ ਨਿਗੂਣੀਆਂ ਤਨਖਾਹਾਂ ਵਾਲੀ ਠੇਕਾਂ ਆਧਾਰਿਤ ਭਰਤੀ ਤੋਂ ਅੱਕ ਕੇ ਤਾਂ ਦੇਸ਼ ਦੇ ਡਾਕਟਰ, ਸਟਾਫ ਨਰਸਾਂ, ਫਾਰਮਾਸਿਸਟ, ਲੈਬ ਤਕਨੀਸ਼ੀਅਨ ਪਹਿਲਾਂ ਹੀ ਵਿਕਸਿਤ ਮੁਲਕਾਂ ਵੱਲ ਪਰਵਾਸ ਕਰ ਰਹੇ ਹਨ। ਬੌਧਿਕ ਹੂੰਝੇ (ਬਰੇਨ-ਡਰੇਨ) ਵਾਲੇ ਇਸ ਪਰਵਾਸ ਨੂੰ ਰੋਕਣ ਲਈ ਸਥਿਰ ਰੁਜ਼ਗਾਰ ਵਾਲੀ ਠੋਸ ਨੀਤੀ ਲਿਆਉਣ ਦੀ ਥਾਂ ਬਦਲਾਓਅ ਵਾਲੀ 'ਆਪ' ਸਰਕਾਰ ਪਿਛਲੀਆਂ ਸਰਕਾਰਾਂ ਵਾਲੇ ਰਸਤੇ ਨਿੱਜੀਕਰਨ ਨੂੰ ਹੋਰ ਪੱਕੇ ਪੈਰੀਂ ਕਰਨ ਦੇ ਰਾਹ ਤੁਰ ਪਈ ਹੈ। ਪੰਜ ਮਹੀਨੇ ਪਹਿਲਾਂ ਕਲੀਨਿਕਾਂ 'ਚ ਭਰਤੀ ਕੀਤੇ ਕਈ ਡਾਕਟਰ ਤਾਂ ਸੂਬਾ ਸਰਕਾਰ ਦੀ ਠੇਕਾ ਨੀਤੀ ਅਤੇ ਕਲੈਰੀਕਲ ਕੰਮ ਦੇ ਬੋਝ ਤੋਂ ਅੱਕ ਕੇ ਨੌਕਰੀ ਛੱਡ ਚੁੱਕੇ ਹਨ। ਸਰਕਾਰ ਨਮੋਸ਼ੀ ਦੇ ਡਰੋਂ ਉਨ੍ਹਾਂ ਦੀ ਥਾਂ ਪੁਰਾਣੇ ਡਾਕਟਰ ਡੈਪੂਟੇਸ਼ਨ 'ਤੇ ਭੇਜ ਰਹੀ ਹੈ ਤੇ ਜਿਸ ਸਿਹਤ ਕੇਂਦਰ ਵਿਚੋਂ ਡਾਕਟਰ ਭੇਜਿਆ ਜਾਂਦਾ ਹੈ, ਉੱਥੇ ਕੰਮ ਰੁਕ ਜਾਂਦਾ ਹੈ।

ਇਨ੍ਹਾਂ ਕਲੀਨਿਕਾਂ ਵਿਚ ਮਰੀਜ਼ ਦਾਖਲ ਕਰਨ ਜਾਂ ਅਪ੍ਰੇਸ਼ਨ ਦੀ ਕੋਈ ਸਹੂਲਤ ਨਹੀਂ ਹੈ। ਡਾਕਟਰ ਦਿਨ ਸਮੇਂ ਸਿਰਫ ਛੇ ਘੰਟੇ ਡਿਊਟੀ ਦੇਵੇਗਾ ਤੇ ਉਸ ਡਿਊਟੀ ਸਮੇਂ ਤੋਂ ਬਾਅਦ ਜਾਂ ਪਹਿਲਾਂ ਉਸ ਨੂੰ ਆਪਣੀ ਪ੍ਰਾਈਵੇਟ ਪ੍ਰੈਕਿਟਸ ਕਰਨ ਦੀ ਖੁੱਲ੍ਹ ਹੈ। ਪੰਜਾਬ ਵਿਚ ਇਸ ਤਰ੍ਹਾਂ ਦੇ ਪਹਿਲਾਂ ਵੀ ਕਈ ਸਿਹਤ ਕੇਂਦਰ ਮੌਜੂਦ ਹਨ ਪਰ ਉਹ ਸਿਰਫ 'ਰੈਫਰ ਹਸਪਤਾਲ' ਬਣ ਕੇ ਰਹਿ ਗਏ ਹਨ। ਪੰਜਾਬ ਇਸ ਸਮੇਂ ਕੈਂਸਰ, ਕਾਲਾ ਪੀਲੀਆ, ਮਾਨਸਿਕ ਰੋਗਾਂ ਜਿਹੀਆਂ ਗੰਭੀਰ ਬਿਮਾਰੀਆਂ ਨਾਲ ਜੂਝ ਰਿਹਾ ਹੈ; ਇਸ ਤੋਂ ਇਲਾਵਾ ਕਈ ਮਾਮਲਿਆਂ ਵਿਚ ਵੱਡੇ ਅਪ੍ਰੇਸ਼ਨਾਂ ਦੀ ਲੋੜ ਪੈਂਦੀ ਹੈ ਤੇ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਜ਼ਿਲ੍ਹਾ ਹਸਪਤਾਲਾਂ ਤੇ ਮੈਡੀਕਲ ਕਾਲਜਾਂ ਨੂੰ ਹੋਰ ਵੱਧ ਸਮਰੱਥਾ ਵਾਲੇ ਬਣਾਉਣ ਦੀ ਲੋੜ ਹੈ ਪਰ ਸਰਕਾਰ ਕਲੀਨਿਕ ਬਣਾਉਣ ਦੇ ਰਾਹ ਤੁਰ ਪਈ ਹੈ। ਨਵੇਂ ਖੁੱਲ੍ਹੇ ਕਲੀਨਿਕ ਸਿਰਫ ਮੁੱਢਲੀਆਂ ਸਿਹਤ ਸਹੂਲਤਾਂ ਦੇਣ ਦੇ ਹੀ ਸਮਰੱਥ ਹਨ, ਤੇ ਮੁੱਢਲੀਆਂ ਸਿਹਤ ਸਹੂਲਤਾਂ ਦੇਣ ਦਾ ਕੰਮ ਤਾਂ ਸਰਕਾਰ ਹਰ ਪਿੰਡ/ਮੁਹੱਲੇ ਵਿਚ ਕੰਮ ਕਰਦੀਆਂ ਆਸ਼ਾ ਵਰਕਰਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਦੇਣ ਦੀ ਟਰੇਨਿੰਗ ਦੇ ਕੇ ਹੀ ਸਾਰ ਸਕਦੀ ਹੈ।

ਪੰਜਾਬ ਅਜਿਹਾ ਸੂਬਾ ਹੈ ਜਿੱਥੇ ਡਿਸਪੈਂਸਰੀਆਂ, ਸਬ ਸੈਂਟਰਾਂ, ਪੀ.ਐਚ.ਸੀ., ਸੀ.ਐਚ.ਸੀ., ਦਿਹਾਤੀ ਹਸਪਤਾਲ, ਜ਼ਿਲ੍ਹਾ ਹਸਪਤਾਲਾਂ ਦਾ ਪੂਰਾ ਢਾਂਚਾ ਮੌਜੂਦ ਹੈ। ਪੰਜਾਬ ਵਿਚ ਤਾਂ ਹਸਪਤਾਲਾਂ ਦੀਆਂ ਅਨੇਕਾਂ ਬਿਲਡਿੰਗਾਂ ਦਾਨੀ ਸੱਜਣਾਂ ਨੇ ਜ਼ਮੀਨ ਦਾਨ ਕਰ ਕੇ ਉਸਾਰੀਆਂ ਹਨ। ਜੇ ਸਰਕਾਰ ਦਾ ਮੰਤਵ ਲੋਕਾਂ ਤੱਕ ਸਿਹਤ ਸਹੂਲਤਾਂ ਹੀ ਪਹੁੰਚਾਉਣਾ ਹੁੰਦਾ ਤਾਂ ਸਰਕਾਰ ਪਹਿਲਾਂ ਚੱਲ ਰਹੇ ਸਾਰੇ, ਹਰ ਪੱਧਰ ਦੇ ਸਿਹਤ ਕੇਂਦਰਾਂ ਨੂੰ ਸਟਾਫ ਸਮੇਤ ਸਾਰੀਆਂ ਸਹੂਲਤਾਂ ਨਾਲ ਲੈਸ ਕਰਦੀ ਅਤੇ ਨਵੇਂ ਕਲੀਨਿਕ ਅਜਿਹੇ ਪਿੰਡਾਂ/ਬਸਤੀਆਂ ਵਿਚ ਖੋਲ੍ਹਦੀ ਜਿੱਥੇ ਪਹਿਲਾਂ ਕੋਈ ਸਿਹਤ ਕੇਂਦਰ ਨਹੀਂ ਹੈ ਪਰ ਇੱਥੇ ਤਾਂ ਮਸਲਾ ਠੇਕੇ 'ਤੇ ਸਟਾਫ ਭਰਤੀ ਕਰਦਿਆਂ ਆਮ ਆਦਮੀ ਪਾਰਟੀ ਦੇ ਸਿਆਸੀ ਬ੍ਰਾਂਡ 'ਮੁਹੱਲਾ ਕਲੀਨਿਕਾਂ' ਦੀ ਤਰਜ਼ 'ਤੇ ਪੰਜਾਬ ਵਿਚ ਆਮ ਆਦਮੀ ਕਲੀਨਿਕ ਥੋਪਣਾ ਹੈ। ਜਦ ਭਗਵੰਤ ਮਾਨ ਕਮੇਡੀ ਕਰਦੇ ਹੁੰਦੇ ਸਨ ਤਾਂ ਸਾਈਕਲਾਂ, ਐਂਬੂਲੈਂਸਾਂ ਵਗੈਰਾ 'ਤੇ ਮੁੱਖ ਮੰਤਰੀਆਂ ਦੀਆਂ ਲੱਗਦੀਆਂ ਤਸਵੀਰਾਂ ਦਾ ਮਜ਼ਾਕ ਉਡਾਉਂਦੇ ਹੁੰਦੇ ਸਨ, ਅਜਿਹਾ ਵਿਰੋਧ ਕਰਨਾ ਵੀ ਬਣਦਾ ਸੀ; ਮੁੱਖ ਮੰਤਰੀ ਕਿਹੜਾ ਆਪਣੇ ਘਰੋਂ ਸਹੂਲਤ ਦਿੰਦਾ ਹੈ ਪਰ ਹੁਣ ਜਦ ਉਹ ਖੁਦ ਮੁੱਖ ਮੰਤਰੀ ਬਣੇ ਹਨ ਤਾਂ ਹਰ ਕਲੀਨਿਕ 'ਤੇ ਭਗਵੰਤ ਮਾਨ ਦੀਆਂ ਤਸਵੀਰਾਂ ਭਗਵੰਤ ਮਾਨ ਦਾ ਮੂੰਹ ਚਿੜਾਉਂਦੀਆਂ ਜਾਪਦੀਆਂ ਹਨ।

ਸਿਹਤ ਅਤੇ ਸਿੱਖਿਆ ਦੋ ਅਜਿਹੇ ਬੁਨਿਆਦੀ ਖੇਤਰ ਹਨ ਜਿਨ੍ਹਾਂ ਤਹਿਤ ਲੋਕਾਂ ਨੂੰ ਮੁਫਤ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਰੂਸ ਦੇ ਇਨਕਲਾਬ ਤੋਂ ਸਿੱਖਦਿਆਂ ਦੁਨੀਆ ਭਰ ਵਿਚ ਮੁਫਤ ਸਿਹਤ ਸਹੂਲਤਾਂ ਦੇਣ ਦਾ ਰੁਝਾਨ ਚੱਲਿਆ ਪਰ ਹੌਲੀ-ਹੌਲੀ ਸੰਸਾਰ 'ਚ ਅਮਰੀਕਾ ਦੇ ਵਧੇ ਪ੍ਰਭਾਵ ਤੋਂ ਬਾਅਦ ਭਾਰਤ ਵਰਗੇ ਮੁਲਕਾਂ ਨੇ ਸਿਹਤ ਖੇਤਰ ਵਿਚ ਨਿੱਜੀਕਰਨ ਨੂੰ ਉਤਸ਼ਾਹਿਤ ਕਰਦਿਆਂ ਖੁਦ ਪੈਰ ਪਿਛਾਂਹ ਕਰਨੇ ਸ਼ੁਰੂ ਕਰ ਦਿੱਤੇ। ਇਹੋ ਕਾਰਨ ਹੈ ਕਿ ਕਰੋਨਾਵਾਇਰਸ ਦੇ ਦਿਨਾਂ ਵਿਚ ਅਮਰੀਕਾ ਵਰਗੇ ਕਹਿੰਦੇ ਕਹਾਉਂਦੇ ਪੂੰਜੀਵਾਦੀ ਮੁਲਕ ਵੀ ਆਪਣੇ ਲੋਕਾਂ ਨੂੰ ਬਣਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਵਿਚ ਅਸਫਲ ਰਹੇ। ਭਾਰਤ ਦੀਆਂ ਰਵਾਇਤੀ ਪਾਰਟੀਆਂ ਨਿੱਜੀਕਰਨ ਦੇ ਮਾਮਲੇ ਵਿਚ ਇੱਕਮੱਤ ਹਨ ਤੇ 'ਬਦਲਾਅ' ਦਾ ਹੋਕਾ ਦਿੰਦਿਆਂ 'ਸੱਤਾ' ਹਾਸਲ ਕਰਨ ਵਾਲੀ 'ਆਪ' ਦਾ ਚਿਹਰਾ ਵੀ ਇਸ ਮਾਮਲੇ ਵਿਚ ਬੇਪਰਦ ਹੋਇਆ ਹੈ।

ਪਿਛਲੇ ਦਿਨੀਂ ਪੰਜਾਬ ਦੇ ਕਈ ਸਰਕਾਰੀ ਹਸਪਤਾਲਾਂ ਵਿਚ ਕਰਸਨਾ ਲੈਬੋਰਟਰੀ ਦਾ ਸੂਬੇ ਦੇ ਕੈਬਨਿਟ ਮੰਤਰੀਆਂ ਨੇ ਇਹ ਕਹਿੰਦਿਆਂ ਉਦਘਾਟਨ ਕੀਤਾ ਹੈ ਕਿ ਇੱਥੇ ਬਾਜ਼ਾਰ ਨਾਲੋਂ ਸਸਤੇ ਭਾਅ 'ਤੇ ਸੀ.ਟੀ. ਸਕੈਨ, ਐਮ.ਆਰ.ਆਈ., ਟੈਸਟ ਆਦਿ ਹੋਇਆ

*(ਬਾਕੀ ਅਗਲੇ ਸਫੇ 'ਤੇ)*

# ਹਿੰਡਨਬਰਗ ਰਿਪੋਰਟ, ਅਡਾਨੀ ਦੀ ਸਲਤਨਤ ਅਤੇ ਮੋਦੀ ਸਰਕਾਰ

***ਹਿੰਡਨਬਰਗ ਰਿਸਰਚ ਨੇ ਗੌਤਮ ਅਡਾਨੀ ਦੇ ਕਾਰੋਬਾਰ ਬਾਰੇ ਤਿਆਰ ਕੀਤੀ ਰਿਪੋਰਟ ਵਿਚ ਜੋ ਖੁਲਾਸੇ ਕੀਤੇ ਹਨ, ਉਸ ਮੁਤਾਬਿਕ ਇਹ ਕਾਰਪੋਰੇਟ ਫਰਾਡ ਦੇ ਇਤਿਹਾਸ ਵਿਚ ਹੋਏ ਘਿਨਾਉਣੇ ਫਰਾਡਾਂ ਵਿਚੋਂ ਇਕ ਹੈ। ਹਿੰਡਨਬਰਗ ਰਿਸਰਚ ਦਾ ਦਾਅਵਾ ਹੈ ਕਿ ਅਡਾਨੀ ਗਰੁੱਪ ਵੱਲੋਂ ਦਹਾਕਿਆਂ ਤੋਂ ਕੀਤੀ ਜਾ ਰਹੀ ਅਕਾਊਂਟਿੰਗ ਧੋਖਾਧੜੀ, ਸਟਾਕ ਹੇਰਾਫੇਰੀ ਅਤੇ ਮਨੀ ਲਾਂਡਰਿੰਗ ਦਾ ਪਰਦਾਫਾਸ਼ ਕੀਤਾ ਗਿਆ ਹੈ। ਅਡਾਨੀ ਨੇ ਭਾਵੇਂ ਆਪਣੇ ਬਚਾ ਲਈ ਇਸ ਨੂੰ ਭਾਰਤ ਉਤੇ ਹਮਲਾ ਕਰਾਰ ਦਿੱਤਾ ਹੈ ਪਰ ਹਕੀਕਤ ਕੀ ਹੈ, ਇਸ ਬਾਰੇ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਚਰਚਾ ਕੀਤੀ ਹੈ।***

ਇਨ੍ਹਾਂ ਦਿਨਾਂ 'ਚ ਦੋ ਕੌਮਾਂਤਰੀ ਰਿਪੋਰਟਾਂ ਦੀ ਕਾਫ਼ੀ ਚਰਚਾ ਹੋ ਰਹੀ ਹੈ। 'ਔਕਸਫੈਮ' ਦੀ 16 ਜਨਵਰੀ ਨੂੰ ਜਾਰੀ ਕੀਤੀ ਰਿਪੋਰਟ 'ਸਰਵਾਈਵਲ ਆਫ ਦਿ ਰਿਚੈਸਟ' ਨੇ ਦੁਨੀਆ 'ਚ ਵਧ ਰਹੀ ਨਾ-ਬਰਾਬਰੀ ਉੱਪਰ ਚਾਨਣਾ ਪਾਇਆ ਹੈ ਕਿ ਕਰੋਨਾ ਮਹਾਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਨਵੰਬਰ 2022 ਤੱਕ ਪੈਦਾ ਹੋਈ ਕੁਲ ਨਵੀਂ ਦੌਲਤ (42 ਖਰਬ ਡਾਲਰ) ਦਾ 63% ਯਾਨੀ, ਦੋ-ਤਿਹਾਈ ਹਿੱਸਾ ਦੁਨੀਆ ਦੇ ਸਭ ਤੋਂ ਅਮੀਰ 1% ਦੀਆਂ ਜੇਬਾਂ 'ਚ ਚਲਾ ਗਿਆ। ਭਾਰਤ ਵਿਚ ਸਿਰਫ਼ 5% ਧਨਾਢਾਂ ਕੋਲ ਮੁਲਕ ਦੀ 60% ਤੋਂ ਵਧੇਰੇ ਦੌਲਤ ਇਕੱਠੀ ਹੋ ਗਈ ਹੈ ਜਦਕਿ ਮੁਲਕ ਦੀ ਹੇਠਲੀ 50% ਆਬਾਦੀ ਕੋਲ ਸਿਰਫ਼ 3% ਦੌਲਤ ਹੀ ਹੈ। ਦੂਜੀ ਰਿਪੋਰਟ 'ਅਡਾਨੀ ਗਰੁੱਪ: ਹਾਓ ਦਿ ਵਰਡ'ਜ਼ ਥਰਡ ਰਿਚੈਸਟ ਮੈਨ ਇੰਜ ਪੁਲਿੰਗ ਦਿ ਲਾਰਜੈਸਟ ਕੌਨ ਇਨ ਕਾਰਪੋਰੇਟ ਹਿਸਟਰੀ' ਵਿਚ ਅਡਾਨੀ ਗਰੁੱਪ ਵੱਲੋਂ ਆਰ.ਐਸ.ਐਸ.-ਭਾਜਪਾ ਸਰਕਾਰ ਨਾਲ ਮਿਲ ਕੇ ਕੀਤੀਆਂ ਜਾ ਰਹੀਆਂ ਹੇਰਾਫੇਰੀਆਂ ਅਤੇ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਠੱਗੀਆਂ ਨੂੰ ਨੰਗਾ ਕੀਤਾ ਗਿਆ ਹੈ। ਰਿਪੋਰਟ ਵਿਚ ਅਡਾਨੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਹੇਰਾਫੇਰੀ ਦੇ ਵਿਸਤਾਰ 'ਚ ਵੇਰਵੇ ਦਿੱਤੇ ਹਨ।

ਭਾਰਤ ਦੇ ਸਭ ਤੋਂ ਅਮੀਰ ਅਤੇ ਦੁਨੀਆ ਦੇ ਤੀਜੇ ਸਭ ਤੋਂ ਅਮੀਰ ਸ਼ਖ਼ਸ ਗੌਤਮ ਅਡਾਨੀ ਦੀ ਕਾਰਪੋਰੇਟ ਸਲਤਨਤ ਵਸਤਾਂ ਦੇ ਵਪਾਰ, ਏਅਰਪੋਰਟ, ਬੰਦਰਗਾਹਾਂ, ਯੂਟਿਲਿਟੀ ਅਤੇ ਮੁੜ-ਨਵਿਆਉਣਯੋਗ ਊਰਜਾ ਸਮੇਤ ਬਹੁਤ ਸਾਰੇ ਖੇਤਰਾਂ 'ਚ ਫੈਲੀ ਹੋਈ ਹੈ। ਅਡਾਨੀ ਦੀਆਂ ਧਾਂਦਲੀਆਂ ਦਾ ਕੱਚਾ ਚਿੱਠਾ ਸਾਹਮਣੇ ਆਉਣ ਤੋਂ ਬਾਅਦ ਇਸ ਨੂੰ ਸ਼ੇਅਰ ਮਾਰਕੀਟ ਵਿਚ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। 25 ਜਨਵਰੀ ਨੂੰ ਸ਼ੇਅਰਾਂ ਦੇ ਭਾਅ ਡਿਗਣ ਨਾਲ ਇਕ ਦਿਨ 'ਚ ਹੀ ਅਡਾਨੀ ਨੂੰ ਤਕਰੀਬਨ 6.1 ਅਰਬ ਡਾਲਰ ਦਾ ਨੁਕਸਾਨ ਝੱਲਣਾ ਪਿਆ। ਇਸ ਗਿਰਾਵਟ ਦਾ ਕਾਰਨ ਅਮਰੀਕੀ ਸ਼ੌਰਟ ਸੈੱਲਰ ਕੰਪਨੀ 'ਹਿੰਡਨਬਰਗ ਰਿਸਰਚ' ਵੱਲੋਂ ਜਾਰੀ ਕੀਤੀ ਗਈ ਉਪਰੋਕਤ ਰਿਪੋਰਟ ਸੀ। ਸ਼ਾਰਟ ਸੈਲਿੰਗ ਦਾ ਭਾਵ ਹੈ, ਇਹ ਕੰਪਨੀ ਸ਼ੇਅਰ ਮਾਰਕੀਟ ਵਿਚ ਐਸੀਆਂ ਕੰਪਨੀਆਂ ਦੇ ਸ਼ੇਅਰਾਂ 'ਚ ਸੱਟਾ ਲਗਾਉਂਦੀ ਹੈ ਜਿਨ੍ਹਾਂ ਦੇ ਭਾਅ ਡਿਗਣ ਦੀ ਉਮੀਦ ਹੋਵੇ। ਹਿੰਡਨਬਰਗ ਰਿਸਰਚ ਕਿਸੇ ਕੰਪਨੀ ਨੂੰ ਨਿਸ਼ਾਨਾ ਬਣਾ ਕੇ ਉਸ ਦੀਆਂ ਗੜਬੜੀਆਂ ਫੜਦੀ ਹੈ, ਫਿਰ ਉਸ ਦੇ ਸ਼ੇਅਰ ਡਿਗ ਜਾਣ 'ਤੇ ਉਨ੍ਹਾਂ ਨੂੰ ਖਰੀਦ ਕੇ ਮੁਨਾਫ਼ਾ ਕਮਾਉਂਦੀ ਹੈ। ਹਾਲੀਆ ਰਿਪੋਰਟ ਵਿਚ ਅਡਾਨੀ ਦੀ ਕਾਰਪੋਰੇਟ ਸਲਤਨਤ ਉੱਪਰ ਅੰਦਾਜ਼ਨ 17 ਅਰਬ ਡਾਲਰ ਦੀ ਹੇਰਾਫੇਰੀ, ਜਾਅਲਸਾਜ਼ੀ, ਧੋਖਾਧੜੀ ਅਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਗਾਏ ਗਏ ਹਨ। ਰਿਪੋਰਟ 27 ਜਨਵਰੀ ਨੂੰ ਅਡਾਨੀ ਇੰਟਰਪ੍ਰਾਈਜ਼ਿਜ਼ ਦੇ ਐੱਫ.ਪੀ.ਓ. ਜਾਰੀ ਕੀਤੇ ਜਾਣ ਤੋਂ ਸਿਰਫ਼ ਦੋ ਦਿਨ ਪਹਿਲਾਂ ਜਾਰੀ ਕੀਤੀ




***ਹਿੰਡਨਬਰਗ ਰਿਸਰਚ ਨੇ ਕਿਹਾ ਕਿ ਇਸ ਰਿਪੋਰਟ ਵਿਚ ਉਹ ਜੋ ਖੁਲਾਸਾ ਕਰ ਰਹੇ ਹਨ, ਉਹ ਕਾਰਪੋਰੇਟ ਫਰਾਡ ਦੇ ਇਤਿਹਾਸ ਵਿਚ ਜੇ ਸਭ ਤੋਂ ਘਿਨਾਉਣਾ ਫਰਾਡ ਨਹੀਂ ਤਾਂ ਸਭ ਤੋਂ ਘਿਨਾਉਣੇ ਫਰਾਡਾਂ ਵਿਚੋਂ ਇਕ ਜ਼ਰੂਰ ਹੈ। 'ਅਸੀਂ ਦਹਾਕਿਆਂ ਤੋਂ ਅਡਾਨੀ ਸਮੂਹ ਵਿਖੇ ਬੇਸ਼ਰਮੀ ਨਾਲ ਕੀਤੀ ਜਾ ਰਹੀ ਅਕਾਊਂਟਿੰਗ ਧੋਖਾਧੜੀ, ਸਟਾਕ ਹੇਰਾਫੇਰੀ ਅਤੇ ਮਨੀ ਲਾਂਡਰਿੰਗ ਦਾ ਪਰਦਾਫਾਸ਼ ਕੀਤਾ ਹੈ। ਅਡਾਨੀ ਇਸ ਵੱਡੇ ਕਾਰਨਾਮੇ ਨੂੰ ਸਰਕਾਰ ਵਿਚਲੇ***

ਗਈ। ਐੱਫ.ਪੀ.ਓ. ਯਾਨੀ, ਜਦੋਂ ਸਟਾਕ ਐਕਸਚੇਂਜ ਵਿਚ ਸੂਚੀਦਰਜ ਕੋਈ ਕੰਪਨੀ ਨਵੇਂ ਸ਼ੇਅਰ ਵਿਕਰੀ ਲਈ ਪੇਸ਼ ਕਰਦੀ ਹੈ। ਇਸ ਨਾਲ ਅਡਾਨੀ ਇੰਟਰਪ੍ਰਾਈਜ਼ਿਜ਼ ਦੇ ਐੱਫ.ਪੀ.ਓ. ਉੱਪਰ ਘੋਰ ਸੰਕਟ ਛਾ ਗਿਆ।

ਅਮਰੀਕੀ ਪੂੰਜੀ ਨਿਵੇਸ਼ ਕੰਪਨੀ ਹਿੰਡਨਬਰਗ ਰਿਸਰਚ ਦੀ ਸਥਾਪਨਾ ਨੇਟ ਐਂਡਰਸਨ ਨਾਂ ਦੇ ਕਾਰੋਬਾਰੀ ਨੇ 2017 'ਚ ਕੀਤੀ ਸੀ। ਕੰਪਨੀ ਦਾਅਵਾ ਕਰਦੀ ਹੈ ਕਿ ਇਹ ਫੌਰੈਂਸਿਕ ਵਿੱਤੀ ਖੋਜ ਦੀ ਮਾਹਿਰ ਹੈ ਅਤੇ ਇਸ ਕੋਲ ਦਹਾਕਿਆਂ ਦਾ ਅਨੁਭਵ ਹੈ। ਕੰਪਨੀ ਦੀ ਵੈੱਬਸਾਈਟ ਅਨੁਸਾਰ ਇਹ ਅਸਾਧਾਰਨ ਸੂਤਰਾਂ ਤੋਂ ਮਿਲੀਆਂ ਜਾਣਕਾਰੀਆਂ ਦੇ ਆਧਾਰ 'ਤੇ ਖੋਜ ਕਰਦੀ ਹੈ ਜਿਨ੍ਹਾਂ ਨੂੰ ਖੋਜਣਾ ਮੁਸ਼ਕਿਲ ਹੁੰਦਾ ਹੈ। ਹਿੰਡਨਬਰਗ ਰਿਸਰਚ ਨੇ ਪਹਿਲਾਂ ਵੀ ਕਈ ਕਾਰਪੋਰੇਟ ਕੰਪਨੀਆਂ ਬਾਰੇ ਅਜਿਹੀਆਂ ਰਿਪੋਰਟਾਂ ਜਾਰੀ ਕੀਤੀਆਂ ਹਨ। ਇਨ੍ਹਾਂ ਰਿਪੋਰਟਾਂ ਕਾਰਨ ਸਬੰਧਿਤ ਕੰਪਨੀਆਂ ਦੇ ਸ਼ੇਅਰਾਂ ਵਿਚ ਭਾਰੀ ਗਿਰਾਵਟ ਆਈ ਸੀ। 2020 'ਚ ਇਸ ਨੇ ਹੈਵੀ ਡਿਊਟੀ ਇਲੈਕਟ੍ਰਿਕ ਗੱਡੀਆਂ ਬਣਾਉਣ ਵਾਲੀ ਅਮਰੀਕੀ ਕੰਪਨੀ ਨਿਕੋਲਾ ਅਤੇ ਸੋਸ਼ਲ ਮੀਡੀਆ ਕੰਪਨੀ ਟਵਿੱਟਰ ਨੂੰ ਵੀ ਨਿਸ਼ਾਨਾ ਬਣਾਇਆ ਸੀ। ਨਿਕੋਲਾ ਉੱਪਰ ਇਲਜ਼ਾਮ ਸੀ ਕਿ ਕੰਪਨੀ ਨੇ ਆਪਣੇ ਨਿਵੇਸ਼ਕਾਂ ਨੂੰ ਨਵੀਆਂ ਗੱਡੀਆਂ ਬਾਰੇ ਦੱਸ ਕੇ ਠੱਗਿਆ ਸੀ ਜਦਕਿ ਉਸ ਕੋਲ ਗੱਡੀਆਂ ਹੀ ਨਹੀਂ ਸਨ। ਇਕ ਸਮੇਂ ਨਿਕੋਲਾ ਦੀ ਮਾਰਕੀਟ ਵੈਲਿਊ 34 ਅਰਬ ਡਾਲਰ ਸੀ ਜੋ ਸੁੰਗੜ ਕੇ 1.3 ਅਰਬ ਡਾਲਰ ਰਹਿ ਗਈ। ਅਕਤੂਬਰ ਮਹੀਨੇ ਇਕ ਜਿਊਰੀ ਨੇ ਇਸ ਦੇ ਸੰਸਥਾਪਕ ਟਰੈਵਰ ਮਿਲਟਨ ਨੂੰ ਨਿਵੇਸ਼ਕਾਂ ਨਾਲ ਫਰਾਡ ਕਰਨ ਦਾ ਦੋਸ਼ੀ ਕਰਾਰ ਦਿੱਤਾ ਸੀ। 2016 ਤੋਂ ਲੈ ਕੇ ਹਿੰਡਨਬਰਗ ਰਿਸਰਚ ਐਸੀਆਂ ਦਰਜਨਾਂ ਰਿਪੋਰਟਾਂ ਜਾਰੀ ਕਰ ਚੁੱਕੀ ਹੈ ਜਿਸ ਵਿਚ ਕੋਈ ਨਾ ਕੋਈ ਸਨਸਨੀਖੇਜ਼ ਖੁਲਾਸਾ ਕੀਤਾ ਜਾਂਦਾ ਹੈ। ਹਿੰਡਨਬਰਗ ਦਾ ਕਹਿਣਾ ਹੈ ਕਿ ਅਡਾਨੀ ਗਰੁੱਪ ਬਾਰੇ ਰਿਪੋਰਟ ਉਨ੍ਹਾਂ ਨੇ ਦੋ ਸਾਲ ਲਗਾ ਕੇ ਡੂੰਘੀ ਛਾਣਬੀਣ ਕਰ ਕੇ ਤਿਆਰ ਕੀਤੀ ਹੈ ਅਤੇ ਇਸ ਰਿਪੋਰਟ ਨਾਲ ਇਸ ਕਾਰਪੋਰੇਟ ਸਮੂਹ ਦੇ ਸ਼ੇਅਰ 85% ਤੱਕ ਡਿਗ ਸਕਦੇ ਹਨ। ਰਿਪੋਰਟ ਆਉਣ ਤੋਂ ਦੋ ਦਿਨਾਂ ਦੇ ਅੰਦਰ ਹੀ ਸ਼ੇਅਰ 25% ਤੱਕ ਡਿਗ ਵੀ ਚੁੱਕੇ ਹਨ।

ਹਿੰਡਨਬਰਗ ਰਿਸਰਚ ਨੇ ਕਿਹਾ ਕਿ ਇਸ ਰਿਪੋਰਟ ਵਿਚ ਉਹ ਜੋ ਖੁਲਾਸਾ ਕਰ ਰਹੇ ਹਨ, ਉਹ ਕਾਰਪੋਰੇਟ ਫਰਾਡ ਦੇ ਇਤਿਹਾਸ ਵਿਚ ਜੇ ਸਭ ਤੋਂ ਘਿਨਾਉਣਾ ਫਰਾਡ ਨਹੀਂ ਤਾਂ ਸਭ ਤੋਂ ਘਿਨਾਉਣੇ ਫਰਾਡਾਂ ਵਿਚੋਂ ਇਕ ਜ਼ਰੂਰ ਹੈ। 'ਅਸੀਂ ਦਹਾਕਿਆਂ ਤੋਂ ਅਡਾਨੀ ਸਮੂਹ ਵਿਖੇ ਬੇਸ਼ਰਮੀ ਨਾਲ ਕੀਤੀ ਜਾ ਰਹੀ ਅਕਾਊਂਟਿੰਗ ਧੋਖਾਧੜੀ, ਸਟਾਕ ਹੇਰਾਫੇਰੀ ਅਤੇ ਮਨੀ ਲਾਂਡਰਿੰਗ ਦਾ ਪਰਦਾਫਾਸ਼ ਕੀਤਾ ਹੈ। ਅਡਾਨੀ ਇਸ ਵੱਡੇ ਕਾਰਨਾਮੇ ਨੂੰ ਸਰਕਾਰ ਵਿਚਲੇ ਹਮਾਇਤੀਆਂ ਅਤੇ ਕੌਮਾਂਤਰੀਆਂ ਕੰਪਨੀਆਂ ਦੇ ਪਰਿਵਾਰਕ ਉਦਯੋਗ ਦੀ ਮਦਦ ਨਾਲ ਚਲਾ ਰਿਹਾ ਹੈ ਜੋ ਇਸ ਦੀਆਂ ਕਾਰਵਾਈਆਂ ਨੂੰ ਸੌਖਾ ਬਣਾਉਂਦੇ ਹਨ। ਭ੍ਰਿਸ਼ਟਾਚਾਰ ਦੇ ਇਹ ਮੁੱਦੇ ਸਰਕਾਰ ਦੀਆਂ ਕਈ ਪਰਤਾਂ ਤੱਕ ਫੈਲੇ ਹੋਏ ਹਨ...।'

ਰਿਪੋਰਟ ਕਹਿੰਦੀ ਹੈ ਕਿ ਅਡਾਨੀ ਗਰੁੱਪ ਵਿਦੇਸ਼ਾਂ 'ਚ ਕਈ ਜਾਅਲੀ ਕੰਪਨੀਆਂ ਬਣਾ ਕੇ ਟੈਕਸ ਚੋਰੀ ਕਰ ਰਿਹਾ ਹੈ। ਮਾਰੀਸ਼ਸ, ਆਬੂਧਾਬੀ ਅਤੇ ਕੈਰੇਬੀਅਨ ਦੀਪਾਂ ਜੋ ਟੈਕਸ ਚੋਰੀ ਦੇ ਅੱਡਿਆਂ ਵਜੋਂ ਮਸ਼ਹੂਰ ਹਨ, ਵਿਚ ਕਈ ਬੇਨਾਮੀ ਕੰਪਨੀਆਂ ਹਨ ਜਿਨ੍ਹਾਂ ਦੀ ਅਡਾਨੀ ਦੀਆਂ ਕੰਪਨੀਆਂ ਵਿਚ ਹਿੱਸੇਦਾਰੀ ਹੈ। ਅਡਾਨੀ ਦੀਆਂ ਲਿਮਟਿਡ ਕੰਪਨੀਆਂ ਉੱਪਰ ਭਾਰੀ ਕਰਜ਼ਾ ਹੈ ਜਿਸ ਕਾਰਨ ਇਸ ਦੀ ਵਿੱਤੀ ਹਾਲਤ ਬਹੁਤ ਜੋਖ਼ਮ ਵਾਲੀ ਹੈ ਪਰ ਉੱਚੇ ਮੁਲਾਂਕਣ ਕਰਵਾ ਕੇ ਕੰਪਨੀ ਦੇ ਸ਼ੇਅਰਾਂ ਦਾ ਮੁੱਲ ਵਧਾ-ਚੜ੍ਹਾ ਕੇ 85% ਵਧੇਰੇ ਦੱਸਿਆ ਜਾ ਰਿਹਾ ਹੈ। ਇਨ੍ਹਾਂ ਇਲਜ਼ਾਮਾਂ 'ਚ ਘਿਰੇ ਅਡਾਨੀ ਗਰੁੱਪ ਦਾ ਕਹਿਣਾ ਹੈ ਕਿ ਰਿਪੋਰਟ ਵਿਚ 'ਚੋਣਵੀਆਂ ਗ਼ਲਤ ਜਾਣਕਾਰੀਆਂ' ਪੇਸ਼ ਕੀਤੀਆਂ ਗਈਆਂ ਹਨ, ਉਨ੍ਹਾਂ ਵਿਰੁੱਧ ਲਗਾਏ ਗਏ ਇਲਜ਼ਾਮ ਬੇਬੁਨਿਆਦ ਹਨ ਅਤੇ ਉਹ ਹਿੰਡਨਬਰਗ ਰਿਸਰਚ ਵਿਰੁੱਧ ਕਾਨੂੰਨੀ ਕਾਰਵਾਈ ਕਰਨਗੇ। ਹਿੰਡਨਬਰਗ ਰਿਸਰਚ ਦਾ ਕਹਿਣਾ ਹੈ ਕਿ ਅਸੀਂ ਆਪਣੀ ਰਿਪੋਰਟ ਵਿਚ ਸਿੱਧੇ-ਸਪਾਟ 88 ਸਵਾਲ ਪੁੱਛੇ ਸਨ। ਹੁਣ ਤੱਕ ਅਡਾਨੀ ਨੇ ਇਕ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਜਿੱਥੋਂ ਤੱਕ ਕੰਪਨੀ ਵੱਲੋਂ ਕਾਨੂੰਨੀ ਕਾਰਵਾਈ ਦੀ ਧਮਕੀ ਦਾ ਸਵਾਲ ਹੈ, ਉਹ ਆਪਣੇ ਦਾਅਵਿਆਂ 'ਤੇ ਕਾਇਮ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਹਨ।

ਹਿੰਡਨਬਰਗ ਰਿਸਰਚ ਦਾ ਮਨੋਰਥ ਪੂਰੀ ਤਰ੍ਹਾਂ ਸਪਸ਼ਟ ਹੈ। ਉਨ੍ਹਾਂ ਨੇ ਇਹ ਰਿਪੋਰਟ ਸ਼ੇਅਰ ਮਾਰਕੀਟ ਵਿਚ ਅਡਾਨੀ ਗਰੁੱਪ ਦੇ ਸ਼ੇਅਰਾਂ ਦਾ ਲਾਹਾ ਲੈਣ ਲਈ ਤਿਆਰ ਕੀਤੀ ਹੈ ਪਰ ਇਹ ਵੀ ਸੱਚ ਹੈ ਕਿ ਉਨ੍ਹਾਂ ਨੇ ਆਪਣੀ ਰਿਪੋਰਟ ਵਿਚ ਜੋ ਖੁਲਾਸੇ ਕੀਤੇ ਹਨ, ਉਨ੍ਹਾਂ ਵਿਚੋਂ ਕੁਝ ਵੀ ਝੂਠ ਨਹੀਂ ਹੈ। ਵਿਦੇਸ਼ੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰ ਭਾਰਤੀ ਹੁਕਮਰਾਨਾਂ ਦੀ ਮਿਲੀਭੁਗਤ ਨਾਲ ਅਥਾਹ ਹੇਰਾਫੇਰੀਆਂ ਅਤੇ ਜਾਅਲਸਾਜ਼ੀਆਂ ਕਰ ਕੇ ਸੁਪਰ ਮੁਨਾਫ਼ੇ ਕਮਾ ਰਹੇ ਹਨ। ਭਾਰਤੀ ਹੁਕਮਰਾਨ ਨਾ ਸਿਰਫ਼ ਕਾਰਪੋਰੇਟ ਸਰਮਾਏਦਾਰੀ ਨੂੰ ਬੇਸ਼ੁਮਾਰ ਟੈਕਸ ਛੋਟਾਂ ਦੇ ਕੇ ਉਨ੍ਹਾਂ ਦੇ ਸੁਪਰ ਮੁਨਾਫ਼ੇ ਯਕੀਨੀ ਬਣਾਉਂਦੇ ਹਨ ਸਗੋਂ ਭਾਰਤੀ ਲੋਕਾਂ ਵੱਲੋਂ ਟੈਕਸਾਂ ਦੇ ਰੂਪ 'ਚ ਦਿੱਤੇ ਜਾ ਰਹੇ ਪੈਸੇ ਅਤੇ ਬੈਂਕਾਂ-ਬੀਮਾ ਕੰਪਨੀਆਂ 'ਚ ਜਮਾਂ ਪੂੰਜੀ ਵੀ ਹੁਕਮਰਾਨ ਆਪਣੇ ਲੰਗੋਟੀਏ ਕਾਰਪੋਰੇਟਾਂ ਦੀ ਝੋਲੀ ਪਾਉਂਦੇ ਹਨ। ਹਾਂਗਕਾਂਗ ਆਧਾਰਿਤ ਪੂੰਜੀ-ਨਿਵੇਸ਼ ਗਰੁੱਪ ਸੀ.ਐੱਲ.ਐਸ.ਏ. ਅਨੁਸਾਰ ਅਡਾਨੀ ਨੇ ਜੋ 2 ਲੱਖ ਕਰੋੜ ਰੁਪਏ ਦਾ 'ਕਰਜ਼ਾ' ਲਿਆ ਹੋਇਆ ਹੈ ਜੋ ਮਾਰਚ 2022 ਨੂੰ ਖ਼ਤਮ ਹੋਏ ਮਾਲੀ ਸਾਲ ਦੇ ਅੰਦਾਜ਼ਿਆਂ 'ਤੇ ਆਧਾਰਿਤ ਹੈ, ਉਸ ਵਿਚੋਂ 40% ਧਨ ਐੱਲ.ਆਈ.ਸੀ. ਅਤੇ ਐੱਸ.ਬੀ.ਆਈ. ਸਮੇਤ ਭਾਰਤ ਦੇ ਪਬਲਿਕ ਸੈਕਟਰ ਦੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਦਾ ਨਿਵੇਸ਼ ਕੀਤਾ ਹੋਇਆ ਹੈ। ਬੀਮਾ ਖੇਤਰ ਦੀ ਸਰਕਾਰੀ ਕੰਪਨੀ ਐੱਲ.ਆਈ.ਸੀ. ਨੇ 25 ਜਨਵਰੀ ਤੱਕ ਅਡਾਨੀ ਗਰੁੱਪ ਦੇ ਵਧਾ-ਚੜ੍ਹਾ ਕੇ ਪੇਸ਼ ਕੀਤੇ ਗਏ ਸ਼ੇਅਰਾਂ ਵਿਚ 81262 ਕਰੋੜ ਰੁਪਇਆ ਲਗਾਇਆ ਹੋਇਆ ਸੀ। ਇਸ ਨੂੰ ਮਹਿਜ਼ ਦੋ ਸ਼ੇਅਰ ਮਾਰਕੀਟ ਸੈਸ਼ਨਾਂ 'ਚ ਹੀ 18645 ਕਰੋੜ ਰੁਪਏ ਦਾ ਘਾਟਾ ਪੈ ਗਿਆ। ਸਟੇਟ ਬੈਂਕ ਆਫ ਇੰਡੀਆ ਅਤੇ ਪਬਲਿਕ ਸੈਕਟਰ ਦੇ ਨੌਂ ਹੋਰ ਲੈਣਦਾਰਾਂ ਨੂੰ 50571 ਕਰੋੜ ਰੁਪਏ ਦਾ ਘਾਟਾ ਝੱਲਣਾ ਪਿਆ। ਇਸੇ ਤਰ੍ਹਾਂ ਪ੍ਰਾਈਵੇਟ ਬੈਂਕਾਂ ਦੇ ਮੁਕਾਬਲੇ ਸਰਕਾਰੀ ਬੈਂਕਾਂ ਨੇ ਅਡਾਨੀ ਨੂੰ ਦੁੱਗਣਾ ਕਰਜ਼ਾ ਦਿੱਤਾ ਹੋਇਆ ਹੈ ਜਿਸ ਵਿਚੋਂ ਲੱਗਭੱਗ ਅੱਧਾ ਕਰਜ਼ਾ ਸਟੇਟ ਬੈਂਕ ਆਫ ਇੰਡੀਆ ਦਾ ਹੈ। ਇਸ ਲਈ ਜੇ ਅਡਾਨੀ ਦਾ ਕਾਰੋਬਾਰ ਡੁੱਬ ਗਿਆ ਤਾਂ ਇਹ ਐੱਲ.ਆਈ.ਸੀ. ਅਤੇ ਉਨ੍ਹਾਂ ਹੋਰ ਸਰਕਾਰੀ ਮਾਲੀ ਸੰਸਥਾਵਾਂ ਨੂੰ ਵੀ ਲੈ ਡੁੱਬੇਗਾ ਜਿਨ੍ਹਾਂ ਤੋਂ ਇਸ ਨੇ ਸਰਕਾਰ ਦੀ ਮਿਲੀਭੁਗਤ ਨਾਲ ਵੱਡੇ-ਵੱਡੇ ਉਧਾਰ ਲਏ ਹੋਏ ਹਨ।

ਔਕਸਫੈਮ ਦੀ ਰਿਪੋਰਟ ਵੀ ਪੁਸ਼ਟੀ ਕਰਦੀ ਹੈ ਕਿ ਸਿਰਫ਼ 2022 'ਚ ਹੀ ਅਡਾਨੀ ਦੀ ਦੌਲਤ ਵਿਚ 46% ਦਾ ਵਾਧਾ ਹੋਇਆ ਹੈ। ਜਦੋਂ ਕਰੋਨਾ ਮਹਾਮਾਰੀ ਕਾਰਨ ਮੁਲਕ ਦੇ ਆਮ ਲੋਕ ਲੱਖਾਂ ਦੀ ਤਾਦਾਦ 'ਚ ਮਰ ਰਹੇ ਸਨ ਅਤੇ ਛੋਟੇ ਤੇ ਦਰਮਿਆਨੇ ਕਾਰੋਬਾਰ ਤਬਾਹ ਹੋ ਰਹੇ ਸਨ, ਉਦੋਂ ਭਾਰਤ ਦੇ ਕਾਰਪੋਰੇਟ ਸਰਮਾਏਦਾਰਾਂ ਦੀ ਦੌਲਤ ਹੋਰ ਵੀ ਤੇਜ਼ੀ ਨਾਲ ਵਧ ਰਹੀ ਸੀ। ਕਰੋਨਾ ਮਹਾਮਾਰੀ ਦੇ ਸ਼ੁਰੂ ਹੋਣ ਤੋਂ ਲੈ ਕੇ ਨਵੰਬਰ 2022 ਤੱਕ ਭਾਰਤ ਵਿਚ ਅਰਬਪਤੀਆਂ ਦੀ ਦੌਲਤ 'ਚ 121% ਜਾਂ ਰੋਜ਼ਾਨਾ 3608 ਕਰੋੜ ਰੁਪਏ (ਪ੍ਰਤੀ ਮਿੰਟ ਢਾਈ ਕਰੋੜ ਰੁਪਏ) ਦਾ ਵਾਧਾ ਹੋਇਆ। ਦੂਜੇ ਪਾਸੇ, ਅਜ਼ੀਮ ਪ੍ਰੇਮ ਜੀ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ ਮਹਾਮਾਰੀ ਦੇ ਇਕ ਸਾਲ ਦੇ ਅਰਸੇ 'ਚ 23 ਕਰੋੜ ਭਾਰਤੀ ਗ਼ਰੀਬੀ 'ਚ ਧੱਕ ਦਿੱਤੇ ਗਏ। ਮਈ 2014 'ਚ ਕੇਂਦਰੀ ਸੱਤਾ 'ਚ ਆਉਣ ਤੋਂ ਪਹਿਲਾਂ ਹੀ ਮੋਦੀ ਅਤੇ ਅਡਾਨੀ ਦੀ ਯਾਰੀ ਸੁਰਖ਼ੀਆਂ ਬਣਦੀ ਰਹੀ ਜਦੋਂ ਮੋਦੀ ਅਕਸਰ ਅਡਾਨੀ ਦੇ ਪ੍ਰਾਈਵੇਟ ਜੈੱਟ ਜਹਾਜ਼ 'ਚ ਸਫ਼ਰ ਕਰਦਾ ਸੀ। ਪ੍ਰਧਾਨ ਮੰਤਰੀ ਬਣ ਕੇ ਮੋਦੀ ਵਿਦੇਸ਼ਾਂ ਦਾ ਸਭ ਤੋਂ ਵੱਧ ਸਫ਼ਰ ਅਡਾਨੀ ਨਾਲ ਹੀ ਕਰਦਾ ਹੈ। ਕੇਂਦਰ ਵਿਚ ਆਰ.ਐਸ.ਐਸ.-ਭਾਜਪਾ ਦੀ ਸਰਕਾਰ ਬਣਾਉਣ ਲਈ ਅਡਾਨੀ ਨੇ ਦਰਿਆਦਿਲੀ ਨਾਲ ਧਨ ਖ਼ਰਚਿਆ ਅਤੇ ਬਦਲੇ ਵਿਚ ਮੋਦੀ ਵਜ਼ਾਰਤ ਨੇ ਆਪਣੇ ਲੰਗੋਟੀਏ ਕਾਰਪੋਰੇਟ ਦੇ ਕਾਰੋਬਾਰ ਨੂੰ ਜ਼ਰਬਾਂ ਦੇਣ ਵਾਸਤੇ ਖੁੱਲ੍ਹਾਂ, ਰਿਆਇਤਾਂ ਅਤੇ ਛੋਟਾਂ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਆਰ.ਐਸ.ਐਸ.-ਭਾਜਪਾ ਨੇ ਪਹਿਲੀਆਂ ਸਰਕਾਰਾਂ ਦੀ ਤੁਲਨਾ 'ਚ ਟੈਕਸ ਨੀਤੀਆਂ, ਕਿਰਤ ਕਾਨੂੰਨਾਂ ਅਤੇ ਵਾਤਾਵਰਨ ਸੁਰੱਖਿਆ ਦੇ ਨਿਯਮਾਂ ਦੇ ਮਾਮਲੇ 'ਚ ਜੋ ਬੇਤਹਾਸ਼ਾ ਬਦਲਾਅ ਲਿਆਂਦੇ, ਉਸ ਨਾਲ ਅਡਾਨੀ ਅਤੇ ਹੋਰ ਕਾਰਪੋਰੇਟਾਂ ਲਈ ਕੁਦਰਤੀ ਵਸੀਲਿਆਂ ਅਤੇ ਦੌਲਤ ਉੱਪਰ ਵਿਆਪਕ ਪੈਮਾਨੇ 'ਤੇ ਕਾਬਜ਼ ਹੋਣ ਦਾ ਰਾਹ ਬਹੁਤ ਜ਼ਿਆਦਾ ਮੋਕਲਾ ਹੋ ਗਿਆ।

ਅਡਾਨੀ ਸਮੂਹ ਮੋਦੀ ਵਜ਼ਾਰਤ ਦਾ ਸਭ ਤੋਂ ਚਹੇਤਾ ਹੋਣ ਕਰ ਕੇ ਇਨ੍ਹਾਂ ਨੀਤੀਆਂ ਦਾ ਸਭ ਤੋਂ ਵਧੇਰੇ ਲਾਹਾ ਲੈ ਕੇ ਮੁਲਕ ਦੇ ਕੁਦਰਤੀ ਵਸੀਲਿਆਂ, ਪੈਦਾਵਾਰੀ ਇਕਾਈਆਂ ਅਤੇ ਸਰਕਾਰੀ ਜਾਇਦਾਦਾਂ ਉੱਪਰ ਧੜਾਧੜ ਕਬਜ਼ੇ ਕਰਦਾ ਗਿਆ ਅਤੇ ਜੋ ਸਰਮਾਇਆ ਉਹ ਇਕੱਠਾ ਕਰ ਰਿਹਾ ਸੀ, ਉਸ ਦੀ ਮਾਰਕੀਟ ਕਦਰ ਨੂੰ ਬਨਾਉਟੀ ਰੂਪ 'ਚ ਵਧਾ ਕੇ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਕਾਰਪੋਰੇਟ ਬਣ ਗਿਆ। ਇਸੇ ਕਰ ਕੇ ਅਡਾਨੀ 120 ਅਰਬ ਡਾਲਰ ਮੁਨਾਫ਼ਾ ਬਟੋਰ ਸਕਿਆ, ਅਡਾਨੀ ਆਪਣੇ ਗਰੁੱਪ ਦੀਆਂ ਸੱਤ ਸੂਚੀਦਰਜ ਕੰਪਨੀਆਂ ਦਾ ਸਟਾਕ ਮੁੱਲ ਤਿੰਨ ਸਾਲਾਂ ਦੇ ਅਰਸੇ 'ਚ ਔਸਤ 819% ਦੀ ਰਫ਼ਤਾਰ ਨਾਲ ਵਧਾ ਸਕਿਆ ਅਤੇ ਉਸ ਨੇ ਇਕ ਦਹਾਕੇ 'ਚ ਆਪਣੀ ਦੌਲਤ ਤਿੰਨ ਸੌ ਗੁਣਾਂ ਵਧਾ ਲਈ।

ਹੁਣ ਇਕ ਵਾਰ ਤਾਂ ਅਡਾਨੀ ਗਰੁੱਪ ਲਈ ਬੜਾ ਭਾਰੀ ਸੰਕਟ ਪੈਦਾ ਹੋ ਗਿਆ ਹੈ। ਇਹ ਹੁਣ ਮੋਦੀ ਸਰਕਾਰ ਦੀ ਜਵਾਬਦੇਹੀ ਤੈਅ ਕਰਨ ਦਾ ਮੌਕਾ ਵੀ ਹੈ। ਮੋਦੀ ਸਰਕਾਰ ਆਪਣੇ ਕਾਰਪੋਰੇਟ ਲੰਗੋਟੀਏ ਯਾਰ ਨੂੰ ਬਚਾਉਣ ਲਈ ਇਹ ਬੋਝ ਟੈਕਸ ਦੇਣ ਵਾਲੇ ਲੋਕਾਂ, ਬੈਂਕਾਂ ਦੇ ਖ਼ਾਤੇਦਾਰਾਂ ਅਤੇ ਆਮ ਲੋਕਾਂ ਉੱਪਰ ਲੱਦਣ ਦੀ ਚਲਾਕੀ ਕਰ ਸਕਦੀ ਹੈ। ਇਸ ਨੂੰ ਫਿਰ ਹੀ ਰੋਕਿਆ ਜਾ ਸਕਦਾ ਹੈ ਜੇਕਰ ਭਾਰਤ ਦੇ ਲੋਕ ਇਸ ਧੋਖਾਧੜੀ ਬਾਰੇ ਸੁਚੇਤ ਹੋਣਗੇ।

## ਆਮ ਆਦਮੀ ਕਲੀਨਿਕਾਂ ਰਾਹੀਂ ਨਿੱਜੀਕਰਨ ਦਾ ਕੁਹਾੜਾ

*(ਪਿਛਲੇ ਸਫੇ ਦੀ ਬਾਕੀ)*

ਕਰਨਗੇ। ਹੁਣ ਕੋਈ ਇਹਨਾਂ ਨੂੰ ਪੁੱਛੇ ਕਿ ਭਾਈ ਸਸਤੇ ਹੀ ਕਿਉਂ, ਮੁਫਤ ਕਿਉਂ ਨਹੀਂ? ਦਰਅਸਲ, ਸਰਕਾਰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਤਹਿਤ ਸੂਬੇ ਵਿਚ ਕਰਸਨਾ ਲੈਬੋਰਟਰੀ ਨਾਲ ਸਾਂਝ ਭਿਆਲੀ ਕਰ ਕੇ ਸਰਕਾਰੀ ਹਸਪਤਾਲਾਂ ਵਿਚ ਉਸ ਕੰਪਨੀ ਦਾ ਪੈਰ ਧਰਾ ਚੁੱਕੀ ਹੈ; ਸੋ, ਜਦ ਸਰਕਾਰੀ ਜਗ੍ਹਾ ਸਰਕਾਰ ਕਿਸੇ ਪ੍ਰਾਈਵੇਟ ਕੰਪਨੀ ਦੇ ਸਪੁਰਦ ਕਰ ਰਹੀ ਹੈ ਤੇ ਖੁਦ ਲੋਕਾਂ ਨੂੰ ਮੁਫਤ ਸਿਹਤ ਸਹੂਲਤਾਂ ਦੇਣ ਤੋਂ ਪੈਰ ਪਿਛਾਂਹ ਖਿੱਚਦਿਆਂ 'ਸਸਤੀਆਂ ਸਹੂਲਤਾਂ' ਦੇਣ ਦੇ ਦਾਅਵੇ ਕਰ ਰਹੀ ਹੈ ਤਾਂ ਉਸ ਸਰਕਾਰ ਤੋਂ ਲੋਕ ਪੱਖੀ ਹੋਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ?

ਹਕੀਕਤ ਇਹ ਹੈ ਕਿ ਪੰਜਾਬ ਸਮੇਤ ਪੂਰੇ ਭਾਰਤ ਵਿਚ ਸਿਹਤ ਸੇਵਾਵਾਂ ਦਾ ਬੁਰਾ ਹਾਲ ਹੈ। ਭਾਰਤ ਦੇ ਹਸਪਤਾਲ ਡਾਕਟਰਾਂ, ਦਵਾਈਆਂ, ਟੈਸਟ ਮਸ਼ੀਨਾਂ ਸਮੇਤ ਹਰ ਤਰ੍ਹਾਂ ਦੇ ਸਟਾਫ ਦੀ ਭਾਰੀ ਕਮੀ ਨਾਲ ਜੂਝ ਰਹੇ ਹਨ। ਇਸ ਦਾ ਮੁੱਖ ਕਾਰਨ ਹੈ ਕਿ ਸਾਡੀ ਸਰਕਾਰ ਆਪਣੇ ਬਜਟ ਦਾ ਮਾਮੂਲੀ ਹਿੱਸਾ ਹੀ ਸਿਹਤ ਸੇਵਾਵਾਂ 'ਤੇ ਖਰਚ ਕਰਦੀ ਹੈ। 'ਆਪ' ਸਰਕਾਰ ਨੇ ਵੀ ਸਿਹਤ ਸੇਵਾਵਾਂ ਦੇ ਮਾਮਲੇ ਵਿਚ ਬਹੁਤੀ ਤਵੱਜੋ ਨਹੀਂ ਦਿੱਤੀ ਹੈ, ਇਸ ਸਰਕਾਰ ਦਾ ਹਾਲ ਤਾਂ ਇਹ ਹੈ ਕਿ ਇੱਕ ਸਾਲ ਤੋਂ ਘੱਟ ਵਕਫੇ ਦੌਰਾਨ ਤਿੰਨ ਸਿਹਤ ਮੰਤਰੀ ਬਦਲ ਚੁੱਕੀ ਹੈ।

ਪੰਜਾਬੀਆਂ ਨੂੰ ਰਲ ਕੇ ਸਰਕਾਰ ਤੋਂ ਮੰਗ ਕਰਨੀ ਚਾਹੀਦੀ ਹੈ ਕਿ ਆਪਣਾ ਸਿਆਸੀ ਬ੍ਰਾਂਡ ਸੂਬੇ ਵਿਚ ਥੋਪਣ ਦੀ ਥਾਂ ਪਹਿਲਾਂ ਚੱਲ ਰਹੇ ਸਿਹਤ ਕੇਂਦਰਾਂ ਨੂੰ ਸਾਰੇ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰੇ।

# ਅੰਮ੍ਰਿਤਪਾਲ ਸਿੰਘ ਲਈ ਰਾਖਵਾਂ ਹੋ ਗਿਆ ਐਤਵਾਰ ਦਾ ਦਿਨ !

ਇਨਸਾਫ਼ ਮੋਰਚੇ ਲਈ 29 ਜਨਵਰੀ ਦਾ ਦਿਨ ਯਾਦਗਾਰੀ ਸੀ, ਜਦੋਂ 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਪ੍ਰਧਾਨ ਭਾਈ ਅੰਮ੍ਰਿਤਪਾਲ ਸਿੰਘ ਨੂੰ ਹਜ਼ਾਰਾਂ ਲੋਕਾਂ ਨੇ ਵਰ੍ਹਦੀਆਂ ਕਣੀਆਂ ਦੌਰਾਨ ਸੁਣਿਆ ਅਤੇ ਜੈਕਾਰਿਆਂ ਦੀ ਗੂੰਜ ਵਿਚ ਹੁੰਗਾਰਾ ਭਰਿਆ। ਤੁਸੀਂ ਕਹਿ ਸਕਦੇ ਹੋ ਕਿ ਇਹ ਐਤਵਾਰ ਅੰਮ੍ਰਿਤਪਾਲ ਸਿੰਘ ਲਈ ਹੀ ਜਿਵੇਂ ਰਾਖਵਾਂ ਹੋ ਨਿੱਬੜਿਆ। ਉਂਜ ਤਾਂ 7 ਜਨਵਰੀ ਤੋਂ ਹੀ ਕੌਮੀ ਇਨਸਾਫ ਮੋਰਚਾ ਦੇ ਕੰਪਲੈਕਸ ਅੰਦਰ ਹਰ ਰੋਜ਼ ਲੱਗੀਆਂ ਰੌਣਕਾਂ ਵਿਚ ਜੋਸ਼ ਅਤੇ ਜਨੂੰਨ ਦੇ ਮਾਹੌਲ ਵਿਚ ਧਾਰਮਿਕ ਅਤੇ ਰਾਜਨੀਤਕ



**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਚੇਤਨਾ ਨੇ ਵੱਡੀ ਥਾਂ ਮੱਲੀ ਹੋਈ ਹੈ, ਪਰ ਅੱਜ ਅੰਮ੍ਰਿਤਪਾਲ ਸਿੰਘ ਦੀ ਆਮਦ ਉਤੇ ਉਸ ਦੇ ਭਾਸ਼ਣ ਨੇ ਇਸ ਚੇਤਨਾ ਨੂੰ ਪ੍ਰਚੰਡ ਵੀ ਕੀਤਾ ਅਤੇ ਇਸ ਚੇਤਨਾ ਨੂੰ ਜਥੇਬੰਦ ਹੋਣ ਲਈ ਨੌਜਵਾਨਾਂ ਨੂੰ ਪ੍ਰੇਰਨਾ ਵੀ ਦਿੱਤੀ।

ਅਸੀਂ ਦੁਪਹਿਰ ਡੇਢ ਵਜੇ ਦੇ ਕਰੀਬ ਜਦੋਂ ਵਾਈ ਪੀ ਐਸ ਚੌਕ ਵਿਚ ਪੁੱਜੇ ਤਾਂ ਵਾਲੰਟੀਅਰਾਂ ਨੇ ਚੌਕ ਤੋਂ ਅੱਗੇ ਗੱਡੀਆਂ ਦਾ ਜਾਣਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਸੀ, ਕਿਉਂਕਿ ਅੰਮ੍ਰਿਤਪਾਲ ਸਿੰਘ ਦੇ ਸਵਾਗਤ ਲਈ ਚੌਕ ਦੇ ਚਾਰੇ ਪਾਸੇ ਅਤੇ ਚੌਕ ਤੋਂ ਉਤੇ ਸਾਰੇ ਰਾਹ ਕਤਾਰਾਂ ਦੀ ਸ਼ਕਲ ਵਿਚ ਨੌਜਵਾਨਾਂ ਨੇ ਪੂਰੀ ਤਰ੍ਹਾਂ ਮੱਲੇ ਹੋਏ ਸਨ। ਉਂਜ ਵਸੋਂ ਵਾਲੇ ਪਾਸੇ ਮੋਹਾਲੀ ਦੇ ਵਸਨੀਕ ਵੀ ਵੱਡੀ ਗਿਣਤੀ ਵਿਚ ਇੱਕ ਪਾਸੇ ਖੜ੍ਹੇ ਸਨ ਤਾਂ ਜੋ ਉਹ ਉਸ ਨੌਜਵਾਨ ਮੁੰਡੇ ਨੂੰ ਵੇਖ ਸਕਣ ਜੋ ਦਿਨਾਂ ਅਤੇ ਕੁਝ ਹੀ ਮਹੀਨਿਆਂ ਵਿਚ ਘਰ-ਘਰ ਅੰਦਰ ਕਿਸੇ ਨਾਇਕ ਵਾਂਗ ਭਾਂਤ ਭਾਂਤ ਕਿਸਮ ਦੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ।

ਜੇ ਤੁਸੀਂ ਇਸ ਖਿੱਲਰੇ ਇਕੱਠ ਨੂੰ ਵੱਖ ਵੱਖ ਥਾਵਾਂ ਉੱਤੇ ਜਾ ਕੇ ਦਸ ਤਕ ਗਿਣਤੀ ਕਰੋ ਤਾਂ ਉਨ੍ਹਾਂ ਵਿਚੋਂ ਅੱਠ ਨੌਜਵਾਨ ਮਿਲਣਗੇ ਜਿਨ੍ਹਾਂ ਦੀ ਉਮਰ 20 ਤੋਂ 30 ਸਾਲ ਦੇ ਦਰਮਿਆਨ ਹੋਵੇਗੀ। ਏਸ ਲਈ ਇਹ ਨੌਜਵਾਨਾਂ ਦੀਆਂ ਉਹ ਟੋਲੀਆਂ ਹਨ ਜਿਨ੍ਹਾਂ ਵਿਚ ਅੱਜ ਪਹਿਲੀ ਵਾਰ ਵੱਡੀ ਗਿਣਤੀ ਵਿਚ ਬੀਬੀਆਂ ਨੇ ਵੀ ਹਾਜ਼ਰੀ ਲਗਾਈ। ਜਦੋਂ ਮੈ ਇਕ ਨਜ਼ਰ ਪੰਡਾਲ ਵੱਲ ਵੀ ਘੁਮਾਈ ਤਾਂ ਉਥੇ ਵੀ ਬੀਬੀਆਂ ਦੀ ਚੋਖੀ ਗਿਣਤੀ ਸੀ। ਏਨੀ ਵੱਡੀ ਗਿਣਤੀ ਵਿਚ ਨੌਜਵਾਨਾਂ ਦੀ ਹਾਜ਼ਰੀ ਦੇ ਕੀ ਅਰਥ ਹਨ, ਇਹ ਵਰਤਮਾਨ ਹਾਲਤਾਂ ਵਿਚ



ਮਨੋਵਿਗਿਆਨ ਦਾ ਵਿਸ਼ਾ ਹੈ। ਦਿਲਚਸਪ ਗੱਲ ਇਹ ਸੀ ਕਿ ਸੰਗਤ ਵਿਚ ਬੀਬੀਆਂ ਤੇ ਮਰਦ ਇਕੱਠੇ ਬੈਠੇ ਹੋਏ ਸਨ, ਜਿਸ ਤੋਂ ਪਤਾ ਲੱਗਦਾ ਹੈ ਕਿ ਜਿਸ ਨੂੰ ਵੀ ਜਿੱਥੇ ਕਿਤੇ ਥਾਂ ਮਿਲੀ ਉਹ ਬੈਠ ਗਿਆ ਸੀ। ਪਰ ਸਾਰੀ ਸੰਗਤ ਪੂਰੀ ਤਰ੍ਹਾਂ ਅਨੁਸ਼ਾਸਨ ਵਿਚ ਸੀ।

ਭਾਵੇਂ ਸੰਗਤਾਂ ਦਾ ਇਕੱਠ ਉਮੀਦ ਤੋਂ ਕਿਤੇ ਵੱਧ ਹੋ ਗਿਆ ਸੀ, ਇਸ ਲਈ ਕਨਾਤਾਂ ਹਟਾ ਦਿੱਤੀਆਂ ਗਈਆਂ ਸਨ ਤਾਂ ਜੋ ਵੱਧ ਤੋਂ ਵੱਧ ਲੋਕ ਅੰਮ੍ਰਿਤਪਾਲ ਸਿੰਘ ਦੀ ਤਕਰੀਰ ਨੂੰ ਸੁਣ ਸਕਣ। ਜਾਪਦਾ ਹੈ ਪ੍ਰਬੰਧਕਾਂ ਨੂੰ ਹੁਣ ਪੰਡਾਲ ਲਈ ਵੱਖਰੀ ਥਾਂ ਚੁਣਨੀ ਪਵੇਗੀ ਕਿਉਂਕਿ ਜੀਵਨ ਦੇ ਹਰ ਖੇਤਰ ਵਿਚ ਕੰਮ ਕਰਨ ਵਾਲੇ ਉੱਘੇ ਆਗੂ ਅਤੇ ਲੋਕ ਇੱਥੇ ਆਪਣੀ ਹਾਜ਼ਰੀ ਭਰਨ ਲਈ ਉਤਾਵਲੇ ਹਨ। ਉਨ੍ਹਾਂ ਦੇ ਸੰਦੇਸ਼ ਲਗਾਤਾਰ ਆ ਰਹੇ ਹਨ।

ਅੰਮ੍ਰਿਤਪਾਲ ਸਿੰਘ ਦੇ ਭਾਸ਼ਣ ਦੀ ਫੋਲਾ-ਫਰੋਲੀ ਜਾਂ ਚੀਰ ਫਾੜ ਕਰਨੀ ਹੋਵੇ ਤਾਂ ਉਸ ਦਾ ਭਾਸ਼ਣ ਹੋਰਨਾਂ ਸਿਆਸਤਦਾਨਾਂ ਨਾਲੋਂ ਕਈ ਪੱਖਾਂ ਤੋਂ ਵੱਖਰਾ ਵੀ ਹੈ ਅਤੇ ਵਿਸ਼ੇਸ਼ ਵੀ। ਅੰਮ੍ਰਿਤਪਾਲ ਸਿੰਘ ਦਲੀਲ, ਜਜ਼ਬੇ ਅਤੇ ਜਾਣਕਾਰੀ ਨੂੰ ਕੁਝ ਇਸ ਅੰਦਾਜ਼ ਵਿਚ ਮਿਲਾ ਕੇ ਪੇਸ਼ ਕਰਦਾ ਹੈ ਕਿ ਸੁਣਨ ਵਾਲੇ ਦੇ ਅੰਦਰ ਇਕ ਤਰ੍ਹਾਂ ਦੀ ਹਲਚਲ ਵੀ ਪੈਦਾ ਹੋ ਜਾਂਦੀ ਹੈ ਤੇ ਪ੍ਰੇਰਨਾ ਵੀ। ਉਹ ਸਿੱਧਾ ਤੁਹਾਡੇ ਦਿਲ ਵੱਲ ਜਾਂਦਾ ਹੈ ਅਤੇ ਵਿਦਵਾਨਾਂ ਵਾਂਗ ਨਾ ਤਾਂ ਭਾਰੇ ਭਾਰੇ ਸ਼ਬਦ ਵਰਤਦਾ ਹੈ ਅਤੇ ਨਾ ਹੀ ਸਿਆਸਤਦਾਨਾਂ ਵਾਂਗ ਗੋਲ-ਮੋਲ ਗੱਲਾਂ ਕਰਦਾ ਹੈ। ਉਸ ਦੇ ਸ਼ਬਦਾਂ ਦੇ ਲਿਬਾਸ ਵਿਚ ਸਾਦਗੀ ਅਤੇ ਗਰਜ ਦੋਵੇਂ ਹੀ ਹਨ ਪਰ ਉਹ ਸਰੋਤਿਆਂ ਅੰਦਰ ਸੋਚਣ ਤੇ ਕੁਝ ਕਰ ਗੁਜ਼ਰਨ ਦਾ ਰਾਹ ਪੱਧਰਾ ਜ਼ਰੂਰ ਕਰ ਦੇਂਦਾ ਹੈ। ਮਿਸਾਲ ਦੇ ਤੌਰ 'ਤੇ ਨੌਜਵਾਨਾਂ ਦੇ ਅੰਮ੍ਰਿਤ ਛਕਣ ਲਈ ਜਿਵੇਂ ਉਹ ਆਪਣੀਆਂ ਦਲੀਲਾਂ ਅਤੇ ਇਤਿਹਾਸਕ ਮਿਸਾਲਾਂ ਦੇ ਕੇ ਉਤਸ਼ਾਹ ਤੇ ਜੋਸ਼ ਭਰ ਦੇਂਦਾ ਹੈ, ਉਹ ਜੁਗਤ ਸ਼ਾਇਦ ਹੀ ਕਿਸੇ ਧਾਰਮਿਕ ਆਗੂ ਤੇ ਸਿਆਸਤਦਾਨਾਂ ਦੇ ਹਿੱਸੇ ਆਈ ਹੋਵੇ। ਦਿਲਚਸਪ ਗੱਲ ਇਹ ਹੈ ਕਿ ਉਸ ਨੇ ਭਾਸ਼ਣ ਤੋਂ ਪਹਿਲਾਂ ਸੰਗਤਾਂ ਵਿਚ ਵਾਹਿਗੁਰੂ ਦੀ ਧੁਨੀ ਆਰੰਭ ਕਰ ਕੇ ਇਹ ਅਹਿਸਾਸ ਕਰਵਾ ਦਿੱਤਾ ਕਿ ਅੰਮ੍ਰਿਤਪਾਲ ਸਿੰਘ ਦੀ ਸਿਆਸਤ ਧਾਰਮਿਕ ਸਭਿਆਚਾਰ ਉੱਤੇ ਆਧਾਰਿਤ ਹੈ। ਕੁਝ ਲੋਕ ਉਸਨੂੰ ਧਾਰਮਿਕ ਰੰਗ ਵਿਚ ਰੰਗਿਆ ਸਿਆਸਤਦਾਨ ਕਹਿੰਦੇ ਹਨ।

ਬੰਦੀ ਸਿੰਘਾਂ ਦੀ ਰਿਹਾਈ ਬਾਰੇ ਟਿੱਪਣੀਆਂ ਕਰਦਿਆਂ ਉਸ ਨੇ ਐਲਾਨ ਕੀਤਾ ਕਿ ਬੰਦੀ ਸਿੰਘਾਂ ਦੀ ਰਿਹਾਈ ਬਹੁਤ ਜ਼ਰੂਰੀ ਹੈ, ਪਰ ਇਹ ਵੀ ਸੋਚੋ ਕਿ ਉਹ ਬੰਦੀ ਕਿਉਂ ਬਣੇ? ਉਸ ਦਾ ਸਿੱਧਾ ਇਸ਼ਾਰਾ ਸੰਗਤਾਂ ਨੂੰ ਆਪਣੇ ਰਾਜ ਯਾਨੀ



ਖ਼ਾਲਿਸਤਾਨ ਦੀ ਮੰਗ ਬਾਰੇ ਵੀ ਯਾਦ ਕਰਾਉਣਾ ਸੀ। ਇਹ ਕਹਿ ਕੇ ਉਸ ਨੇ ਸਿੱਧ ਕਰ ਦਿੱਤਾ ਕਿ ਉਹ ਸਿਆਣਾ, ਸੁਲਝਿਆ ਹੋਇਆ ਅਤੇ ਦੂਰ ਦੀ ਸੋਚਣ ਵਾਲਾ ਆਗੂ ਹੈ। ਉਸ ਨੇ ਭਾਈ ਤਾਰਾ ਅਤੇ ਭਾਈ ਭਿਉਰਾ ਵੱਲੋਂ ਹਾਲ ਵਿਚ ਹੀ ਦਿੱਤੇ ਗਏ ਚਰਚਿਤ ਬਿਆਨਾਂ ਦੀ ਹਮਾਇਤ ਕਰਦਿਆਂ ਅਤੇ ਉਨ੍ਹਾਂ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਅਸੀਂ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣਾ ਹੈ। ਉਨ੍ਹਾਂ ਦੀ ਰਿਹਾਈ ਤੋਂ ਬਿਨਾਂ ਮੋਰਚਾ ਖ਼ਤਮ ਹੋ ਹੀ ਨਹੀਂ ਸਕੇਗਾ ਪਰ ਅਸੀਂ ਖ਼ਾਲਿਸਤਾਨ ਦੇ ਸਵਾਲ 'ਤੇ ਕੋਈ ਸਮਝੌਤਾ ਵੀ ਨਹੀਂ ਕਰਨਾ। ਜਦੋਂ ਹੀ ਉਸ ਨੇ ਇਹ ਐਲਾਨ ਕੀਤਾ ਤਾਂ ਪੰਡਾਲ ਨੇ ਵਾਰ-ਵਾਰ ਜੈਕਾਰਿਆਂ ਦੀ ਗੂੰਜ ਵਿਚ ਇਸ ਦਾ ਸਵਾਗਤ ਕੀਤਾ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਮੋਰਚੇ ਲਗਦੇ ਰਹਿਣੇ ਚਾਹੀਦੇ ਹਨ ਕਿਉਂਕਿ ਇਸ ਨਾਲ ਕੌਮ ਦਾ ਤੇਲ ਪਾਣੀ ਚੈਕ ਹੁੰਦਾ ਰਹਿੰਦਾ ਹੈ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਰਾਜ ਦੀ ਪ੍ਰਾਪਤੀ ਲੜ ਕੇ ਹੀ ਹਾਸਲ ਹੁੰਦੀ ਹੈ ਅਤੇ ਸਿੱਖ ਇਤਿਹਾਸ ਮੁਤਾਬਕ ਰਾਜ ਸ਼ਸਤਰਾਂ ਦੇ ਅਧੀਨ ਹੀ ਕਾਇਮ ਰਹਿੰਦਾ ਹੈ। ਅੰਮ੍ਰਿਤਪਾਲ ਸਿੰਘ ਨੇ ਪੰਜਾਬ ਦੇ ਖੱਬੇਪੱਖੀ ਲੋਕਾਂ ਦੀ ਤਿੱਖੀ ਆਲੋਚਨਾ ਕੀਤੀ ਕਿ ਇਹ ਲੋਕ ਦੁਨੀਆਂ ਵਿਚ ਲੁੱਟੇ ਪੁੱਟੇ ਤੇ ਆਜ਼ਾਦੀ ਦੀ ਤਾਂਘ ਰੱਖਣ ਵਾਲਿਆਂ ਦੀ ਹਮਾਇਤ ਅਕਸਰ ਹੀ ਕਰਦੇ ਰਹਿੰਦੇ ਹਨ ਪਰ ਪੰਜਾਬ ਅੰਦਰ ਆਜ਼ਾਦੀ ਲਈ ਸੰਘਰਸ਼ ਕਰਨ ਵਾਲਿਆਂ ਦਾ ਵਿਰੋਧ ਕਿਉਂ ਕਰਦੇ ਹਨ? ਉਨ੍ਹਾਂ ਐਲਾਨ ਕੀਤਾ ਕਿ ਇਹ ਲੋਕ ਭਗੌੜੇ ਬਣ ਚੁੱਕੇ ਹਨ।

# ਕ੍ਰਿਸ਼ਮਾ ਅਤੇ ਤਕਨੀਕ ਮੋਰਚੇ ਦੀ ਹੈਰਾਨੀਜਨਕ ਪ੍ਰਾਪਤੀ

ਮੋਹਾਲੀ-ਚੰਡੀਗੜ੍ਹ ਸਰਹੱਦ 'ਤੇ ਲੱਗਿਆ ਕੌਮੀ ਇਨਸਾਫ ਮੋਰਚਾ ਹਰ ਪਿਛਲੇ ਦਿਨ ਨਾਲੋਂ ਉਤਸ਼ਾਹ ਵਿਚ ਵੀ ਅੱਗੇ, ਜਜ਼ਬੇ ਵਿਚ ਵੀ ਅੱਗੇ, ਸਿਆਣਪ ਤੇ ਸੰਜੀਦਗੀ ਵਿਚ ਵੀ ਅੱਗੇ, ਜਥੇਬੰਦਕ ਅਹਿਸਾਸ ਵਿਚ ਵੀ ਅੱਗੇ, ਗਿਣਤੀ

**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਵਿਚ ਵੀ ਅੱਗੇ, ਡਸਿਪਲਨ ਵਿਚ ਵੀ ਅੱਗੇ ਅਤੇ ਪੁਖ਼ਤਾ ਵਿਚਾਰਾਂ ਵਿਚ ਵੀ ਅੱਗੇ ਹੀ ਅੱਗੇ ਜਾ ਰਿਹਾ ਹੈ।

ਵੱਡੀ ਗੱਲ ਜਿਹੜੀ ਹੌਂਸਲਾ ਤੇ ਹਿੰਮਤ ਬਣਾਉਂਦੀ ਹੈ, ਉਹ ਇਹ ਹੈ ਕਿ ਪ੍ਰਬੰਧਕਾਂ, ਲੀਡਰਾਂ ਅਤੇ ਨੌਜਵਾਨਾਂ ਵਿਚ ਤਾਲਮੇਲ ਅਤੇ ਏਕਤਾ ਵੀ ਪਹਿਲਾਂ ਵਾਲੇ ਮੋਰਚਿਆਂ ਨਾਲੋਂ ਕਿਤੇ ਵੱਧ ਮਜ਼ਬੂਤ ਹੈ। ਇਸ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਇਕ ਸੁਲਝੇ ਹੋਏ ਨੌਜਵਾਨ ਦਾ ਜਵਾਬ ਸੀ ਕਿ ਇਸ ਏਕਤਾ ਦਾ ਵੱਡਾ ਤੇ ਮਜ਼ਬੂਤ ਥੰਮ੍ਹ ਨੌਜਵਾਨ ਹਨ ਜਿਨ੍ਹਾਂ ਨੇ ਪਿਛਲੇ ਕੌੜੇ ਤਜਰਬਿਆਂ, ਲੀਡਰਸ਼ਿਪ ਵਿਚ ਏਕਤਾ ਅਤੇ ਦੂਰ ਦ੍ਰਿਸ਼ਟੀ ਦੀ ਘਾਟ ਅਤੇ ਹੋਈਆਂ ਹਾਰਾਂ ਤੋਂ ਬਹੁਤ ਕੁਝ ਸਿੱਖਿਆ ਹੈ। ਇਸ ਲਈ ਸਮੁੱਚੀ ਲੀਡਰਸ਼ਿਪ ਦੀਆਂ ਸਰਗਰਮੀਆਂ ਵਿਚ ਲੁਕੀ ਅਗਵਾਈ ਹੁਣ ਨੌਜਵਾਨਾਂ ਦੀ ਹੀ ਹੈ। ਸਰਦਾਰ ਬਲਵਿੰਦਰ ਸਿੰਘ ਨੇ ਇਕ ਲੰਮੀ ਮੁਲਾਕਾਤ ਵਿਚ ਜਿੱਥੇ ਇਸ ਹਕੀਕਤ ਨੂੰ ਮੰਨਿਆ ਅਤੇ ਮਹਿਸੂਸ ਕੀਤਾ, ਉਥੇ ਉਨ੍ਹਾਂ ਨੇ ਉਹ ਗੱਲਾਂ ਵੀ ਸਾਂਝੀਆਂ ਕੀਤੀਆਂ ਜਿਸ ਤੋਂ ਪਤਾ ਲੱਗਦਾ ਹੈ ਕਿ ਏਸ ਮੋਰਚੇ ਦੇ ਪਿੱਛੇ ਗੁਰੂ-ਸਿਧਾਂਤ ਅਤੇ ਗੁਰੂ-ਬਖਸ਼ਿਸ਼ ਦਾ ਖਾਸ ਮਹੱਤਵ ਹੈ।

ਇਉਂ ਲੱਗਦਾ ਹੈ ਜਿਵੇਂ 'ਸਿਰ ਊਪਰ ਠਾਢਾ ਗੁਰ ਸੂਰਾ। ਨਾਨਕ ਤਾ ਕੇ ਕਾਰਜ ਪੂਰਾ' ਦਾ ਚਮਤਕਾਰ ਵਾਪਰ ਰਿਹਾ ਹੈ।

ਬਲਜਿੰਦਰ ਸਿੰਘ ਮੁਤਾਬਕ ਕ੍ਰਿਸ਼ਮਾ ਤੇ ਤਕਨੀਕ ਇਸ ਮੋਰਚੇ ਦੀ ਹੈਰਾਨੀਜਨਕ ਪ੍ਰਾਪਤੀ ਹੈ। ਕੀ ਤੁਸੀਂ ਮੰਨ ਸਕਦੇ ਹੋ ਕਿ ਬਾਰਸ਼ ਦੇ ਆਸਾਰ ਵੇਖ ਕੇ ਨੌਜਵਾਨ ਹੋਰ ਤਰਪਾਲਾਂ, ਕਨਾਤਾਂ ਅਤੇ ਟੈਂਟਾਂ ਦੀ ਭਾਲ ਕਰਨ ਲੱਗੇ ਜਦਕਿ ਏਨੇ ਨੂੰ ਕਿਸੇ ਨੇ ਇੱਕ ਲੱਖ ਰੁਪਏ ਦੀ ਸੇਵਾ ਕਰਨ ਦਾ ਫੋਨ ਕਰ ਦਿੱਤਾ। ਕੋਈ ਅੰਬਾਲੇ ਤੋਂ ਤਰਪਾਲਾਂ ਲਿਆਉਣ ਲਈ ਭੱਜ-ਨੱਠ ਕਰ ਰਿਹਾ ਹੈ ਅਤੇ ਕੋਈ ਦੁਕਾਨਦਾਰ ਮੋਰਚੇ ਵਿਚ ਬਿਜਲੀ ਦੇ ਸਮਾਨ ਦੇ ਪੈਸੇ ਨਾ ਲੈਣ ਦੇ ਨਾਲ ਨਾਲ 20 ਹਜ਼ਾਰ ਬਲਬ ਮੁਫ਼ਤ ਦੇ ਰਿਹਾ ਹੈ। ਮੋਹਾਲੀ ਅਤੇ ਆਸ-ਪਾਸ ਦੇ ਪਿੰਡਾਂ ਨੇ ਮੋਰਚੇ ਵਿਚ ਆਉਣ ਵਾਲਿਆਂ ਲਈ ਰਾਤਾਂ ਕੱਟਣ ਵਾਸਤੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ, ਯਾਨੀ ਜਿਵੇਂ ਕੁਦਰਤ ਬਾਰਸ਼ ਅਤੇ ਕੜਾਕੇ ਦੀ ਠੰਢ ਦਾ ਮਾਹੌਲ ਵਰਤਾ ਕੇ ਨੌਜਵਾਨਾਂ ਦਾ ਇਮਤਿਹਾਨ ਲੈ ਰਹੀ ਹੈ ਤਾਂ ਨੌਜਵਾਨ ਵੀ ਇਸ ਇਮਤਿਹਾਨ ਵਿਚੋਂ ਸਫਲ ਹੋ ਰਹੇ ਹਨ।

ਜਦੋਂ ਮੈਂ 25 ਜਨਵਰੀ ਨੂੰ ਮੋਰਚਾ ਕੰਪਲੈਕਸ ਵਿਚ ਦਾਖਲ ਹੋਇਆ ਤਾਂ ਇਕ ਪਾਸੇ ਪੰਡਾਲ਼ ਦੀ ਸਫਾਈ ਕੀਤੀ ਜਾ ਰਹੀ ਸੀ ਤਾਂ ਦੂਜੇ ਪਾਸੇ ਕੁਝ ਨੌਜਵਾਨ ਵੱਡੇ ਝਾੜੂਆਂ ਨਾਲ ਸੜਕ ਤੋਂ ਪਾਣੀ ਹਟਾ ਰਹੇ ਸਨ। ਕਿਤੇ ਛੋਟੀਆਂ ਛੋਟੀਆਂ ਟੋਲੀਆਂ ਵਿਚ ਇਕੱਠੇ ਨੌਜਵਾਨ ਕਿਸੇ ਆਗੂ ਨੂੰ ਧਿਆਨ ਨਾਲ ਸੁਣ ਰਹੇ ਸਨ। ਅਜਿਹੀ ਹੀ ਇਕ ਟੋਲੀ ਨੂੰ ਦੀਪ ਸਿੱਧੂ ਦੇ ਨਜ਼ਦੀਕੀ ਸਾਥੀ ਪਲਵਿੰਦਰ ਸਿੰਘ ਤਲਵਾੜਾ ਜੋਸ਼ ਤੇ ਹੋਸ਼ ਦੇ ਸੁਮੇਲ ਨਾਲ ਸੰਬੋਧਨ ਕਰ ਰਹੇ ਸਨ ਅਤੇ ਨੌਜਵਾਨਾਂ ਨੂੰ ਸਿੱਖ ਇਤਿਹਾਸ ਦੀਆਂ ਯਾਦਾਂ ਨੂੰ ਅੱਜ ਦੇ ਸਮੇਂ ਦੀਆਂ ਹਾਲਤਾਂ ਨਾਲ ਜੋੜ ਕੇ ਪ੍ਰੇਰਨਾ ਦਾ ਮਾਹੌਲ ਤਿਆਰ ਕਰ ਰਹੇ ਸਨ। ਉਨ੍ਹਾਂ ਨੂੰ ਯਕੀਨ ਹੈ ਕਿ ਇਸ ਵਾਰ ਸਿੱਖ ਕੌਮ ਦੀ ਕਿਸਮਤ ਦੇ ਫੈਸਲੇ ਬੰਦ ਕਮਰਿਆਂ ਵਿਚ ਨਹੀਂ ਹੋਣਗੇ ਸਗੋਂ ਸੰਗਤਾਂ ਦੀ ਹਾਜ਼ਰੀ ਵਿਚ ਹੋਣਗੇ। ਮੈਂ ਵੀ ਅਜਿਹਾ ਹੀ ਮਹਿਸੂਸ ਕੀਤਾ ਕਿ ਇਸ ਵਾਰ ਲੀਡਰਸ਼ਿਪ ਉਤੇ ਨੌਜਵਾਨਾਂ ਦਾ ਕਰੜਾ ਪਹਿਰਾ ਜਾਪਦਾ ਹੈ ਅਤੇ ਉਹ ਮੰਜ਼ਿਲ ਹਾਸਲ ਕਰ ਕੇ ਹੀ ਘਰਾਂ ਨੂੰ ਪਰਤਣਗੇ।

ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਮਨਜੀਤ ਸਿੰਘ ਨਜ਼ਰੀਂ ਪੈ ਗਏ ਜੋ ਵਾਪਸ ਪਰਤ ਰਹੇ ਸਨ। ਉਨ੍ਹਾਂ ਨਾਲ ਡੂੰਘੀਆਂ ਅਤੇ ਸਪੱਸ਼ਟ ਗੱਲਾਂ ਹੋਈਆਂ। ਉਨ੍ਹਾਂ ਮੁਤਾਬਕ ਇਹ ਮੋਰਚਾ ਭਾਵਨਾਵਾਂ ਦਾ ਰੂਹਾਨੀ ਮੇਲਾ ਹੈ। ਉਹ ਛੇਤੀ ਹੀ ਸਰਗਰਮ ਸਿਆਸਤ ਵਿਚ ਛਾਲ ਮਾਰਨ ਵਾਲੇ ਹਨ ਭਾਵੇਂ ਉਨ੍ਹਾਂ ਨੇ ਇਸ ਸਿਆਸਤ ਦੀ ਰੂਪ-ਰੇਖਾ ਮੇਰੇ ਨਾਲ ਸਾਂਝੀ ਨਹੀਂ ਕੀਤੀ।

ਹੋਰ ਅੱਗੇ ਗਿਆ ਤਾਂ ਭਾਈ ਸਤਨਾਮ ਸਿੰਘ, ਹੋਰ ਸਿੰਘ ਸਾਹਿਬਾਨ ਤੇ ਉਨ੍ਹਾਂ ਦੇ ਸਾਥੀ ਮਿਲ ਗਏ ਜਿਨ੍ਹਾਂ ਨੇ ਇਤਿਹਾਸ ਦੇ ਇਕ ਦੌਰ ਵਿਚ ਪੰਜ ਪਿਆਰਿਆਂ ਦੇ ਰੂਪ ਵਿਚ ਇਕ ਅਜਿਹਾ ਇਤਿਹਾਸਕ ਫੈਸਲਾ ਸੁਣਾਇਆ ਕਿ ਬਾਦਲਾਂ ਦੇ ਕੈਂਪ ਅੰਦਰ ਇਕ ਵਾਰ ਤਾਂ ਤਰਥਲੀ ਮਚ ਗਈ ਪਰ ਇਸ ਫੈਸਲੇ ਨੇ ਇਤਿਹਾਸ ਦੀਆਂ ਯਾਦਾਂ ਨੂੰ ਮੁੜ ਸੁਰਜੀਤ ਕਰ ਦਿੱਤਾ।

ਖਾਲਸਾ ਪੰਥ ਦਾ ਅਵਚੇਤਨ ਸੰਸਾਰ ਉਸ ਸਮੇਂ ਪ੍ਰਚੰਡ ਚੇਤਨਾ ਵਿਚ ਸਾਕਾਰ ਹੋ ਗਿਆ ਸੀ।

ਸਰਦਾਰ ਬਲਵਿੰਦਰ ਸਿੰਘ ਨਾਲ ਲੰਮੀ ਮੁਲਾਕਾਤ ਹੋਈ ਜਿਸ ਵਿਚ ਖੁੱਲ੍ਹੀਆਂ ਗੱਲਾਂ ਹੋਈਆਂ। ਖੁੱਲ੍ਹੇ ਜਵਾਬ ਵੀ ਮਿਲੇ, ਜਿਸ ਦੇ ਵੇਰਵੇ ਕਿਸੇ ਹੋਰ ਲੇਖ ਵਿਚ ਸਾਂਝੇ ਕੀਤੇ ਜਾਣਗੇ।

ਗੁਰਦੀਪ ਸਿੰਘ ਬਠਿੰਡਾ ਨਾਲ ਵੀ ਲੰਮੀ ਮੁਲਾਕਾਤ ਹੋਈ, ਜੋ ਇਕ ਸਮੇਂ ਚਬੇ ਦੇ ਸਰਬੱਤ ਖਾਲਸਾ ਦੀ ਅਗਵਾਈ ਕਰਨ ਵਾਲੇ ਉੱਘੇ ਆਗੂ ਸਨ। ਉਹ ਨਿਰਾਸ਼ ਜਿਹੇ ਜਾਪੇ।

ਇਸ ਮੋਰਚੇ ਬਾਰੇ ਬਹੁਤ ਕੁਝ ਲਿਖਿਆ ਜਾਣ ਵਾਲ਼ਾ ਹੈ। ਪਰ ਪੰਜਾਬ ਵਿਚ, ਪੰਜਾਬ ਤੋਂ ਬਾਹਰ ਅਤੇ ਬਾਹਰਲੇ ਦੇਸ਼ਾਂ ਵਿਚ ਜਿੱਥੇ ਕਿਤੇ ਵੀ ਜਾਗਦੀਆਂ ਜ਼ਮੀਰ ਵਾਲੀਆਂ ਰੂਹਾਂ ਵਸਦੀਆਂ ਹਨ, ਜਿੱਥੇ ਕਿਤੇ ਵੀ ਪੰਥ ਦੀ ਅਜੋਕੀ ਹਾਲਤ ਉਤੇ ਦਰਦ ਦੇ ਹੰਝੂ ਕਿਰਦੇ ਹਨ ਅਤੇ ਜਿੱਥੇ ਕਿਤੇ ਵੀ ਮੋਰਚੇ ਦੀ ਲੀਡਰਸ਼ਿਪ ਨਾਲ ਸਾਂਝਾਂ ਪਾਉਣ, ਉਨ੍ਹਾਂ ਨੂੰ ਸੁਝਾਅ ਦੇਣ ਅਤੇ ਰਾਹ ਦਿਖਾਉਣ ਦੀ ਤਾਂਘ ਅਤੇ ਤਮੰਨਾ ਪੈਦਾ ਹੁੰਦੀ ਹੈ, ਉਹ ਵੀਰ, ਭੈਣਾਂ, ਬਜ਼ੁਰਗ, ਮਾਵਾਂ ਪਰਿਵਾਰਾਂ ਦੀ ਸ਼ਕਲ ਵਿਚ ਮੋਰਚੇ ਵਿਚ ਆਉਣ ਅਤੇ ਜਗਦੇ ਇਤਿਹਾਸ ਦੇ ਚਸ਼ਮਦੀਦ ਗਵਾਹ ਬਣਨ।

# ਪੰਜਾਬ ਦੀ ਸਿਆਸਤ ਅਤੇ ਅਸਪਸ਼ਟ ਸਿਆਸੀ ਨਿਸ਼ਾਨੇ

**ਵਿਚਾਰ-ਚਰਚਾ**

***ਪੰਜਾਬ ਦੀ ਸਿਆਸਤ ਅਤੇ ਸਿਆਸੀ ਲੜਾਈ ਬਾਰੇ ਪਹੁੰਚ ਦਾ ਮਸਲਾ ਕਮਿਊਨਿਸਟ ਧਿਰਾਂ ਅਤੇ ਸਿੱਖ ਵਿਦਵਾਨਾਂ ਵਿਚਕਾਰ ਕਿਸਾਨ ਅੰਦੋਲਨ ਦੌਰਾਨ ਵਾਹਵਾ ਚਰਚਾ ਵਿਚ ਰਿਹਾ ਹੈ। ਪਿਛਲੇ ਅੰਕ ਵਿਚ ਸ. ਹਰਚਰਨ ਸਿੰਘ ਪ੍ਰਹਾਰ ਦਾ ਲੇਖ 'ਪੰਜਾਬ ਵਿਚ ਕਮਿਊਨਿਸਟ ਧਿਰਾਂ ਅਤੇ ਸਿੱਖ ਵਿਦਵਾਨਾਂ ਦੀ ਪਹੁੰਚ ਦੇ ਮਸਲੇ' ਛਾਪਿਆ ਗਿਆ ਸੀ ਜਿਸ ਵਿਚ ਇਸ ਮਸਲੇ ਬਾਰੇ ਵਿਸਥਾਰ ਸਹਿਤ ਵਿਚਾਰ ਪ੍ਰਗਟ ਕੀਤੇ ਗਏ ਸਨ। ਇਸ ਲੇਖ ਬਾਰੇ ਸਾਨੂੰ ਹਜ਼ਾਰਾ ਸਿੰਘ ਮਿਸੀਸਾਗਾ ਦੀ ਇਹ ਟਿੱਪਣੀ ਪ੍ਰਾਪਤ ਹੋਈ ਹੈ ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ।***

'ਪੰਜਾਬ ਟਾਈਮਜ਼' ਦੇ 28 ਜਨਵਰੀ 2023 ਵਾਲੇ ਅੰਕ 4 ਵਿਚ ਹਰਚਰਨ ਸਿੰਘ ਪ੍ਰਹਾਰ ਦੀ ਪੰਜਾਬ ਦੇ ਕਮਿਊਨਿਸਟਾਂ ਅਤੇ ਸਿੱਖ ਵਿਦਵਾਨਾਂ ਦੀ ਪਹੁੰਚ ਬਾਰੇ ਲਿਖਤ ਪੜ੍ਹੀ। ਇਹ ਲਿਖਤ ਪਿਛਲੇ 40 ਸਾਲਾਂ ਦੀਆਂ ਘਟਨਾਵਾਂ 'ਤੇ ਪੰਛੀ ਝਾਤ ਪੁਆਉਂਦੀ ਹੈ, ਘਟਨਾਵਾਂ ਨਾਲ ਜੁੜੇ ਪਾਤਰਾਂ ਦੀ ਨੀਤ ਅਤੇ ਨੀਤੀ ਬਾਰੇ ਕਈ ਗੁੱਝੇ ਪੱਖਾਂ ਤੇ ਰੌਸ਼ਨੀ ਪਾਉਂਦੀ ਹੈ। ਇਨ੍ਹਾਂ ਘਟਨਾਵਾਂ ਨਾਲ ਵਾਬਸਤਾ ਰਹੇ ਆਗੂਆਂ ਅਤੇ ਵਿਦਵਾਨਾਂ ਦੀ ਦੂਰਦਰਸ਼ਤਾ ਅਤੇ ਕਾਬਲੀਅਤ 'ਤੇ ਵਾਜਿਬ ਸਵਾਲ ਖੜ੍ਹੇ ਕਰਦੀ ਹੈ। ਲਿਖਤ ਸਾਬਿਤ ਕਰਦੀ ਹੈ ਕਿ ਕੇਂਦਰੀ ਸਰਕਾਰ ਸਮੇਤ ਸਭ ਧਿਰਾਂ ਆਪੋ-ਆਪਣੇ ਸਵਾਰਥ ਨੂੰ ਹੀ ਮੁੱਖ ਰੱਖ ਰਹੀਆਂ ਸਨ। ਕੋਈ ਧਿਰ ਵੀ ਸੁਹਿਰਦ ਨਹੀਂ ਸੀ। ਕਮਿਊਨਿਸਟ

**ਹਜ਼ਾਰਾ ਸਿੰਘ ਮਿਸੀਸਾਗਾ**
**ਫੋਨ: +1-647-585-5997**

ਅਤੇ ਸਿੱਖ ਵਿਦਵਾਨ ਵੀ ਸਵਾਲਾਂ ਦੇ ਘੇਰੇ ਵਿਚ ਹਨ। ਸਭ ਵਾਸਤੇ ਵੱਡਾ ਸਵਾਲ ਹੈ ਕਿ ਇਹ ਪੰਜਾਬ ਦੇ ਲੋਕਾਂ ਦੇ ਬੁਨਿਆਦੀ ਮਸਲਿਆਂ 'ਤੇ ਕੋਈ ਚਿੰਤਨ ਅਤੇ ਹੱਲ ਪੇਸ਼ ਕਿਉਂ ਨਹੀਂ ਕਰ ਸਕੀਆਂ।

ਹਰਚਰਨ ਸਿੰਘ ਪ੍ਰਹਾਰ ਦੇ ਅਕਾਲੀ ਲੀਡਰਾਂ, ਸਿੱਖ ਵਿਦਵਾਨਾਂ, ਕਮਿਊਨਿਸਟ ਚਿੰਤਕਾਂ ਅਤੇ ਕਮਿਊਨਿਸਟਾਂ ਤੋਂ ਸਿੱਖ ਬਣੇ ਵਿਦਵਾਨਾਂ ਬਾਰੇ ਸਵਾਲ ਵਾਜਿਬ ਹਨ ਪਰ ਇਨ੍ਹਾਂ ਦਾ ਜਵਾਬ ਕਿਸੇ ਨੇ ਨਹੀਂ ਦੇਣਾ। ਭਲਾ ਅਕਾਲੀ ਦਲ ਵੱਲੋਂ ਮੋਰਚਾ ਦਰਬਾਰ ਸਾਹਿਬ ਅੰਦਰ ਲਿਜਾ ਕੇ ਪੰਜਾਬ ਦੀਆਂ ਮੰਗਾਂ ਨੂੰ ਸਿੱਖ ਮੰਗਾਂ ਦਾ ਰੂਪ ਕਿਉਂ ਦਿੱਤਾ ਗਿਆ? ਇਸ ਦਾ ਜਵਾਬ ਕਿਹੜੀ ਧਿਰ ਦੇਵੇਗੀ? ਦਰਬਾਰ ਸਾਹਿਬ ਅੰਦਰ ਹਥਿਆਰ ਕਿਸ ਸਾਜ਼ਿਸ਼ ਤਾਹਿਤ ਭੇਜੇ ਗਏ ਅਤੇ ਹਥਿਆਰ ਪ੍ਰਾਪਤ ਕਰਨ ਵਾਲੇ ਉਸ ਸਾਜ਼ਿਸ਼ ਨੂੰ ਕਿਉਂ ਨਾ ਸਮਝ ਸਕੇ? ਇਸ ਦਾ ਜਵਾਬ ਵੀ ਕਿਸੇ ਵਿਦਵਾਨ ਨੇ ਨਹੀਂ ਦੇਣਾ। ਟੋਰਾਂਟੋ ਆਏ ਗੁਰਚਰਨ ਸਿੰਘ ਟੌਹੜਾ ਨੂੰ ਕਿਸੇ ਨੇ ਪੁੱਛਿਆ ਸੀ ਕਿ ਸੰਤਾਂ ਨੂੰ ਅਕਾਲ ਤਖਤ 'ਤੇ ਮੋਰਚਾਬੰਦੀ ਦੀ ਆਗਿਆ ਦੇਣਾ ਤੁਹਾਡੀ ਕਮਜ਼ੋਰੀ ਸੀ ਜਾਂ ਨਾਲਾਇਕੀ? ਟੌਹੜਾ ਜੀ ਮੋਰਚਾਬੰਦੀ ਤੋਂ ਹੀ ਮੁਨਕਰ ਹੋ ਗਏ। ਬਹੁਤ ਵਰ੍ਹੇ ਪੰਥਕ ਧਿਰਾਂ ਇਸ ਗੱਲ ਤੋਂ ਮੁਨਕਰ ਰਹੀਆਂ ਕਿ ਦਰਬਾਰ ਸਾਹਿਬ ਅੰਦਰ ਮਿਥ ਕੇ ਲੜਾਈ ਲੜਨ ਦੇ ਇਰਾਦੇ ਨਾਲ ਕੋਈ ਹਥਿਆਰ ਇੱਕਠੇ ਕੀਤੇ ਗਏ ਸਨ। ਬੜੇ-ਬੜੇ ਮਹਾਂਪੁਰਖਾਂ ਸਮੇਤ ਜਿਹੜੀਆਂ ਧਿਰਾਂ ਸੰਤ ਜਰਨੈਲ ਸਿੰਘ ਦੇ ਮਾਰੇ ਜਾਣ ਨੂੰ ਮੰਨਣ ਤੋਂ ਹੀ ਵੀਹ ਸਾਲ ਇਨਕਾਰੀ ਰਹੀਆਂ, ਉਹ ਪ੍ਰਹਾਰ ਦੀ ਲਿਖਤ ਵਿਚਲੇ ਸਵਾਲਾਂ ਦਾ ਕੀ ਜਵਾਬ ਦੇਣਗੀਆਂ!

ਵੈਸੇ ਅਸਿੱਧੇ ਤੌਰ 'ਤੇ ਸਮੇਂ ਨੇ ਬਹੁਤ ਸਾਰੇ ਸਵਾਲਾਂ ਦਾ ਜਵਾਬ ਦੇ ਦਿੱਤਾ ਹੈ। ਕਾਂਗਰਸ ਅਤੇ ਭਾਰਤੀ ਸਟੇਟ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਨੂੰ ਗਲਤੀ ਸਮਝ ਰਹੀਆਂ ਹਨ ਅਤੇ ਅਸਿੱਧੇ ਤੌਰ 'ਤੇ ਪਛਤਾਵਾ ਕਰ ਰਹੀਆਂ ਹਨ। ਅਕਾਲੀ ਦਲ ਸਿਆਸੀ ਮੰਗਾਂ ਲਈ ਮੋਰਚਾ ਸਿਆਸਤ ਤੋਂ ਤੌਬਾ ਕਰ ਚੁੱਕਾ ਹੈ। ਕੁਝ ਬੇਚੈਨ ਗਰਮਖਿਆਲੀ ਸਿੱਖ ਚਿੰਤਕ ਉਸ ਪੈਂਤੜੇ 'ਤੇ ਮੁੜਨ ਨੂੰ ਅਜੇ ਵੀ ਬਥੇਰਾ ਤਾਂਘਦੇ ਹਨ, ਪਰ ਉਨ੍ਹਾਂ ਦੀ ਇਸ ਤਾਂਘ ਨੂੰ ਬੂਰ ਪੈਂਦਾ ਕਿਧਰੇ ਦਿਸ ਨਹੀਂ ਰਿਹਾ।

ਇਹ ਠੀਕ ਹੈ ਕਿ ਪੰਜਾਬ ਦੀ ਤਾਸੀਰ ਵਿਚ ਹਥਿਆਰਬੰਦ ਯੁੱਧ ਦਾ ਵਲਵਲਾ ਰਿਹਾ ਹੋਣ ਕਾਰਨ ਪੰਜਾਬੀਆਂ ਨੂੰ ਹਰ ਉਹ ਲਹਿਰ ਚੰਗੀ ਲਗਦੀ ਰਹੀ ਹੈ ਜਿਸ ਵਿਚ ਹਥਿਆਰਬੰਦ ਅੰਸ਼ ਸ਼ਾਮਿਲ ਹੁੰਦਾ ਸੀ। ਮਿਸਾਲ ਵਜੋਂ ਗਦਰ ਲਹਿਰ, ਬੱਬਰ ਅਕਾਲੀ ਲਹਿਰ, ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਆਦਿ ਦੇ ਸੂਰਮਤਾਈ ਵਾਲੇ ਕਾਰਨਾਮੇ ਪੰਜਾਬੀਆਂ ਦੇ ਮਨਾਂ 'ਤੇ ਛਾਏ ਹੋਏ ਹਨ। ਹੋਰ ਤਾਂ ਹੋਰ, ਦੁੱਲਾ ਭੱਟੀ, ਸੁੱਚਾ ਸੂਰਮਾ ਅਤੇ ਜਿਉਣਾ ਮੌੜ ਅਤੇ ਜੱਗਾ ਡਾਕੂ ਵੀ ਪੰਜਾਬੀਆਂ ਦੇ ਮਨਾਂ ਵਿਚ ਅਣਖ ਲਈ ਲੜਨ ਵਾਲੇ ਸਤਿਕਾਰਤ ਸੂਰਮੇ ਹਨ। ਬੱਸ ਇਨ੍ਹਾਂ ਭਾਵਨਾਵਾਂ ਕਾਰਨ ਹੀ ਜਦ ਕਿਤੇ ਲੜਾਈ ਦਾ ਆਦਰਸ਼ ਵੱਡਾ ਜਾਪਦਾ ਹੋਵੇ ਤਾਂ ਪੰਜਾਬੀ ਲੋਕ ਹਥਿਆਰਬੰਦ ਲੜਾਈ ਲਈ ਕਾਹਲੇ ਪੈ ਜਾਂਦੇ ਹਨ। ਗੱਲ 'ਸ਼ਾਹ ਮੁਹੰਮਦਾ ਵਰਜ ਨਾ ਜਾਵਿਆਂ ਨੂੰ, ਫੌਜਾਂ ਹੋਇ ਮੁਹਾਣੀਆਂ ਕਦ ਮੁੜੀਆਂ' ਵਾਲੀ ਹੋ ਜਾਂਦੀ ਹੈ। ਜਜ਼ਬਾਤ ਦੀ ਹਨੇਰੀ ਅੱਗੇ ਲੀਡਰ ਬੇਵੱਸ ਹੋ ਜਾਂਦੇ ਹਨ, ਫੌਜਾਂ ਬੇਕਾਬੂ ਹੋ ਕੇ ਹੰਨੇ-ਹੰਨੇ ਮੀਰੀ ਵਰਤਾਉਣ ਲਈ ਉਤਾਵਲੀਆਂ ਹੋ ਜਾਂਦੀਆਂ ਹਨ। ਜਥੇਬੰਦੀਆਂ ਦੇ ਕੁੰਡੇ ਟੁੱਟ ਜਾਂਦੇ ਹਨ ਤੇ ਆਪ-ਮੁਹਾਰੇਪਣ ਦੇ ਮਾਹੌਲ ਵਿਚ ਆਗੂਆਂ ਨੂੰ ਪੁੱਛਣ ਦੀ ਥਾਂ ਕਿਹਾ ਜਾਂਦਾ ਹੈ- 'ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ, ਜਿਹੜੀ ਕਰੇਗਾ ਖਾਲਸਾ ਪੰਥ ਮੀਆਂ'। ਕਿਸਾਨ ਮੋਰਚੇ ਦੌਰਾਨ ਵੀ ਇਹੋ ਵਰਤਾਰਾ ਵਰਤਾਉਣ ਦੀ ਕੋਸ਼ਿਸ਼ ਸੀ ਪਰ ਕਿਸਾਨ ਜਥੇਬੰਦੀਆਂ ਦੀ ਸੂਝ-ਬੂਝ ਅਤੇ ਆਪਣੇ ਬਿਰਤਾਂਤ 'ਤੇ ਪੱਕੇ ਪੈਰੀਂ ਖੜ੍ਹੇ ਰਹਿਣ ਦੀ ਮਜ਼ਬੂਤੀ ਨੇ



ਪੰਜਾਬੀਆਂ ਦੇ ਇਸ ਆਪਮੁਹਾਰੇਪਣ ਵਾਲੇ ਵਤੀਰੇ ਵਿਚ ਇਤਿਹਾਸਕ ਸਿਫਤੀ ਤਬਦੀਲੀ ਦਾ ਕਾਰਜ ਕੀਤਾ। ਇਸੇ ਕਰ ਕੇ ਹੁਣ 'ਪੱਕੇ' ਮੋਰਚੇ ਲਾਉਣ ਵਾਲੇ ਹਥਿਆਰ ਉਠਾਉਣ ਦੀਆਂ ਗੱਲਾਂ ਕਰਨ ਦੀ ਥਾਂ ਕਿਸਾਨ ਮੋਰਚੇ ਤੋਂ ਸਿੱਖੇ ਸਬਕ ਅਪਣਾਉਣ ਦੀਆਂ ਗੱਲਾਂ ਕਰਦੇ ਹਨ ਪਰ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲਿਆਂ ਅਤੇ ਅੰਦਰੋਂ ਮੋਰਚਾ ਬਣਾ ਕੇ ਲੜਨ ਵਾਲਿਆਂ ਵਾਂਗ 26 ਜਨਵਰੀ ਨੂੰ ਲਾਲ ਕਿਲ੍ਹੇ 'ਤੇ ਝੰਡਾ ਝੁਲਾਉਣ ਵਾਲੇ ਵੀ ਸਮੁੱਚੇ ਕਿਸਾਨ ਮੋਰਚੇ ਨੂੰ ਲੀਹੋਂ ਲਾਹੁਣ ਦੀ ਗਲਤੀ ਨੂੰ ਖੁੱਲ੍ਹ ਕੇ ਸਵੀਕਾਰਨ ਲਈ ਤਿਆਰ ਨਹੀਂ, ਸਗੋਂ ਦੀਪ ਸਿੱਧੂ ਦੇ ਉਸਤਾਦ ਸਿੱਖ ਚਿੰਤਕ ਅਜਮੇਰ ਸਿੰਘ ਨੇ ਪੂਰੀ ਕਿਸਾਨ ਲੀਡਰਸ਼ਿਪ ਨੂੰ ਜੜੋਂ ਹੀ ਨਖਿੱਧ ਸਾਬਤ ਕਰਕੇ ਉਨ੍ਹਾਂ ਦੇ ਮੁਕਾਬਲੇ ਦੀਪ ਨੂੰ ਸਿੱਖਾਂ ਦਾ ਆਦਰਸ਼ ਨਾਇਕ ਸਾਬਤ ਕਰਨ ਲਈ ਲਗਾਤਾਰ ਪੂਰਾ ਤਾਣ ਲਾਇਆ ਹੋਇਆ ਹੈ। ਇਸ ਪ੍ਰਭਾਵਿ ਉਸ ਵਲੋਂ ਲਾਲ ਕਿਲਾ ਕਾਂਡ ਦੀ ਦੂਸਰੀ ਵਰ੍ਹੇਗੰਢ ਮਨਾਉਣ ਲਈ 26 ਜਨਵਰੀ ਨੂੰ ਗੁਰਦੁਆਰਾ ਹਾਜੀਰਤਨ ਬਠਿੰਡਾ ਵਿਖੇ 'ਲਾਲ ਕਿਲੇ 'ਤੇ ਝੂਲੇ ਕੇਸਰੀ ਨਿਸ਼ਾਨ' ਵਾਲਾ ਵਿਦ੍ਹਪੂਰਨ ਪਰੰਤੂ ਵਲਵਲੇ ਭਰਪੂਰ ਭਾਸ਼ਣ ਯੂਟਿਊਬ ਉਪਰ ਸੁਣਿਆ ਜਾ ਸਕਦਾ ਹੈ।

ਹਰਚਰਨ ਸਿੰਘ ਪ੍ਰਹਾਰ ਕਮਿਊਨਿਸਟ ਅਤੇ ਸਿੱਖ ਵਿਦਵਾਨਾਂ ਬਾਰੇ ਸਵਾਲ ਉਠਾ ਰਹੇ ਹਨ। ਸਵਾਲ ਵਾਜਿਬ ਹਨ ਪਰ ਇਨ੍ਹਾਂ ਵਿਦਵਾਨਾਂ ਦੇ ਵੱਸ ਤੋਂ ਬਾਹਰ ਹਨ। ਢਿੱਲਵਾਂ ਬੱਸ ਕਾਂਡ ਦੀ ਸਿੱਖ ਵਿਦਵਾਨ, ਨਕਸਲੀਆਂ ਵੱਲੋਂ ਬਿਨਾ ਕਿਸੇ ਠੋਸ ਤਿਆਰੀ ਦੇ ਭੀਖੀ, ਸਮਾਓਂ ਅਤੇ ਕਿਲ੍ਹਾ ਹਕੀਮਾਂ ਵਿਚ ਜ਼ਮੀਨਾਂ 'ਤੇ ਜਬਰੀ ਕਬਜ਼ੇ ਕਰਨ ਦੀ ਛੇੜ ਅਤੇ ਜਨਰਲ ਬਲਵੰਤ ਸਿੰਘ ਦੇ ਕਤਲ ਦੀ ਕਮਿਊਨਿਸਟਾਂ ਕੋਲ ਕੀ ਵਾਜਿਬ ਵਿਆਖਿਆ ਹੋ ਸਕਦੀ ਹੈ? ਰਾਜ ਉਲਟਾਉਣ ਲਈ ਦਰਬਾਰ ਸਾਹਿਬ ਅੰਦਰ ਹਥਿਆਰ ਇਕੱਠੇ ਕਰਨੇ ਜਾਂ ਨਕਸਲੀਆਂ ਵੱਲੋਂ ਚਮਕੌਰ ਸਾਹਿਬ ਪੁਲਿਸ ਚੌਕੀ 'ਤੇ ਹਮਲਾ ਕਰਨਾ ਸਿਆਸੀ ਸੂਝ ਤੋਂ ਵਿਰਵੀ ਇੱਕੋ ਜਿਹੀ ਭਾਵੁਕ ਮਾਅਰਕੇਬਾਜ਼ੀ ਸੀ। ਦੋਨਾਂ ਧਿਰਾਂ ਦੇ ਆਦਰਸ਼ ਵੱਖਰੇ ਸਨ। ਆਪੋ-ਆਪਣੀ ਥਾਂ 'ਤੇ ਦੋਨੋਂ ਧਿਰਾਂ ਦੇ ਆਦਰਸ਼ ਬਹੁਤ ਉੱਚੇ ਸਨ ਅਤੇ ਉਹ ਇਸ ਲਈ ਕੁਰਬਾਨੀ ਕਰਨ ਵਾਸਤੇ ਉਤਾਵਲੇ ਵੀ ਸਨ, ਪਰ ਕਿਸੇ ਮੁਹਿੰਮ ਨੂੰ ਸਰ ਕਰਨ ਲਈ ਕੁਰਬਾਨੀ ਦਾ ਜਜ਼ਬਾ ਕੀ ਕਾਫੀ ਹੈ? ਇਥੇ ਪ੍ਰਹਾਰ ਵਲੋਂ ਸ੍ਰੀ ਲੰਕਾ ਵਿਚ ਲਿਟਿਆਂ ਵਲੋਂ ਆਪਣੇ ਸੰਘਰਸ਼ ਦੌਰਾਨ ਅਣਗਿਣਤ ਬੇਮਿਸਾਲ ਪਰੰਤੂ ਅਜਾਂਈ ਦਿਤੀਆਂ ਗਈਆਂ ਕੁਰਬਾਨੀਆਂ ਦੀ ਬੜੀ ਢੁਕਵੀਂ ਮਿਸਾਲ ਦਿਤੀ ਹੈ।

ਜਦ ਕਮਿਊਨਿਸਟ ਅਤੇ ਸਿੱਖ ਧਾਰਾਵਾਂ ਦੀ ਗੱਲ ਚਲਦੀ ਹੈ ਤਾਂ ਨੇੜਲੇ ਇਤਿਹਾਸ ਵਿਚ ਪੰਜਾਬ ਦੇ ਲੋਕਾਂ ਨੂੰ ਉਪਰੋਥਲੀ ਦੋ ਰਾਜਸੀ ਨਿਸ਼ਾਨਿਆਂ ਨੇ ਧੁਰ ਅੰਦਰ ਤੱਕ ਪ੍ਰਭਾਵਿਤ ਕੀਤਾ। ਕਮਿਊਨਿਸਟਾਂ ਦੇ 'ਇਨਕਲਾਬ' ਅਤੇ ਸਿੱਖ ਧਾਰਾ ਦੇ 'ਖਾਲਸਾ ਰਾਜ' ਨੇ। ਇਹ ਦੋਨੋਂ ਧਾਰਾਵਾਂ ਲੜਨ ਲਈ ਜੋਸ਼ ਅਤੇ ਕੁਰਬਾਨੀ ਦਾ ਜਜ਼ਬਾ ਤਾਂ ਪੰਜਾਬ ਦੀ ਤਾਸੀਰ ਵਿਚੋਂ ਲੈਂਦੀਆਂ ਸਨ ਪਰ ਰਾਜਨੀਤਕ ਤੌਰ 'ਤੇ ਨਾ ਸਪਸ਼ਟ ਸਨ ਅਤੇ ਨਾ ਹੀ ਲੜਾਈ ਲਈ ਤਿਆਰ। ਕਮਿਊਨਿਸਟਾਂ ਨੂੰ ਜਿਸ ਤਰ੍ਹਾਂ ਦਾ ਕਾਹਲੀ-ਕਾਹਲੀ ਜੋ ਸਮਝ ਆਇਆ, ਉਨ੍ਹਾਂ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਧਾਰਾ ਦੀ ਰਾਜਸੀ ਚੌਖਟੇ ਬਾਰੇ ਪਹੁੰਚ ਇਹ ਰਹੀ ਹੈ ਕਿ ਜਦ ਰਾਜ ਆ ਗਿਆ ਤਾਂ ਚੌਖਟਾ ਵੀ ਆਪੇ ਬਣ ਜਾਊ। ਕੋਈ ਪੁੱਛ ਬੈਠਾ ਕਿ ਖਾਲਿਸਤਾਨ ਨਾਲ ਤਾਂ ਸਮੁੰਦਰ ਨਹੀਂ ਲੱਗੇਗਾ। ਇੱਕ ਜਵਾਬ ਸੀ ਕਿ ਤੂੰ ਡੁੱਬਣਾ! ਦੂਸਰਾ ਜਵਾਬ ਸੀ ਕਿ ਤੁਸੀਂ ਲੱਤਾਂ ਨਾ ਖਿੱਚੋ, ਸਮੁੰਦਰ ਅਸੀਂ ਆਪੇ ਪੁੱਟ ਲਵਾਂਗੇ। ਐਸੇ ਮਾਹੌਲ ਵਿਚ ਕਿਹੜਾ ਵਿਦਵਾਨ ਕੀ ਜਵਾਬ ਦੇਵੇਗਾ ਅਤੇ ਕੀ ਸਵਾਲ ਕਰੇਗਾ?

ਦੋਨੋਂ ਧਾਰਾਵਾਂ ਦੇ ਨਿਸ਼ਾਨਿਆਂ- 'ਇਨਕਲਾਬ' ਅਤੇ 'ਖਾਲਸਾ ਰਾਜ' ਦੀ ਪ੍ਰਾਪਤੀ ਲਈ ਦੋਨੋਂ ਧਿਰਾਂ ਪੰਜਾਬ ਦੀ ਧਰਤੀ 'ਤੇ ਵੱਖ-ਵੱਖ ਸਮੇਂ ਲੜੀਆਂ। ਦੋਹਾਂ ਦੀ ਸ਼ਕਤੀ ਪੰਜਾਬ ਦੇ ਲੋਕ ਅਤੇ ਪੰਜਾਬੀ ਤਾਸੀਰ ਸੀ। ਦੋਨੋਂ ਕਾਹਲ ਅਤੇ ਜਜ਼ਬਾਤ ਦੇ ਘੋੜੇ 'ਤੇ ਸਵਾਰ ਸਨ। ਦੋਹਾਂ ਵਿਚ ਵਿਦਵਾਨ ਅਤੇ ਵਿਦਵਤਾ ਕਿਤੇ ਪਿੱਛੇ ਰਹਿ ਗਏ ਸਨ। ਦੋਨਾਂ ਦੀ ਅਗਵਾਈ ਕਰਨ ਲਈ ਦੋ ਆਗੂ ਆਏ ਜੋ ਆਪੋ-ਆਪਣੀ ਧਾਰਾ ਵਿਚ ਸਿਤਾਰਿਆਂ ਵਾਂਗ ਚਮਕਦੇ ਨਾਇਕ ਹੋ ਨਿੱਬੜੇ। ਬਾਕੀ ਦੁਨੀਆ ਵਿਚ ਦੋਹਾਂ ਨੂੰ ਅਨਪੜ੍ਹਾਂ ਦੇ ਅਨਪੜ੍ਹ ਲੀਡਰ ਕਿਹਾ ਜਾਂਦਾ ਸੀ ਪਰ ਇਹ ਦੋਨੋਂ ਆਪੋ-ਆਪਣੇ ਸਮਰਥਕਾਂ ਨੂੰ ਕੀਲਣ ਦੀ ਵਿਸ਼ੇਸ਼ ਯੋਗਤਾ ਦੇ ਮਾਲਕ ਸਨ। ਦੋਨੋਂ ਦੁਨਿਆਵੀ ਲਾਲਚਾਂ ਤੋਂ ਨਿਰਲੇਪ ਅਤੇ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰੀ ਬੈਠੇ ਸਨ। ਦੋਹਾਂ ਲਈ ਸੈਂਕੜੇ ਲੋਕ ਮਰ ਮਿਟਣ ਲਈ ਤਿਆਰ ਸਨ। ਇਹ ਦੋ ਸ਼ਖਸ ਸਨ ਕਾਮਰੇਡ ਬਾਬਾ ਬੂਝਾ ਸਿੰਘ ਅਤੇ ਸੰਤ ਜਰਨੈਲ ਸਿੰਘ। ਦੋਹਾਂ ਵਿਚ ਬਹੁਤ ਕੁਝ ਸਾਂਝਾ ਸੀ ਅਤੇ ਦੋ ਧਰੁਵਾਂ ਜਿੰਨੀ ਦੂਰੀ ਵੀ। ਬਾਬਾ ਬੂਝਾ ਸਿੰਘ ਨੇ ਮਾਸਕੋ ਤੱਕ ਜਾ ਕੇ ਕਮਿਊਨਿਜ਼ਮ ਦੀ ਮੋਟੀ ਠੁੱਲ੍ਹੀ ਪੜ੍ਹਾਈ ਕੀਤੀ, ਬਹੁਤ ਸਾਰੇ ਨੌਜਆਨਾਂ ਨੂੰ ਸਟੱਡੀ ਸਰਕਲ ਦਿੱਤੇ, ਨੌਜੁਆਨ ਇਨਕਲਾਬੀ ਬਣਾਏ, ਸਭਾਵਾਂ ਬਣਾਈਆਂ ਅਤੇ ਇਨਕਲਾਬ ਦੇ ਰਾਹ ਤੋਰਿਆ ਪਰ ਭਾਰਤ ਦੇ ਵੱਡੇ ਕਾਮਰੇਡ ਬਾਬੇ ਨੂੰ ਅਨਪੜ੍ਹ ਹੀ ਜਾਣਦੇ ਸਨ। ਦੂਸਰੇ ਪਾਸੇ, ਸੰਤ ਜਰਨੈਲ ਸਿੰਘ ਨੇ ਧਾਰਮਿਕ ਗ੍ਰੰਥ ਪੜ੍ਹੇ, ਅੰਮ੍ਰਿਤ ਛਕਾਉਣ ਦੀ ਲਹਿਰ ਚਲਾਈ, ਨੌਜੁਆਨਾਂ ਨੂੰ ਨਸ਼ੇ ਛੁਡਾ ਕੇ ਅੰਮ੍ਰਿਤਧਾਰੀ ਬਣਾਇਆ ਅਤੇ ਖਾਲਸਾ ਰਾਜ ਦੇ ਵਿਚਾਰ ਨੂੰ ਮੁੜ ਸੁਰਜੀਤ ਕੀਤਾ।

ਜਿਵੇਂ ਬਾਬਾ ਬੂਝਾ ਸਿੰਘ ਦੇ ਨਕਸਲੀਏ ਸੋਚਦੇ ਸਨ ਕਿ ਇਨਕਲਾਬ ਬੰਦੂਕ ਨਾਲੀ ਵਿਚੋਂ ਨਿਕਲਦਾ ਹੈ, ਉਵੇਂ ਹੀ ਸਿੱਖ ਧਾਰਾ ਵਿਚ 'ਸ਼ਸਤਰਨ ਕੇ ਅਧੀਨ ਹੈ ਰਾਜ' ਦਾ ਵਿਚਾਰ ਪ੍ਰਬਲ ਸੀ। ਪੰਜਾਬ ਵਿਚਲੇ ਨਕਸਲੀਏ ਹਥਿਆਰਬੰਦ ਇਨਕਲਾਬ ਦੇ ਰੋਮਾਂਚਿਕ ਪੱਖ ਦੀ ਕੀਲ ਵਿਚ ਸਨ। ਉਹ ਸੋਚਦੇ ਸਨ ਕਿ ਬਹੁਤਾ ਸੋਚਣ ਵਿਚਾਰਨ ਦਾ ਸਮਾਂ ਨਹੀਂ, ਬੱਸ ਸੱਕੀਆਂ ਵੱਡੀਆਂ ਹੋਣ ਦੀ ਦੇਰ ਆ, ਪਿੰਡਾਂ ਵਿਚੋਂ ਬਗਾਵਤ ਕਰ ਕੇ ਸ਼ਹਿਰ ਕਬਜ਼ੇ ਵਿਚ ਲੈ ਲੈਣੇ ਹਨ। ਇਹ ਇਨਕਲਾਬ ਦਾ ਜਟਕਾ ਤਰੀਕਾ ਸੀ।

ਦੂਸਰੇ ਪਾਸੇ, ਸਿੱਖ ਧਾਰਾ ਵੀ ਸਭਰਾਵਾਂ ਦੀ ਹਾਰ ਤੋਂ ਬਾਅਦ ਬਾਜ਼ੀ ਜਿੱਤਣ ਲਈ ਇੱਕ ਵਾਰ ਹਥਿਆਰਬੰਦ ਯੁੱਧ ਲੜ ਕੇ ਦੇਖਣਾ ਚਾਹੁੰਦੀ ਸੀ। ਨਕਸਲੀਆਂ ਦੇ ਜਟਕੇ ਇਨਕਲਾਬੀ ਤਰੀਕੇ ਵਾਂਗ ਹੀ ਸੰਤ ਜਰਨੈਲ ਸਿੰਘ ਨੇ 'ਇਹ ਵੀ ਜਟਕਾ ਫੰਧ ਲਗਾ ਲਈਏ' ਅਨੁਸਾਰ ਇੱਕੋ ਹੱਲੇ ਖਾਲਸਾ ਰਾਜ ਸਿਰਜ ਦੇਣ ਦਾ ਜਟਕਾ ਫੰਧ ਲਾਇਆ ਸੀ। ਫੰਧ ਇਹ ਸੀ ਕਿ ਇੰਦਰਾ ਤਾਂ ਭਾਵੇਂ ਆਪਣੇ ਰਾਜਸੀ ਲਾਭ ਲਈ ਹਾਲਾਤ ਵਿਗੜੀ ਜਾਣ ਦੇਈ ਜਾ ਰਹੀ ਸੀ ਪਰ ਸੰਤ ਇਸ ਦਾਅ 'ਤੇ ਸੀ ਕਿ ਜਦ ਵਿਗੜੇ ਹਾਲਾਤ ਨੂੰ ਕਾਬੂ ਕਰਨ ਲਈ ਫੌਜ ਆਏਗੀ ਤਾਂ ਦੋ-ਤਿੰਨ ਦਿਨ ਮੁਕਾਬਲਾ ਕਰ ਕੇ ਰੋਕਾਂਗੇ, ਇੰਨੇ ਚਿਰ ਨੂੰ ਪੰਜਾਬ ਵਿਚ ਅਫਰਾ-ਤਫਰੀ ਫੈਲ ਜਾਏਗੀ, ਵੱਡੇ ਪੱਧਰ 'ਤੇ ਫੈਲੀ ਗੜਬੜ ਕਾਰਨ ਹਾਲਾਤ ਕਾਬੂ ਤੋਂ ਬਾਹਰ ਹੋ ਜਾਣਗੇ ਜਿਸ ਵਿਚੋਂ ਨਵੇਂ ਦੇਸ਼ ਦਾ ਜਨਮ ਹੋ ਜਾਏਗਾ। ਇਸ ਦੀ ਤਿਆਰੀ ਲਈ ਉਹ ਤਕਰੀਰਾਂ ਵਿਚ ਆਮ ਕਿਹਾ ਕਰਦਾ ਸੀ ਕਿ ਜਿਸ ਦਿਨ ਪਤਾ ਲੱਗ ਜਾਏ ਕਿ ਫੌਜ ਨੇ ਹਮਲਾ ਕਰ ਦਿੱਤਾ, ਉਸ ਦਿਨ ਪੰਥ ਦੋਖੀ ਚੁਣ-ਚੁਣ ਗੱਡੀ ਚਾੜ੍ਹ ਦਿਓ। ਐਥੇ ਆਇਆਂ ਨੂੰ ਐਵੇਂ ਨਹੀਂ ਜਾਣ ਦਿੰਦੇ, ਢੇਰੀਆਂ ਲਾ ਦਿਆਂਗੇ, ਟੋਪੀ ਵਾਲਿਆਂ ਦੀਆਂ। ਕਹਿਣ ਦਾ ਭਾਵ, ਨਕਸਲੀਆਂ ਦੇ ਮੋਟੇ ਠੁੱਲ੍ਹੇ ਇਨਕਲਾਬੀ ਖਾਕੇ ਵਾਂਗ ਸੰਤ ਵੀ ਆਪਣੇ ਮਨ ਅੰਦਰ ਖਾਲਸਾ ਰਾਜ ਦੀ ਬਹਾਲੀ ਲਈ ਹਥਿਆਰਬੰਦ ਰਾਹ ਨੂੰ ਅਜ਼ਮਾਉਣ ਦਾ ਖਾਕਾ ਉਲੀਕੀ ਬੈਠਾ ਸੀ।

ਦੋਹਾਂ ਧਿਰਾਂ ਦੀਆਂ ਗਿਣਤੀਆਂ-ਮਿਣਤੀਆਂ ਹਕੀਕਤਾਂ ਦੇ ਸਨਮੁਖ ਸਹੀ ਨਾ ਹੋਣ ਕਾਰਨ ਨਾ ਇਨਕਲਾਬ ਆਇਆ, ਨਾ ਖਾਲਸਾ ਰਾਜ ਬਹਾਲ ਹੋ ਸਕਿਆ। ਬਾਬਾ ਬੂਝਾ ਸਿੰਘ ਦੀ ਲਾਸ਼ ਖੋਹਣ ਵਾਲੇ ਆਮ ਕਿਰਤੀ ਤਾਂ ਅੱਗੇ ਆਏ ਪਰ ਜਿਨ੍ਹਾਂ ਕਿਸਾਨਾਂ ਦੀ ਬੰਦ ਖਲਾਸੀ ਲਈ ਉਹ ਸਾਰੀ ਉਮਰ ਜੂਝਿਆ, ਉਹ ਆਪਣੇ ਖੇਤਾਂ ਵਿਚ ਰੁੱਝੇ ਰਹੇ। ਸੰਤ ਜਰਨੈਲ ਸਿੰਘ ਵੀ ਕੁਰਬਾਨ ਹੋ ਗਿਆ, ਕਰਫਿਊ ਕਾਰਨ ਲੋਕ ਉਸ ਤੱਕ ਪਹੁੰਚ ਨਾ ਸਕੇ। ਅਫਜ਼ਲ ਅਹਿਸਨ ਰੰਧਾਵਾ ਦੇ ਲਫਜ਼ਾਂ ਵਿਚ ਮੰਜ਼ਰ ਇਹ ਬਣਿਆ- 'ਉੱਥੇ ਕੋਈ ਨਾ ਬਹੁੜਿਆ, ਉਸ ਨੂੰ ਵੈਰੀਆਂ ਮਾਰਿਆ ਘੇਰ। ਉੱਝ ਡੱਕੇ ਰਹਿ ਗਏ ਘਰਾਂ ਵਿਚ, ਮੇਰੇ ਲੱਖਾਂ ਪੁੱਤਰ ਸ਼ੇਰ।'

ਪੰਜਾਬ ਦੇ ਇਤਿਹਾਸ ਵਿਚਲੇ ਇਨ੍ਹਾਂ ਦੋਹਾਂ ਦੌਰਾਂ ਦੇ ਦੋਹਾਂ 'ਨਾਇਕਾਂ' ਤੋਂ ਬਾਅਦ ਵਿਦਵਾਨਾਂ ਜਾਂ ਕਵੀਆਂ ਵੱਲੋਂ ਜੋ ਹੋਇਆ, ਉਹ ਕੇਵਲ ਲੋਕਾਂ ਦੇ ਗੁੱਸੇ ਦੀ ਤਰਜਮਾਨੀ ਕਰਨ ਜਾਂ ਪੰਜਾਬੀ ਪਰੰਪਰਾ ਵਿਚਲੇ ਬਦਲੇ ਦੀ ਭਾਵਨਾ ਨੂੰ ਪ੍ਰਗਟ ਕਰਨ ਤੋਂ ਵੱਧ ਕੁਝ ਵੀ ਨਹੀਂ ਸੀ। ਬਾਬਾ ਬੂਝਾ ਸਿੰਘ ਬਾਰੇ ਪਾਸ਼ ਸਿੱਧੇ ਤੌਰ 'ਤੇ ਬਦਲੇ ਦੀ ਗੱਲ ਕਰਦਾ ਹੈ, 'ਅਸੀਂ ਬਦਲਾ ਲੈਣਾ ਹੈ, ਉਸ ਬੁੱਢੇ ਬਾਬੇ ਦਾ। ਸਾਥੋਂ ਖੋਹ ਲਿਆ ਜਿਨ੍ਹਾਂ, ਸਾਡੇ ਮਾਣ ਦੁਆਬੇ ਦਾ।' ਸਹੀ ਸੀ ਜਾਂ ਗਲਤ ਪਰ ਨਕਸਲੀਆਂ ਨੇ ਸਰਪੰਚ ਜਸਮੇਲ ਸਿੰਘ 'ਤੇ ਬੂਝਾ ਸਿੰਘ ਦੀ ਮੁਖਬਰੀ ਦਾ ਦੋਸ਼ ਲਾ ਕੇ, ਉਸ ਨੂੰ ਮਾਰ ਕੇ, ਬੂਝਾ ਸਿੰਘ ਦੀ ਸ਼ਹੀਦੀ ਦਾ 'ਬਦਲਾ' ਲੈ ਜ਼ਰੂਰ ਲਿਆ ਸੀ। ਇਸੇ ਹੀ ਤਰ੍ਹਾਂ ਸੰਤ ਜਰਨੈਲ ਸਿੰਘ ਤੋਂ ਬਾਅਦ ਪੰਜਾਬ ਦੀ ਫਿਜ਼ਾ ਵਿਚ 'ਜਿਹੜਾ ਗਿਣ-ਗਿਣ ਬਦਲੇ ਲੈਂਦਾ, ਉਹਨੂੰ ਪੰਜਾਬ ਕਹਿੰਦੇ ਆ' ਦੀ ਸੁਰ ਉੱਭਰੀ ਅਤੇ ਬਦਲਿਆਂ ਅਤੇ ਮੋੜਵੇਂ ਬਦਲਿਆਂ ਦਾ ਅਜਿਹਾ ਕਹਿਰੀ ਤੂਫਾਨ ਝੁਲਿਆ, ਜੋ ਪੂਰੇ ਅਗਲੇ 10-12 ਵਰ੍ਹਿਆਂ ਤਕ ਚਲੀ ਗਿਆ, ਆਮ ਲੋਕ ਚੱਕੀ ਦੇ ਦੋ ਪੁੜਾਂ ਵਿਚਾਲੇ ਆਏ ਰਹੇ। ਪੁਲੀਸ ਅਤੇ ਅਫਸਰਸ਼ਾਹੀ ਨੇ ਰਜ ਰਜ ਕੇ ਮਨਮਰਜ਼ੀਆਂ ਕੀਤੀਆਂ ਅਤੇ ਪੰਜਾਬ ਦਾ ਬੇੜਾ ਗਰਕ ਹੋ ਗਿਆ। ਸਿੱਟਾ ਸਭ ਦੇ ਸਾਹਮਣੇ ਹੈ। ਉਲਟਾ ਹੁਣ ਵੀ ਇਸ ਮਹਾ ਦੁਖਾਂਤ ਤੋਂ ਸਾਡੇ ਸਿੱਖ 'ਚਿੰਤਕਾਂ' ਨੇ ਸਿੱਖਣਾ ਸਿਖਾਉਣਾ ਕਿੰਨਾ ਕੁ ਹੈ - ਉਸ ਦੀ ਅਜਮੇਰ ਸਿੰਘ ਜਾਂ ਗੁਰਬਚਨ ਸਿੰਘ ਵਲੋਂ ਕੋਈ ਕਸਰ ਜੇ ਰਹਿ ਗਈ ਹੈ ਤਾਂ ਆਪਣੀਆਂ ਫੇਸਬੁੱਕ ਪੋਸਟਾਂ ਰਾਹੀਂ ਸ. ਕਰਮਜੀਤ ਸਿੰਘ ਹੁਰੀਂ ਭਾਈ ਅੰਮ੍ਰਿਤਪਾਲ ਸਿੰਘ ਦਾ ਗੁੱਡਾ ਬੰਨ੍ਹ ਬੰਨ੍ਹ ਕੇ ਪੂਰਾ ਕਰੀ ਜਾ ਰਹੇ ਹਨ!

ਹਰਚਰਨ ਸਿੰਘ ਪ੍ਰਹਾਰ ਜੀ, ਪੰਜਾਬ ਦੇ ਐਸੇ 'ਵਿਚਾਰਕ' ਧਰਾਤਲ 'ਤੇ ਕਿਹੜੇ ਵਿਦਵਾਨ ਨੇ ਕੀ ਜਵਾਬ ਦੇਣਾ ਹੈ? ਜਿੱਥੇ ਆਪੋ-ਆਪਣੀ ਵਿਚਾਰਧਾਰਾ ਵੀ ਸਪਸ਼ਟ ਨਾ ਹੋਵੇ, ਉੱਥੇ ਵਿਚਾਰਧਾਰਾਵਾਂ ਦੇ ਸੁਮੇਲ ਦੀ ਗੱਲ ਕਿਵੇਂ ਚੱਲ ਸਕਦੀ ਹੈ? ਪੰਜਾਬੀਆਂ ਨੇ ਸਾਂਝੀ ਪੰਜਾਬੀ ਕੌਮ ਸਿਰਜਣ ਲਈ ਅਜੇ ਬੜਾ ਫਾਸਲਾ ਤੈਅ ਕਰਨਾ ਹੈ।

## ਨਫ਼ਰਤ ਦਾ ਧੰਦਾ-4

# ਨਫਰਤ ਦੀ ਨ੍ਹੇਰੀ ਲਿਆ ਰਹੇ ਸੱਜੇ ਪੱਖੀ ਯੂਟਿਊਬਰ

*ਪਿਛਲੇ ਕੁਝ ਸਮੇਂ ਤੋਂ ਯੂਟਿਓਬ ਚੈਨਲਾਂ ਨੇ ਮੀਡੀਆ, ਖਾਸਕਰ ਸੋਸ਼ਲ ਮੀਡੀਆ 'ਤੇ ਗਾਹ ਪਾਇਆ ਹੋਇਆ ਹੈ। ਕੱਟੜ ਤਾਕਤਾਂ ਇਸ ਮੰਚ ਨੂੰ ਖੂਬ ਵਰਤ ਰਹੀਆਂ ਹਨ। ਭਾਜਪਾ ਵਰਗੀਆਂ ਸਿਆਸੀ ਜਮਾਤਾਂ ਇਨ੍ਹਾਂ ਯੂਟਿਊਬਰਾਂ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਇਸ ਪਾਰਟੀ ਦੇ ਲੀਡਰ ਮੁੱਖ ਚੈਨਲਾਂ ਦੀ ਥਾਂ ਇਨ੍ਹਾਂ ਯੂਟਿਊਬਰਾਂ ਨੂੰ ਇੰਟਰਵਿਊ ਦਿੰਦੇ ਹਨ ਅਤੇ ਆਪਣੀ ਮਰਜ਼ੀ ਦੀਆਂ ਗੱਲਾਂ ਕਰਦੇ ਹਨ। ਉਘੇ ਰਸਾਲੇ 'ਕਾਰਵਾਂ' ਨਾਲ ਜੁੜੇ ਨੀਲ ਮਾਧਵ ਅਤੇ ਅਲੀਸਾਨ ਜਾਫਰੀ ਨੇ ਇਸ ਮਸਲੇ ਦੀਆਂ ਤਹਿਆਂ ਫਰੋਲਦਿਆਂ ਇਕ ਲੰਮੀ ਰਿਪੋਰਟ ਤਿਆਰ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਲੇਖ ਦੀ ਚੌਥੀ ਅਤੇ ਆਖਰੀ ਕਿਸ਼ਤ ਹਾਜ਼ਰ ਹੈ।*

ਮੁੱਖ ਧਾਰਾ ਮੀਡੀਆ ਭਾਜਪਾ ਨੂੰ ਆਪਣਾ ਅਧਿਕਾਰਕ ਸੰਦੇਸ਼ ਸ਼ੇਅਰ ਕਰਨ ਦੀ ਇਜਾਜ਼ਤ ਦਿੰਦਾ ਹੈ, ਪਾਰਟੀ ਦਾ ਕਾਡਰ ਅਤੇ ਮੁੱਖ ਹਮਾਇਤੀ ਆਧਾਰ ਇਸ ਡਿਜੀਟਲ ਈਕੋ-ਸਿਸਟਮ ਦੇ ਖ਼ਾਸ ਦਰਸ਼ਕ ਹਨ। ਇਹ ਹਿੰਦੂਤਵੀ ਸਮੱਗਰੀ ਵੱਡੀ ਮਾਤਰਾ 'ਚ ਬਣਾ ਸਕਦਾ ਹੈ ਜਿਸ ਨੂੰ ਘੋਰ ਨਫ਼ਰਤ 'ਚ ਗੜੁੱਚ ਮੁੱਖ ਧਾਰਾ ਪਲੇਟਫਾਰਮ ਵੀ ਸਹੀ ਢੰਗ ਨਾਲ ਮੈਨੇਜ ਨਹੀਂ ਕਰ ਸਕਦੇ। ਪਿਛਲੇ ਸਾਲ ਅਕਤੂਬਰ ਮਹੀਨੇ ਖ਼ਬਰ ਇੰਡੀਆ ਨੇ ਅੱਸੀ ਤੋਂ ਵੱਧ ਅਤੇ ਪਿਆਰਾ ਹਿੰਦੁਸਤਾਨ ਨੇ 118 ਵੀਡੀਓ ਜਾਰੀ ਕੀਤੇ। ਇਨ੍ਹਾਂ ਵਿਚੋਂ ਹਰ ਇੱਕ ਵੀਡੀਓ ਜੋ ਆਮ ਤੌਰ 'ਤੇ ਲੱਗਭੱਗ ਦਸ ਮਿੰਟ ਤੱਕ ਚੱਲਦਾ ਹੈ, ਨੂੰ ਵੱਟਸਐਪ ਅਤੇ ਫੇਸਬੁੱਕ ਸਮੇਤ ਸਾਰੇ ਪਲੇਟਫਾਰਮਾਂ ਉੱਪਰ ਪ੍ਰਸਾਰਿਤ ਕਰਨ ਲਈ ਛੋਟੇ ਟੁਕੜਿਆਂ 'ਚ ਵੀ ਕੱਟਿਆ ਜਾ ਸਕਦਾ ਹੈ। ਭਾਜਪਾ ਨੇ ਬੜੀ ਮਿਹਨਤ ਨਾਲ ਚੋਣ ਮੁਹਿੰਮਾਂ ਲਈ ਆਪਣੇ ਗਰੁੱਪ ਬਣਾਏ ਹਨ। ਜਦੋਂ ਅਜਿਹੇ ਵੀਡੀਓ ਵਾਇਰਲ ਹੁੰਦੇ ਹਨ ਤਾਂ ਪਾਰਟੀ ਲੀਡਰਸ਼ਿਪ ਜਾਂ ਤਾਂ ਕਾਰਵਾਈ ਕਰਨ ਜਾਂ ਆਪਣੇ ਆਧਾਰ ਤੋਂ ਅਲੱਗ ਹੋਣ ਲਈ ਤਿਆਰ ਹੋ ਜਾਂਦੀ ਹੈ।

ਓ ਨਿਊਜ਼ ਹਿੰਦੀ ਦੇ ਨਾਂ ਵਾਲੇ ਯੂਟਿਊਬ ਚੈਨਲ ਦੇ ਕਰਤਾ-ਧਰਤਾ ਰਿਸ਼ਭ ਅਵਸਥੀ ਦਾ

**ਨੀਲ ਮਾਧਵ/ਅਲੀਸਾਨ ਜਾਫਰੀ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮੰਨਣਾ ਹੈ ਕਿ ਘੋਰ ਸੱਜੇ ਪੱਖੀ ਯੂਟਿਊਬ ਚੈਨਲਾਂ ਦੀ ਦੁਨੀਆ 'ਚ ਉਸ ਦੀ ਯਾਤਰਾ ਮੁਕਾਬਲਤਨ ਖ਼ਾਸ ਰਹੀ ਹੈ। ਪੱਤਰਕਾਰੀ ਵਿਚ ਉਸ ਦੀ ਸ਼ੁਰੂਆਤ ਸਿਰਫ ਤਿੰਨ ਸਾਲ ਪਹਿਲਾਂ ਹੋਈ ਸੀ ਜਦੋਂ ਉਸ ਨੇ ਅੰਡਰ-ਗ੍ਰੈਜੂਏਟ ਕੋਰਸ ਦਾ ਪਹਿਲਾ ਸਮੈਸਟਰ ਪੂਰਾ ਕੀਤਾ ਸੀ। ਸ਼ੁਰੂ ਵਿਚ ਉਹ ਰਾਜਨੀਤੀ ਸ਼ਾਸਤਰ ਪੜ੍ਹਨਾ ਚਾਹੁੰਦਾ ਸੀ ਪਰ ਜਿਸ ਵੱਕਾਰੀ ਕਾਲਜ ਵਿਚ ਉਹ ਦਾਖ਼ਲਾ ਲੈਣਾ ਚਾਹੁੰਦਾ ਸੀ, ਉਸ ਲਈ ਲੋੜੀਂਦੇ ਨੰਬਰ ਉਸ ਕੋਲ ਨਹੀਂ ਸਨ। ਘਰ ਦੀ ਅਸਥਿਰ ਆਰਥਿਕ ਸਥਿਤੀ ਕਾਰਨ ਕਿਸੇ ਐੱਨ.ਜੀ.ਓ. ਅਤੇ ਆਪਣੇ ਸਕੂਲ ਦੇ ਅਧਿਆਪਕਾਂ ਤੋਂ ਪੈਸੇ ਇਕੱਠੇ ਕਰਨ ਲਈ ਸੰਘਰਸ਼ ਕਰਨ ਤੋਂ ਬਾਅਦ ਉਸ ਨੇ ਦਿੱਲੀ ਯੂਨੀਵਰਸਿਟੀ 'ਚ ਪੱਤਰਕਾਰੀ ਦੇ ਕੋਰਸ ਵਿਚ ਦਾਖ਼ਲਾ ਲੈ ਲਿਆ।

ਉਸ ਅਨੁਸਾਰ, ਛੇ ਮਹੀਨੇ ਦੇ ਕੋਰਸ ਤੋਂ ਬਾਅਦ ਉਸ ਨੂੰ ਮਹਿਸੂਸ ਹੋਇਆ ਕਿ ਉਸ ਨੂੰ ਫੀਲਡ ਦੇ ਤਜਰਬੇ ਦੀ ਲੋੜ ਹੈ। ਉਸ ਦਾ ਪਹਿਲਾ ਉੱਦਮ ਐਕਸਪ੍ਰੈਸ ਇੰਡੀਆ ਨਿਊਜ਼ ਨਾਮ ਦੀ ਵੈਬਸਾਈਟ ਸੀ ਪਰ ਉਸ ਦੇ ਵੈੱਬ ਡਿਜ਼ਾਈਨ ਅਤੇ ਹੋਸਟਿੰਗ ਨਾਲ ਇਕ ਮਹੀਨਾ ਸੰਘਰਸ਼ ਕਰਨ ਤੋਂ ਇਕ ਮਹੀਨੇ ਬਾਅਦ ਬੰਦ ਹੋ ਗਈ। ਉਹ ਦੱਸਦਾ ਹੈ, "ਸਾਡੇ ਕੋਲ ਕੋਈ ਆਮਦਨ ਨਹੀਂ ਸੀ। ਇਹ ਗ਼ਲਤ ਧਾਰਨਾ ਹੈ ਕਿ ਮਹਿਜ਼ ਵੈੱਬਸਾਈਟ ਬਣਾ ਕੇ ਵਾਹਵਾ ਡਾਲਰ ਕਮਾਏ ਜਾ ਸਕਦੇ ਹਨ ਪਰ ਇਹ ਸੱਚ ਨਹੀਂ ਹੈ। ਸਾਨੂੰ ਉਸ ਸਮੇਂ ਇਹ ਵੀ ਨਹੀਂ ਪਤਾ ਸੀ ਕਿ ਮਾਰਕੀਟ ਵਿਚ ਕਿਹੜੀਆਂ ਚੀਜ਼ਾਂ ਕੰਮ ਕਰਦੀਆਂ ਹਨ।" ਅਵਸਥੀ ਨੂੰ ਉਮੀਦ ਸੀ ਕਿ ਯੂਟਿਊਬ ਚੈਨਲ ਵੈਬਸਾਈਟ ਨੂੰ ਗੰਭੀਰ ਵਿੱਤੀ ਤੰਗੀ 'ਚੋਂ ਬਾਹਰ ਕੱਢਣ 'ਚ ਮਦਦ ਕਰ ਸਕਦਾ ਹੈ। ਉਸ ਨੇ ਕੁਝ ਮਹੀਨਿਆਂ ਤੱਕ ਇਕ ਦੋਸਤ ਦੇ ਘਰੋਂ ਇਹ ਚੈਨਲ ਚਲਾਇਆ ਵੀ ਜਿਸ ਨੂੰ ਉਨ੍ਹਾਂ ਅਸਥਾਈ ਸਟੂਡੀਓ 'ਚ ਬਦਲ ਲਿਆ ਸੀ। ਉਹ ਦੱਸਦਾ ਹੈ, "ਇਹ ਚਾਲ ਵੀ ਕਾਮਯਾਬ ਨਾ ਹੋਈ। ਸਾਨੂੰ ਵਿਊ ਨਹੀਂ ਮਿਲ ਰਹੇ ਸਨ ਜਦਕਿ ਮੈਂ ਆਪਣਾ ਪੈਸਾ ਲਗਾਤਾਰ ਲਗਾਉਂਦਾ ਰਿਹਾ ਸਾਂ।"

ਅਵਸਥੀ ਨੇ ਆਪਣੇ ਪਹਿਲੇ ਉੱਦਮ ਤੋਂ ਜੋ ਸਬਕ ਸਿੱਖਿਆ, ਉਹ ਮੁਲਕ ਦੇ ਮੀਡੀਆ ਮਾਹੌਲ ਦੀ ਦੱਸ ਪਾਉਂਦਾ ਹੈ। ਉਸ ਨੇ ਦੱਸਿਆ, "ਲਗਭਗ ਦੋ ਸਾਲ ਤੱਕ ਇਹ ਕੰਮ ਕਰਨ ਤੋਂ ਬਾਅਦ ਮੈਨੂੰ ਅਹਿਸਾਸ ਹੋਇਆ ਕਿ ਜੇ ਤੁਸੀਂ ਮੀਡੀਆ ਵਿਚ ਕੰਮ ਕਰਨਾ ਚਾਹੁੰਦੇ ਹੋ ਤਾਂ ਇਹ ਝਾਕ ਨਾ ਰੱਖੋ ਕਿ ਨੈਤਿਕਤਾ ਦੀ ਪਾਲਣਾ ਕਰ ਕੇ ਪੈਸਾ ਮਿਲੇਗਾ। ਇਸ ਦੀ ਬਜਾਇ ਪੈਸਾ ਕਮਾਉਣ ਲਈ ਕੁਝ ਤਿਆਰ ਕਰੋ ਅਤੇ ਆਪਣੇ ਮੀਡੀਆ ਉੱਦਮਾਂ ਦੀ ਵਰਤੋਂ ਸਿਰਫ਼ ਖ਼ਬਰਾਂ ਪ੍ਰਸਾਰਿਤ ਕਰਨ ਲਈ ਕਰੋ।" ਕਾਲਜ ਦੇ ਦੂਜੇ ਸਾਲ ਵਿਚ ਅਵਸਥੀ ਨੇ ਆਮ ਚੋਣਾਂ ਨੂੰ ਲੈ ਕੇ ਸੁਤੰਤਰ ਰੂਪ 'ਚ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਲਈ ਪ੍ਰਾਪੇਗੰਡਾ ਵੀਡੀਓ ਬਣਾਉਣ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੱਗਰੀ ਦਾ ਜ਼ਿਆਦਾਤਰ ਹਿੱਸਾ ਮਾੜੇ ਢੰਗ ਨਾਲ ਬਣਾਏ ਵੌਕਸ-ਪੌਪ ਵੀਡੀਓ ਸਨ: "ਮੁਹਿੰਮ ਮੇਰੇ ਚੈਨਲ ਦਾ ਸੁਤੰਤਰ ਕੰਮ ਸੀ। ਮੈਂ ਇਸ ਮਾਡਲ ਦੀ ਪਾਲਣਾ ਕਰਦੇ ਹੋਏ ਆਪਣੇ ਆਪ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ।" ਈਵੈਂਟ ਦੀ ਵੀਡੀਓਗ੍ਰਾਫੀ ਲਈ ਵੀ ਉਸ ਨੂੰ ਪ੍ਰਤੀ ਸ਼ੂਟ ਲੱਗਭੱਗ 2000 ਰੁਪਏ ਮਿਲੇ। ਇਸ ਦੌਰਾਨ ਮੁੰਬਈ 'ਚ ਇਕ ਕੰਟੈਂਟ ਕ੍ਰੀਏਟਰ ਨੇ ਉਸ ਨੂੰ 'ਦਿੱਲੀ 'ਚ ਰਾਸ਼ਟਰੀ ਮੁੱਦਿਆਂ 'ਤੇ ਲੋਕ ਰਾਇ ਵੀਡੀਓ' ਬਣਾਉਣ ਲਈ ਇਕਰਾਰਨਾਮਾ ਕੀਤਾ ਜਿਸ ਤੋਂ ਉਸ ਨੂੰ ਕੋਵਿਡ-19 ਲੌਕਡਾਊਨ ਤੋਂ ਪਹਿਲਾਂ ਪ੍ਰਤੀ ਨਗ ਲਈ ਸੱਤ ਸੌ ਰੁਪਏ ਮਿਲੇ।

ਲੌਕਡਾਊਨ ਦੌਰਾਨ ਅਵਸਥੀ ਦੀ ਮੁਲਾਕਾਤ ਓ ਨਿਊਜ਼ ਹਿੰਦੀ ਦੇ ਬਿਹਾਰ ਸਥਿਤ ਮਾਲਕ ਆਨੰਦ ਸ਼ੰਕਰ ਝਾਅ ਨਾਲ ਹੋਈ। ਅਵਸਥੀ ਨੇ ਦੱਸਿਆ, "ਉਸ ਨੇ ਮੇਰੇ ਨਾਲ ਚੈਨਲ ਬਣਾਉਣ ਦੀ ਆਪਣੀ ਯੋਜਨਾ ਸਾਂਝੀ ਕੀਤੀ ਪਰ ਉਸ ਸਮੇਂ ਉਨ੍ਹਾਂ ਕੋਲ ਚੈਨਲ 'ਤੇ ਕੰਮ ਕਰਨ ਲਈ ਕੋਈ ਟੀਮ ਨਹੀਂ ਸੀ।" ਝਾਅ ਨੂੰ ਵੀਡੀਓ ਦਾ ਸੀਮਤ ਅਨੁਭਵ ਸੀ ਅਤੇ ਉਹ ਪੱਤਰਕਾਰ ਨਹੀਂ ਸੀ ਪਰ ਉਹ ਕਈ ਫੇਸਬੁੱਕ ਪੇਜ ਅਤੇ ਛੋਟਾ ਬਲੌਗ ਅਤੇ ਕੰਟੈਂਟ ਕ੍ਰੀਏਟਰ ਦੇ ਕਰੀਅਰ ਦਾ ਸੰਚਾਲਨ ਕਰਦਾ ਸੀ। "ਉਸ ਨੇ ਮੈਨੂੰ ਇਹ ਵੀ ਦੱਸਿਆ ਕਿ ਉਸ ਕੋਲ ਪਹਿਲਾਂ ਹੀ ਸਥਾਪਿਤ ਦਰਸ਼ਕ ਵਰਗ ਹੈ ਅਤੇ ਉਸ ਨੂੰ ਸਿਰਫ ਟੀਮ ਦੀ ਲੋੜ ਹੈ। ਉਸ ਨੇ ਮੈਨੂੰ ਦੱਸਿਆ ਕਿ ਮੇਰੀ ਟੀਮ - ਸਿਰਫ਼ ਅਵਸਥੀ ਅਤੇ ਕੈਮਰਾਪਰਸਨ ਜੋ ਉਸਦਾ ਜਮਾਤੀ ਸੀ - "ਵਿਚ ਕੰਮ ਕਰਨ ਦੀ ਪ੍ਰਤਿਭਾ ਹੈ। ਲਿਹਾਜ਼ਾ, ਅਸੀਂ ਮਿਲੇ ਅਤੇ ਹਮ ਲੋਗ ਨਾਮ ਦਾ ਚੈਨਲ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ।

ਸਟਾਕ ਵਾਲਪੇਪਰ ਅਤੇ ਤਸਵੀਰਾਂ ਵਰਤਣ ਕਰ ਕੇ ਯੂਟਿਊਬ ਉੱਪਰ ਵਾਰ-ਵਾਰ ਹਮਲਿਆਂ ਕਾਰਨ ਸੰਘਰਸ਼ ਕਰਨਾ ਪੈ ਰਿਹਾ ਸੀ, ਇਸ ਲਈ ਇਸ ਜੋੜੀ ਨੇ ਓ ਨਿਊਜ਼ ਹਿੰਦੀ ਨੂੰ ਆਪਣਾ ਮੁੱਖ ਕਾਰੋਬਾਰ ਬਣਾ ਲਿਆ। ਅਵਸਥੀ ਨੂੰ ਇਸ ਦਾ ਪ੍ਰਬੰਧਕੀ ਸੰਪਾਦਕ ਬਣਾਇਆ ਗਿਆ। ਉਨ੍ਹਾਂ ਨੇ ਮੁੱਖ ਤੌਰ 'ਤੇ ਵੌਕਸ-ਪੌਪ ਵੀਡੀਓ ਦੇ ਰੂਪ 'ਚ ਜ਼ਮੀਨੀ ਰਿਪੋਰਟਿੰਗ 'ਤੇ ਧਿਆਨ ਕੇਂਦਰਤ ਕਰਨ ਦਾ ਫ਼ੈਸਲਾ ਕੀਤਾ।

ਅਵਸਥੀ ਨੇ ਮੈਨੂੰ ਦੱਸਿਆ, "ਮਾਹੌਲ 'ਚ ਢਲਣ ਲਈ ਮੈਨੂੰ ਲੱਗਭੱਗ ਚਾਰ ਮਹੀਨੇ ਲੱਗ ਗਏ। ਪਿਆਰਾ ਹਿੰਦੁਸਤਾਨ, ਖ਼ਬਰ ਇੰਡੀਆ ਅਤੇ ਹੈੱਡਲਾਈਨਜ਼ ਇੰਡੀਆ ਵਰਗੇ ਨਾਵਾਂ ਦੀ ਘੋਰ ਸੱਜੇ ਪੱਖੀ ਕਾਰਕੁਨਾਂ ਦੀ ਦੁਨੀਆ 'ਚ ਖ਼ਾਸ ਤਰ੍ਹਾਂ ਦਾ ਗੌਰਵ ਸੀ ਅਤੇ ਉਨ੍ਹਾਂ ਦੇ ਐਂਕਰਾਂ ਦੇ ਚਿਹਰੇ ਦਰਸ਼ਕਾਂ ਦੇ ਜਾਣੇ-ਪਛਾਣੇ ਸਨ, ਓ ਨਿਊਜ਼ ਹਿੰਦੀ ਦੇ ਮਾਮਲੇ 'ਚ ਇੰਝ ਨਹੀਂ ਸੀ। ਉਨ੍ਹਾਂ ਚਾਰ ਮਹੀਨਿਆਂ 'ਚ ਅਸੀਂ ਜਦੋਂ ਇੰਟਰਵਿਊ ਲਈ ਜਾਂਦੇ ਸੀ ਤਾਂ ਉਹ ਹਮੇਸ਼ਾ ਸਾਡੇ ਚੈਨਲ ਦੇ ਨਾਮ ਬਾਰੇ ਪੁੱਛਦੇ ਸਨ ਕਿਉਂਕਿ ਉਹ ਸਾਨੂੰ ਪਛਾਣਦੇ ਨਹੀਂ ਸਨ। ਓ ਨਿਊਜ਼ ਹਿੰਦੀ ਦਾ ਨਾਮ ਸੁਣ ਕੇ ਹੀ ਉਹ ਸਾਨੂੰ ਰੱਦ ਕਰ ਦਿੰਦੇ ਕਿਉਂਕਿ ਸਾਡੇ ਚੈਨਲ ਕੋਲ ਕੋਈ ਭਰੋਸੇਯੋਗ ਪ੍ਰਮਾਣ ਪੱਤਰ ਨਹੀਂ ਸੀ। 'ਇਹ ਵੀ ਕੋਈ ਚੈਨਲ ਹੈ?' ਉਹ ਮਜ਼ਾਕ ਕਰਦੇ ਪਰ ਅਵਸਥੀ ਲਈ ਹਾਲਾਤ ਤੇਜ਼ੀ ਨਾਲ ਬਦਲ ਗਏ: "ਹੁਣ ਘੱਟੋ-ਘੱਟ ਜਦੋਂ ਵੀ ਅਸੀਂ ਹਿੰਦੂ ਸਨਾਤਨ ਸੰਸਕ੍ਰਿਤੀ ਨਾਲ ਸਬੰਧਿਤ ਸੰਸਥਾਵਾਂ ਅਤੇ ਸਮਾਗਮਾਂ 'ਚ ਜਾਂਦੇ ਹਾਂ, ਉੱਥੇ ਲੱਗਭੱਗ ਹਰ ਕੋਈ ਸਾਨੂੰ ਪਛਾਣਦਾ ਹੈ।"

ਨਸਲਕੁਸ਼ੀ ਦੇ ਸ਼ਰੇਆਮ ਸੱਦੇ ਦਿੰਦੇ ਵੱਡੇ-ਵੱਡੇ ਇਕੱਠ ਜਿਨ੍ਹਾਂ ਵਿਚ ਕਈ ਵਾਰ ਹਜ਼ਾਰਾਂ ਲੋਕ ਮੁਸਲਮਾਨਾਂ ਦਾ ਮੁਕੰਮਲ ਬਾਈਕਾਟ ਕਰਨ ਦਾ ਹਲਫ਼ ਲੈਂਦੇ ਹਨ, ਉੱਤਰੀ ਭਾਰਤ 'ਚ ਹੈਰਾਨੀਜਨਕ ਬਾਕਾਇਦਗੀ ਨਾਲ ਹੋਣੇ ਸ਼ੁਰੂ ਹੋ ਗਏ ਸਨ ਪਰ ਮੁੱਖ ਧਾਰਾ ਮੀਡੀਆ ਸੰਸਥਾਵਾਂ ਸ਼ਾਇਦ ਹੀ ਉਨ੍ਹਾਂ ਬਾਰੇ ਜਾਣਦੀਆਂ ਸਨ। ਆਮ ਤੌਰ 'ਤੇ ਸਿਰਫ਼ ਖ਼ਬਰ ਇੰਡੀਆ, ਓ ਨਿਊਜ਼ ਹਿੰਦੀ ਅਤੇ ਹਿੰਦੁਸਤਾਨ 9 ਵਰਗੇ ਚੈਨਲ ਹੀ ਇਨ੍ਹਾਂ ਦੀ ਰਿਪੋਰਟ ਕਰਨ ਜਾਂਦੇ ਸਨ। 9 ਅਕਤੂਬਰ ਨੂੰ ਓ ਨਿਊਜ਼ ਹਿੰਦੀ ਨੇ ਦਿੱਲੀ ਦੀ ਸਰਹੱਦ ਨਾਲ ਲੱਗਦੀ ਸੁੰਦਰ ਨਗਰੀ 'ਚ 'ਵਿਰਾਟ ਹਿੰਦੂ ਸਭਾ' ਨਾਂ ਦੇ ਨਫ਼ਰਤ ਭਰੇ ਇਕੱਠ ਦੀ ਕਵਰੇਜ ਕੀਤੀ ਸੀ। ਇਕੱਠ ਵਿਚ ਭਾਜਪਾ ਦੇ ਸੰਸਦ ਮੈਂਬਰ ਡਾ. ਪਰਵੇਸ਼ ਵਰਮਾ ਨੇ ਮੁਸਲਿਮ ਭਾਈਚਾਰੇ ਦੇ ਮੁਕੰਮਲ ਬਾਈਕਾਟ ਦਾ ਸੱਦਾ ਦਿੱਤਾ। ਜਦੋਂ ਅਵਸਥੀ ਹਿੰਦੂ ਸੱਭਿਆਚਾਰਕ ਸਮਾਗਮਾਂ ਦੀ ਕਵਰੇਜ ਕਰਨ ਦੀ ਗੱਲ ਕਰ ਰਿਹਾ ਸੀ ਤਾਂ ਉਹ ਇਨ੍ਹਾਂ ਘਟਨਾਵਾਂ ਦਾ ਹੀ ਜ਼ਿਕਰ ਕਰ ਰਿਹਾ ਸੀ। ਓ ਨਿਊਜ਼ ਹਿੰਦੀ ਦੇ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਹੀ ਜ਼ਿਆਦਾਤਰ ਮੁੱਖ ਧਾਰਾ ਮੀਡੀਆ ਨੇ ਇਸ ਘਟਨਾ ਦੀ ਖ਼ਬਰ ਦਿੱਤੀ।



*ਯਤੀ ਨਰਸਿਮਹਾਨੰਦ (ਐਨ ਵਿਚਕਾਰ) ਅਤੇ ਪ੍ਰੀਤ ਸਿੰਘ (ਸੱਜਿਓਂ ਦੂਜਾ) ਬੁਰਾੜੀ (ਦਿੱਲੀ) ਵਿਚ 3 ਅਪਰੈਲ ਨੂੰ ਹਿੰਦੂ ਮਹਾਂਪੰਚਾਇਤ ਸਮਾਗਮ 'ਚ ਜਿਥੇ ਭੜਕਾਊ ਭਾਸ਼ਣ ਦਿੱਤੇ ਗਏ।*

3 ਅਪਰੈਲ ਨੂੰ ਉੱਤਰੀ ਦਿੱਲੀ ਦੇ ਬੁਰਾੜੀ 'ਚ 'ਹਿੰਦੂ ਮਹਾਂਪੰਚਾਇਤ' ਹੋਈ ਜਿਸ ਵਿਚ ਅਤਿਵਾਦੀ ਹਿੰਦੂ ਮਹੰਤ ਯਤੀ ਨਰਸਿਮਹਾਨੰਦ ਨੇ ਕਿਹਾ ਕਿ ਹਿੰਦੂਆਂ ਨੂੰ ਮੁਸਲਮਾਨਾਂ ਵਿਰੁੱਧ ਹਥਿਆਰ ਚੁੱਕਣੇ ਚਾਹੀਦੇ ਹਨ। ਉਸ ਨੇ ਭੀੜ ਨੂੰ ਕਿਹਾ, "ਹੁਣ ਜਾਓ ਤੇ ਬੱਚੇ ਪੈਦਾ ਕਰੋ ਅਤੇ ਆਪਣੇ ਬੱਚਿਆਂ ਨੂੰ ਲੜਨ ਦੇ ਲਾਇਕ ਬਣਾਓ।" ਸਮਾਗਮ ਦੀ ਕਵਰੇਜ ਕਰਨ ਗਏ ਮੁੱਖ ਧਾਰਾ ਸੰਗਠਨਾਂ ਦੇ ਪੱਤਰਕਾਰਾਂ ਉੱਪਰ ਹਮਲਾ ਕੀਤਾ ਗਿਆ, ਓ ਨਿਊਜ਼ ਹਿੰਦੀ ਨੇ ਲੱਗਭੱਗ ਹਰ ਭਾਸ਼ਣ ਦੇ ਵੀਡੀਓ ਬਣਾਏ।

ਅਵਸਥੀ ਨੇ ਸਾਨੂੰ ਆਪਣੇ ਛੋਟੀ ਪੱਤਰਕਾਰੀ ਕਰੀਅਰ ਦੇ ਦੂਜੇ ਵੱਡੇ ਪਲ ਬਾਰੇ ਦੱਸਿਆ। ਉਸ ਨੇ ਕਿਹਾ, "ਅਸੀਂ ਲੱਗਭੱਗ ਇਕ ਸਾਲ ਤੋਂ ਇਸ ਦਾ ਇੰਤਜ਼ਾਰ ਕਰ ਰਹੇ ਸੀ।" ਆਜ਼ਾਦਪੁਰ ਫਲਾਈਓਵਰ 'ਤੇ ਭਾਰਦਵਾਜ ਨਾਲ ਟਕਰਾਅ ਤੋਂ ਕੁਝ ਦਿਨ ਬਾਅਦ ਅਵਸਥੀ ਨੇ ਸਵੇਰੇ-ਸਵੇਰੇ ਆਪਣਾ ਸਾਜ਼ੋ-ਸਾਮਾਨ ਪੈਕ ਕੀਤਾ ਅਤੇ ਭਾਰਤ ਜੋੜੋ ਅੰਦੋਲਨ 'ਚ ਭਾਗ ਲੈਣ ਲਈ ਜੰਤਰ-ਮੰਤਰ ਵੱਲ ਚੱਲ ਪਿਆ। ਇਸ 'ਚ ਹਿੰਦੂਤਵ ਦੇ ਕਈ ਸੁਪਰਸਟਾਰ ਨਫ਼ਰਤੀ ਬੁਲਾਰੇ ਮੌਜੂਦ ਸਨ। ਉਸਨੇ ਉਤਸ਼ਾਹ ਨਾਲ ਦੱਸਿਆ, "ਪੂਰੇ ਭਾਰਤ 'ਚ ਸੁਨੇਹਾ ਪਹੁੰਚਿਆ ਹੋਇਆ ਸੀ ਅਤੇ ਲੋਕ ਕਹਿ ਰਹੇ ਸਨ ਕਿ ਪੁਸ਼ਪੇਂਦਰ ਕੁਲਸ਼੍ਰੇਸ਼ਠ, ਅਸ਼ਵਨੀ ਉਪਾਧਿਆਏ ਅਤੇ ਪ੍ਰੀਤ ਭਾਈ ਆ ਰਹੇ ਹਨ।" ਇਕੱਠ ਦਾ ਉਦੇਸ਼ "ਹਿੰਦੂ-ਵਿਰੋਧੀ ਬਸਤੀਵਾਦੀ ਕਾਨੂੰਨ ਵਿਵਸਥਾ ਦਾ ਵਿਰੋਧ ਕਰਨਾ ਸੀ ਜੋ ਭਾਰਤ ਨੂੰ ਹਿੰਦੂ ਰਾਸ਼ਟਰ ਬਣਨ ਤੋਂ ਰੋਕਦੀ ਹੈ।" ਇਕੱਠ ਤੋਂ ਪਹਿਲਾਂ ਸੋਸ਼ਲ ਮੀਡੀਆ ਉੱਪਰ ਵਿਆਪਕ ਮੁਹਿੰਮ ਚਲਾਈ ਗਈ। ਅਵਸਥੀ ਇਸ ਤੋਂ ਨਾਖੁਸ਼ ਸੀ: "ਜੇ ਮੈਂ ਜਾਂਦਾ ਤਾਂ ਮੈਂ ਇਕ ਦਿਨ 'ਚ ਹੀ ਘੱਟੋ-ਘੱਟ ਚਾਰ ਪੰਜ ਵੀਡੀਓ ਬਣਾਉਂਦਾ, ਤੇ ਇਹ ਵਧੀਆ ਸਮੱਗਰੀ ਹੁੰਦੀ।"

ਇਕੱਠ ਦੇ ਮੁੱਢਲੇ ਘੰਟੇ ਮੁਕਾਬਲਤਨ ਸ਼ਾਂਤ ਸਨ ਪਰ ਛੇਤੀ ਹੀ ਬੁਲਾਰਿਆਂ ਦੇ ਬੋਲਦੇ ਜਾਣ ਨਾਲ ਗੱਲ ਨਸਲਕੁਸ਼ੀ ਦੇ ਸੱਦਿਆਂ ਤੱਕ ਪਹੁੰਚ ਗਈ। ਦੁਪਹਿਰ ਤੱਕ ਬੁਲਾਰੇ ਅਤੇ ਉਨ੍ਹਾਂ ਦੇ ਵਿਸ਼ਾਲ ਸਰੋਤੇ 'ਜਬ ਮੁੱਲੇ ਕਾਟੇ ਜਾਏਂਗੇ, ਰਾਮ ਰਾਮ ਚਿੱਲਾਏਂਗੇ' ਦੇ ਨਾਅਰੇ ਲਗਾ ਰਹੇ ਸਨ। ਪ੍ਰੋਗਰਾਮ ਦੀ ਕਵਰੇਜ ਕਰਨ ਵਾਲੇ ਨੈਸ਼ਨਲ ਦਸਤਕ ਦੇ ਕਰੀਅਰ ਰਿਪੋਰਟਰ ਅਨਮੋਲ ਪ੍ਰੀਤਮ ਨੇ ਸਾਨੂੰ ਦੱਸਿਆ, "ਉਨ੍ਹਾਂ ਦੇ ਹਮਲਾਵਰ ਭਾਸ਼ਣਾਂ 'ਚ ਨਫ਼ਰਤ ਸਿਖ਼ਰਾਂ 'ਤੇ ਸੀ।" ਇਕ ਵੱਡਾ ਤਬਕਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਪਰ ਖੁੱਲ੍ਹੇ ਤੌਰ 'ਤੇ ਹਮਲਾ ਕਰਦਾ ਹੈ ਕਿ ਅਸੰਤੁਸ਼ਟਾਂ ਪ੍ਰਤੀ ਨਰਮੀ ਕਿਉਂ ਵਰਤੀ ਜਾ ਰਹੀ ਹੈ।

ਓ ਨਿਊਜ਼ ਹਿੰਦੀ ਦੇ ਇਸ ਪ੍ਰੋਗਰਾਮ ਦੇ ਵੀਡੀਓ ਵਿਚ ਦੀਪਕ ਸਿੰਘ ਹਿੰਦੂ ਚੀਕਦੇ ਹੋਏ ਕਹਿੰਦਾ ਹੈ, "ਸਮਾਜ ਇਕਜੁੱਟ ਹੈ ਅਤੇ ਅੱਜ ਦਾ ਇਹ ਸ਼ਕਤੀ ਪ੍ਰਦਰਸ਼ਨ ਇਹ ਸੰਦੇਸ਼ ਦੇਵੇਗਾ ਕਿ ਅਸੀਂ ਦੇਸ਼ ਦੇ ਲਈ ਮਰ ਮਿਟ ਸਕਦੇ ਹਾਂ।" ਜਿਵੇਂ-ਜਿਵੇਂ ਜੋਸ਼ ਵਧਦਾ ਗਿਆ, ਜ਼ਿਆਦਾ ਸਿਰ ਮੁੱਖ ਧਾਰਾ ਦੀਆਂ ਸਮਾਚਾਰ ਸੰਸਥਾਵਾਂ ਦੇ ਪੱਤਰਕਾਰਾਂ ਵੱਲ ਮੁੜ ਗਏ ਜੋ ਅੰਸ਼ਕ ਅਵਿਸ਼ਵਾਸ ਨਾਲ ਇਸ ਕਾਰਵਾਈ ਨੂੰ ਦੇਖ ਰਹੇ ਸਨ। ਇੱਥੇ, ਕੌਮੀ ਰਾਜਧਾਨੀ ਦੇ ਕੇਂਦਰ ਵਿਚ ਸੜਕ ਉੱਪਰ ਮੁੱਖ ਧਾਰਾ ਦੇ ਮੀਡੀਆ ਸੰਗਠਨਾਂ ਨੂੰ ਸਿਆਸੀ ਸਰਗਰਮੀ 'ਚ ਮੁੱਖ ਅੰਤਰ-ਧਾਰਾ (ਅੰਡਰਕਰੰਟ) ਦੇਖਣ ਦਾ ਮੌਕਾ ਮਿਲਿਆ ਜੋ ਸ਼ਾਇਦ ਹੀ ਕਦੇ ਬ੍ਰੌਡਸ਼ੀਟਾਂ 'ਚ ਆਉਂਦੀ ਹੈ ਅਤੇ ਇਸ ਦੇ ਲਈ ਪ੍ਰਦਰਸ਼ਨਕਾਰੀ ਖੁਸ਼ ਨਹੀਂ ਸਨ।

ਪ੍ਰੀਤਮ ਸਵੇਰ ਤੋਂ ਹੀ ਪ੍ਰੋਗਰਾਮ ਦੀ ਕਵਰੇਜ ਕਰ ਰਿਹਾ ਸੀ। ਉਸ ਨੇ ਸਾਨੂੰ ਦੱਸਿਆ, "ਮੈਨੂੰ ਲੱਗਦਾ ਹੈ ਕਿ ਇਹ ਸਭ ਬਹੁਤ ਹੀ ਸੰਗਠਿਤ ਤਰੀਕੇ ਨਾਲ ਹੁੰਦਾ ਹੈ। ਮੇਰੇ ਨਾਲ ਜੋ ਹੋਇਆ, ਉਹ ਵੀ ਉਸੇ ਦਾ ਹਿੱਸਾ ਸੀ।" ਦੁਪਹਿਰ 2 ਵਜੇ ਦੇ ਕਰੀਬ ਪ੍ਰੀਤਮ ਦੇ ਆਲੇ-ਦੁਆਲੇ ਭੀੜ ਜੁੜ ਗਈ ਅਤੇ ਉਸ ਨੂੰ ਸਵਾਲ ਕਰਨ ਲੱਗੀ ਕਿ ਉਹ ਕਿਸ ਤਰ੍ਹਾਂ ਦਾ ਪੱਤਰਕਾਰ ਹੈ। ਸਵਾਲ ਦੁਹਰਾਏ ਗਏ। ਉਹ ਕਈ ਹੋਰ ਪੱਤਰਕਾਰਾਂ ਤੋਂ ਵੀ ਇਹੀ ਸਵਾਲ ਪੁੱਛਣਾ ਚਾਹੁੰਦੇ ਸਨ। ਉਸ ਨੇ ਸਰਕਾਰ ਨੂੰ ਸਖ਼ਤ ਸਵਾਲ ਪੁੱਛਣ ਵਾਲੇ ਪੱਤਰਕਾਰਾਂ ਦਾ ਜ਼ਿਕਰ ਕਰਦੇ ਹੋਏ ਕਿਹਾ, "ਜੇ ਰਵੀਸ਼ ਕੁਮਾਰ, ਆਰਫ਼ਾ ਖ਼ਾਨਮ ਜਾਂ ਰਾਣਾ ਅਯੂਬ ਹੁੰਦੇ, ਉਹ ਉਨ੍ਹਾਂ ਨੂੰ ਵੀ ਇਹੀ ਸਵਾਲ ਪੁੱਛਦੇ ਜੋ ਉਨ੍ਹਾਂ ਨੇ ਮੈਨੂੰ ਪੁੱਛੇ। ਇਸ ਤੋਂ ਬਾਅਦ ਉਨ੍ਹਾਂ ਨੇ ਮੇਰੇ ਨਾਲ ਧੱਕਾ-ਮੁੱਕੀ ਅਤੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਭੀੜ ਨੇ ਵਾਰ-ਵਾਰ ਮੰਗ ਕੀਤੀ ਕਿ ਉਹ 'ਜੈ ਸ੍ਰੀ ਰਾਮ' ਦਾ ਨਾਅਰੇ ਲਗਾਵੇ ਪਰ ਜਦੋਂ ਉਸ ਨੇ ਅਜਿਹਾ ਨਹੀਂ ਕੀਤਾ ਤਾਂ ਭੀੜ ਨੇ ਉਸ ਨੂੰ 'ਜਹਾਦੀ' ਕਹਿਣਾ ਸ਼ੁਰੂ ਕਰ ਦਿੱਤਾ।

ਪ੍ਰੀਤਮ ਦੇ ਮਾਮਲੇ ਨੂੰ ਹਿੰਦੁਸਤਾਨ 9 ਨੇ ਫਿਲਮਾਇਆ ਸੀ। ਉਸ ਨੇ ਸਾਨੂੰ ਦੱਸਿਆ ਕਿ ਹਿੰਦੁਸਤਾਨ 9 ਦੇ ਰਿਪੋਰਟਰ ਰੋਹਿਤ ਸ਼ਰਮਾ ਨੇ ਹਮਲਾਵਰਾਂ ਨੂੰ ਉਕਸਾਇਆ। ਉਸ ਮਹੀਨੇ ਦੇ ਸ਼ੁਰੂ 'ਚ ਸ਼ਰਮਾ ਨੇ ਇਕ ਭੀੜ ਦੀ ਅਗਵਾਈ

*(ਬਾਕੀ ਅਗਲੇ ਸਫੇ 'ਤੇ)*

ਕੀਤੀ ਜਿਸ ਨੇ ਪਾਣੀਪਤ 'ਚ ਇਕ ਮਸਜਿਦ ਉੱਪਰ ਝੰਡਾ ਲਹਿਰਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਭਾਰਤ ਜੋੜੋ ਅੰਦੋਲਨ ਬਾਰੇ ਖ਼ਬਰਾਂ ਮੁੱਖ ਧਾਰਾ ਦੀਆਂ ਸੁਰਖ਼ੀਆਂ 'ਚ ਆਈਆਂ ਤਾਂ ਏ.ਬੀ.ਪੀ. ਨਿਊਜ਼ ਵਰਗੇ ਚੈਨਲਾਂ ਨੂੰ ਆਪਣੀ ਕਵਰੇਜ ਲਈ ਯੂਟਿਊਬਰਾਂ ਦੀ ਫੁਟੇਜ ਉੱਪਰ ਨਿਰਭਰ ਰਹਿਣਾ ਪਿਆ।

ਜਿਉਂ-ਜਿਉਂ ਘਟਨਾ ਦੀ ਰਿਪੋਰਟ ਮੁੱਖ ਧਾਰਾ ਮੀਡੀਆ 'ਚ ਫੈਲਦੀ ਗਈ, ਇਹ ਸਪੱਸ਼ਟ ਹੁੰਦਾ ਗਿਆ ਕਿ ਸਮਾਗਮ ਦੇ ਪ੍ਰਬੰਧਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਅਵਸਥੀ ਨੇ ਮੈਨੂੰ ਦੱਸਿਆ, "ਜਦੋਂ ਪ੍ਰਬੰਧਕਾਂ ਵਿਚੋਂ ਇਕ ਪ੍ਰੀਤ ਸਿੰਘ ਦੀ ਜੰਤਰ-ਮੰਤਰ 'ਤੇ ਨਾਅਰੇਬਾਜ਼ੀ ਦੇ ਸਬੰਧ 'ਚ ਗ੍ਰਿਫ਼ਤਾਰੀ ਹੋਣ ਵਾਲੀ ਸੀ ਤਾਂ ਉਹ ਮੇਰੇ ਕੋਲ ਆਇਆ ਅਤੇ ਮੈਨੂੰ ਉਸ ਨੇ ਆਪਣੀ ਇੰਟਰਵਿਊ ਕਰਨ ਲਈ ਕਿਹਾ।" ਉਸ ਨੇ ਕਿਹਾ ਕਿ ਹੁਣ ਸਿਰਫ਼ ਮੈਂ ਹੀ ਇੰਟਰਵਿਊ ਕਰ ਸਕਦਾ ਹਾਂ ਕਿਉਂਕਿ ਮੁੱਖ ਧਾਰਾ ਦੇ ਚੈਨਲਾਂ ਲਈ ਉਸ ਨਾਲ ਜੁੜਨਾ ਖ਼ਤਰਨਾਕ ਹੋਵੇਗਾ। ਉਸ ਦੇ ਜ਼ੋਰ ਪਾਉਣ 'ਤੇ ਮੈਂ ਇੰਟਰਵਿਊ ਲਈ ਸਹਿਮਤ ਹੋ ਗਿਆ ਪਰ ਜਦੋਂ ਮੈਂ ਉਸ ਦੇ ਘਰ ਪਹੁੰਚਿਆ ਤਾਂ ਇੰਡੀਆ ਟੀ.ਵੀ. ਉੱਥੋਂ ਲਾਈਵ ਪ੍ਰਸਾਰਨ ਕਰ ਰਿਹਾ ਸੀ।" ਅਵਸਥੀ ਦੀ ਇੰਡੀਆ ਟੀ.ਵੀ. ਅਤੇ ਰਜਤ ਸ਼ਰਮਾ ਪ੍ਰਤੀ ਨਾਰਾਜ਼ਗੀ ਫਿਰ ਭੜਕ ਉੱਠੀ। "ਮੈਂ ਟੀ.ਵੀ. ਉੱਪਰ ਸੀ ਅਤੇ ਪ੍ਰੀਤ ਸਿੰਘ ਨਾਲ ਜੁੜਿਆ ਹੋਇਆ ਸੀ ਪਰ ਮੈਂ ਇੰਟਰਵਿਊ ਉੱਪਰ ਧਿਆਨ ਦੇਣ ਦਾ ਫ਼ੈਸਲਾ ਕੀਤਾ। ਗੱਲਬਾਤ ਦੇ ਕੁਝ ਹੀ ਘੰਟਿਆਂ ਦੇ ਅੰਦਰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਿੰਘ ਜੋ ਆਪਣੇ ਆਪ ਨੂੰ ਬੁਰਾੜੀ ਅਤੇ ਜੰਤਰ-ਮੰਤਰ ਵਿਖੇ ਸਮਾਗਮਾਂ ਦਾ ਪ੍ਰਬੰਧਕ ਦੱਸਦਾ ਸੀ, ਨੇ ਸਾਨੂੰ ਆਪਣੇ ਜਵਾਬ 'ਚ ਦੱਸਿਆ, "ਸਾਨੂੰ ਕਿਸੇ ਕਵਰੇਜ ਦੀ ਲੋੜ ਨਹੀਂ ਹੈ। ਅਸੀਂ ਛਪਣ ਦੇ ਭੁੱਖੇ ਨਹੀਂ ਹਾਂ।" ਜਦੋਂ ਅਸੀਂ ਅਵਸਥੀ ਨਾਲ ਉਸ ਦੀ ਗੱਲਬਾਤ ਅਤੇ ਉਸ ਦੇ ਡਰ ਬਾਰੇ ਪੁੱਛਿਆ ਕਿ ਮੁੱਖ ਧਾਰਾ ਦੇ ਚੈਨਲ ਉਨ੍ਹਾਂ ਦੀਆਂ ਘਟਨਾਵਾਂ ਦੀ ਕਵਰੇਜ ਨਹੀਂ ਕਰਨਗੇ ਤਾਂ ਉਸ ਨੇ ਇਹ ਕਹਿੰਦੇ ਹੋਏ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਸਾਡਾ ਸਵਾਲ 'ਵਿਅਕਤੀਗਤ ਖੁੰਦਕ ਤੋਂ ਪ੍ਰੇਰਤ' ਸੀ।

ਬਾਅਦ ਵਿਚ ਉਸੇ ਮਹੀਨੇ ਉੱਘੇ ਹਿੰਦੂਤਵੀ ਸਿਧਾਂਤਕਾਰ ਉੱਤਮ ਉਪਾਧਿਆਏ, ਭੁਪਿੰਦਰ ਤੋਮਰ ਤੇ ਦੀਪਕ ਸਿੰਘ ਹਿੰਦੂ ਅਤੇ ਭਾਜਪਾ ਦੇ ਸਾਬਕਾ ਬੁਲਾਰੇ ਅਸ਼ਵਨੀ ਉਪਾਧਿਆਏ ਜਿਨ੍ਹਾਂ ਸਾਰਿਆਂ ਨੇ ਇਸ ਸਮਾਗਮ 'ਚ ਭਾਸ਼ਣ ਦਿੱਤਾ ਸੀ, ਨੂੰ ਦਿੱਲੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਫ਼ਿਲਹਾਲ ਇਹ ਸਾਰੇ ਜ਼ਮਾਨਤ 'ਤੇ ਬਾਹਰ ਹਨ। ਦੀਪਕ ਸਿੰਘ ਹਿੰਦੂ ਨੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ। ਦਿੱਲੀ ਪੁਲਿਸ ਨੇ ਉਸ ਘਟਨਾ ਜਾਂ ਇਸ ਤਰ੍ਹਾਂ ਦੀਆਂ ਹੋਰ ਘਟਨਾਵਾਂ ਬਾਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਜਿਸ 'ਚ ਪੱਤਰਕਾਰਾਂ 'ਤੇ ਹਮਲਾ ਹੋਇਆ ਸੀ।

ਵਧੀਕ ਸੈਸ਼ਨ ਜੱਜ ਜੰਤਰ-ਮੰਤਰ ਨਾਲ ਸਬੰਧਿਤ ਕੇਸ ਦੀ ਸੁਣਵਾਈ ਕਰ ਰਿਹਾ ਸੀ। ਉਸ ਨੇ ਖ਼ਬਰ ਇੰਡੀਆ ਦੀ ਘਟਨਾ ਦੀ ਕਵਰੇਜ ਦਾ ਹਵਾਲਾ ਦਿੰਦੇ ਹੋਏ ਦਿੱਲੀ ਪੁਲਿਸ ਨੂੰ ਪੁੱਛਿਆ, "ਕੀ ਤੁਸੀਂ ਰਿਪੋਰਟਰ ਨੂੰ ਨੋਟਿਸ ਦਿੱਤਾ ਹੈ?... ਉਹ ਜਾਣਬੁੱਝ ਕੇ ਉਨ੍ਹਾਂ ਨੂੰ ਸਿੱਧੇ ਸਵਾਲਾਂ ਨਾਲ ਉਕਸਾਉਂਦਾ ਅਤੇ ਕੁਝ ਕਹਿਣ ਲਈ ਉਕਸਾਉਂਦਾ ਦੇਖਿਆ ਗਿਆ। ਸਭ ਤੋਂ ਪਹਿਲਾਂ ਤਾਂ ਉਸੇ ਨੂੰ ਬੁਲਾਇਆ ਜਾਣਾ ਚਾਹੀਦਾ ਹੈ।" ਖ਼ਬਰ ਇੰਡੀਆ ਵੀਡੀਓ ਦਾ ਸਿਰਲੇਖ 'ਹਿੰਦੂ ਸ਼ੇਰ ਦਹਾੜਦੇ ਹੋਏ (ਯੁੱਧ) 5 ਕਾਨੂੰਨਾਂ ਵਿਰੁੱਧ' ਇਕ ਦਿਨ 'ਚ 21 ਲੱਖ ਤੋਂ ਵੱਧ ਵਾਰ ਦੇਖਿਆ ਗਿਆ ਅਤੇ ਅਦਾਲਤ ਦੀਆਂ ਟਿੱਪਣੀਆਂ ਤੋਂ ਬਾਅਦ ਹੀ ਇਸ ਨੂੰ ਹਟਾਇਆ ਗਿਆ। ਵੀਡੀਓ 'ਚ ਇਕ ਬੁਲਾਰਾ ਕਹਿ ਰਿਹਾ ਹੈ, "ਅਸੀਂ ਉਨ੍ਹਾਂ ਨੂੰ ਜੜ੍ਹੋਂ ਖ਼ਤਮ ਕਰ ਦੇਵਾਂਗੇ।" ਚੌਧਰੀ ਨੇ ਸਾਨੂੰ ਦੱਸਿਆ ਕਿ ਪੁਲਿਸ ਨੇ ਉਸ ਤੋਂ ਘਟਨਾ ਬਾਰੇ ਸੰਖੇਪ 'ਚ ਪੁੱਛਗਿੱਛ ਕੀਤੀ ਸੀ ਪਰ ਉਸ ਤੋਂ ਬਾਅਦ ਉਸ ਨਾਲ ਸੰਪਰਕ ਨਹੀਂ ਕੀਤਾ ਗਿਆ। ਉਸ ਨੇ ਕਿਹਾ ਕਿ ਉਸ ਨੇ ਅਦਾਲਤ ਦੀਆਂ ਟਿੱਪਣੀਆਂ ਬਾਰੇ ਕੁਝ ਨਹੀਂ ਸੁਣਿਆ ਅਤੇ ਛੇਤੀ ਹੀ ਗੱਲਬਾਤ ਮੁਕਾ ਦਿੱਤੀ।

ਜੰਤਰ-ਮੰਤਰ 'ਤੇ ਇਕ ਹੋਰ ਪ੍ਰੋਗਰਾਮ ਦੀ ਵੀਡੀਓ ਵਾਇਰਲ ਹੋ ਰਹੀ ਸੀ। ਸੰਕਲਪ ਮਾਰਚ ਨਾਮਕ ਇਹ ਪ੍ਰੋਗਰਾਮ ਰਾਜਸਥਾਨ 'ਚ ਦੋ ਮੁਸਲਮਾਨਾਂ ਵੱਲੋਂ ਇਕ ਹਿੰਦੂ ਦਰਜੀ ਦੀ ਹੱਤਿਆ ਦੇ ਵਿਰੋਧ 'ਚ ਕੀਤਾ ਗਿਆ ਸੀ। ਜਦੋਂ ਸੁਤੰਤਰ ਰਿਪੋਰਟਰ ਪੂਜਾ ਮਾਥੁਰ ਇਸ ਸਮਾਗਮ ਦੀ ਕਵਰੇਜ ਕਰਨ ਗਈ ਤਾਂ ਭੀੜ ਨੇ ਉਸ ਨੂੰ ਤੁਰੰਤ ਘੇਰ ਲਿਆ। ਉਸ ਨੇ ਸਾਨੂੰ ਦੱਸਿਆ, "ਜਦੋਂ ਮੈਂ ਉਨ੍ਹਾਂ ਨੂੰ ਸਵਾਲ ਪੁੱਛਣੇ ਸ਼ੁਰੂ ਕੀਤੇ ਤਾਂ ਉਨ੍ਹਾਂ 'ਚੋਂ ਕਿਸੇ ਕੋਲ ਕੋਈ ਜਵਾਬ ਨਹੀਂ ਸੀ ਅਤੇ ਉਲਟਾ ਮੈਨੂੰ ਹੀ 'ਜੈ ਸ੍ਰੀ ਰਾਮ' ਦਾ ਨਾਅਰਾ ਲਾਉਣ ਲਈ ਮਜਬੂਰ ਕਰਨਾ ਸ਼ੁਰੂ ਕਰ ਦਿੱਤਾ ਜਿਸ 'ਤੇ ਮੈਂ ਜਵਾਬ ਦਿੱਤਾ ਕਿ ਮੈਂ ਇੱਥੇ ਆਪਣਾ ਕੰਮ ਕਰਨ ਲਈ ਆਈ ਹਾਂ। ਮੈਂ ਨਾਅਰੇ ਲਗਾਉਣ ਲਈ ਨਹੀਂ, ਰਿਪੋਰਟ ਕਰਨ ਲਈ ਆਈ ਹਾਂ।... ਇਸ 'ਤੇ ਉਨ੍ਹਾਂ ਨੇ ਦਾਅਵਾ ਕੀਤਾ ਕਿ ਨਾਅਰਾ ਨਾ ਲਗਾਉਣ ਤੋਂ ਹੀ ਇਹ ਸਾਬਤ ਹੁੰਦਾ ਹੈ ਕਿ ਮੈਂ ਪਾਕਿਸਤਾਨੀ ਹਾਂ, ਮੈਂ ਮੁੱਲੀ ਹਾਂ, ਪੂਜਾ ਖ਼ਾਨ ਹਾਂ ਅਤੇ ਭੀੜ ਮੈਨੂੰ ਇਸ ਨੂੰ ਸਵੀਕਾਰ ਕਰਨ ਲਈ ਵਾਰ-ਵਾਰ ਕਹਿੰਦੀ ਰਹੀ। ਇਕ ਵਿਅਕਤੀ ਨੇ ਮੇਰਾ ਹੱਥ ਵੀ ਫੜ ਲਿਆ। ਮੇਰਾ ਕੈਮਰਾਪਰਸਨ ਵੀ ਡਰ ਗਿਆ।" ਮਾਥੁਰ ਨੇ ਕਿਹਾ ਕਿ ਉਨ੍ਹਾਂ ਨੇ ਭੀੜ ਵਿਚਲੇ ਲੋਕਾਂ ਨੂੰ ਤੱਥ ਜਾਂਚ ਕਰਤਾ ਮੁਹੰਮਦ ਜ਼ੁਬੈਰ ਦਾ ਸਿਰ ਕਲਮ ਕਰਨ ਦੀ ਧਮਕੀ ਦਿੰਦੇ ਹੋਏ ਸੁਣਿਆ। ਐਚ.ਸੀ.ਐਨ. ਅਤੇ ਪਿਆਰਾ ਹਿੰਦੁਸਤਾਨ ਨੇ ਪ੍ਰੋਗਰਾਮ ਦੇ ਕਈ ਭਾਸ਼ਣਾਂ ਦੇ ਵੀਡੀਓ ਅਪਲੋਡ ਕੀਤੇ।

ਖ਼ਬਰ ਇੰਡੀਆ, ਪਿਆਰਾ ਹਿੰਦੁਸਤਾਨ, ਵਰਤਮਾਨ ਭਾਰਤ, ਦਿ ਰਾਜਧਰਮ, ਹਿੰਦੁਸਤਾਨ 9 ਅਤੇ ਓ ਨਿਊਜ਼ ਹਿੰਦੀ ਨੇ ਇਸ ਲੇਖ 'ਚ ਜਿਨ੍ਹਾਂ ਵੀਡੀਓਜ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਬਾਰੇ ਵਿਸਤਾਰਤ ਸਵਾਲਨਾਮੇ ਦਾ ਜਵਾਬ ਨਹੀਂ ਦਿੱਤਾ। ਨਾ ਹੀ ਅਵਸਥੀ ਅਤੇ ਨਾ ਹੀ ਚੌਧਰੀ ਨੇ ਜਵਾਬ ਦਿੱਤਾ। ਹਿੰਦੁਸਤਾਨ 9 ਦੇ ਰਿਪੋਰਟਰ ਰੋਹਿਤ ਸ਼ਰਮਾ ਨੇ ਵੀ ਸਵਾਲਾਂ ਦੇ ਜਵਾਬ ਨਹੀਂ ਦਿੱਤੇ।



*ਖਬਰ ਇੰਡੀਆ ਦਾ ਆਲੀਸ਼ਾਨ ਦਫ਼ਤਰ ਨੋਇਡਾ ਫਿਲਮ ਸਿਟੀ ਦੇ ਵਾਸਮੇ ਭਵਨ 'ਚ ਹੈ। ਇੱਥੇ ਜ਼ੀ ਨਿਊਜ਼, ਆਜਤਕ, ਟਾਈਮਜ਼ ਨਾਓ, ਰਿਪਬਲਿਕ ਟੀਵੀ, ਇੰਡੀਆ ਟੂਡੇ ਅਤੇ ਵਿਆਨ ਸਮੇਤ ਮੁਲਕ ਦੇ ਸਭ ਤੋਂ ਵੱਡੇ ਮੀਡੀਆ ਹਾਊਸ ਹਨ। ਚਾਰ ਸਾਲ ਪਹਿਲਾਂ ਖ਼ਬਰ ਇੰਡੀਆ ਸਿਰਫ਼ ਯੂਟਿਊਬ ਚੈਨਲ ਸੀ ਜਿਸ ਨੇ ਆਪਣਾ ਪਹਿਲਾ ਵੀਡੀਓ ਅੱਪਲੋਡ ਕੀਤਾ ਸੀ- ਮੋਟਰ ਸਾਈਕਲ ਕਿਵੇਂ ਵੇਚੀਏ।*

ਸੱਜੇ ਪੱਖੀ ਯੂਟਿਊਬਰ ਈਕੋ-ਸਿਸਟਮ ਭਾਰਤ ਦੇ ਲਈ ਵਿਲੱਖਣ ਨਹੀਂ। ਮਿਸਾਲ ਵਜੋਂ ਅਮਰੀਕਾ ਵਿਚ ਅਲੈਕਸ ਜੋਨਸ ਵਰਗੇ ਸੱਜੇ ਪੱਖੀ ਜਿਸ ਨੇ ਸਾਜ਼ਿਸ਼ੀ ਚੈਨਲ ਇਨਫੋਵਾਰਜ ਬਣਾਇਆ ਹੈ, ਨੇ ਇਸ ਪਲੇਟਫਾਰਮ ਤੋਂ ਆਪਣਾ ਕਰੀਅਰ ਬਣਾਇਆ। ਹਾਲਾਂਕਿ ਉਸ ਤਰ੍ਹਾਂ ਦੇ ਜ਼ਿਆਦਾਤਰ ਸਮੂਹ ਜਿਵੇਂ ਟੀਕਾਕਰਨ ਵਿਰੋਧੀ ਸਮੂਹ ਤੇ ਕਿਊਏਨੋਨ ਜਿਨ੍ਹਾਂ ਉੱਪਰ ਯੂਟਿਊਬ ਦੇ ਨਿਯਮ ਲਗਾਮ ਰੱਖਦੇ ਰਹੇ ਹਨ, ਇਸ ਪਲੇਟਫਾਰਮ ਨੂੰ ਲਗਾਤਾਰ ਭੜਕਾਉਣ ਜਾਂ ਗ਼ਲਤ ਜਾਣਕਾਰੀ ਦੇਣ ਵੱਲ ਧੱਕਦੇ ਰਹੇ ਹਨ, ਜਾਂ ਉਨ੍ਹਾਂ ਦੀ ਜ਼ਿਆਦਾਤਰ ਸਮੱਗਰੀ ਨੂੰ ਵਿਮੁਦਰੀਕਰਨ ਕਰ ਦਿੱਤਾ ਗਿਆ ਹੈ। ਕੁਝ ਤਾਂ ਏਨੇ ਵੱਡੇ ਹੋ ਗਏ ਹਨ ਕਿ ਪਹੁੰਚ ਜਾਂ ਸਿਆਸੀ ਪ੍ਰਭਾਵ ਦੇ ਮਾਮਲੇ 'ਚ ਵਿਰਾਸਤੀ ਮੀਡੀਆ ਸੰਸਥਾਵਾਂ ਨੂੰ ਮਹੱਤਵਪੂਰਨ ਚੁਣੌਤੀ ਦੇ ਰਹੇ ਹਨ।

ਭਾਰਤ ਵਿਚ ਇਹ ਰੁਝਾਨ ਨਹੀਂ। ਇਸ ਦਾ ਇਕ ਸੰਭਾਵੀ ਕਾਰਨ ਦੱਖਣੀ ਏਸ਼ਿਆਈ ਭਾਸ਼ਾਵਾਂ 'ਚ ਨਫ਼ਰਤ ਭਰੀ ਭਾਸ਼ਣ ਸਮੱਗਰੀ ਦੀ ਨਿਸ਼ਾਨਦੇਹੀ ਕਰਨ ਲਈ ਫੇਸਬੁੱਕ ਅਤੇ ਯੂਟਿਊਬ ਦੇ ਐਲਗੋਰਿਦਮ ਦੀ ਅਸਮਰੱਥਾ ਹੈ। 2021 'ਚ ਵਿਸਲਬਲੋਅਰ ਫ੍ਰਾਂਸਿਸ ਹੌਗੇਨ ਦੁਆਰਾ ਫੇਸਬੁੱਕ ਦੇ ਜੋ ਅੰਦਰੂਨੀ ਦਸਤਾਵੇਜ਼ ਨਸ਼ਰ ਕੀਤੇ ਗਏ, ਉਹ ਦਿਖਾਉਂਦੇ ਹਨ ਕਿ ਭਾਰਤ 'ਚ ਭੜਕਾਊ ਸਮੱਗਰੀ ਅਤੇ ਨਾਲ ਹੀ ਉਪਭੋਗਤਾ ਦੁਆਰਾ ਰਿਪੋਰਟ ਕੀਤੀ ਨਫ਼ਰਤ ਵਾਲੀ ਸਮੱਗਰੀ 2019 ਅਤੇ 2020 'ਚ ਵਾਧਾ ਹੋਣ ਨੂੰ ਦਰਸਾਉਂਦੀ ਹੈ। ਜੂਨ 2020 ਦੇ ਅੰਕੜਿਆਂ 'ਤੇ ਆਧਾਰਿਤ ਅੰਦਰੂਨੀ ਪੇਸ਼ਕਾਰੀ 'ਚ ਕਿਹਾ ਗਿਆ ਹੈ ਕਿ ਹਿੰਦੀ 'ਚ 'ਭੜਕਾਊ ਸਮੱਗਰੀ ਦਾ ਪ੍ਰਸਾਰ' ਜਿਸ ਨੂੰ ਫੇਸਬੁੱਕ ਟਕਰਾਉ ਜਾਂ ਹਿੰਸਾ ਦੇ ਜੋਖ਼ਮ ਵਾਲੀ ਵਜੋਂ ਦਰਸਾਉਂਦਾ ਹੈ, ਦੂਜੇ ਮੁਲਕਾਂ ਨਾਲੋਂ ਵਧੇਰੇ ਸੀ।

ਹੌਗੇਨ ਦੀਆਂ ਫਾਈਲਾਂ ਦਿਖਾਉਂਦੀਆਂ ਹਨ ਕਿ ਫੇਸਬੁੱਕ ਖੋਜਕਰਤਾਵਾਂ ਨੇ ਦਿੱਲੀ, ਲਖਨਊ, ਮੁੰਬਈ ਅਤੇ ਕੋਲਕਾਤਾ 'ਚ 37 ਲੋਕਾਂ ਨਾਲ ਇੰਟਰਵਿਊ ਕੀਤੀ। ਇਨ੍ਹਾਂ 'ਚੋਂ 22 ਹਿੰਦੂ ਅਤੇ 15 ਮੁਸਲਮਾਨ ਸਨ। ਪੇਸ਼ਕਾਰੀ ਤੋਂ ਇਹ ਜਾਪਦਾ ਹੈ ਕਿ ਇੰਟਰਵਿਊ 'ਚ ਚਿੰਨ੍ਹਤ ਕੀਤੀ ਸਮੱਗਰੀ ਅੰਦਰ ਕੁਝ ਪਾੜੇ ਸਨ ਤੇ ਜਿਸ ਨੂੰ ਫੇਸਬੁੱਕ ਦੇ ਭੜਕਾਊ-ਸਮੱਗਰੀ ਦਿਸ਼ਾ-ਨਿਰਦੇਸ਼ਾਂ ਵੱਲੋਂ ਨੁਕਸਾਨਦੇਹ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ। ਮਿਸਾਲ ਵਜੋਂ ਪਲੈਟਫਾਰਮ ਦੇ ਦਿਸ਼ਾ-ਨਿਰਦੇਸ਼ਾਂ ਦੇ ਘੇਰੇ 'ਚ ਕੁਝ ਸਮੱਗਰੀ ਸ਼ਾਮਲ ਨਹੀਂ ਕੀਤੀ ਗਈ ਜਿਸ ਦਾ ਸਵਾਲਾਂ ਦੇ ਜਵਾਬ ਦੇਣ ਵਾਲਿਆਂ ਨੇ ਜ਼ਿਕਰ ਕੀਤਾ ਹੈ, ਜਿਵੇਂ 'ਅੰਤਰ-ਧਾਰਮਿਕ ਵਿਆਹ ਅਤੇ ਡੇਟਿੰਗ' (ਜਿਵੇਂ ਲਵ ਜਹਾਦ) ਨਾਲ ਸਬੰਧਿਤ ਸੰਵੇਦਨਸ਼ੀਲ ਬਿਰਤਾਂਤ, ਮੁਸਲਮਾਨਾਂ ਦੁਆਰਾ ਗਊਆਂ ਦੀਆਂ ਹੱਤਿਆ ਬਾਰੇ ਸੰਵੇਦਨਸ਼ੀਲ ਬਿਰਤਾਂਤ - ਜਿਸ ਨੂੰ ਇਤਿਹਾਸਕ ਤੌਰ 'ਤੇ ਫਿਰਕੂ ਰੋਹ ਭੜਕਾਉਣ ਲਈ ਵਰਤਿਆ ਜਾਂਦਾ ਹੈ - ਅਤੇ 'ਹਿੰਸਕ ਘਟਨਾਵਾਂ ਦਾ ਵਰਣਨ ਕਰਦੀ ਸਮੱਗਰੀ (ਜਿਵੇਂ ਫਿਰਕੂ ਦੰਗਿਆਂ ਬਾਰੇ ਖ਼ਬਰਾਂ)।'

ਫੇਸਬੁੱਕ ਨੇ ਹਿੰਦੀ ਅਤੇ ਬੰਗਾਲੀ ਭਾਸ਼ਾਵਾਂ ਲਈ ਨਫ਼ਰਤੀ ਭਾਸ਼ਣਾਂ ਦਾ ਵਰਗੀਕਰਨ ਕਰਨ ਵਾਲੇ ਕਲਾਸੀਫਾਇਰ 2018 'ਚ ਸ਼ਾਮਿਲ ਕਰ ਲਏ ਸਨ - ਇਹ ਇਸ਼ਾਰਾ ਇਸ ਦੇ ਨਫ਼ਰਤੀ ਭਾਸ਼ਣ ਦਾ ਪਤਾ ਲਗਾਉਣ ਵਾਲੇ ਐਲਗੋਰਿਦਮ ਵੱਲ ਹੈ - ਜਦੋਂਕਿ 2021 ਦੇ ਸ਼ੁਰੂ 'ਚ ਦੋ ਭਾਸ਼ਾਵਾਂ 'ਚ ਹਿੰਸਾ ਅਤੇ ਭੜਕਾਊ ਵਰਗੀਕਰਨ ਸ਼ਾਮਲ ਕਰ ਲਏ ਗਏ। ਹਾਲਾਂਕਿ, ਕਈ ਸੱਜੇ ਪੱਖੀ ਮਾਹੌਲ ਸਿਰਜਣ ਵਾਲੇ ਜਾਣਦੇ ਹਨ ਕਿ ਫੇਸਬੁੱਕ ਅਤੇ ਯੂਟਿਊਬ ਦੇ ਕਲਾਸੀਫਾਇਰਾਂ ਤੋਂ ਸੌਖਿਆਂ ਹੀ ਕਿਵੇਂ ਬਚਣਾ ਹੈ। ਇਸ ਲਈ ਕਿਹੜੀਆਂ ਮੁਸਲਿਮ ਵਿਰੋਧੀ ਗਾਲਾਂ ਦੀ ਵਰਤੋਂ ਕਰਨੀ ਹੈ ਜਿਸ ਬਾਰੇ ਉਹ ਜਾਣਦੇ ਹਨ ਕਿ ਇਨ੍ਹਾਂ ਨੂੰ ਐਲਗੋਰਿਦਮ ਅਕਸਰ ਫੜਨ 'ਚ ਕਾਮਯਾਬ ਨਹੀਂ ਹੁੰਦਾ। ਅਵਸਥੀ ਨੇ ਸਮਝਾਇਆ, "ਤੁਸੀਂ ਸਿਰਫ਼ ਕੁਝ ਸ਼ਬਦਾਂ ਨੂੰ ਵਰਤਣ ਤੋਂ ਬਚਣਾ ਹੁੰਦਾ ਹੈ। ਮਿਸਾਲ ਵਜੋਂ ਸੂਰ ਸ਼ਬਦ ਬਹੁਤ ਛੇਤੀ ਫੜਿਆ ਜਾਂਦਾ ਹੈ, ਇਸ ਲਈ ਮੈਂ ਸ਼ਾਂਤੀਦੂਤ ਸ਼ਬਦ ਦੀ ਵਰਤੋਂ ਕਰਦਾ ਹਾਂ। 'ਸ਼ਾਂਤੀਦੂਤ' ਸ਼ਬਦ ਇਕ ਤਰ੍ਹਾਂ ਨਾਲ ਹਿੰਦੂਤਵ ਦੇ ਇਸ ਜ਼ੋਰ ਦੇਣ ਵੱਲ ਇਸ਼ਾਰਾ ਹੈ ਕਿ ਇਸਲਾਮ ਕੁਦਰਤੀ ਤੌਰ 'ਤੇ ਹਿੰਸਕ ਧਰਮ ਹੈ।" ਅਵਸਥੀ ਨੇ ਅੱਗੇ ਕਿਹਾ, "ਸੰਦੇਸ਼ ਵੀ ਚਲਿਆ ਜਾਂਦਾ ਹੈ ਅਤੇ ਵੀਡੀਓ ਵੀ ਨਹੀਂ ਰੋਕਿਆ ਜਾਂਦਾ। ਤੁਸੀਂ ਜਹਾਦੀ ਨਹੀਂ ਲਿਖ ਸਕਦੇ, ਇਸ ਲਈ ਅਸੀਂ ਜੀ-ਹਾਦੀ ਦੀ ਵਰਤੋਂ ਕਰਦੇ ਹਾਂ। ਕੁਝ ਨਵੇਂ ਚੈਨਲ ਚੁਸਲਮਾਨ, ਮੁਅਅਲਾ ਅਤੇ ਹੋਰ ਵਿਗਾੜੇ ਹੋਏ ਸ਼ਬਦਾਂ ਦੀ ਵਰਤੋਂ ਕਰਦੇ ਹਨ। ਕੁਝ ਚੈਨਲ ਹਰੇ ਟਿੱਡੇ ਦੀ ਵਰਤੋਂ ਕਰਦੇ ਹਨ।" ਅਵਸਥੀ ਹਰੇ ਟਿੱਡੇ ਤੋਂ ਬਹੁਤਾ ਖੁਸ਼ ਨਹੀਂ ਸੀ ਅਤੇ ਉਸ ਨੇ ਸਾਨੂੰ ਸਮਝਾਇਆ ਕਿ ਉਹ ਆਪਣੇ ਮਾਹੌਲ 'ਚ ਉਦਾਰਵਾਦੀ ਸੀ। "ਮੈਂ ਸਿਰਲੇਖ 'ਚ ਉਸ ਆਖ਼ਰੀ ਸ਼ਬਦ ਦੀ ਵਰਤੋਂ ਨਹੀਂ ਕਰ ਸਕਦਾ ਪਰ ਜੇਕਰ ਕੋਈ ਹੋਰ ਕਹਿੰਦਾ ਹੈ ਤਾਂ ਮੈਂ ਇਸ ਨੂੰ ਆਪਣੇ ਥੰਬਨੇਲ 'ਚ ਡਾਇਲਾਗ ਬਾਕਸ 'ਚ ਸ਼ਾਮਲ ਕਰ ਸਕਦਾ ਹਾਂ।"

**_ਫੇਸਬੁੱਕ ਦਾ ਐਲਗੋਰਿਦਮ ਕਿੰਨਾ ਕੁ ਕਾਰਗਰ ਸੀ, ਇਹ ਪਰਖਣ ਲਈ ਅਸੀਂ 6 ਨਵੰਬਰ ਨੂੰ ਫੇਸਬੁੱਕ ਉੱਪਰ ਨਵਾਂ ਖ਼ਾਤਾ ਬਣਾਉਣ ਦਾ ਫ਼ੈਸਲਾ ਕੀਤਾ। ਅਸੀਂ ਓ ਨਿਊਜ਼ ਹਿੰਦੀ ਦੇ ਪੰਨੇ ਨੂੰ ਸਰਚ ਅਤੇ ਲਾਈਕ ਕੀਤਾ। ਪਲੇਟਫਾਰਮ ਨੇ ਤੁਰੰਤ ਸੁਝਾਅ ਦਿੱਤਾ ਕਿ ਅਸੀਂ ਰਾਜਧਰਮ ਚੈਨਲ, ਪਿਆਰਾ ਹਿੰਦੁਸਤਾਨ, ਯੂਥ ਮੀਡੀਆ ਟੀ.ਵੀ., ਸ਼ਾਈਨਿੰਗ ਇੰਡੀਆ, ਹਿੰਦੁਸਤਾਨ 9 ਨਿਊਜ਼, ਦਿ ਨਿਊਜ਼ਪੇਪਰ ਅਤੇ ਵਰਤਮਾਨ ਭਾਰਤ ਨੂੰ ਵੀ ਫਾਲੋ ਕਰ ਸਕਦੇ ਹਾਂ ਜਿਸ ਨੂੰ ਅਸੀਂ ਲਾਈਕ ਜਾਂ ਸਬਸਕ੍ਰਾਈਬ ਕੀਤਾ। ਪਹਿਲੇ ਦਿਨ ਹੀ ਸਾਡਾ ਹੋਮਪੇਜ ਮੁਸਲਿਮ ਵਿਰੋਧੀ ਨਫ਼ਰਤੀ ਸਮੱਗਰੀ ਨਾਲ ਭਰ ਗਿਆ।_**

ਫੇਸਬੁੱਕ ਦਾ ਐਲਗੋਰਿਦਮ ਕਿੰਨਾ ਕੁ ਕਾਰਗਰ ਸੀ, ਇਹ ਪਰਖਣ ਲਈ ਅਸੀਂ 6 ਨਵੰਬਰ ਨੂੰ ਫੇਸਬੁੱਕ ਉੱਪਰ ਨਵਾਂ ਖ਼ਾਤਾ ਬਣਾਉਣ ਦਾ ਫ਼ੈਸਲਾ ਕੀਤਾ। ਅਸੀਂ ਓ ਨਿਊਜ਼ ਹਿੰਦੀ ਦੇ ਪੰਨੇ ਨੂੰ ਸਰਚ ਅਤੇ ਲਾਈਕ ਕੀਤਾ। ਪਲੇਟਫਾਰਮ ਨੇ ਤੁਰੰਤ ਸੁਝਾਅ ਦਿੱਤਾ ਕਿ ਅਸੀਂ ਰਾਜਧਰਮ ਚੈਨਲ, ਪਿਆਰਾ ਹਿੰਦੁਸਤਾਨ, ਯੂਥ ਮੀਡੀਆ ਟੀ.ਵੀ., ਸ਼ਾਈਨਿੰਗ ਇੰਡੀਆ, ਹਿੰਦੁਸਤਾਨ 9 ਨਿਊਜ਼, ਦਿ ਨਿਊਜ਼ਪੇਪਰ ਅਤੇ ਵਰਤਮਾਨ ਭਾਰਤ ਨੂੰ ਵੀ ਫਾਲੋ ਕਰ ਸਕਦੇ ਹਾਂ ਜਿਸ ਨੂੰ ਅਸੀਂ ਲਾਈਕ ਜਾਂ ਸਬਸਕ੍ਰਾਈਬ ਕੀਤਾ। ਪਹਿਲੇ ਦਿਨ ਹੀ ਸਾਡਾ ਹੋਮਪੇਜ ਮੁਸਲਿਮ ਵਿਰੋਧੀ ਨਫ਼ਰਤੀ ਸਮੱਗਰੀ ਨਾਲ ਭਰ ਗਿਆ। ਸਾਨੂੰ ਸੁਝਾਏ ਗਏ ਵੀਡੀਓ 'ਚੋਂ ਇਕ ਦਾ ਸਿਰਲੇਖ ਸੀ- "ਮੁਸਲਮਾਨ ਇਹੀ ਯੋਜਨਾ ਬਣਾ ਰਹੇ ਹਨ, ਇਹ ਭਾਈ ਹਿਸਾਬ ਸਮਝਾਉਂਦਾ ਹੈ" ਅਤੇ ਇਕ ਹੋਰ ਵੀਡੀਓ "ਕੀ ਹਿੰਦੂ ਆਬਾਦੀ ਇਸੇ ਵਜ੍ਹਾ ਕਰ ਕੇ ਘਟ ਰਹੀ ਹੈ?"

ਜਦੋਂ ਅਸੀਂ ਆਪਣੇ ਨਤੀਜੇ ਉਡੂਪਾ ਨਾਲ ਸਾਂਝੇ ਕੀਤੇ ਤਾਂ ਉਸ ਨੇ ਕਿਹਾ, "ਇਹ ਹੈਰਾਨੀ ਵਾਲੀ ਗੱਲ ਨਹੀਂ ਕਿਉਂਕਿ ਆਲਮੀ ਪੱਧਰ 'ਤੇ ਕਈ ਅਨੁਭਵੀ ਅਧਿਐਨਾਂ ਨੇ ਇਹ ਸਥਾਪਿਤ ਕੀਤਾ ਹੈ ਕਿ ਸੋਸ਼ਲ ਮੀਡੀਆ ਐਲਗੋਰਿਦਮ ਪਾਲਾਬੰਦੀ ਕਰਨ ਵਾਲੀ ਸਮੱਗਰੀ, ਨੈੱਟਵਰਕ ਅਤੇ ਉਪਭੋਗਤਾਵਾਂ ਵਿਚਕਾਰ ਨਫ਼ਰਤ ਦੇ ਈਕੋ-ਸਿਸਟਮ ਨੂੰ ਵਧਾਉਣ ਅਤੇ ਫੈਲਣ 'ਚ ਯੋਗਦਾਨ ਪਾਉਂਦਾ ਹੈ। ਮਿਸਾਲ ਵਜੋਂ ਅਮਰੀਕਾ 'ਚ ਅਧਿਐਨਾਂ ਨੇ ਇਹ ਸਥਾਪਿਤ ਕੀਤਾ ਹੈ ਕਿ ਯੂਟਿਊਬ ਉੱਪਰ ਯੂਜਰਾਂ ਦੇ ਸਿਰਫ਼ ਕੁਝ ਕਲਿੱਕ ਕਰਨ ਤੋਂ ਬਾਅਦ ਹੀ ਅਲਗੋਰਿਦਮਿਕ ਤੌਰ 'ਤੇ ਬਣਾਏ ਗਏ ਘੋਰ ਸੱਜੇ ਪੱਖੀ ਵਿਚਾਰਧਾਰਕ ਬੁਲਬੁਲੇ 'ਚ ਡੁੱਬ ਜਾਣ ਦੀ ਬਹੁਤ ਸੰਭਾਵਨਾ ਹੈ।

ਯੂਟਿਊਬ ਦੇ ਇਕ ਬੁਲਾਰੇ ਨੇ ਕਿਹਾ, "ਯੂਟਿਊਬ ਕੋਲ ਵਧੀਆ ਸਥਾਪਿਤ ਕਮਿਊਨਿਟੀ ਦਿਸ਼ਾ-ਨਿਰਦੇਸ਼ ਹਨ ਜਿਨ੍ਹਾਂ ਵਿਚ ਨਫ਼ਰਤੀ ਭਾਸ਼ਣ, ਕੁਝ ਖ਼ਾਸੀਅਤਾਂ ਦੇ ਆਧਾਰ 'ਤੇ ਵਿਅਕਤੀਆਂ ਜਾਂ ਸਮੂਹਾਂ ਵਿਰੁੱਧ ਹਿੰਸਾ ਜਾਂ ਨਫ਼ਰਤ ਨੂੰ ਉਤਸ਼ਾਹਿਤ ਕਰਨ ਵਾਲੀ ਸਮੱਗਰੀ ਉੱਪਰ ਪਾਬੰਦੀ ਲਗਾਉਣਾ ਸ਼ਾਮਲ ਹੈ। ਅਸੀਂ ਧਿਆਨ 'ਚ ਲਿਆਂਦੇ ਜਾਣ (ਫਲੈਗ ਕੀਤੇ ਜਾਣ) 'ਤੇ ਇਨ੍ਹਾਂ ਨੀਤੀਆਂ ਦੀ ਉਲੰਘਣਾ ਕਰਨ ਵਾਲੇ ਵੀਡੀਓ ਤੁਰੰਤ ਹਟਾ ਦਿੰਦੇ ਹਾਂ ਅਤੇ ਸਾਡੀਆਂ ਨੀਤੀਆਂ ਦੀ ਵਾਰ-ਵਾਰ ਉਲੰਘਣਾ ਕਰਨ ਵਾਲੇ ਚੈਨਲਾਂ ਨੂੰ ਬੰਦ ਕਰ ਸਕਦੇ ਹਾਂ। ਯੂਟਿਊਬ ਦੀਆਂ ਨੀਤੀਆਂ ਵਿਸ਼ਵਵਿਆਪੀ ਹਨ ਅਤੇ ਅਸੀਂ ਵਿਸ਼ੇ ਜਾਂ ਨਿਰਮਾਤਾ ਦੇ ਪਿਛੋਕੜ, ਰਾਜਨੀਤਕ ਨਜ਼ਰੀਏ, ਸਥਿਤੀ ਜਾਂ ਪ੍ਰਸੰਗ ਦੀ ਪ੍ਰਵਾਹ ਕੀਤੇ ਬਿਨਾ ਉਨ੍ਹਾਂ ਨੂੰ ਪਲੇਟਫਾਰਮ ਉੱਪਰ ਲਗਾਤਾਰ ਲਾਗੂ ਕਰਦੇ ਹਾਂ।

ਇਕ ਮੈਟਾ ਬੁਲਾਰੇ ਨੇ ਕਿਹਾ, "ਫੇਸਬੁੱਕ ਉੱਪਰ ਕਿਸ ਚੀਜ਼ ਦੀ ਇਜਾਜ਼ਤ ਕੀ ਹੈ ਅਤੇ ਕਿਸ ਦੀ ਨਹੀਂ ਹੈ, ਇਸ ਲਈ ਅਸੀਂ ਕਮਿਊਨਿਟੀ ਮਾਪਦੰਡ ਵਿਕਸਿਤ ਕੀਤੇ ਹਨ। ਅਸੀਂ ਐਸੀ ਸਮੱਗਰੀ ਦੀ ਇਜਾਜ਼ਤ ਨਹੀਂ ਦਿੰਦੇ ਜੋ ਸਾਡੇ ਭਾਈਚਾਰਕ ਮਿਆਰਾਂ ਦੀ ਉਲੰਘਣਾ ਕਰਦੀ ਹੋਵੇ। ਜਦੋਂ ਸਾਨੂੰ ਪਤਾ ਲੱਗਦਾ ਹੈ ਜਾਂ ਇਸ ਦੇ ਬਾਰੇ ਜਾਣਕਾਰੀ ਮਿਲਦੀ ਹੈ, ਇਸ ਨੂੰ ਉਦੋਂ ਹੀ ਹਟਾ ਦਿੰਦੇ ਹਾਂ। ਇਸ ਮਾਮਲੇ 'ਚ ਸਾਡੇ ਲਈ ਉਜਾਗਰ ਕੀਤੇ ਲਿੰਕ ਸਾਡੇ ਕਮਿਊਨਿਟੀ ਮਿਆਰਾਂ ਦੀ ਉਲੰਘਣਾ ਨਹੀਂ ਕਰਦੇ ਹਨ।" ਉਸ ਨੇ ਇਹ ਵੀ ਕਿਹਾ, "ਅਸੀਂ ਆਪਣੇ ਪਲੈਟਫਾਰਮ ਨੂੰ ਸੁਰੱਖਿਅਤ ਰੱਖਣ ਲਈ ਹਰ ਸਾਲ ਲੋਕਾਂ ਅਤੇ ਤਕਨਾਲੋਜੀ 'ਚ ਅਰਬਾਂ ਡਾਲਰਾਂ ਦਾ ਪੂੰਜੀ ਨਿਵੇਸ਼ ਕਰਦੇ ਹਾਂ। ਅਸੀਂ ਨਫ਼ਰਤੀ ਬੋਲੀ, ਗ਼ਲਤ ਜਾਣਕਾਰੀ ਅਤੇ ਨੁਕਸਾਨਦੇਹ ਸਮੱਗਰੀ ਦੇ ਹੋਰ ਰੂਪਾਂ ਨੂੰ ਪਲੈਟਫਾਰਮ ਤੋਂ ਦੂਰ ਰੱਖਣ ਲਈ ਟੀਮਾਂ ਅਤੇ ਤਕਨੀਕਾਂ 'ਚ ਮਹੱਤਵਪੂਰਨ ਪੂੰਜੀ-ਨਿਵੇਸ਼ ਕੀਤਾ ਹੈ... ਅਸੀਂ ਲਾਗੂ ਕਰਨ ਨੂੰ ਸੁਧਾਰ ਰਹੇ ਹਾਂ ਅਤੇ ਆਪਣੀਆਂ ਨੀਤੀਆਂ ਨੂੰ ਅੱਪਡੇਟ ਕਰਨ ਲਈ ਵਚਨਬੱਧ ਹਾਂ ਕਿਉਂਕਿ ਨਫ਼ਰਤੀ ਭਾਸ਼ਾ ਆਨਲਾਈਨ ਵਿਕਸਤ ਹੋ ਰਹੀ ਹੈ।


ਪਲੈਟਫਾਰਮ ਵੱਲੋਂ ਨਫ਼ਰਤੀ ਭਾਸ਼ਣਾਂ ਦੇ ਫੈਲਣ ਨੂੰ ਬਿਹਤਰ ਤਰੀਕੇ ਨਾਲ ਰੋਕਣ ਲਈ ਕੀਤੇ ਗਏ ਬਦਲਾਉ ਦੇ ਬਾਵਜੂਦ ਨੋਇਡਾ ਫਿਲਮ ਸਿਟੀ ਦੇ ਅਮੀਰ ਕਾਰੋਬਾਰੀ ਜ਼ਿਲ੍ਹੇ ਦੇ ਅੰਦਰ ਸਥਿਤ ਖ਼ਬਰ ਇੰਡੀਆ ਦੇ ਦਫ਼ਤਰਾਂ ਉੱਪਰ ਸੂਰਜ ਸੌਖਿਆਂ ਡੁੱਬਦਾ ਨਹੀਂ ਜਾਪਦਾ। ਛੋਟਾ ਜਿਹਾ ਜ਼ਿਲ੍ਹਾ ਜ਼ੀ ਨਿਊਜ਼, ਆਜਤੱਕ, ਟਾਈਮਜ਼ ਨਾਓ, ਰਿਪਬਲਿਕ ਟੀ.ਵੀ., ਇੰਡੀਆ ਟੁਡੇ ਅਤੇ ਵਾਈਓਨ-ਜ਼ੀ ਦੇ ਨਵੇਂ ਕੌਮਾਂਤਰੀ ਉੱਦਮ ਸਮੇਤ ਮੁਲਕ ਦੀਆਂ ਜ਼ਿਆਦਾਤਰ ਮੀਡੀਆ ਸੰਸਥਾਵਾਂ ਦੀ ਮੇਜ਼ਬਾਨੀ ਕਰਦਾ ਹੈ। ਅਸੀਂ ਉਸ ਦਿਨ ਖ਼ਬਰ ਇੰਡੀਆ ਗਏ ਸੀ ਜਦੋਂ ਉਨ੍ਹਾਂ ਦਾ ਜ਼ਿਆਦਾਤਰ ਸਟਾਫ਼ (ਇਸ ਸਮੇਂ 15 ਹੈ) ਦਿੱਲੀ 'ਚ ਮਿਊਂਸਪਲ ਚੋਣਾਂ ਬਾਰੇ ਰਿਪੋਰਟਿੰਗ ਕਰ ਰਿਹਾ ਸੀ। ਚੌਧਰੀ ਖ਼ੁਦ ਗੁਜਰਾਤ 'ਚ ਵੌਕਸ-ਪੌਪ ਇਕੱਠਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਦਫ਼ਤਰ ਇਕ ਹਰੇ ਭਰੇ ਲਾਅਨ ਦੇ ਪਿੱਛੇ ਗੇਟ ਵਾਲੇ ਕੰਪਲੈਕਸ ਵਿਚ ਹੈ ਜਿਸ 'ਚ ਕੁਝ ਪ੍ਰਮੁੱਖ ਸਟਾਕ ਬ੍ਰੋਕਰਾਂ ਅਤੇ ਕਾਨੂੰਨ ਫਰਮਾਂ ਦੇ ਦਫ਼ਤਰ ਵੀ ਹਨ। ਟੀਮ ਨੇ ਗੂਗਲ ਮੈਪ ਉੱਪਰ ਅੰਦਰ ਦੀਆਂ ਜੋ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਉਨ੍ਹਾਂ ਵਿਚ ਐਪਲ ਮੈਕ ਕੰਪਿਊਟਰਾਂ ਅਤੇ ਲੈਪਟਾਪਾਂ ਨਾਲ ਕਿਤਾਬਾਂ ਨਾਲ ਭਰਿਆ ਲੱਕੜ ਦਾ ਸੁੰਦਰ ਫਰਨੀਚਰ ਦਿਖਾਈ ਦਿੰਦਾ ਹੈ। ਇਸ ਦੇ ਇੰਟਰਨ ਇਸ ਦੇ ਪੇਜ ਉੱਪਰ ਸ਼ਾਨਦਾਰ ਰੀਵਿਊ ਦਿੰਦੇ ਹਨ। ਇਕ ਰੀਵਿਊ ਕਹਿੰਦਾ ਹੈ: "ਇਸ ਵਿਚ ਆਤਮਾ ਹੈ। ਆਤਮਾ ਜੋ ਜੀਵੰਤ, ਸੰਚਾਰਮਈ ਅਤੇ ਉਤਸ਼ਾਹੀ ਹੈ। ਮੈਂ ਇਸ ਆਰਾਮਦਾਇਕ ਮਾਹੌਲ 'ਚ ਪੂਰੀ ਤਰ੍ਹਾਂ ਆਨੰਦ ਲੈਂਦਾ ਹਾਂ ਅਤੇ ਬਹੁਤ ਕੁਝ ਸਿੱਖਦਾ ਹਾਂ। ਇਹ ਬਿਲਕੁਲ ਅਦਭੁੱਤ ਅਤੇ ਗਿਆਨ ਵਧਾਊ ਅਨੁਭਵ ਹੈ।" ਖ਼ਬਰ ਇੰਡੀਆ ਸਿਰਫ਼ ਯੂਟਿਊਬ ਚੈਨਲ ਹੈ, ਅਜਿਹਾ ਘੱਟ ਹੀ ਲੱਗਿਆ। ਐਸਾ ਚੈਨਲ ਜਿਸ ਨੇ ਸਿਰਫ਼ ਚਾਰ ਸਾਲ ਪਹਿਲਾਂ ਆਪਣਾ ਪਹਿਲਾ ਵੀਡੀਓ ਅਪਲੋਡ ਕੀਤਾ ਸੀ - ਮੋਟਰਬਾਈਕ ਕਿਵੇਂ ਵੇਚੀਏ।

ਇਸੇ ਅਹਾਤੇ 'ਚ ਟੈਲੀਵਿਜ਼ਨ ਨਿਊਜ਼ ਚੈਨਲ ਇੰਡੀਆ ਨਿਊਜ਼ 24ਗੁਣਾਂ7 ਵੀ ਹੈ ਜਿਸ ਨੂੰ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਅਤੇ ਉਸ ਦੇ ਡਿਪਟੀ ਐੱਲ. ਮੁਰੂਗਨ ਨੇ 2021 'ਚ ਧੂਮਧਾਮ ਨਾਲ ਲਾਂਚ ਕੀਤਾ ਸੀ। ਜਦੋਂ ਅਸੀਂ ਅਹਾਤੇ ਦੇ ਬਾਹਰ ਚਾਹ ਦੀ ਦੁਕਾਨ 'ਤੇ ਗਏ ਤਾਂ ਉੱਥੇ ਇਕ ਸਮੂਹ ਮੌਜੂਦ ਸੀ ਜੋ ਇੰਝ ਜਾਪਦਾ ਸੀ ਕਿ ਉਹ ਨਿਊਜ਼ 24ਗੁਣਾਂ7 ਤੋਂ ਸਨ। ਸਾਰੇ ਉਦਾਸ ਸਨ। ਉਹ ਪੰਜ ਅਧੇੜ ਉਮਰ ਦੇ ਪੱਤਰਕਾਰ ਸਨ ਜਿਨ੍ਹਾਂ 'ਚੋਂ ਕੁਝ ਦੇ ਗੰਜੇ ਹੋਣ ਦੇ ਲੱਛਣ ਨਜ਼ਰ ਆ ਰਹੇ ਸਨ। ਚੈਨਲ ਵਧੀਆ ਨਹੀਂ ਚੱਲ ਰਿਹਾ ਸੀ (ਖ਼ਬਰ ਇੰਡੀਆ ਨਾਲੋਂ ਯੂਟਿਊਬ 'ਤੇ ਇਸ ਦੇ ਘੱਟ ਗਾਹਕ ਹਨ) ਅਤੇ ਇਸ ਨੂੰ ਘੱਟ ਕਮਾਈ ਹੋ ਰਹੀ ਸੀ।

ਉਥੇ ਮੌਜੂਦ ਇਕ ਮਿਲਾਪੜੇ ਬੰਦੇ ਨੇ ਕਿਹਾ, "ਉਨ੍ਹਾਂ ਨੇ ਉਨ੍ਹਾਂ ਨੂੰ ਨੋਟਿਸ ਦੇਣ ਦੀ ਵੀ ਖੇਚਲ ਨਹੀਂ ਕੀਤੀ।" ਇਕ ਹੋਰ ਬੋਲਿਆ, "ਹੁਣ ਕਿਸੇ ਦੀ ਨੌਕਰੀ ਸੁਰੱਖਿਅਤ ਨਹੀਂ ਹੈ।" ਲਾਗੇ ਚਾਹ ਦੀ ਦੁਕਾਨ ਦੇ ਬਾਹਰ ਚਮਕੀਲੇ ਕੱਪੜੇ ਪਹਿਨੀ ਕੁਇੰਟ ਦੇ ਪੱਤਰਕਾਰਾਂ ਦੀ ਟੋਲੀ ਅੰਗਰੇਜ਼ੀ 'ਚ ਉੱਚੀ-ਉੱਚੀ ਗੱਲਾਂ ਕਰ ਰਹੀ ਸੀ। ਹਾਲ ਹੀ 'ਚ ਅੰਬਾਨੀ ਨੇ ਇਸ 'ਚ ਵਾਹਵਾ ਪੂੰਜੀ-ਨਿਵੇਸ਼ ਕੀਤਾ ਸੀ। ਇੰਡੀਆ ਨਿਊਜ਼ 24ਗੁਣਾਂ7 ਦੇ ਪੱਤਰਕਾਰਾਂ ਦੀ ਗੱਲਬਾਤ ਰੌਲੇ-ਰੱਪੇ 'ਚ ਗੁਆਚ ਗਈ। ਅੰਤ 'ਚ ਕਿਸੇ ਨੇ ਕਿਸੇ ਖ਼ਾਸ ਨੂੰ ਪੁੱਛੇ ਬਿਨਾ ਕਿਹਾ, "ਹੁਣ ਅਸੀਂ ਭਲਾ ਕਿੱਥੇ ਜਾਈਏ।" ਉਸ ਨੇ ਪਹਿਲੀ ਵਾਰ ਪਰ੍ਹਾਂ ਅੰਗਰੇਜ਼ੀ ਬੋਲਣ ਵਾਲੀ ਨਵੀਂ ਪੀੜ੍ਹੀ ਵੱਲ ਦੇਖਿਆ, ਫਿਰ ਹੌਲੀ-ਹੌਲੀ ਖ਼ਬਰ ਇੰਡੀਆ ਦੇ ਦਫ਼ਤਰ ਵੱਲ।

***(ਸਮਾਪਤ)***

# ਪਦਮਸ੍ਰੀ: ਕਦੇ ਕਰਜ਼ਾ ਚੁੱਕ ਕੇ ਛਪਵਾਇਆ ਸੀ ਸ਼ਬਦਕੋਸ਼



**ਕਲਾ ਪਰਿਕਰਮਾ**

ਸਿੱਖ ਵਿਦਵਾਨ ਤੇ ਲੇਖਕ ਰਤਨ ਸਿੰਘ ਜੱਗੀ ਕੋਲ ਜਦੋਂ ਮਾਣ ਸਨਮਾਨ ਦਾ ਜ਼ਿਕਰ ਕਰੋ ਤਾਂ ਉਹ ਖੁਸ਼ ਹੋ ਕੇ ਕਹਿੰਦੇ ਹਨ: ਮੈਂ ਤਾਂ ਸਾਰੀ ਉਮਰ ਕੰਮ ਨੂੰ ਹੀ ਸਨਮਾਨ ਸਮਝਿਆ ਹੈ। ਉਨ੍ਹਾਂ ਨੂੰ ਸਾਹਿਤ ਅਤੇ ਸਿਖਿਆ ਦੇ ਖੇਤਰ ਵਿਚ ਪਦਮਸ੍ਰੀ ਸਨਮਾਨ ਨਾਲ ਨਵਾਜਿਆ ਗਿਆ ਹੈ। ਗੁਰਮਿਤ ਸਾਹਿਤ ਦੀ ਖੋਜ, ਆਲੋਚਨਾ ਤੇ ਰਚਨਾ ਲਈ ਜਾਣੇ ਜਾਂਦੇ ਰਤਨ ਸਿੰਘ ਜੱਗੀ ਨੇ 70 ਤੋਂ ਵੱਧ ਸਾਲ ਸਿਖਿਆ ਤੇ ਸਾਹਿਤ ਦੇ ਖੇਤਰ ਲੇਖੇ ਲਾਏ।

ਰਤਨ ਸਿੰਘ ਜੱਗੀ ਦਾ ਜਨਮ ਪਾਕਿਸਤਾਨ

**ਰਾਜਵੀਰ ਕੌਰ ਗਿੱਲ**

ਵਿਚ 27 ਜੁਲਾਈ 1927 ਨੂੰ ਪਿੰਡੀਘੇਰ (ਜ਼ਿਲ੍ਹਾ ਕੈਂਬਲਪੁਰ ਜੋ ਅੱਜ ਕੱਲ੍ਹ ਪਾਕਿਸਤਾਨੀ ਪੰਜਾਬ ਵਿਚ ਹੈ) ਵਿਚ ਹੋਇਆ। ਜੱਗੀ ਨੇ ਦਸਵੀਂ ਕਲਾਸ 1943 ਵਿਚ ਪਾਸੀ ਕੀਤੀ ਤੇ ਆਜ਼ਾਦੀ ਤੋਂ ਬਾਅਦ ਦਿੱਲੀ ਪੁਲੀਸ ਵਿਚ ਨੌਕਰੀ ਸ਼ੁਰੂ ਕਰ ਦਿੱਤੀ। ਇਹ ਜੱਗੀ ਦੀ ਪੜ੍ਹਾਈ ਪ੍ਰਤੀ ਚੇਤਨਾ ਤੇ ਮੁਹੱਬਤ ਦਾ ਹੀ ਨਤੀਜਾ ਸੀ ਕਿ ਉਨ੍ਹਾਂ ਨੇ ਨੌਕਰੀ ਦੌਰਾਨ ਵੀ ਪੜ੍ਹਾਈ ਜਾਰੀ ਰੱਖੀ। ਉਨ੍ਹਾਂ ਨੇ ਪੰਜਾਬੀ ਤੇ ਹਿੰਦੀ ਭਾਸ਼ਾ ਨੂੰ ਚੁਣਿਆ। ਜਿੰਦਗੀ ਵਿਚ ਇੱਕ ਮੌਕਾ ਅਜਿਹਾ ਆਇਆ ਕਿ ਇੱਕ ਸਿੱਖ ਆਗੂ ਦਾ ਪ੍ਰਭਾਵ ਕਬੂਲਦਿਆਂ ਉਹ ਸਿੱਖ ਧਰਮ ਮੰਨਣ ਲੱਗੇ।

ਰਤਨ ਸਿੰਘ ਜੱਗੀ ਨੇ ਆਪਣਾ ਸਾਹਿਤਕ ਸਫ਼ਰ 1965 ਵਿਚ ਸ਼ੁਰੂ ਕੀਤਾ। ਉਨ੍ਹਾਂ ਨੇ ਪਹਿਲੀ ਕਿਤਾਬ 'ਦਸਮ ਗ੍ਰੰਥ ਦਾ ਪੁਰਾਣਿਕ ਅਧਿਐਨ' ਸੀ। ਇਸ ਦੇ ਨਾਲ ਹੀ ਉਨ੍ਹਾਂ ਦਾ ਸਿੱਖ ਸਾਹਿਤ ਤੇ ਇਤਿਹਾਸ ਬਾਰੇ ਕਿਤਾਬਾਂ ਲਿਖਣ ਦਾ ਸਿਲਸਲਾ ਸ਼ੁਰੂ ਹੋ ਗਿਆ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੀ ਬਾਣੀ ਦੀ ਵਿਆਖਿਆ ਕਰਦਿਆਂ 1967 ਵਿਚ 'ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿਚ ਸਵਤੰਰਤਾ ਦੀ ਭਾਵਨਾ' ਸਿਰਲੇਖ ਹੇਠ ਕਿਤਾਬ ਲਿਖੀ। ਉਹ ਮੰਨਦੇ ਹਨ ਕਿ ਉਨ੍ਹਾਂ ਨੂੰ ਪੜ੍ਹਨ ਲਿਖਣ ਦੀ ਚੇਟਕ ਲੱਗੀ ਤਾਂ ਉਨ੍ਹਾਂ ਕੁਝ ਹੋਰ ਨਹੀਂ ਸੋਚਿਆ। ਉਨ੍ਹਾਂ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਦੀ ਬਾਣੀ 'ਤੇ ਵੀ ਅਧਿਐਨ ਕੀਤਾ ਅਤੇ 'ਗੁਰੂ ਨਾਨਕ ਬਾਣੀ' ਅਤੇ 'ਗੁਰੂ ਨਾਨਕ ਦੀ ਵਿਚਾਰਧਾਰਾ' ਕਿਤਾਬਾਂ ਲਿਖੀਆਂ। ਹੁਣ ਤੱਕ ਉਨ੍ਹਾਂ ਦੀਆਂ 139




ਡਾ. ਰਤਨ ਸਿੰਘ ਜੱਗੀ


ਤੋਂ ਵੱਧ ਲਿਖਤਾਂ ਪੰਜਾਬੀ ਅਤੇ ਹਿੰਦੀ ਵਿਚ ਛਪ ਚੁੱਕੀਆਂ ਹਨ। ਉਨ੍ਹਾਂ ਦੀਆਂ ਲਿਖਤਾਂ ਵਿਚ ਸਿੱਖ ਗੁਰੂਆਂ ਦੀ ਬਾਣੀ ਦਾ ਵਿਸਥਾਰ ਤਾਂ ਹੈ ਹੀ, ਉਨ੍ਹਾਂ ਨੇ ਬਾਬਾ ਸ਼ੇਖ ਫ਼ਰੀਦ ਦੀ ਬਾਣੀ ਬਾਰੇ ਵੀ ਲਿਖਿਆ ਤੇ ਰਵੀਦਾਸ ਦੀ ਬਾਣੀ ਬਾਰੇ ਵੀ ਆਪਣੇ ਅਧਿਐਨ ਨੂੰ ਲਿਖਤ ਦੇ ਰੂਪ ਵਿਚ ਪਾਠਕਾਂ ਨਾਲ ਸਾਂਝਾ ਕੀਤਾ।


ਰਤਨ ਸਿੰਘ ਜੱਗੀ ਨੇ ਸਿੱਖ ਇਤਿਹਾਸ ਬਾਰੇ ਅਧਿਐਨ ਦੇ ਨਾਲ-ਨਾਲ ਪੰਜਾਬੀ ਸਾਹਿਤ ਬਾਰੇ ਖੋਜ ਵੀ ਕੀਤੀ। ਉਨ੍ਹਾਂ ਦੀ ਕਿਤਾਬ 'ਪੰਜਾਬੀ ਸਾਹਿਤ ਦਾ ਇਤਿਹਾਸ' ਇੱਕ ਸਦੀ ਤੋਂ ਵੱਧ ਸਮੇਂ (1701 ਤੋਂ 1850 ਤੱਕ) ਦੇ ਪੰਜਾਬੀ ਸਾਹਿਤ ਦੇ ਇਤਿਹਾਸ ਬਾਰੇ ਦੱਸਦੀ ਹੈ। ਉਨ੍ਹਾਂ 'ਪੁਰਾਤਨ ਪੰਜਾਬੀ ਵਾਰਤਕ: ਸਰੂਪ ਤੇ ਵਿਕਾਸ' ਕਿਤਾਬ ਜ਼ਰੀਏ ਪੰਜਾਬੀ ਵਾਰਤਕ ਦੇ ਇਤਿਹਾਸ ਬਾਰੇ ਲਿਖਿਆ। 'ਮਾਲਵੇ ਦੀ ਕਵੀਸ਼ਰੀ ਪਰੰਪਰਾ' ਪੰਜਾਬ ਦੇ ਮਾਲਵਾ ਖੇਤਰ ਵਿਚ ਪ੍ਰਫ਼ੁੱਲਤ ਹੋਈ ਸੰਗੀਤਕ ਵਿਧਾ ਬਾਰੇ ਦੱਸਦੀ ਹੈ। 'ਸਾਹਿਤ ਅਧਿਐਨ ਵਿਧੀਆਂ' ਸਾਹਿਤ ਦੇ ਖੋਜਕਾਰਾਂ ਲਈ ਬਹੁਤ ਮਦਦਗਾਰ ਸਾਬਤ ਹੋਈ। 1999 ਵਿਚ ਖਾਲਸਾ ਸਾਜਨਾ ਦੀ ਤੀਜੀ ਸ਼ਤਾਬਦੀ ਮੌਕੇ ਰਤਨ ਸਿੰਘ ਨੇ ਦਸਮ ਗ੍ਰੰਥ ਦੀ ਸੰਪਾਦਨਾ ਅਤੇ ਵਿਆਖਿਆ ਨੂੰ ਪੰਜ ਜਿਲਦਾਂ ਵਿਚ ਛਾਪਿਆ। ਇਸ ਕਾਰਜ ਦੌਰਾਨ ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ ਜੱਗੀ ਸਦਾ ਉਨ੍ਹਾਂ ਦੇ ਨਾਲ-ਨਾਲ ਰਹੇ।

ਸਿੱਖ ਸਾਹਿਤ ਬਾਰੇ ਅਧਿਐਨ ਕਰਦਿਆਂ ਰਤਨ ਸਿੰਘ ਜੱਗੀ ਨੂੰ ਗੁਰੂ ਗ੍ਰੰਥ ਸਾਹਿਬ ਲਈ ਵਿਸ਼ਵਕੋਸ਼ ਦੀ ਲੋੜ ਮਹਿਸੂਸ ਹੋਈ। ਜਿਸ ਵਕਤ ਉਹ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰ ਰਹੇ ਸਨ, ਉਸ ਸਮੇਂ ਅਜਿਹਾ ਕੋਈ ਸਰੋਤ ਉਪਲੱਬਧ ਨਹੀਂ ਸੀ। ਇਹ ਹੀ ਕਾਰਨ ਸੀ ਕਿ ਉਨ੍ਹਾਂ ਗੁਰੂ ਗ੍ਰੰਥ ਵਿਸ਼ਵਕੋਸ਼ ਲਿਖਿਆ ਜਿਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 2002 ਵਿਚ ਪ੍ਰਕਾਸ਼ਿਤ ਕੀਤਾ। ਯੂਨੀਵਰਸਿਟੀ ਨੇ ਉਨ੍ਹਾਂ ਨੂੰ 2014 ਵਿਚ ਆਨਰੇਰੀ ਡੀ.ਲਿਟ. ਦੀ ਡਿਗਰੀ ਦਿੱਤੀ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਵੀ 2015 ਵਿਚ ਡੀ.ਲਿਟ. ਡਿਗਰੀ ਨਾਲ ਨਵਾਜਿਆ। ਵਿਸ਼ਵ ਕੋਸ਼ ਛਪਵਾਉਣ ਵੇਲੇ ਉਨ੍ਹਾਂ ਕੋਲ ਲੋੜੀਂਦੇ ਪੈਸੇ ਨਹੀਂ ਸਨ। ਉਨ੍ਹਾਂ ਦੋ ਲੱਖ ਕਰਜ਼ਾ ਲੈਣ ਨੂੰ ਤਰਜੀਹ ਦਿੱਤੀ। ਉਸ ਸਮੇਂ ਪ੍ਰਕਾਸ਼ਕਾਂ ਦਾ ਮੰਨਣਾ ਸੀ ਕਿ ਪੰਜਾਬੀ ਦੀਆਂ ਕਿਤਾਬਾਂ ਵਿਕਦੀਆਂ ਨਹੀਂ ਪਰ ਇਹ ਸ਼ਬਦ ਕੋਸ਼ ਬਹੁਤ ਵਿਕਿਆ।

ਪਦਮਸ੍ਰੀ ਐਵਾਰਡ ਮਿਲਣ ਤੋਂ ਪਹਿਲਾਂ ਵੀ ਰਤਨ ਸਿੰਘ ਜੱਗੀ ਨੂੰ ਸਾਹਿਤ ਦੇ ਖੇਤਰ ਵਿਚ ਕਈ ਇਨਾਮ ਮਿਲ ਚੁੱਕੇ ਹਨ। ਸਾਹਿਤ ਅਕਾਦਮੀ ਨਵੀਂ ਦਿੱਲੀ ਨੇ ਅਨੁਵਾਦ ਲਈ ਸਨਮਾਨਤ ਕੀਤਾ। ਪੰਜਾਬ ਵਿਚ ਸਾਹਿਤ ਰਤਨ ਦਿੱਤਾ ਗਿਆ।




ਡਾ. ਰਤਨ ਸਿੰਘ ਜੱਗੀ ਦੀਆਂ ਕੁਝ ਕਿਤਾਬਾਂ ਦੇ ਮੁਖੜੇ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਫਰਵਰੀ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-572



**ਠੰਢ ਦੀ ਠੁਰ ਠੁਰ ਨੇ ਹੱਡ ਭੰਨੇ, ਕਿਆ ਬੰਦਾ ਕਿਆ ਜੀਵ,**
**ਧੂਣੀ ਸੇਕ ਲੋਕ ਘਰਾਂ ਨੂੰ ਮੁੜਗੇ, ਬੈਠੇ ਜੁੜ ਕੇ ਕੁੱਤੇ ਕਰੀਬ।**
**ਗਰਮ ਗਰਮ ਸੁਆਹ ਭੁੱਬਲ ਵਰਗੀ, ਨਿਘਾਸ ਦੁਆਵੇ ਸਰੀਰ,**
**ਘੇਰਾ ਬਣਾ ਦੁਆਲੇ ਇਕੱਠੇ ਹੋਏ, ਬੇਜ਼ੁਬਾਨੇ ਦਿਸਣ ਫਕੀਰ।**

### ਕੈਪਸ਼ਨ ਮੁਕਾਬਲਾ-570



ਹੁਣ ਨਾ ਕੋਈ
ਪੈਰੀਂ ਹੱਥ ਲਾਉਂਦੀ ਸੱਸ ਦੇ,
ਕੈਸਾ ਆਧੁਨਿਕ ਤਰੱਕੀ ਦਾ
ਆਇਆ ਜ਼ਮਾਨਾ।
ਅੱਜ ਕੱਲ੍ਹ ਦੀਆਂ ਨੂੰਹਾਂ
ਤੇਜ਼-ਤਰਾਰ ਹੋਗੀਆਂ,
ਰੱਬ ਭੁੱਲ ਗਿਆ ਲਾਉਣਾ
ਉਨ੍ਹਾਂ ਦੇ ਸਤਿਕਾਰ ਦਾ ਖਾਨਾ।
ਕਿਤੇ ਕਿਤੇ ਤਾਂ ਬਜ਼ੁਰਗ
ਬਿਲਕੁਲ ਹੀ ਰੁਲਗੇ,
ਨਵੀਂ ਪੀੜ੍ਹੀ ਦੇ ਨਖਰੇ
ਪਹੁੰਚੇ ਵਿਚ ਅਸਮਾਨਾਂ।
ਔਲਾਦ ਉਨ੍ਹਾਂ ਦੀ ਹੋਰ ਵੀ ਤੇਜ਼ ਹੋ ਰਹੀ,
ਮਾਪਿਆਂ ਦੇ ਹੁਕਮ ਨੂੰ ਵੀ
ਸਮਝਦੇ ਬੇਗਾਨਾ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਜ਼ਿਲ੍ਹਾ ਪਟਿਆਲਾ***
***ਫੋਨ : 987469639***

---

ਮਾਪਿਆਂ ਦੀ ਗੱਲ ਪੱਲੇ ਬੰਨ੍ਹ ਕੇ,
ਨੂੰਹ ਨੇ ਸੱਸ ਨੂੰ ਮਾਂ ਬਣਾਇਆ।
ਰਹਿੰਦੀਆਂ ਮਾਵਾਂ-ਧੀਆਂ ਬਣ ਕੇ,
ਸਹੁਰਾ ਘਰ ਨਾ ਲੱਗੇ ਪਰਾਇਆ।
ਲੈ ਕੇ ਅਸੀਸਾਂ ਸਾਸੂ ਮਾਂ ਦੀਆਂ,
ਬਹੁ ਰਾਣੀ ਫੁੱਲੀ ਨਾ ਸਮਾਏ।
ਜੇ ਇੰਝ ਸੱਸਾਂ ਮਾਂ ਬਣ ਜਾਵਣ,
ਕੁੜੀ ਪੇਕੇ ਪੈਰ ਨਾ ਪਾਏ।
**-ਗੁਰਦੇਵ ਸਿੰਘ ਢਪਾਲੀ**
**ਗੁਰੂ ਤੇਗ ਬਹਾਦਰ ਨਗਰ, ਬਠਿੰਡਾ**
**ਫੋਨ: 94176-49275**

ਹੱਥ ਤੇਰੇ ਆਏ ਮੇਰੇ ਪੈਰਾਂ ਵੱਲ ਨੂੰ
ਮੇਰਾ ਹੱਥ ਤੇਰੇ ਸਿਰ 'ਤੇ ਆਇਆ।
ਜਿਉਂਦੀ ਰਹਿ, ਹੋਵੇਂ ਬੁੱਢ-ਸੁਹਾਗਣ
ਦਿਲ ਮੇਰਾ ਤੂੰ ਜਿੱਤ ਦਿਖਾਇਆ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ : +91 98783-37222***

---

ਇਹ ਹੈ ਨਿਸ਼ਾਨੀ ਸਾਡੀ ਸੱਭਿਅਤਾ ਦੀ
ਲਾ ਪੈਰੀਂ ਹੱਥ ਇੱਜ਼ਤ ਕਰਨੀ,
ਲੈ ਅਸੀਸਾਂ ਖਿੜੇ ਮੱਥੇ ਰਹਿਣਾ
ਸੱਸ ਨੂੰਹ ਦਾ ਰਿਸ਼ਤਾ
ਵਾਂਗ ਸੰਗਲ ਦੀਆਂ ਕੜੀਆਂ
ਸਾਂਭ ਘਰ ਦੀਆਂ ਜ਼ਿੰਮੇਵਾਰੀਆਂ ਤੂੰ ਹੁਣ
ਜਿਵੇਂ ਮੈਂ ਵੀ ਸੀ ਇਸੇ ਘਰ ਆਈ
ਬੁੱਢੇਬਾਰੇ ਇੰਝ ਮਿਲਦਾ ਰਹੇ
ਪਿਆਰ ਸਤਿਕਾਰ
ਉਮਰ ਹੀ ਵਧ ਜਾਂਦੀ।
***-ਦਰਸ਼ਨ ਪਾਲ ਦੋਸਾਂਝ।***

## ਪਾਸ਼

ਪੜ੍ਹ ਕਿਤਾਬਾਂ ਬਣਜਾਂ ਪਾਸ਼
ਦੁੱਧ ਘਿਉ ਕਿਉਂ ਨਹੀਂ ਆਉਂਦਾ ਰਾਸ
ਮਾਂ ਜਾਇਆ ਸੀ ਸੁੱਚੇ ਸੂਰਮੇ ਵਰਗਾ
ਹੁਣ ਹੱਡੀਆਂ 'ਤੇ ਨਾ ਦਿਸਦਾ ਮਾਸ
ਨਸ਼ੇ ਨੇ ਤੇਰਾ ਕਰ ਦਿੱਤਾ ਹੈ ਨਾਸ਼।

ਕਦੇ ਕੌਡੀ ਖੇਡੀ ਮਾਰ ਡੰਡ ਬੈਠਕਾਂ
ਹੁਣ ਮੰਜੀ ਨਾਲ ਲੱਗਿਆ
ਬਣ ਕੇ ਲਾਸ਼।
ਆਪਣੇ ਹੀ ਘਰ ਵਿਚ ਡਾਕੇ ਮਾਰੇ
ਹੁਣ ਤੇਰੇ ਤੋਂ ਕੀ ਰੱਖੀਏ ਆਸ।

ਕਿੰਨਾ ਚੰਗਾ ਤੇ ਮਿਹਨਤੀ ਸੀ ਤੂੰ
ਲੈ ਚੰਗੇ ਨੰਬਰ ਸੀ ਹੋਇਆ ਪਾਸ।
ਤੈਨੂੰ ਵੱਡਾ ਕੀਤਾ ਆਪਣੇ ਹੱਡ ਚੀਰ ਕੇ
ਨਾ ਭੁੱਖ ਦੇਖੀ ਨਾ ਦੇਖੀ ਪਿਆਸ
ਮਾਰ ਥਾਪੀ ਤੋੜ ਜ਼ੰਜੀਰ ਨਸ਼ੇ ਦੀ
ਕਰਲਾ ਇਕੱਠੀ ਜ਼ਿੰਦਗੀ ਦੀ
ਖਿੰਡ ਗਈ ਤਾਸ਼।
***-ਮਨਦੀਪ ਖਾਨਪੁਰੀ***
***ਫੋਨ: 97791-79060***

# ਸੰਵਿਧਾਨ ਦੇ ਬੁਨਿਆਦੀ ਢਾਂਚੇ ਦੀ ਬਾ-ਕਮਾਲ ਵਿਆਖਿਆ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਦੇਸ਼ ਦੀ ਸਿਖਰਲੀ ਅਦਾਲਤ ਦੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਨੇ 21 ਜਨਵਰੀ ਨੂੰ ਭਾਰਤੀ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਸਿਧਾਂਤ ਦੀ ਬਾ-ਕਮਾਲ ਵਿਆਖਿਆ ਕੀਤੀ ਹੈ।

ਇਹ ਵਿਆਖਿਆ ਇਸ ਗੱਲੋਂ ਹੋਰ ਵੀ ਮਹੱਤਵਪੂਰਨ ਹੈ ਕਿਉਂਕਿ 11 ਜਨਵਰੀ ਨੂੰ ਉਪ-ਰਾਸ਼ਟਰਪਤੀ ਨੇ ਆਪਣੇ ਜੈਪੁਰ ਦੇ ਨਿਆਂ-ਪਾਲਿਕਾ ਵਿਰੋਧੀ ਭਾਸ਼ਨ ਵਿਚ ਸੰਸਦ ਦੀ ਪ੍ਰਭੂਸੱਤਾ 'ਤੇ ਜ਼ੋਰ ਦਿੰਦਿਆਂ ਇੱਥੋਂ ਤਕ ਕਹਿ ਦਿੱਤਾ ਸੀ ਕਿ ਸੰਸਦ ਸਿਰਫ ਸੰਵਿਧਾਨ ਵਿਚ ਸੋਧਾਂ ਹੀ ਨਹੀਂ ਕਰਦੀ ਸਗੋਂ ਇਸ ਦੇ ਢਾਂਚੇ ਵਿਚ ਬਦਲਾਅ ਵੀ ਕਰ ਸਕਦੀ ਹੈ। ਜਗਦੀਪ ਧਨਖੜ, ਜੋ ਰਾਜ ਸਭਾ ਦੇ ਚੇਅਰਮੈਨ ਵੀ ਹਨ, ਨੇ 1973 ਦੇ ਨਾਮੀ ਕੇਸ਼ਵਾਨੰਦ ਭਾਰਤੀ ਬਨਾਮ ਸਟੇਟ ਆਫ ਕੇਰਲਾ ਕੇਸ ਦੇ 13 ਮੈਂਬਰੀ ਸੰਵਿਧਾਨਕ ਬੈਂਚ ਦੇ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਸਿਧਾਂਤ ਦੀ ਸਰਬਉੱਚਤਾ ਸਥਾਪਤ ਕਰਨ ਵਾਲੇ ਵਿਸ਼ਵ-ਪ੍ਰਸਿੱਧ ਫੈਸਲੇ ਬਾਰੇ ਵੀ ਆਪਣੀ ਅਸਹਿਮਤੀ ਪ੍ਰਗਟਾਈ ਸੀ।

ਮੁੰਬਈ ਵਿਖੇ ਨਾਮਵਰ 'ਕਾਨੂੰਨਦਾਨ ਨਾਨੀ ਏ. ਪਾਲਕੀਵਾਲਾ ਯਾਦਗਾਰੀ ਭਾਸ਼ਨ' ਵਿਚ ਜਸਟਿਸ ਚੰਦਰਚੂੜ ਜਿਵੇਂ ਉਪ-ਰਾਸ਼ਟਰਪਤੀ ਦਾ ਨਾਮ ਲਏ ਬਿਨਾਂ ਉਨ੍ਹਾਂ ਵਲੋਂ ਉਠਾਏ ਗਏ ਸਵਾਲਾਂ ਦਾ ਹੀ ਜਵਾਬ ਦੇ ਰਹੇ ਹੋਣ। ਬੜੇ ਹੀ ਸਾਹਿਤਕ ਅੰਦਾਜ਼ ਵਿਚ ਉਨ੍ਹਾਂ ਨੇ ਆਪਣੇ ਸੰਬੋਧਨ ਵਿਚ ਕਿਹਾ, 'ਸੰਵਿਧਾਨ ਦਾ ਬੁਨਿਆਦੀ ਢਾਂਚਾ ਧਰੂ ਤਾਰੇ ਵਾਂਗ ਸੰਵਿਧਾਨ ਦੇ ਵਿਆਖਿਆਕਾਰਾਂ ਅਤੇ ਉਸ ਨੂੰ ਲਾਗੂ ਕਰਨ ਵਾਲਿਆਂ ਨੂੰ ਗੁੰਝਲਦਾਰ ਰਾਹ ਵਿਚੋਂ ਨਿਕਲਣ ਦੀ ਸੇਧ ਦਿੰਦਾ ਹੈ'। (ਇੱਥੇ ਸਾਨੂੰ ਸ਼ੇਕਸਪੀਅਰ ਦੀ 116ਵੀਂ 'ਸਾਨਟ' ਯਾਦ ਆ ਗਈ ਜਿਸ ਵਿਚ ਸੱਚੇ ਪਿਆਰ ਦੀ ਤੁਲਨਾ ਧਰੂ ਤਾਰੇ, ਜਿਸ ਨੂੰ ਪੋਲ ਸਟਾਰ ਜਾਂ ਨਾਰਥ ਸਟਾਰ ਵੀ ਕਹਿੰਦੇ ਹਨ, ਨਾਲ ਕੀਤੀ ਗਈ ਹੈ-ਇਹ ਤਾਰਾ ਇਕ ਥਾਂ ਸਥਿਰ ਰਹਿੰਦਾ ਹੈ ਅਤੇ ਯਾਤਰੀਆਂ ਲਈ ਰਾਤ ਸਮੇਂ ਦਿਸ਼ਾ/ਰਾਹ-ਦਸੇਰੇ ਦਾ ਕੰਮ ਕਰਦਾ ਹੈ।)

ਉਨ੍ਹਾਂ ਇਸ ਢਾਂਚੇ ਦੇ 8 ਪੱਖਾਂ ਦਾ ਜ਼ਿਕਰ ਕਰਦਿਆਂ ਇਸ ਦੀ ਬਾਖੂਬੀ ਤੇ ਵਿਸਥਾਰ ਸਹਿਤ ਵਿਆਖਿਆ ਕੀਤੀ। ਉਨ੍ਹਾਂ ਕਿਹਾ, 'ਸਾਡੇ ਸੰਵਿਧਾਨ ਦਾ ਮੂਲ ਢਾਂਚਾ ਜਾਂ ਫਿਲਾਸਫੀ ਸੰਵਿਧਾਨ ਦੀ ਸਰਬਉੱਚਤਾ, ਕਾਨੂੰਨ ਦਾ ਸ਼ਾਸਨ, ਸ਼ਕਤੀਆਂ ਦੀ ਵੰਡ, ਨਿਆਂਇਕ ਸਮੀਖਿਆ, ਧਰਮ-ਨਿਰਪੱਖਤਾ, ਸੰਘਵਾਦ, ਵਿਅਕਤੀ ਦੀ ਆਜ਼ਾਦੀ ਤੇ ਮਾਣ-ਸਨਮਾਨ ਅਤੇ ਰਾਸ਼ਟਰ ਦੀ ਏਕਤਾ ਤੇ ਅਖੰਡਤਾ ਉਪਰ ਆਧਾਰਿਤ ਹੈ'।

ਇੱਥੇ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਜਸਟਿਸ ਚੰਦਰਚੂੜ ਉਪ-ਰਾਸ਼ਟਰਪਤੀ ਵਲੋਂ ਜੈਪੁਰ ਵਿਚਲੀ ਪਰੀਜ਼ਾਇਡਿੰਗ ਅਧਿਕਾਰੀਆਂ ਦੀ 83ਵੀਂ ਅਖਿਲ ਭਾਰਤੀ ਕਾਨਫਰੰਸ ਵਿਚ ਕਹੀ ਗਈ ਸੰਸਦ ਦੀ ਪ੍ਰਭੂਸੱਤਾ ਦੀ ਗੱਲ ਦਾ ਜਵਾਬ ਦੇ ਰਹੇ ਹੋਣ। ਨਾਲ ਹੀ ਇਹ ਵੀ ਦੱਸ ਰਹੇ ਹੋਣ ਕਿ ਸੰਸਦ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਸਿਧਾਂਤ ਨਾਲ ਛੇੜ-ਛਾੜ ਨਹੀਂ ਕਰ ਸਕਦੀ ਕਿਉਂਕਿ ਸੰਵਿਧਾਨ ਦਾ ਇਹ ਮੂਲ ਢਾਂਚਾ ਹੀ ਸਰਬਉੱਚ ਹੈ!

ਉਨ੍ਹਾਂ ਆਪਣੇ ਭਾਸ਼ਨ ਵਿਚ ਹੋਰ ਕਿਹਾ ਕਿ ਕਿਸੇ ਵੀ ਜੱਜ ਦਾ ਹੁਨਰ ਸੰਵਿਧਾਨ ਦੀ ਆਤਮਾ ਕਾਇਮ ਰੱਖਦਿਆਂ ਬਦਲਦੇ ਹਾਲਾਤ ਨਾਲ ਉਸ ਦੀ ਢੁਕਵੀਂ ਵਿਆਖਿਆ ਕਰਨ 'ਚ ਨਜ਼ਰ ਆਉਂਦਾ ਹੈ। ਸੰਵਿਧਾਨ ਦੇ ਮੂਲ ਢਾਂਚੇ ਦਾ ਸਿਧਾਂਤ ਇਨ੍ਹਾਂ ਸਮਿਆਂ ਵਿਚ ਵੈਸ਼ਵਿਕ ਦੇਸ਼ਾਂਤਰ ਗਮਨ ਕਰ ਚੁੱਕਿਆ ਹੈ। ਭਾਰਤ ਵਲੋਂ ਇਸ ਸਿਧਾਂਤ ਨੂੰ ਅਪਣਾਏ ਜਾਣ ਉਪਰੰਤ ਇਹ ਸਿਧਾਂਤ ਸਾਡੇ ਗੁਆਂਢੀ ਮੁਲਕਾਂ, ਜਿਵੇਂ ਨੇਪਾਲ, ਬੰਗਲਾਦੇਸ਼ ਅਤੇ ਪਾਕਿਸਤਾਨ ਵਿਚ ਵੀ ਪ੍ਰਵਾਸ ਕਰ ਗਿਐ। ਇਸ ਦੇ ਵੱਖ ਵੱਖ ਰੂਪ ਹੁਣ ਦੱਖਣੀ ਕੋਰੀਆ, ਜਾਪਾਨ, ਕੁਝ ਲਾਤੀਨੀ ਅਮਰੀਕੀ ਮੁਲਕਾਂ ਅਤੇ ਅਫਰੀਕਨ ਮੁਲਕਾਂ ਵਿਚ ਵੀ ਅੱਪੜ ਗਏ ਹਨ।

ਉਨ੍ਹਾਂ ਕਿਹਾ, 'ਸੰਵਿਧਾਨਕ ਲੋਕਤੰਤਰਿਕ ਦੇਸ਼ਾਂ ਵਿਚ ਇਸ ਸਿਧਾਂਤ ਦਾ ਪੁੱਜਣਾ, ਪਾਸਾਰ, ਵਿਵਸਥਿਤ ਤੇ ਵਿਆਪਤ ਹੋਣਾ ਅਤੇ ਵੱਖ ਵੱਖ ਸਰੂਪਾਂ 'ਚ ਲਾਗੂ ਹੋਣਾ ਵਿਸ਼ਵ ਭਰ ਦੇ ਕਾਨੂੰਨੀ ਵਿਚਾਰਾਂ ਦੀ ਵਿਸਤਾਰਸ਼ੀਲਤਾ ਦੀ ਇਕ ਦੁਰਲੱਭ ਸਫਲ ਦਾਸਤਾਂ ਦੀ ਬਾਤ ਪਾਉਂਦਾ ਹੈ। ਇਸ ਸਿਧਾਂਤ ਦੀ ਇਸ ਤੋਂ ਵੱਡੀ ਮਹਿਮਾ ਭਲਾ ਹੋਰ ਕੀ ਹੋ ਸਕਦੀ ਹੈ!"

ਉਨ੍ਹਾਂ ਕਿਹਾ ਕਿ ਹਾਲੀਆ ਦਹਾਕਿਆਂ 'ਚ ਨਿਯਮਾਂ ਦੀ ਸੰਘੀ ਘੁੱਟਣ, ਖਪਤਕਾਰ ਕਲਿਆਣ ਨੂੰ ਉਤਸ਼ਾਹਤ ਕਰਨ ਅਤੇ ਵਪਾਰਕ ਲੈਣ-ਦੇਣ ਦੀ ਹਮਾਇਤ ਕਰਨ ਦੇ ਪੱਖ 'ਚ ਭਾਰਤ ਦੇ ਕਾਨੂੰਨੀ ਦ੍ਰਿਸ਼ ਵਿਚ ਬੜੀ ਤਬਦੀਲੀ ਆਈ ਹੈ। ਉਭਰਦੇ ਆਲਮੀ ਅਰਥਚਾਰੇ ਨੇ ਕੌਮੀ ਸਰਹੱਦਾਂ ਮਿਟਾ ਦਿੱਤੀਆਂ ਹਨ। ਸੰਵਿਧਾਨ ਸਰਕਾਰ ਨੂੰ ਸਮਾਜਿਕ ਮੰਗਾਂ ਪੂਰੀਆਂ ਕਰਨ ਲਈ ਕਾਨੂੰਨੀ ਅਤੇ ਆਰਥਿਕ ਨੀਤੀਆਂ ਬਦਲਣ ਅਤੇ ਵਿਸਿਤ੍ਰਤ ਕਰਨ ਦੀ ਆਗਿਆ ਦਿੰਦਾ ਹੈ।

ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿ ਕਾਨੂੰਨ ਹਮੇਸ਼ਾਂ ਹੀ ਸਮਾਜਿਕ ਹਕੀਕਤਾਂ ਵਿਚ ਰਲਗੱਡ ਰਹਿੰਦੈ, ਜਸਟਿਸ ਚੰਦਰਚੂੜ ਨੇ ਨਾਨੀ ਪਾਲਕੀਵਾਲਾ, ਜੋ ਕੇਸ਼ਵਾਨੰਦ ਭਾਰਤੀ ਕੇਸ ਵਿਚ ਭਾਰਤੀ ਦਾ ਪੱਖ ਰੱਖਣ ਵਾਲਾ ਨਿਆਂ-ਨਿਪੁੰਨ ਸੀ, ਬਾਰੇ ਕਿਹਾ ਕਿ ਨਾਨੀ ਨੇ ਸਾਨੂੰ ਦੱਸਿਆ ਕਿ ਸਾਡੇ ਸੰਵਿਧਾਨ ਦੀ ਇਕ ਖਾਸ ਪਛਾਣ ਹੈ ਜਿਸ ਬਾਰੇ ਕੋਈ ਹੁਕਮ ਨਹੀਂ ਦਿੱਤਾ ਜਾ ਸਕਦਾ। ਨਾਨੀ ਨੇ ਸਾਨੂੰ ਇਹ ਵੀ ਦੱਸਿਆ ਕਿ 'ਅਸੀਂ ਲੋਕ ਇਕ ਅਧਿਕਾਰ-ਆਧਾਰਤ ਲੋਕਤੰਤਰ ਦੇ ਹੱਕਦਾਰ ਹਾਂ; ਤੇ ਅਸੀਂ ਇਕ ਰਾਸ਼ਟਰ ਵਜੋਂ ਬਿਹਤਰ ਆਰਥਿਕ ਭਵਿੱਖ ਦੀ ਤਾਂਘ ਕਰ ਸਕਦੇ ਹਾਂ'।



'ਕਾਨੂੰਨਦਾਨ ਨਾਨੀ ਏ. ਪਾਲਕੀਵਾਲਾ ਯਾਦਗਾਰੀ ਭਾਸ਼ਨ' ਦਿੰਦੇ ਹੋਏ ਭਾਰਤ ਦੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ।

ਜਸਟਿਸ ਚੰਦਰਚੂੜ ਨੇ ਹੋਰ ਕਿਹਾ, 'ਜੇ ਨਾਨੀ ਨਾ ਹੁੰਦਾ ਤਾਂ ਸਾਡੇ ਕੋਲ ਸੰਵਿਧਾਨ ਦਾ ਮੂਲ ਸਿਧਾਂਤ ਨਾ ਹੁੰਦਾ'!

ਭਾਰਤ ਦੇ ਚੀਫ਼ ਜਸਟਿਸ ਜਿਵੇਂ ਫਿਰ ਜਗਦੀਪ ਧਨਖੜ ਜਾਂ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜੀਜੂ ਜਾਂ ਨਿਆਂਪਾਲਿਕਾ ਦੇ ਹੋਰ ਆਲੋਚਕਾਂ ਨੂੰ ਬਿਨਾਂ ਨਾਮ ਲਿਆਂ ਸੰਬੋਧਨ ਕਰ ਰਹੇ ਹੋਣ, 'ਤੁਸੀਂ ਜਿਵੇਂ ਵੀ ਇਸ ਗੰਭੀਰ/ਗੌਰਵਮਈ ਦਸਤਾਵੇਜ਼ 'ਚ, ਜੋ ਕਿ ਸੰਵਿਧਾਨ ਘਾੜੇ ਤੁਹਾਡੀ ਦੇਖ-ਰੇਖ ਵਿਚ ਸਪੁਰਦ ਕਰ ਗਏ ਹਨ, ਸੋਧ ਕਰਨੀ ਚਾਹੁੰਦੇ ਹੋ, ਕਰੋ। ਤੁਸੀਂ ਆਪਣੀ ਪੀੜ੍ਹੀ ਦੀਆਂ ਲੋੜਾਂ ਨੂੰ ਬੇਹਤਰੀਨ ਜਾਣਦੇ ਹੋ ਪਰ ਸੰਵਿਧਾਨ ਇਕ ਕੀਮਤੀ ਵਿਰਾਸਤ ਹੈ। ਇਸ ਲਈ ਤੁਸੀਂ ਇਸ ਦੀ ਪਹਿਚਾਣ ਬਰਬਾਦ ਨਹੀਂ ਕਰ ਸਕਦੇ'।

ਨਾਨੀ ਪਾਲਕੀਵਾਲਾ ਨੂੰ ਇਕ ਤਰ੍ਹਾਂ ਦਾ ਈਸ਼ਵਰ-ਦੂਤ ਕਹਿੰਦਿਆਂ ਜਸਟਿਸ ਚੰਦਰਚੂੜ ਨੇ ਕਿਹਾ, 'ਸੰਸਾਰ ਭਰ ਦੇ ਸਭਿਆਚਾਰ ਅਜਿਹੇ ਈਸ਼ਵਰ-ਦੂਤਾਂ ਵਿਚ ਵਿਸ਼ਵਾਸ ਰੱਖਦੇ ਹਨ ਜੋ ਨਿਰਾਸ਼ਾ ਦੀਆਂ ਘੜੀਆਂ ਵਿਚ ਲੋਕਾਂ ਨੂੰ ਇਹ ਚਿਤਾਵਨੀ ਦੇਣ ਲਈ ਪ੍ਰਗਟ ਹੁੰਦੇ ਹਨ ਕਿ ਤੁਸੀਂ ਗਲਤ ਰਾਹ 'ਤੇ ਚੱਲ ਰਹੇ ਹੋ। ਨਾਨੀ ਅਜਿਹੇ ਦੈਵੀ-ਦੂਤਾਂ ਵਿਚੋਂ ਇਕ ਸਨ'।

ਜਸਟਿਸ ਚੰਦਰਚੂੜ ਨੇ ਉਪਰੋਕਤ ਵਿਆਖਿਆ ਅਤੇ ਵਿਚਾਰ ਬੜੀ ਦਲੇਰੀ ਨਾਲ ਉਸ ਸਮੇਂ ਦਿੱਤੇ ਹਨ ਜਦੋਂ ਨਿਆਂਪਾਲਿਕਾ ਦੀ ਆਜ਼ਾਦੀ ਉਪਰ ਤਾਬੜ-ਤੋੜ ਹਮਲੇ ਹੋ ਰਹੇ ਹਨ ਅਤੇ ਜੱਜਾਂ ਬਾਰੇ ਬੜੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਦਰਅਸਲ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ/ਸੱਤਾਧਾਰੀ ਧਿਰਾਂ ਨੂੰ ਇਹ ਗੱਲ ਪਚ ਨਹੀਂ ਰਹੀ ਕਿ ਸਿਖਰਲੀ ਅਦਾਲਤ ਨੇ ਉਨ੍ਹਾਂ ਵਲੋਂ 2014 ਵਿਚ ਲਿਆਂਦੇ ਕੌਮੀ ਨਿਆਂਇਕ ਨਿਯੁਕਤੀ ਕਮਿਸ਼ਨ ਕਾਨੂੰਨ ਨੂੰ ਰੱਦ ਕਰਨ ਦੀ ਜੁਰਅਤ ਕਿਵੇਂ ਕੀਤੀ? ਕਿਰਨ ਰਿਜੀਜੂ ਤਾਂ ਲਗਭਗ ਹਰ ਰੋਜ਼ ਹੀ ਕੌਲਿਜੀਅਮ ਸਿਸਟਮ ਵਿਰੁੱਧ ਕੋਈ ਨਾ ਕੋਈ ਬਿਆਨ ਦਾਗ ਦਿੰਦੇ ਹਨ। ਪਹਿਲਾਂ ਦੇਸ਼ ਦੇ ਚੀਫ ਜਸਟਿਸ ਨੂੰ 6 ਜਨਵਰੀ ਨੂੰ ਲਿਖੀ ਇਕ ਚਿੱਠੀ ਰਾਹੀਂ ਉਸ ਨੇ ਇਸ ਪ੍ਰਣਾਲੀ ਵਿਚ ਸਰਕਾਰ ਦੇ ਨੁਮਾਇੰਦੇ ਸ਼ਾਮਲ ਕਰਨ ਦਾ ਸੁਝਾਅ ਦਿੱਤਾ ਜਿਸ ਤਹਿਤ ਇਕ ਖੋਜ ਤੇ ਮੁਲਾਂਕਣ ਕਮੇਟੀ ਵਿਚ ਸਿਖਰਲੀ ਅਦਾਲਤ ਦੇ ਪੱਧਰ 'ਤੇ ਕੇਂਦਰ ਦਾ ਨੁਮਾਇੰਦਾ ਅਤੇ ਹਾਈ ਕੋਰਟ ਦੇ ਪੱਧਰ 'ਤੇ ਪ੍ਰਾਂਤ ਅਤੇ ਕੇਂਦਰ ਦੇ ਨੁਮਾਇੰਦੇ ਸ਼ਾਮਿਲ ਕੀਤੇ ਜਾਣ ਦੀ ਗੱਲ ਕਹੀ ਗਈ। ਫਿਰ ਦਿੱਲੀ ਹਾਈ ਕੋਰਟ ਦੇ ਸੇਵਾ-ਮੁਕਤ ਜੱਜ ਜਸਟਿਸ ਆਰ.ਐਸ. ਸੋਢੀ ਦੀ ਇਕ ਇੰਟਰਵਿਊ ਦਾ ਹਵਾਲਾ ਦਿੱਤਾ, ਜਿਸ ਵਿਚ ਜਸਟਿਸ ਸੋਢੀ ਨੇ ਕਿਹਾ ਸੀ ਕਿ ਸਿਖਰਲੀ ਅਦਾਲਤ ਨੇ ਪਹਿਲੀ ਵਾਰ ਸੰਵਿਧਾਨ ਦਾ ਇਸ ਹੱਦ ਤਕ ਅਪਹਰਣ ਕੀਤੈ ਕਿ ਜੱਜਾਂ ਨੇ ਹੀ ਜੱਜਾਂ ਨੂੰ ਨਿਯੁਕਤ ਕਰਨ ਦਾ ਨਿਰਣਾ ਲੈ ਲਿਆ ਅਤੇ ਕਿਹਾ ਕਿ ਸਰਕਾਰ ਦਾ ਇਸ ਵਿਚ ਕੋਈ ਰੋਲ ਨਹੀਂ। ਉਨ੍ਹਾਂ ਇਸ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ।

ਕਾਨੂੰਨ ਮੰਤਰੀ ਨੇ ਜਸਟਿਸ ਸੋਢੀ ਦੇ ਵਿਚਾਰਾਂ ਨਾਲ ਸਹਿਮਤੀ ਜਤਾਉਂਦਿਆਂ ਬੜੀ ਮੰਦਭਾਗੀ ਟਿੱਪਣੀ ਕੀਤੀ। ਉਨ੍ਹਾਂ ਕਿਹਾ, 'ਲੋਕਾਂ ਦਾ ਬਹੁਮਤ ਵੀ ਅਜਿਹੇ ਸਿਆਣਪ ਭਰਪੂਰ ਵਿਚਾਰ ਰੱਖਦੈ'। ਇਸ ਦਾ ਭਾਵ ਇਹ ਹੋਇਆ ਕਿ ਦੇਸ਼ ਦੀ ਸਰਬਉੱਚ ਅਦਾਲਤ ਦੇ ਸੰਬੰਧਤ ਮਸਲੇ ਪ੍ਰਤੀ ਵਿਚਾਰ ਸੂਝ ਭਰੇ ਨਹੀਂ ਹਨ।

ਇਹ ਵੱਖਰੀ ਗੱਲ ਹੈ ਕਿ ਅਗਲੇ ਹੀ ਦਿਨ ਜਸਟਿਸ ਸੋਢੀ ਨੇ ਰਿਜੀਜੂ ਨੂੰ ਕਿਹਾ ਕਿ ਉਹ ਆਪਣੀਆਂ ਗੋਲੀਆਂ ਦਾਗਣ ਲਈ ਉਨ੍ਹਾਂ ਦੇ ਮੋਢੇ ਉਪਰ ਬੰਦੂਕ ਨਾ ਰੱਖਣ।

ਅੱਜ ਜਦ ਇਹ ਲੇਖ ਲਿਖਿਆ ਜਾ ਰਿਹੈ ਤਾਂ ਫਿਰ ਰਿਜੀਜੂ ਦਾ ਬਿਆਨ ਆਇਆ ਕਿ 'ਲੋਕ ਜੱਜਾਂ ਨੂੰ ਵੀ ਜੱਜ ਕਰ ਰਹੇ ਹਨ ਬੇਸ਼ਕ ਜੱਜ ਚੋਣ ਨਹੀਂ ਲੜਦੇ'।

23 ਜਨਵਰੀ ਨੂੰ ਦਿੱਲੀ ਬਾਰ ਐਸੋਸੀਏਸ਼ਨ ਦੇ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਾਨੂੰਨ ਮੰਤਰੀ ਨੇ ਕਿਹਾ, 'ਲੋਕ ਤੁਹਾਨੂੰ(ਜੱਜਾਂ ਨੂੰ) ਬੜੇ ਗਹੁ ਨਾਲ ਦੇਖ ਰਹੇ ਹਨ...ਜੋ ਫੈਸਲੇ ਤੁਸੀਂ ਕਰਦੇ ਹੋ...ਕਿਵੇਂ ਤੁਸੀਂ ਕੰਮ ਕਰਦੇ ਹੋ...ਕਿਵੇਂ ਤੁਸੀਂ ਨਿਆਂ ਕਰਦੇ ਹੋ...ਸੋਸ਼ਲ ਮੀਡੀਆ ਦੇ ਇਸ ਦੌਰ ਵਿਚ ਤੁਸੀਂ ਕੁਝ ਛੁਪਾ ਨਹੀਂ ਸਕਦੇ'। ਰਿਜੀਜੂ, ਜੋ ਕੌਲਿਜੀਅਮ ਸਿਸਟਮ ਨੂੰ ਸੰਵਿਧਾਨ ਲਈ 'ਓਪਰਾ' ਗਰਦਾਨ ਚੁੱਕੇ ਹਨ, ਨੇ ਹੋਰ ਕਿਹਾ ਕਿ 'ਇਹ ਸੋਚਣਾ ਗਲਤ ਹੋਏਗਾ ਕਿ ਮੌਜੂਦਾ (ਕੌਲਿਜੀਅਮ) ਸਿਸਟਮ ਸਦਾ ਲਈ ਚੱਲਦਾ ਰਹੇਗਾ ਅਤੇ ਇਸ ਬਾਰੇ ਕਦੀ ਵੀ ਸਵਾਲ ਨਹੀਂ ਕੀਤੇ ਜਾਣਗੇ'।

ਐਸ ਵੇਲੇ ਨਿਆਂ-ਪਾਲਿਕਾ ਲਈ ਬਹੁਤ ਹੀ ਪਰਖ ਦੀ ਘੜੀ ਹੈ। ਸਾਨੂੰ ਪੂਰਨ ਭਰੋਸਾ ਹੈ ਕਿ ਨਿਆਂ-ਪਾਲਿਕਾ ਇਸ ਪਰਖ ਦੀ ਘੜੀ ਵਿਚ ਖਰਾ ਉਤਰੇਗੀ।

'ਧੀਏ ਗੱਲ ਕਰ ਨੂੰਹੇਂ ਕੰਨ ਕਰ' ਵਰਗੇ ਲਹਿਜ਼ੇ 'ਚ ਜਸਟਿਸ ਚੰਦਰਚੂੜ ਨੇ ਕਾਰਜ ਪਾਲਿਕਾ ਨੂੰ ਸ਼ੀਸ਼ਾ ਦਿਖਾਇਆ ਹੈ। ਉਨ੍ਹਾਂ ਨੇ ਬਹੁਤ ਹੀ ਸੂਝ ਭਰੇ ਲਹਿਜ਼ੇ 'ਚ ਸੰਵਿਧਾਨ ਦੇ ਮੂਲ ਢਾਂਚੇ ਦੇ ਸਿਧਾਂਤ ਦੀ ਸਰਬ-ਉੱਚਤਾ ਦੀ ਗਲ ਬੜੇ ਹੀ ਸਮੇਂ ਸਿਰ ਕੀਤੀ ਹੈ। ਕਰਨੀ ਵੀ ਸਮੇਂ ਸਿਰ ਹੀ ਬਣਦੀ ਸੀ। ਨਹੀਂ ਤਾਂ ਈਦੋਂ ਬਾਅਦ ਭਲਾ ਤੰਬਾ ਕਿਸ ਕੰਮ!

# ਜ਼ਿੰਦਗੀ ਦੇ ਅਣਛੂਹੇ ਪਹਿਲੂਆਂ ਨੂੰ ਪਰਦੇ 'ਤੇ ਦਰਸਾਉਣ ਵਾਲਾ ਦੂਰਦਰਸ਼ੀ ਨਿਰਮਾਤਾ - ਹਰਸ਼ ਵਧਵਾ

ਹਰਸ਼ ਵਧਵਾ ਦੀ ਦੂਰਅੰਦੇਸ਼ੀ ਵਾਲੀ ਅਗਵਾਈ ਹੇਠ ਵਧਵਾ ਪ੍ਰੋਡਕਸ਼ਨਜ਼ ਲਗਾਤਾਰ ਦਰਸ਼ਕਾਂ ਦੇ ਦਿਲਾਂ ਨੂੰ ਛੂਹ ਰਿਹਾ ਹੈ। ਹਰਸ਼ ਵਧਵਾ ਦੇ ਪ੍ਰੋਡਕਸ਼ਨ ਹਾਊਸ ਵਲੋਂ ਤਿਆਰ ਕੀਤੇ ਗਏ ਵਿਲੱਖਣ ਸੰਕਲਪਾਂ ਨੂੰ 19 ਮਿਲੀਅਨ ਤੋਂ ਵੱਧ ਲੋਕ ਦੇਖ ਚੁੱਕੇ ਹਨ। ਅਦਾਕਾਰੀ ਦੇ ਜੋਸ਼ ਅਤੇ ਪੰਜਾਬੀ ਲੋਕ ਸੰਗੀਤ ਲਈ ਪਿਆਰ ਦੇ ਨਾਲ, ਹਰਸ਼ ਵਧਵਾ ਨੇ ਵਧਵਾ ਪ੍ਰੋਡਕਸ਼ਨਜ਼ ਦਾ ਸਫ਼ਰ ਸ਼ੁਰੂ ਕੀਤਾ ਅਤੇ ਰੂਹਾਨੀ ਸੰਗੀਤ ਐਲਬਮਾਂ ਦਾ ਨਿਰਮਾਣ ਕਰ ਕੇ ਬੁਲੰਦੀਆਂ 'ਤੇ ਪਹੁੰਚੇ।

ਖੁਸ਼ੀ ਦੀ ਗੱਲ ਹੈ ਕਿ ਵਧਵਾ ਪ੍ਰੋਡਕਸ਼ਨਜ਼ ਆਉਣ ਵਾਲੀ ਫਿਲਮ 'ਕਣਕਾਂ ਦੇ ਓਹਲੇ' ਰਾਹੀਂ ਇੱਕ ਅਣਛੂਹੇ ਅਤੇ ਅਣਦੇਖੇ ਪ੍ਰੋਜੈਕਟ ਨੂੰ ਪੇਸ਼ ਕਰਨ ਜਾ ਰਹੇ ਹਨ। ਇਸ ਫਿਲਮ ਵਿਚ ਗੁਰਪ੍ਰੀਤ ਘੁੱਗੀ, ਤਾਨੀਆ ਤੇ ਬਾਲ ਕਲਾਕਾਰ ਕਿਸ਼ਟੂ ਕੇ. ਮੁੱਖ ਭੂਮਿਕਾ ਵਿਚ ਨਜ਼ਰ ਆਉਣਗੇ। ਇਹ ਬਿਲਕੁਲ ਨਵਾਂ ਸੰਕਲਪ ਹੈ ਜਿਸਨੂੰ ਕਦੇ ਵੀ ਕਿਸੇ ਨੇ ਪਰਦੇ 'ਤੇ ਨਹੀਂ ਦਿਖਾਇਆ। ਹਰਸ਼ ਵਧਵਾ ਵਲੋਂ ਅਜਿਹੀ ਪਹਿਲ ਕਰਨ 'ਤੇ ਉਹ ਵਧਾਈ ਦਾ ਹੱਕਦਾਰ ਹੈ। ਫਿਲਮ ਦਾ ਪੋਸਟਰ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਿਆ ਹੈ, ਪਰ ਕਹਾਣੀ ਅਜੇ ਸਾਹਮਣੇ ਆਉਣੀ ਹੈ। ਫਿਲਮ ਦੀ ਕਹਾਣੀ ਨੂੰ ਲੈ ਕੇ ਦਰਸ਼ਕ ਪਹਿਲਾਂ ਹੀ ਅੰਦਾਜ਼ੇ ਲਗਾਉਣ ਲੱਗੇ ਹਨ। ਪੋਸਟਰ 'ਚ ਅਸੀਂ ਦੇਖ ਸਕਦੇ ਹਾਂ ਕਿ ਪਿੰਡ ਦਾ ਮਾਹੌਲ ਹੈ, ਛੋਟੀ ਬੱਚੀ ਅਤੇ ਇੱਕ ਵਿਅਕਤੀ ਦੇ ਵਿਚਕਾਰ ਵਿਸ਼ੇਸ਼ ਬੰਧਨ ਨੂੰ ਦਰਸਾਉਂਦੀ ਸੁੰਦਰ ਤਸਵੀਰ ਹੈ। ਪਰ ਤਸਵੀਰ ਨੂੰ ਦੇਖ ਕੇ ਕਹਾਣੀ ਬਾਰੇ ਕਿਸੇ ਸਿੱਟੇ 'ਤੇ



ਪਹੁੰਚਣਾ ਮੁਸ਼ਕਲ ਹੈ। ਪੋਸਟਰ ਨੂੰ ਲੋਕਾਂ ਵੱਲੋਂ ਖ਼ੂਬਸੂਰਤ ਟਿੱਪਣੀਆਂ ਨਾਲ ਭਰਪੂਰ ਪਿਆਰ ਮਿਲ ਰਿਹਾ ਹੈ ਅਤੇ ਹਰਸ਼ ਵਧਵਾ ਨੂੰ ਇਸ ਵਿਲੱਖਣ ਸੰਕਲਪ ਨੂੰ ਸਾਹਮਣੇ ਲਿਆਉਣ ਅਤੇ ਅਜਿਹੇ ਅਛੂਤੇ ਵਿਸ਼ਿਆਂ ਦੇ ਲੇਖਕਾਂ ਦਾ ਸਮਰਥਨ ਕਰਨ ਲਈ ਮੁਬਾਰਕਬਾਦ। ਇਹ ਫਿਲਮ ਗੁਰਜਿੰਦ ਮਾਨ ਦੁਆਰਾ ਲਿਖੀ ਗਈ ਹੈ ਅਤੇ ਤਜਿੰਦਰ ਸਿੰਘ ਦੁਆਰਾ ਨਿਰਦੇਸ਼ਤ ਹੈ, ਜਿਸ ਨੂੰ ਵਧਵਾ ਪ੍ਰੋਡਕਸ਼ਨਜ਼ ਦੇ ਅਧੀਨ ਹਰਸ਼ ਵਧਵਾ ਦੁਆਰਾ ਨਿਰਮਿਤ ਕੀਤਾ ਗਿਆ ਹੈ। ਫਿਲਮ 2023 'ਚ ਰਿਲੀਜ਼ ਹੋਵੇਗੀ।

*-ਹਰਜਿੰਦਰ ਸਿੰਘ ਜਵੰਦਾ*
*ਫੋਨ: 94638 28000*

# ਕਵਿਤਾਵਾਂ

## ਬਸੰਤ ਬਹਾਰ

ਮੌਲ਼ੀ ਰੁੱਤ ਠੰਢ ਹੈ ਛਟ ਗਈ,
ਜੀਵਨ ਧਾਰਾ ਬੇਪਰਵਾਹ ਹੈ।
ਪੱਤਝੜ ਜਾਪੇ ਪਿੱਛੇ ਰਹਿ ਗਈ,
ਨਵੀਂ ਉਮੰਗ ਨਵਾਂ ਰਾਹ ਹੈ।
ਡਾਹਲੀ ਦੀ ਹਰ ਅੱਖ ਫੁੱਟੀ ਹੈ,
ਫੁੱਲ ਫ਼ਲ ਲੱਗਾ ਅਥਾਹ ਹੈ।
ਲੈਂਦਾ ਹਰ ਅੰਗ ਅੰਗੜਾਈ ਹੈ,
ਦਿਲ ਨੂੰ ਦਿਲ ਦੀ ਚਾਹ ਹੈ।

ਵਿਚ ਬਗੀਚੇ ਫੁੱਲ ਖਿੜ੍ਹੇ ਹਨ,
ਤਿਤਲੀਆਂ ਹੈ ਮਹਿਫ਼ਲ ਲਾਈ।
ਮਹਿਕਦੇ-ਟਹਿਕਦੇ ਡਾਲ੍ਹੀ ਉੱਤੇ,
ਚੱਲਦੀ ਹੈ ਠੰਢੀ ਪੁਰਬਾਈ।
ਰੰਗ ਬਰੰਗੀ ਬਸਾਤ ਵਿਛੀ ਹੈ,
ਭੰਵਰਿਆਂ ਨੇ ਹੈ ਭੀਂ ਭੀਂ ਲਾਈ।
ਬੂਰ ਅੰਬੀ ਦਾ ਉੱਡੇ ਖੁਸ਼ਬੋਈ,
ਕੋਇਲਾਂ ਨੂੰ ਹੈ ਖਿੱਚ ਲਿਆਈ।

ਹਰਿਆਲੀ ਛਾਈ ਚਾਰ ਚੁਫ਼ੇਰੇ,
ਕਾਦਰ ਨੇ ਹੈ ਲਾ ਆਏ ਡੇਰੇ।
ਬੂਰ ਪਏ ਲਹਿਰਾਵਣ ਕਣਕਾਂ,
ਹਰਾ ਛੋਲੀਆ ਬੋਲਣ ਬਟੇਰੇ।
ਗਿੱਦੜਾਂ ਦੇ ਝੁੰਡ ਵਿਚ ਕਮਾਦਾਂ,
ਉਡਾਰੀ ਮਾਰਦੇ ਤਿੱਤਰ ਬਥੇਰੇ।
ਵਾਹ ਰੇ! ਕੁਦਰਤ ਵਾਰੀ ਜਾਵਾਂ,
ਤੇਰਾ ਜਲਵਾ ਦੂਰ ਦਿਸੇਰੇ!

*-ਸੇਵਾ ਸਿੰਘ "ਨੂਰਪੁਰੀ"*

---

## ਧਰਮ

ਧਰਮ ਦੀ ਗੱਲ ਕਰੋ ਧਰਮ ਸਾਹਿਬ!,
ਧਰਮ ਚੁੱਪ ਹੈ।
ਅਧਰਮ ਦੀ ਬਾਤ ਛੇੜੋ ਧਰਮ ਸਾਹਿਬ!,
ਧਰਮ ਚੁੱਪ ਹੈ।
ਨਾਸਤਿਕ ਚੇੜ ਕਰਦੇ ਤੈਨੂੰ ਹੱਸਦੇ ਨੇ,
ਗੋਲਕ ਚੋਰੀ ਕਰਦੇ,
ਬਲੈਕ-ਮੇਲ ਕਰਦੇ ਨੇ ਤੈਨੂੰ,
ਤੇਰੇ ਭਗਤਾਂ ਨੂੰ ਨਿੰਦਦੇ ਭਰਮ ਸਾਹਿਬ!
ਧਰਮ ਚੁੱਪ ਹੈ।
ਕੋਈ ਤਾਂ ਪ੍ਰਵਚਨ ਕਰੋ ਧਰਮ ਸਾਹਿਬ!,
'ਮੈਨੂੰ ਨਾ ਉਲਝਾਓ ਧਰਮਾਂ ਵਿਚ।'
ਰੂਪੋਸ਼ ਅਸਤਿਤਵ ਹੈ,
ਅਦਿੱਖ ਸੰਕੇਤ ਹੈ,
ਗੂੰਗਾ ਪੱਥਰ ਹੈ,
ਬੋਲਾ ਬੁੱਤ ਹੈ,
ਧਰਮ ਚੁੱਪ ਹੈ।

*-ਚਰਨਜੀਤ ਪੰਨੂ*

# ਕਿੱਸਾ ਮੇਰੀ ਕਲਮ ਦੀ ਮੈਰਾਥਨ ਦਾ

ਕੋਈ ਬੰਦਾ ਜਮਾਂਦਰੂ ਲੇਖਕ ਨਹੀਂ ਹੁੰਦਾ। ਜੰਮਣ ਵੇਲੇ ਉਹ ਕੋਰੀ ਸਲੇਟ ਹੁੰਦੈ। ਉਹਦੇ 'ਤੇ ਅੱਖਰ ਉੱਕਰੇ ਜਾਂਦੇ ਨੇ। ਬਿਧਾਂ ਬਣ ਜਾਂਦੀਆਂ ਨੇ ਜਿਨ੍ਹਾਂ ਨਾਲ ਕੋਈ ਕੁਝ ਵੀ ਬਣ ਸਕਦੈ। ਲੇਖਕ ਵੀ ਇੰਜ ਹੀ ਬਣਦੇ ਨੇ। ਮੇਰੇ ਮਾਪਿਆਂ ਨੇ ਮੈਨੂੰ ਸਕੂਲੇ ਪੜ੍ਹਨੇ ਪਾਇਆ ਜਿਸ ਨਾਲ ਮੈਂ ਅੱਖਰ ਉਠਾਲਣ ਜੋਗਾ ਹੋ ਗਿਆ। 1946 'ਚ ਪੜ੍ਹਨੇ ਪਿਆ ਤੇ 1956 ਵਿਚ ਦਸਵੀਂ ਪਾਸ ਕੀਤੀ। ਉਦੋਂ ਮੈਟ੍ਰਿਕ ਦਾ ਇਮਤਿਹਾਨ ਪੰਜਾਬ ਯੂਨੀਵਰਸਿਟੀ ਸੋਲਨ ਲਿਆ ਕਰਦੀ ਸੀ। ਦਸਵੀਂ ਦਾ ਇਮਤਿਹਾਨ ਦੇਣ ਵਾਲੇ ਸਾਡੇ ਪਿੰਡ ਦੇ 14 ਮੁੰਡਿਆਂ 'ਚੋਂ ਮੈਂ 'ਕੱਲਾ ਈ ਪਾਸ ਹੋ ਸਕਿਆ ਸਾਂ। ਸਾਡੇ ਨੇੜਲੇ ਸ਼ਹਿਰ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਜਗਰਾਓਂ 'ਚ ਉਦੋਂ ਕੋਈ ਕਾਲਜ ਨਹੀਂ ਸੀ। ਕਾਲਜ ਮੋਗੇ ਸੀ ਜਾਂ ਫਿਰੋਜ਼ਪੁਰ ਤੇ ਉਸ ਤੋਂ ਅੱਗੇ ਫਾਜ਼ਿਲਕਾ। ਮੇਰੇ ਲੇਖਕ ਬਣਨ ਦੀ ਬਿਧਾ ਬਣਾਉਣ ਨੂੰ ਛੋਟੀ ਭੂਆ ਸੁਜਾਨ ਕੌਰ ਫਾਜ਼ਿਲਕਾ ਕੋਲ ਪਿੰਡ ਕੋਠੇ ਵਿਆਹੀ ਹੋਈ ਸੀ ਜਿੱਥੇ ਰਹਿ ਕੇ ਕਾਲਜ ਵਿਚ ਪੜ੍ਹਿਆ ਜਾ ਸਕਦਾ ਸੀ। ਉਥੇ ਟਿਊਸ਼ਨ ਫੀਸ ਤੋਂ ਬਿਨਾਂ ਕੋਈ ਖਰਚਾ ਨਹੀਂ ਸੀ ਹੋਣਾ।

ਕਾਲਜਾਂ ਦੇ ਦਾਖਲੇ ਸ਼ੁਰੂ ਹੋਏ ਤਾਂ ਮੈਂ ਤੜਕਸਾਰ ਜਾਗਿਆ ਤੇ ਚਕਰੋਂ ਤੇਰਾਂ ਮੀਲ ਤੁਰ ਕੇ ਜਗਰਾਓਂ ਤੋਂ ਸਵੇਰੇ ਸੱਤ ਵਜੇ ਵਾਲੀ ਗੱਡੀ ਜਾ ਫੜੀ। ਦੋ ਵਜੇ ਮੈਂ ਫਾਜ਼ਿਲਕਾ ਪਹੁੰਚ ਗਿਆ। ਗਰਮੀ ਬਹੁਤ ਸੀ। ਘੰਟਾ ਘਰ ਦੇ ਚੌਕ ਵਿਚ ਰੇੜ੍ਹੀਆਂ ਉਤੇ ਸ਼ਰਦਾਈ ਦੇ ਗਲਾਸ ਵਿਕ ਰਹੇ ਸਨ। ਕੂੰਡਿਆਂ 'ਚ ਘੁੰਗਰੂਆਂ ਵਾਲੇ ਘੋਟਣੇ ਖੜਕ ਰਹੇ ਸਨ ਜੋ ਰਾਹ ਜਾਂਦਿਆਂ ਦਾ ਧਿਆਨ ਮੱਲੋ-ਮੱਲੀ ਖਿੱਚਦੇ। ਰੇੜ੍ਹੀਆਂ ਵਾਲੇ ਬਰਫ਼ ਦਾ ਡਲਾ ਗੁਥਲੀ 'ਚ ਪਾ ਕੇ ਥਾਪੀ ਨਾਲ ਭੰਨਦੇ ਤੇ ਭੰਨੀ ਬਰਫ਼ ਕੱਚ ਦੇ ਗਲਾਸਾਂ ਵਿਚ ਪਾਉਂਦੇ। ਮੈਂ ਉਥੋਂ ਸ਼ਰਦਾਈ ਦਾ ਵੱਡਾ ਗਲਾਸ ਪੀ ਕੇ ਕਾਲਜੇ ਠੰਢ ਪਾਈ। ਸ਼ਰਦਾਈ ਦਾ ਸੁਆਦ ਦੱਸਦਾ ਸੀ ਕਿ ਉਸ ਵਿਚ ਖਸਖਸ, ਬਦਾਮ, ਇਲਾਇਚੀ, ਕਾਲੀ ਮਿਰਚ ਤੇ ਮਗਜ਼ ਪਾਏ ਹੋਏ ਸਨ। ਦੁੱਧ ਤੇ ਖੰਡ ਨਾਲ ਉਹਦਾ ਸੁਆਦ ਬੜਾ ਮਿੱਠਾ ਤੇ ਸੰਘਣਾ ਸੀ। ਕੋਠੇ ਤਕ ਤਿੰਨ ਮੀਲ ਤੁਰਦਿਆਂ ਤੇਹ ਨਹੀਂ ਸੀ ਲੱਗਣੀ।

ਉਨ ਬਾਜ਼ਾਰ, ਸੁਲੇਮਾਨਕੀ ਚੁੰਗੀ ਤੇ ਡੀ. ਏ. ਵੀ. ਸਕੂਲ ਕੋਲ ਦੀ ਲੰਘ ਕੇ ਮੈਂ ਕਾਲਜ ਅੱਗੋਂ ਦੀ ਲੰਘਣ ਲੱਗਾ ਤਾਂ ਪੀਲੀ ਇਮਾਰਤ ਉਤੇ ਉੱਕਰੇ ਮੁਨਸ਼ੀ ਰਾਮ ਕਾਲਜ ਦੇ ਕਾਲੇ ਅੱਖਰ ਪੜ੍ਹੇ। ਕਾਲਜ ਦੇ ਘੰਟਾਘਰ ਵਰਗੇ ਉੱਚੇ ਬੁਰਜ ਬਿਲਡਿੰਗ ਦੀ ਸ਼ਾਨ ਸਨ। ਤਿੰਨ-ਚਾਰ ਫੁੱਟ ਉੱਚੀ ਕੰਧ ਨਿੱਕੀਆਂ-ਨਿੱਕੀਆਂ ਥੰਮ੍ਹਲੀਆਂ ਵਾਲੀ ਸੀ। ਗੇਟ ਖੁੱਲ੍ਹਾ ਸੀ ਜਿਸ ਕਰਕੇ ਮੈਂ ਅੰਦਰ ਚਲਾ ਗਿਆ ਅਤੇ ਕਾਲਜ ਦੇ ਨਲਕੇ ਤੋਂ ਮੂੰਹ ਧੋਤਾ। ਫਿਰ ਕਾਲਜ ਦੇ ਦਫਤਰ 'ਚੋਂ ਦਾਖਲੇ ਤੇ ਫੀਸ ਬਾਰੇ ਪੁੱਛਿਆ।

8 ਜੁਲਾਈ 1956 ਨੂੰ ਦਾਖਲ ਹੋਣ ਲਈ ਮੈਂ ਕਾਲਜ ਪੁੱਜਾ ਤਾਂ ਉਥੇ ਨਵੇਂ ਵਿਦਿਆਰਥੀ ਆ ਰਹੇ ਸਨ ਜਿਨ੍ਹਾਂ ਦਾ ਪੁਰਾਣੇ ਵਿਦਿਆਰਥੀ ਮੌਜੂ ਉਡਾ ਰਹੇ ਸਨ। ਮੇਰੇ ਦੁਆਲੇ ਵੀ ਕੁਝ ਪੁਰਾਣੇ ਵਿਦਿਆਰਥੀ ਆਣ ਜੁੜੇ। ਉਨ੍ਹਾਂ ਨੇ ਮੈਨੂੰ ਮਖੌਲ ਕੀਤੇ ਤੇ ਗੱਲ੍ਹਾਂ ਨੂੰ ਹੱਥ ਲਾਏ। ਮੈਂ ਉਦੋਂ ਲਵਾ ਮੁੰਡਾ ਸਾਂ ਕੁੜੀਆਂ ਵਰਗਾ। ਕਿਸੇ ਨੇ ਮੈਨੂੰ ਬਿੱਲੋ ਕਿਹਾ ਤੇ ਕਿਸੇ ਨੇ ਭਾਬੀ। ਮੈਨੂੰ ਗੁੱਸਾ ਤਾਂ ਬਹੁਤ ਆਇਆ ਪਰ ਕਰਦਾ ਕੀ? ਉਦੋਂ ਨਵੇਂ ਆਏ ਵਿਦਿਆਰਥੀਆਂ ਦੀ ਇਹੋ ਜਿਹੀ ਹੀ ਰੈਗਿੰਗ ਹੁੰਦੀ ਸੀ ਜੋ ਸਹਿਣੀ ਪੈਂਦੀ ਸੀ।

ਉਨ੍ਹਾਂ ਦਿਨਾਂ 'ਚ ਦੋ ਜਮਾਤਾਂ ਦੀ ਐੱਫ.ਏ. ਸੀ ਤੇ ਦੋ ਦੀ ਬੀ.ਏ.। ਐੱਫ.ਏ. 'ਚ ਚਾਰ ਮਜ਼ਮੂਨ ਸਨ ਜਿਨ੍ਹਾਂ 'ਚ ਅੰਗਰੇਜ਼ੀ ਲਾਜ਼ਮੀ ਸੀ। ਮੈਂ ਅੰਗਰੇਜ਼ੀ ਦੇ ਨਾਲ ਪੰਜਾਬੀ, ਸਿਵਿਕਸ ਤੇ ਇਤਿਹਾਸ ਦੇ ਵਿਸ਼ੇ ਰੱਖੇ। ਪੰਜਾਬੀ ਮੇਰਾ ਮਨਭਾਉਂਦਾ ਵਿਸ਼ਾ ਸੀ। ਕਾਲਜ ਵਿਚ ਪੰਜਾਬੀ ਪੜ੍ਹਾਉਣ ਵਾਲੇ ਪ੍ਰੋ. ਗੁਰਬਖ਼ਸ਼ ਸਿੰਘ ਸੱਚਦੇਵ ਸਨ। ਹਾਈ ਸਕੂਲ ਮੱਲ੍ਹੇ ਵਿਚ ਪੰਜਾਬੀ ਮੈਂ ਕੋਕਿਆਂ ਦੇ ਗਿਆਨੀ ਦਲੀਪ ਸਿੰਘ ਤੋਂ ਪੜ੍ਹਿਆ ਸਾਂ ਤੇ ਚਕਰ ਦੇ ਪ੍ਰਾਇਮਰੀ ਸਕੂਲ ਵਿਚ ਮਾਸਟਰ ਰਾਮ ਸਿੰਘ ਤੋਂ। ਮੈਨੂੰ ਪੰਜਾਬੀ ਦੇ ਮੁੱਢਲੇ ਉਸਤਾਦ ਬੜੇ ਵਧੀਆ ਮਿਲੇ ਜਿਨ੍ਹਾਂ ਨੇ ਮੈਨੂੰ ਮੁੱਢ ਤੋਂ ਹੀ ਸੁਧ ਲਿਖਾਈ ਕਰਨੀ ਸਿਖਾ ਦਿੱਤੀ ਸੀ। ਮੈਂ ਮਹਿਸੂਸ ਕਰਦਾਂ ਕਿ ਪ੍ਰਾਇਮਰੀ ਜਮਾਤਾਂ ਤੋਂ ਹੀ ਬੱਚਿਆਂ ਨੂੰ ਸ਼ੁੱਧ ਲਿਖਾਈ ਕਰਾਉਣ ਵਾਲੇ ਉਸਤਾਦ ਮਿਲਣੇ ਚਾਹੀਦੇ ਹਨ।


ਕਾਲਜ ਵਿਚ ਸਾਡਾ ਪੰਜਾਬੀ ਦਾ ਪੀਰੀਅਡ ਲੱਗਾ ਤਾਂ ਪਹਿਲੇ ਦਿਨ ਜਾਣ-ਪਛਾਣ ਹੀ ਹੋਈ। ਸਾਨੂੰ 'ਕਾਲਜ ਵਿਚ ਮੇਰਾ ਪਹਿਲਾ ਦਿਨ' ਸਿਰਲੇਖ ਅਧੀਨ ਲੇਖ ਲਿਖ ਕੇ ਲਿਆਉਣ ਲਈ ਕਿਹਾ ਗਿਆ। ਗਿਆਰ੍ਹਵੀਂ ਵਿਚ ਅਸੀਂ ਸੌ ਤੋਂ ਵੱਧ ਵਿਦਿਆਰਥੀ ਸਾਂ ਪਰ ਪੰਜਾਬੀ ਪੜ੍ਹਨ ਵਾਲੇ ਮਸਾਂ ਵੀਹ ਕੁ ਸਨ ਤੇ ਉਹ ਵੀ ਸਾਰੇ ਸਿੱਖਾਂ ਦੇ ਮੁੰਡੇ ਕੁੜੀਆਂ। ਹਵਾ ਈ ਕੁਝ ਇਹੋ ਜਿਹੀ ਸੀ ਕਿ ਸਿੱਖਾਂ ਦੇ ਬੱਚੇ ਪੰਜਾਬੀ ਪੜ੍ਹਦੇ ਸਨ ਤੇ ਹਿੰਦੂਆਂ ਦੇ ਹਿੰਦੀ। ਪੰਜਾਬੀ ਸੂਬੇ ਦੇ ਵਿਰੋਧ ਵਿਚ ਬਹੁਤ ਸਾਰੇ ਹਿੰਦੂ ਵੀਰ ਆਪਣੀ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਹੋ ਗਏ ਸਨ ਤੇ ਹਿੰਦੀ ਨੂੰ ਆਪਣੀ ਮਾਤ ਭਾਸ਼ਾ ਲਿਖਵਾਉਣ ਲੱਗ ਪਏ ਸਨ। ਪੰਜਾਬੀ ਬੋਲੀ ਦਾ ਪ੍ਰਚਾਰ ਪੰਜਾਬੀ ਅਖ਼ਬਾਰਾਂ ਰਾਹੀਂ ਕੀਤਾ ਜਾਂਦਾ ਸੀ ਜਦ ਕਿ ਹਿੰਦੀ ਭਾਸ਼ਾ ਦਾ ਉਰਦੂ ਤੇ ਅੰਗਰੇਜ਼ੀ ਅਖ਼ਬਾਰਾਂ ਰਾਹੀਂ ਹੁੰਦਾ ਸੀ। ਪੰਜਾਬ ਵਿਚ ਹਿੰਦੀ ਦੇ ਅਖ਼ਬਾਰ ਉਦੋਂ ਪ੍ਰਚੱਲਤ ਨਹੀਂ ਸਨ ਹੋਏ।

ਅਗਲੇ ਦਿਨ ਸਾਨੂੰ ਆਪਣੇ ਲੇਖ ਪੜ੍ਹ ਕੇ ਸੁਣਾਉਣ ਲਈ ਕਿਹਾ ਗਿਆ। ਮੇਰਾ ਲੇਖ ਪ੍ਰੋ. ਸੱਚਦੇਵ ਨੇ ਸਭ ਤੋਂ ਵੱਧ ਸਲਾਹਿਆ ਤੇ ਕਾਲਜ ਦੇ ਮੈਗਜ਼ੀਨ ਵਿਚ ਛਾਪਣ ਲਈ ਲੈ ਲਿਆ। ਮੈਨੂੰ ਨਹੀਂ ਪਤਾ ਉਨ੍ਹਾਂ ਨੂੰ ਉਹ ਕਿਉਂ ਚੰਗਾ ਲੱਗਾ? ਹੋ ਸਕਦੈ ਮੇਰੇ ਲੇਖ ਵਿਚਲਾ ਦ੍ਰਿਸ਼ ਵਰਣਨ ਚੰਗਾ ਲੱਗਾ ਹੋਵੇ। ਉਹ ਲੇਖ ਫਿਰ ਕਾਲਜ ਦੇ ਮੈਗਜ਼ੀਨ 'ਫਾਊਂਟੇਨ' ਵਿਚ ਛਾਪਿਆ ਗਿਆ। ਉਹ ਛਪੀ ਹੋਈ ਮੇਰੀ ਪਹਿਲੀ ਰਚਨਾ ਬਣਿਆ। ਉਥੋਂ ਮੈਨੂੰ ਲਿਖਣ ਦੀ ਜਾਗ ਲੱਗ ਗਈ ਤੇ ਕਾਲਜਾਂ ਦੇ ਮੈਗਜ਼ੀਨਾਂ ਵਿਚ ਛਪਣ ਦਾ ਸ਼ੌਕ ਜਾਗ ਪਿਆ। ਮੈਂ ਤਿੰਨ ਕਾਲਜਾਂ ਵਿਚ ਪੜ੍ਹਿਆ ਤੇ ਤਿੰਨਾਂ ਕਾਲਜਾਂ ਦੇ ਮੈਗਜ਼ੀਨਾਂ ਦਾ ਪੰਜਾਬੀ ਭਾਗ ਦਾ ਵਿਦਿਆਰਥੀ ਸੰਪਾਦਕ ਬਣਿਆ।

ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਦੇ ਸ਼ੌਕ ਦੀ ਗੱਲ ਵੀ ਸੁਣ ਲਓ। ਕਾਲਜ ਦੇ ਹੋਸਟਲ ਵਿਚ ਗੰਗਾਨਗਰ, ਅਬੋਹਰ ਤੇ ਮਲੋਟ ਵੱਲ ਦੇ ਪੇਂਡੂ ਵਿਦਿਆਰਥੀ ਰਹਿੰਦੇ ਸਨ। ਉਨ੍ਹਾਂ ਦੇ ਕਮਰਿਆਂ ਵਿਚ ਦੇਸੀ ਘਿਓ ਦੀਆਂ ਪੀਪੀਆਂ ਪਈਆਂ ਹੁੰਦੀਆਂ ਤੇ ਉਹ ਪਹਾੜੀਏ ਰਸੋਈਏ ਤੋਂ ਦਾਲ ਸਬਜ਼ੀ ਨੂੰ ਤੜਕੇ ਲੁਆ ਕੇ ਫੁਲਕੇ ਛਕਦੇ। ਫਿਰ ਉਹ ਹੋਸਟਲ ਦੇ ਹਾਤੇ 'ਚ ਪਿਆ ਲੋਹੇ ਦਾ ਗੋਲਾ ਸੁੱਟਦੇ ਤੇ ਲੱਕੜ ਦਾ ਮੁਗਦਰ ਚੁੱਕਦੇ। ਮੈਂ ਵੀ ਵਿਹਲੇ ਪੀਰੀਅਡ ਵਿਚ ਗੋਲੇ ਤੇ ਮੁਗਦਰ ਨਾਲ ਜ਼ੋਰ ਅਜ਼ਮਾਈ ਕਰਦਾ। ਮੈਨੂੰ ਗੋਲਾ ਸੁੱਟਣ ਦਾ ਸ਼ੌਕ ਹੋ ਗਿਆ। ਬਾਅਦ ਵਿਚ ਮੈਂ ਦਿੱਲੀ ਯੂਨੀਵਰਸਿਟੀ ਦਾ ਚੈਂਪੀਅਨ ਬਣਿਆ। ਭੂਆ ਦੇ ਘਰ ਰਹਿੰਦਿਆਂ ਮੈਨੂੰ ਖੁਰਾਕ ਦੀ ਕੋਈ ਕਮੀ ਨਹੀਂ ਸੀ। ਮੈਂ ਕਾੜ੍ਹਨੀ ਦੇ ਦੁੱਧ 'ਚ ਘਿਓ ਪਾ ਕੇ ਪੀ ਲੈਂਦਾ ਸਾਂ ਤੇ ਨੱਸ ਭੱਜ ਕੇ ਹਜ਼ਮ ਕਰਦਾ ਸਾਂ। ਦਾਲ ਸਬਜ਼ੀ ਵਿਚ ਵੀ ਘਿਓ ਤਰੋ-ਤਰ ਹੁੰਦਾ ਸੀ।

ਸਵੇਰੇ ਮੈਂ ਸਰ੍ਹੋਂ ਦੇ ਤੇਲ ਦੀ ਸ਼ੀਸ਼ੀ ਤੇ ਸਨਲਾਈਟ ਸਾਬਣ ਦੀ ਟਿੱਕੀ ਲੈ ਕੇ ਵਗਦੇ ਖੂਹ 'ਤੇ ਚਲਾ ਜਾਂਦਾ। ਸਿਆਲ 'ਚ ਖੂਹ ਦੇ ਨਿੱਘੇ ਪਾਣੀ 'ਚੋਂ ਭਾਫ਼ਾਂ ਨਿਕਲ ਰਹੀਆਂ ਹੁੰਦੀਆਂ। ਜਿਧਰ ਪਾਣੀ ਦੀ ਆਡ ਜਾਂਦੀ ਭਾਫ਼ ਨਾਲ ਦੀ ਨਾਲ ਤੁਰੀ ਜਾਂਦੀ। ਤੇਲ ਦੀ ਮਾਲਸ਼ ਕਰ ਕੇ ਮੈਂ ਸੌ ਡੰਡ ਕੱਢਦਾ ਤੇ ਦੋ ਸੌ ਬੈਠਕਾਂ ਮਾਰਦਾ। ਫਿਰ ਔਲੂ ਦੇ ਨਿੱਘੇ ਪਾਣੀ 'ਚ ਬਹਿ ਕੇ ਨਹਾਉਂਦਾ। ਖੂਹ ਉਤੇ ਜੁੜੇ ਢੱਗਿਆਂ ਦੀਆਂ ਅੱਖਾਂ 'ਤੇ ਖੋਪੇ ਚਾੜ੍ਹੇ ਹੁੰਦੇ ਤੇ ਉਹ ਗਲਾਂ ਦੀਆਂ ਟੱਲੀਆਂ ਟਣਕਾਉਂਦੇ ਚਾਲੇ ਪਏ ਰਹਿੰਦੇ। ਖੂਹ ਦਾ ਕੁੱਤਾ ਟਿੱਕ-ਟਿੱਕ ਕਰੀ ਜਾਂਦਾ। ਕਾਲਜ ਵਿਚ ਸਾਨੂੰ ਮੋਹਨ ਸਿੰਘ ਦੀ ਕਵਿਤਾ 'ਖੂਹ ਦੀ ਗਾਧੀ ਉਤੇ' ਪੜ੍ਹਾਈ ਜਾਂਦੀ ਤਾਂ ਮੇਰੀਆਂ ਅੱਖਾਂ ਮੂਹਰੇ ਉਸੇ ਖੂਹ ਦਾ ਨਜ਼ਾਰਾ ਆ ਜਾਂਦਾ। ਪਿੰਡ ਕੋਠੇ ਦੇ ਆਲੇ-ਦੁਆਲੇ ਕਈ ਖੂਹ ਸਨ ਜਿਨ੍ਹਾਂ 'ਚੋਂ ਇਕ ਦੋ ਹਮੇਸ਼ਾਂ ਵਗਦੇ ਰਹਿੰਦੇ। ਕਾਲਜ ਜਾਣ ਤੋਂ ਪਹਿਲਾਂ ਮੈਂ ਗੰਨਿਆਂ ਦੇ ਰਹੁ ਨਾਲ ਅੱਧੇ ਕੁ ਭਰੇ ਡੋਲੂ 'ਚ ਮੱਝ ਦੀਆਂ ਧਾਰਾਂ ਚੁਆ ਲੈਂਦਾ। ਉਹ ਮਿਲਕ ਸ਼ੇਕ ਬਣ ਜਾਂਦਾ ਜਿਸ ਦੇ ਚਾਰ ਗਲਾਸ ਮੈਨੂੰ ਕਾਲਜੋਂ ਮੁੜਨ ਤਕ ਭੁੱਖ ਨਾ ਲੱਗਣ ਦਿੰਦੇ। ਮੁੜ ਕੇ ਘੁਲਾੜੀ ਤੋਂ ਤੱਤਾ ਗੁੜ ਵੀ ਖਾਣ ਨੂੰ ਮਿਲ ਜਾਂਦਾ।

ਮੈਂ ਕਾਲਜ ਦੀਆਂ ਖੇਡਾਂ ਵਿਚ ਭਾਗ ਲੈਣ ਲੱਗ ਪਿਆ ਸਾਂ। ਕਦੇ ਗੋਲਾ ਸੁੱਟਦਾ, ਕਦੇ ਡਿਸਕਸ ਤੇ ਕਦੇ ਹਾਕੀ ਖੇਡਦਾ। ਆਲੇ-ਦੁਆਲੇ ਦੇ ਪਿੰਡਾਂ ਵਿਚ ਪੈਂਦੀਆਂ ਛਿੰਝਾਂ ਵੇਖਣ ਚਲਾ ਜਾਂਦਾ ਤੇ ਸੁਲੇਮਾਨਕੀ ਚੁੰਗੀ ਕੋਲ ਹਰ ਹਫ਼ਤੇ ਹੁੰਦੇ ਕਬੱਡੀ ਦੇ ਮੈਚ ਵੇਖਦਾ। ਉਦੋਂ ਉਥੇ ਲੰਮੀ ਤੇ ਚੂਪ ਕੌਡੀ ਖੇਡੀ ਜਾਂਦੀ ਸੀ। ਪਿੰਡਾਂ ਦੇ ਲੋਕ ਹੁਮ-ਹੁਮਾ ਕੇ ਕਬੱਡੀ ਵੇਖਣ ਆਉਂਦੇ। ਮੈਂ ਅਜੇ ਏਨਾ ਤਕੜਾ ਨਹੀਂ ਸਾਂ ਹੋਇਆ ਕਿ ਉਨ੍ਹਾਂ ਵਿਚ ਸ਼ਾਮਲ ਹੋ ਸਕਦਾ। ਸੋ ਖੇਡ ਮੈਦਾਨ ਨੇੜੇ ਖੜ੍ਹ ਕੇ ਖੇਡ ਦੇ ਨਜ਼ਾਰੇ ਤੱਕਦਾ ਤੇ ਖਿਡਾਰੀਆਂ ਦੇ ਨਾਲ ਮੇਰਾ ਵੀ ਓਨਾ ਈ ਜ਼ੋਰ ਲੱਗਦਾ। ਇਹ ਉਹ ਦਿਨ ਸਨ ਜਦੋਂ ਮੇਰੇ ਅੰਦਰ ਖੇਡ ਲੇਖਕ ਬਣਨ ਦੇ ਬੀਜ ਬੀਜੇ ਜਾ ਰਹੇ ਸਨ, ਜਿਨ੍ਹਾਂ ਨੇ ਅੱਗੇ ਜਾ ਕੇ ਪੁੰਗਰਨਾ ਸੀ।



ਬੀ. ਏ. ਕਰਨ ਪਿੱਛੋਂ ਮੈਂ ਪ੍ਰੋ. ਗੁਰਬਖ਼ਸ਼ ਸਿੰਘ ਸੱਚਦੇਵ ਦੀ ਸਲਾਹ ਲਈ ਕਿ ਹੁਣ ਕੀ ਕਰਾਂ? ਪੰਜਾਬੀ 'ਚ ਮੇਰੇ ਚੰਗੇ ਨੰਬਰ ਸਨ। ਉਨ੍ਹਾਂ ਨੇ ਸਲਾਹ ਦਿੱਤੀ ਕਿ ਪੰਜਾਬੀ ਦੀ ਐੱਮ. ਏ. ਕਰ ਲੈ ਕਿਤੇ ਲੈਕਚਰਾਰ ਲੱਗ ਜਾਵੇਂਗਾ। ਉਨ੍ਹੀਂ ਦਿਨੀਂ ਪੰਜਾਬੀ ਦੀ ਐੱਮ. ਏ. ਕਰਨ ਲਈ ਮਹਿੰਦਰਾ ਕਾਲਜ ਪਟਿਆਲਾ ਪ੍ਰਸਿੱਧ ਸੀ ਜਿੱਥੇ ਸਰਕਾਰੀ ਕਾਲਜ ਹੋਣ ਕਰਕੇ ਪੜ੍ਹਾਈ ਤੇ ਹੋਸਟਲ ਦੀਆਂ ਫੀਸਾਂ ਵੀ ਘੱਟ ਸਨ। ਉਸ ਕਾਲਜ ਵਿਚ ਖੇਡਾਂ ਦਾ ਵੀ ਚੰਗਾ ਮਾਹੌਲ ਸੀ।

ਪਟਿਆਲੇ ਜਾਣ ਲਈ ਮੈਂ ਫਾਜ਼ਿਲਕਾ ਤੋਂ ਕੋਟਕਪੂਰੇ ਨੂੰ ਗੱਡੀ ਚੜ੍ਹਿਆ ਤਾਂ ਉਸੇ ਗੱਡੀ ਵਿਚ ਮੇਰੇ ਕੁਝ ਜਮਾਤੀ ਵੀ ਬੈਠੇ ਸਨ। ਉਹ ਮੁਕਤਸਰ ਦੇ ਖ਼ਾਲਸਾ ਟ੍ਰੇਨਿੰਗ ਕਾਲਜ ਵਿਚ ਦਾਖਲਾ ਲੈ ਚੁੱਕੇ ਸਨ। ਮੁਕਤਸਰ ਸਟੇਸ਼ਨ 'ਤੇ ਉਨ੍ਹਾਂ ਨੇ ਮੈਨੂੰ ਵੀ ਉਤਾਰ ਲਿਆ ਅਖੇ ਰਾਤ ਸਾਡੇ ਕੋਲ ਕੱਟ ਕੇ ਸਵੇਰ ਦੀ ਗੱਡੀ ਪਟਿਆਲੇ ਚਲਾ ਜਾਈਂ। ਰਾਤ ਉਨ੍ਹਾਂ ਕੋਲ ਕੱਟਣ ਦਾ ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਨੇ ਮੈਨੂੰ ਵੀ ਬੀ. ਐੱਡ. ਕਰਨ ਲਈ ਤਿਆਰ ਕਰ ਲਿਆ। ਉਨ੍ਹਾਂ ਦੀ ਦਲੀਲ ਸੀ, "ਬੀ. ਐੱਡ. ਇਕੋ ਸਾਲ ਦੀ ਐ। 166 ਰੁਪਏ ਦੀ ਸਕੂਲ ਮਾਸਟਰੀ ਤੁਰਤ ਮਿਲ ਜਾਂਦੀ ਐ। ਐੱਮ. ਏ. 'ਚ ਤਾਂ ਸਾਲ ਵੀ ਦੋ ਲੱਗਦੇ ਆ ਤੇ ਕੋਈ ਪਤਾ ਨੀ ਨੌਕਰੀ ਕਦੋਂ ਮਿਲੇ ਜਾਂ ਨਾ ਮਿਲੇ?"

ਮੈਨੂੰ ਉਨ੍ਹਾਂ ਦੀਆਂ ਗੱਲਾਂ ਜਚ ਗਈਆਂ ਤੇ ਮੈਂ ਉਥੇ ਈ ਦਾਖਲ ਹੋ ਗਿਆ। ਉਥੇ ਮੈਂ ਮਾਘੀ ਦਾ ਮੇਲਾ ਵੇਖਿਆ ਜਿਸ ਬਾਰੇ ਬਾਅਦ ਵਿਚ ਆਰਟੀਕਲ ਲਿਖਿਆ: ਮੇਲਾ ਮੁਕਸਰ ਦਾ। ਉਹ ਦਿੱਲੀ ਦੇ ਸਾਹਿਤਕ ਪਰਚੇ 'ਆਰਸੀ' ਵਿਚ ਛਪਿਆ ਜਿਸ ਨਾਲ ਮੈਂ ਲਿਖਣ ਦੇ ਮੈਦਾਨ ਵਿਚ ਕੁੱਦ ਪਿਆ।

ਮਈ 1962 ਵਿਚ ਪੰਜਾਬ ਯੂਨੀਵਰਸਿਟੀ ਦੇ ਖਿਡਾਰੀਆਂ ਦਾ ਕੋਚਿੰਗ ਕੈਂਪ ਲੱਡਾ ਕੋਠੀ ਲੱਗਾ। ਉਥੇ ਮੈਂ ਹਾਕੀ ਦੀ ਥਾਂ ਅਥਲੈਟਿਕਸ ਦੀ ਕੋਚਿੰਗ ਲੈਣ ਗਿਆ। ਲੱਡਾ ਕੋਠੀ ਧੂਰੀ ਤੇ ਸੰਗਰੂਰ ਵਿਚਾਲੇ ਬੜੀ ਰਮਣੀਕ ਜਗ੍ਹਾ ਹੈ। ਕਦੇ ਉਹ ਰਾਜੇ ਮਹਾਰਾਜਿਆਂ ਦੀ ਆਰਾਮਗਾਹ ਸੀ। ਕੋਚਿੰਗ ਕੈਂਪ ਦੇ ਅਖੀਰਲੇ ਦਿਨ ਟਰਾਇਲ ਹੋਏ। ਮੈਂ ਗੋਲਾ ਤੇ ਡਿਸਕਸ ਸੁੱਟਣ 'ਚ ਫਸਟ ਆ ਗਿਆ। ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਡੀ. ਪੀ. ਈ. ਉਥੇ ਆਇਆ ਹੋਇਆ ਸੀ। ਮੈਨੂੰ ਫਸਟ ਆਇਆ ਵੇਖ ਕੇ ਉਸ ਨੇ ਮੈਥੋਂ ਅੱਗੇ ਪੜ੍ਹਨ ਬਾਰੇ ਪੁੱਛਿਆ। ਮੈਂ ਐੱਮ. ਏ. ਕਰਨ ਦੀ ਇੱਛਾ ਦੱਸੀ ਤਾਂ ਉਸ ਨੇ ਕਿਹਾ, "ਤੂੰ ਸਾਡੇ ਕਾਲਜ ਆ ਜਾ, ਤੇਰੀ ਫੀਸ ਤੇ ਹੋਸਟਲ ਦਾ ਖਰਚਾ ਮੁਆਫ਼ ਹੋਵੇਗਾ।"

ਮੈਂ ਫਾਜ਼ਿਲਕਾ ਤੇ ਮੁਕਤਸਰ ਦੋਹਾਂ ਕਾਲਜਾਂ ਦਾ ਵਧੀਆ ਅਥਲੀਟ ਸਾਂ ਪਰ ਉਥੇ ਮੇਰੀ ਫੀਸ ਮੁਆਫ਼ ਨਹੀਂ ਸੀ ਹੋਈ। ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਮੁਫ਼ਤ ਪੜ੍ਹਾਈ ਦੀ ਪੇਸ਼ਕਸ਼ ਬੜੀ ਵੱਡੀ ਸੀ। ਸੁਣਿਆ ਸੀ ਕਿ ਉਥੇ ਤਾਂ ਖਿਡਾਰੀਆਂ ਨੂੰ ਦੁੱਧ ਤੇ ਆਂਡੇ ਵੀ ਮੁਫ਼ਤ ਮਿਲਦੇ ਸਨ। ਟਰੈਕ ਸੂਟ ਤੇ ਦੌੜਨ ਵਾਲੇ ਬੂਟ ਵੀ। ਕਿਸੇ ਦਾ ਕਿਹਾ ਚੇਤੇ ਆਇਆ ਕਿ ਅੰਬਰਸਰ ਦਾ ਪਾਣੀ ਹੀ ਘਿਓ ਵਰਗੈ। ਕਈ ਗੱਲਾਂ ਸਨ ਜਿਨ੍ਹਾਂ ਕਰਕੇ ਮੈਂ ਪਟਿਆਲੇ ਦੀ ਥਾਂ ਅੰਮ੍ਰਿਤਸਰ ਪੜ੍ਹਨ ਨੂੰ ਪਹਿਲ ਦਿੱਤੀ।

8 ਜੁਲਾਈ, 1962 ਦਾ ਦਿਨ ਸੀ। ਸਬੱਬ ਨਾਲ ਮੇਰਾ 22ਵਾਂ ਜਨਮ ਦਿਨ। ਮੈਂ ਆਪਣੇ ਪਿੰਡ ਚਕਰ ਹੀ ਸਾਂ। ਉਦੋਂ ਸਾਡੇ ਘਰਾਂ 'ਚ ਜਨਮ ਦਿਨ ਮਨਾਉਣ ਦਾ ਰਿਵਾਜ ਨਹੀਂ ਸੀ ਤੁਰਿਆ। ਜਨਮ ਦਿਨ ਮਨਾਉਣਾ ਤਾਂ ਇਕ ਪਾਸੇ ਬਹੁਤਿਆਂ ਨੂੰ ਜਨਮ ਦਿਨ ਦਾ ਪਤਾ ਹੀ ਨਹੀਂ ਸੀ ਹੁੰਦਾ। ਮੇਰਾ ਵੀ ਕਿਹੜਾ ਪੱਕਾ ਪਤੈ ਕਿ 8 ਜੁਲਾਈ 1940 ਹੀ ਹੈ। ਪਿੰਡ ਦੇ ਚੌਕੀਦਾਰ ਨੇ ਅਟੇ-ਸਟੇ ਨਾਲ ਜਿਹੜੀ ਤਰੀਕ ਲਿਖਾ ਦਿੱਤੀ ਉਹੀ ਮੇਰਾ ਜਨਮ ਦਿਨ ਬਣ ਗਿਆ!

ਉਂਦਣ ਮੇਰਾ ਵੱਡਾ ਭਰਾ ਮੈਨੂੰ ਸਾਈਕਲ ਉਤੇ ਬੱਧਨੀ ਤੋਂ ਬੱਸ ਚੜ੍ਹਾਉਣ ਚੱਲ ਪਿਆ। ਅਗਾਂਹ ਮੈਂ ਮੋਗੇ ਤੋਂ ਅੰਮ੍ਰਿਤਸਰ ਨੂੰ ਬੱਸ ਫੜਨੀ ਸੀ। ਸਾਈਕਲ ਅਜੇ ਲੋਪੋਂ ਨਹੀਂ ਸੀ ਲੰਘਿਆ ਕਿ ਟਾਇਰ ਦਾ ਪਟਾਕਾ ਪੈ ਗਿਆ। ਭਰਾ ਸਾਈਕਲ ਮੋੜ ਕੇ ਪਿੰਡ ਲੈ ਗਿਆ ਤੇ ਮੈਂ ਚਾਰ ਮੀਲ ਤੁਰ ਕੇ ਬੱਧਨੀ ਤੋਂ ਬੱਸ ਫੜੀ। ਬਾਰਸ਼ਾਂ ਦੇ ਦਿਨ ਸਨ ਜਿਸ ਕਰਕੇ ਥਾਓਂ ਥਾਈਂ ਪਾਣੀ ਡੱਕਿਆ ਖੜ੍ਹਾ ਸੀ। ਸਾਡੀ ਬੱਸ ਡਾਲੇ ਤੇ ਬੁੱਘੀਪੁਰੇ ਵਿਚਾਲੇ ਜਾ ਖੁੱਭੀ। ਸਵਾਰੀਆਂ ਨੇ ਹੇਠਾਂ ਉਤਰ ਕੇ ਬਥੇਰੇ ਧੱਕੇ ਲਾਏ ਪਰ ਉਹ ਹੋਰ ਵੀ ਖੁੱਭਦੀ ਗਈ। ਓਦੋਂ ਉਸ ਰੂਟ ਉਤੇ ਦੋ ਘੰਟਿਆਂ ਬਾਅਦ ਬੱਸ ਚਲਦੀ ਸੀ। ਪਿੱਛੋਂ ਕੋਈ ਬੱਸ ਨਾ ਆਈ। ਬੱਸ ਨੂੰ ਕੱਢਦਿਆਂ ਕਢਾਉਂਦਿਆਂ ਬਹੁਤ ਦੇਰ ਲੱਗ ਗਈ ਤੇ ਜਦੋਂ ਬੱਸ ਮੋਗੇ ਪੁੱਜੀ ਤਾਂ ਅੰਮ੍ਰਿਤਸਰ ਜਾਣ ਵਾਲੀ ਆਖਰੀ ਬੱਸ ਜਾ ਚੁੱਕੀ ਸੀ। ਮੋਗੇ ਮੇਰੀ ਕੋਈ ਠਾਹਰ ਨਹੀਂ ਸੀ। ਵਾਪਸ ਪਿੰਡ ਵੀ ਨਹੀਂ ਸੀ ਮੁੜਿਆ ਜਾ ਸਕਦਾ।

ਸਾਡੇ ਘਰ ਸੋਵੀਅਤ ਦੇਸ ਰਸਾਲਾ ਆਇਆ ਕਰਦਾ ਸੀ। ਉਹਦੇ ਵਿਚ ਰੂਸ ਦੀਆਂ ਤਸਵੀਰਾਂ ਛਪੀਆਂ ਹੁੰਦੀਆਂ। ਹੇਠਾਂ ਲਿਖਿਆ ਹੁੰਦਾ-ਮਾਸਕੋ ਦੇ ਲਾਲ ਚੌਕ ਵਿਚ। ਰਾਜਧਾਨੀ ਦੀਆਂ ਸੜਕਾਂ 'ਤੇ। ਮੈਂ ਅਜੇ ਤਕ ਆਪਣੇ ਦੇਸ਼ ਦੀ ਰਾਜਧਾਨੀ ਵੀ ਨਹੀਂ ਸੀ ਵੇਖੀ। ਖੜ੍ਹਾ-ਖੜ੍ਹਾ ਸੋਚਣ ਲੱਗਾ, "ਮਨਾਂ ਜੇ ਦਿੱਲੀ ਨੂੰ ਗੱਡੀ ਚੜ੍ਹ ਚੱਲਾਂ ਤਾਂ ਰਾਤ ਵੀ ਕੱਟੀ ਜਾਊ ਤੇ ਰਾਜਧਾਨੀ ਵੀ ਵੇਖੀ ਜਾਊ। ਲਾਲ ਚੌਕ ਨਾ ਸਹੀ ਲਾਲ ਕਿਲਾ ਹੀ ਸਹੀ!"

ਇਸ ਸੋਚ ਨੂੰ ਇਸ ਕਰਕੇ ਵੀ ਹੁੰਗਾਰਾ ਮਿਲ ਗਿਆ ਕਿ ਬੀ.ਐੱਡ. ਕਰਨ ਵੇਲੇ ਪੰਜਾਬੀ ਦੇ ਪ੍ਰੋਫੈਸਰ ਕੋਛੜ ਨੇ ਦੱਸਿਆ ਸੀ ਪਈ ਦਿੱਲੀ ਦੇ ਖ਼ਾਲਸਾ ਕਾਲਜ ਵਿਚ ਵੀ ਪੰਜਾਬੀ ਦੀ ਐੱਮ. ਏ. ਕਰਾਈ ਜਾਂਦੀ ਹੈ। ਪੈਸੇ ਤੇ ਸਰਟੀਫਿਕੇਟ ਮੇਰੇ ਕੋਲ ਸਨ। ਮਨ ਨੇ ਕਿਹਾ, "ਚੱਲ ਖ਼ਾਲਸਾ ਕਾਲਜ ਦਿੱਲੀ ਦਾ ਈ ਗੇੜਾ ਮਾਰ ਆਉਨੇ ਆਂ। ਕੋਈ ਪੁੱਛੇਗਾ ਤਾਂ ਆਖ ਦੇਵਾਂਗਾ ਦਾਖਲੇ ਦਾ ਪਤਾ ਕਰਨ ਗਿਆ ਸੀ।"

ਦਿੱਲੀ ਜਾਣ ਨੂੰ ਰੇਲ ਗੱਡੀ ਲੁਧਿਆਣੇ ਤੋਂ ਵੀ ਫੜੀ ਜਾ ਸਕਦੀ ਸੀ ਤੇ ਕੋਟਕਪੂਰੇ ਤੋਂ ਵੀ। ਮੈਂ ਸੋਚੀਂ ਪੈ ਗਿਆ ਕਿ ਕਿੱਥੋਂ ਫੜਾਂ? ਦੁਚਿੱਤੀ 'ਚ ਮੈਂ ਉਂਜ ਈ ਇਕ ਸੱਜਣ ਤੋਂ ਪੁੱਛ ਲਿਆ, "ਬਾਈ ਜੀ, ਦਿੱਲੀ ਜਾਣ ਨੂੰ ਰੇਲ ਗੱਡੀ ਕੋਟਕਪੂਰੇ ਤੋਂ ਫੜਨੀ ਠੀਕ ਰਹੂ ਜਾਂ ਲੁਧਿਆਣੇ ਤੋਂ?" ਉਹਦੇ ਚੀਰਾ ਬੱਧਾ ਹੋਇਆ ਤੇ ਚਾਦਰਾ ਲਾਇਆ ਹੋਇਆ ਸੀ। ਮੋਢੇ 'ਤੇ ਪਰਨਾ ਸੀ ਤੇ ਪੈਰੀਂ ਗੁਰਗਾਬੀ। ਉਹ ਪੁੱਛਣ ਲੱਗਾ, "ਤੈਂ ਦਿੱਲੀ ਜਾਣੈ?" ਮੇਰੇ ਹਾਂ ਕਹਿਣ 'ਤੇ ਉਸ ਨੇ ਦੂਜਾ ਸੁਆਲ ਪੁੱਛਿਆ, "ਕਿੰਨੇ ਜਣੇ ਓਂ?" ਮੈਂ ਆਖਿਆ, "ਮੈਂ 'ਕੱਲਾ ਈ ਆਂ।" ਉਹ ਕਹਿਣ ਲੱਗਾ, "ਜੇ ਤੂੰ 'ਕੱਲਾ ਈ ਐਂ ਤਾਂ ਫੇਰ ਭਾਵੇਂ ਸਾਡੇ ਟਰੱਕ 'ਤੇ ਈ ਚੜ੍ਹਿਆ ਚੱਲ। ਨਾਲੇ ਤੇਰਾ ਕਿਰਾਇਆ ਬਚ-ਜੂ।" ਦੇਖ ਲਓ ਬਿਧਾਂ ਕਿਵੇਂ ਜੁੜਦੀਆਂ?

*(ਬਾਕੀ ਅਗਲੇ ਸਫੇ 'ਤੇ)*

# ਭਗਤ ਰਵਿਦਾਸ ਜੀ ਅਤੇ ਉਨ੍ਹਾਂ ਦਾ ਜੀਵਨ ਦਰਸ਼ਨ

**ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼**

ਭਾਰਤ ਦੀ ਧਰਤੀ ਸੰਤਾਂ-ਮਹਾਤਮਾ, ਗੁਰੂਆਂ-ਪੀਰਾਂ, ਰਿਸ਼ੀਆਂ-ਮੁਨੀਆਂ ਅਤੇ ਭਗਤਾਂ-ਪਿਆਰਿਆਂ ਦੀ ਧਰਤੀ ਹੈ। ਸਮੇਂ-ਸਮੇਂ ਇਨ੍ਹਾਂ ਮਹਾਂਪੁਰਖਾਂ ਨੇ ਮਨੁੱਖ ਦੀਆਂ ਪਦਾਰਥਵਾਦੀ ਬਿਰਤੀਆਂ ਨੂੰ ਅਧਿਆਤਮਕ ਰੰਗ ਵਿਚ ਰੰਗ ਕੇ ਜਿੱਥੇ ਜੀਵਨ ਦੇ ਅਸਲ ਮਨੋਰਥ ਤੋਂ ਗਿਆਤ ਕਰਵਾਇਆ ਹੈ, ਉਥੇ ਇਸ ਮਨੋਰਥ ਦੀ ਸਿੱਧੀ ਲਈ ਭਗਤੀ (ਨਿਰਮਲ ਪ੍ਰੇਮ 'ਤੇ ਆਧਾਰਤ) ਮਾਰਗ ਨੂੰ ਵੀ ਵਡਿਆਇਆ ਹੈ। ਇਸ ਮਾਰਗ 'ਤੇ ਚੱਲਣ ਵਾਲੇ ਭਗਤਾਂ ਨੇ ਆਪਣੇ ਵਿਸ਼ੇਸ਼ ਵਿਹਾਰ ਅਤੇ ਕਿਰਦਾਰ ਰਾਹੀਂ

**ਰਮੇਸ਼ ਬੱਗਾ ਚੋਹਲਾ**
**ਫੋਨ: 94631-32719**

ਆਪਣੀ ਭਗਤੀ ਦੇ ਨਿਰਾਲੇਪਨ ਨੂੰ ਕਾਇਮ ਰੱਖਿਆ ਹੈ। ਇਸ ਨਿਰਾਲੇਪਨ ਦੀ ਕਾਇਮੀ ਤੋਂ ਬਲਿਹਾਰੇ ਜਾਂਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਲਿਖਦੇ ਹਨ:

ਭਗਤ ਕੀ ਚਾਲ ਨਿਰਾਲੀ
ਚਾਲ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗ ਚਲਣਾ॥
ਲਬੁ ਲੋਭੁ ਅੰਹਕਾਰ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
(ਅੰਗ-918)

ਇਸ ਨਿਰਾਲੀ ਚਾਲ ਕਾਰਨ ਭਗਤਾਂ ਅਤੇ ਸੰਸਾਰੀਆਂ ਦਾ ਜੋੜ ਘੱਟ ਹੀ ਆਉਂਦਾ ਰਿਹਾ ਹੈ। ਵਿਲੱਖਣਤਾ ਭਰਪੂਰ ਸੋਚ ਤੇ ਲੋਚ ਰੱਖਣ ਵਾਲੇ ਭਗਤਾਂ ਨੂੰ ਅਜ਼ਮਾਉਣ ਅਤੇ ਸਤਾਉਣ ਲਈ ਦੁਨੀਆਦਾਰਾਂ ਨੇ ਕਈ ਕੋਝੇ ਕਾਰਨਾਮੇ ਵੀ ਕੀਤੇ ਹਨ ਪਰ ਪ੍ਰਭੂ ਨੇ ਆਪਣੇ ਪਿਆਰੇ ਭਗਤਾਂ ਦੀ ਹਮੇਸ਼ਾ ਹੀ ਰੱਖ ਦਿਖਾਈ ਹੈ। ਆਪਣੀ ਸੱਚੀ ਅਤੇ ਸੁੱਚੀ ਭਗਤੀ ਭਾਵਨਾ ਸਦਕਾ ਇਹ ਭਗਤ ਪ੍ਰਮਾਤਮਾ ਵੱਲੋਂ ਹਮੇਸ਼ਾ ਹੀ ਸਤਿਕਾਰੇ ਅਤੇ ਪਿਆਰੇ ਜਾਂਦੇ ਰਹੇ ਹਨ। ਪ੍ਰਮਾਤਮਾ ਦੀ ਸਤਿਕਾਰਤਾ ਅਤੇ ਪਿਆਰਤਾ ਦੇ ਪਰਮ-ਪਾਤਰ ਬਣਨ ਵਾਲੇ ਇਨ੍ਹਾਂ ਭਗਤਾਂ ਵਿਚ ਭਗਤ/ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਲ ਹੈ।

ਸ਼੍ਰੋਮਣੀ ਭਗਤਾਂ ਵਿਚ ਸ਼ੁਮਾਰ ਰਵਿਦਾਸ ਜੀ ਮਹਾਰਾਜ ਦਾ ਜਨਮ 1376 ਈ. (ਸੰਮਤ 1433) ਵਿਚ ਇਕ ਚਰਮਕਾਰੀ ਪਰਿਵਾਰ ਦੇ ਭਾਈ ਸੰਤੋਖ ਦਾਸ ਅਤੇ ਮਾਤਾ ਧੁਰਬਿਨੀਆ ਉਰਫ਼ ਕਰਮੋ ਦੇਵੀ ਦੇ ਗ੍ਰਹਿ ਵਿਖੇ ਬ੍ਰਾਹਮਣੀ ਸਭਿਆਚਰ ਦਾ ਧੁਰਾ ਕਰਕੇ ਜਾਣੇ ਜਾਂਦੇ ਸ਼ਹਿਰ ਬਨਾਰਸ ਵਿਚ ਹੋਇਆ। ਭਾਵੇਂ ਭਗਤ ਜੀ ਦੀ ਜਨਮ ਮਿਤੀ ਬਾਬਤ ਵਿਦਵਾਨਾਂ ਵਿਚ ਇੱਕਮਤ ਨਹੀਂ ਪਰ ਰਵਿਦਾਸੀ ਸੰਪ੍ਰਦਾਇ ਨਾਲ ਸੰਬੰਧਤ ਸੰਤ ਕਰਮ ਦਾਸ ਦਾ ਇਕ ਦੋਹਰਾ ਉਪਰੋਕਤ ਹਵਾਲੇ ਦੇ ਹੱਕ ਵਿਚ ਇੰਜ ਬੋਲਦਾ ਹੈ:

ਚੌਦਾਂ ਸੈ ਤੇਤੀਸ ਕੀ ਮਾਘ ਸੁਦੀ ਪੰਦ੍ਰਾਸ।
ਦੁਖੀਓ ਕੇ ਕਲਿਆਨ ਹਿੱਤ ਪ੍ਰਗਟੇ ਸ੍ਰੀ ਰਵਿਦਾਸ।

ਭਗਤ ਰਵਿਦਾਸ ਜੀ ਦੇ ਪੁਰਖਿਆਂ ਦਾ ਸੰਬੰਧ ਅਜਿਹੇ ਪਰਿਵਾਰ ਨਾਲ ਸੀ, ਜਿਸ ਨੂੰ ਸਮਾਜਿਕ ਵਰਣ-ਵਖਰੇਵੇਂ ਕਾਰਨ ਨੀਚ ਸਮਝ ਕੇ ਨਫ਼ਰਤ ਕੀਤੀ ਜਾਂਦੀ ਸੀ। ਇਸ ਦੀ ਪੁਸ਼ਟੀ ਉਨ੍ਹਾਂ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤੀ ਹੈ:

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥

ਪਵਿੱਤਰ ਨਦੀ ਕਰਕੇ ਪੂਜੀ ਜਾਂਦੀ ਗੰਗਾ ਦੇ ਕਿਨਾਰਿਉਂ ਕਈ ਤਰ੍ਹਾਂ ਦੀਆਂ ਵਿਚਾਰਧਾਰਵਾਂ ਪ੍ਰਚੱਲਿਤ ਹੋਈਆਂ। ਇਨ੍ਹਾਂ ਵਿਚਾਰਧਾਰਾਵਾਂ ਵਿਚੋਂ ਕੁਝ ਕੁ ਤਾਂ ਪੂਰਨ ਰੂਪ ਵਿਚ ਮਾਨਵ ਹਿਤਕਾਰੀ ਸਾਬਤ ਹੋਈਆਂ ਹਨ ਪਰ ਕੁਝ ਕੁ (ਕੱਟੜਵਾਦੀ ਸੁਭਾਅ ਦੀਆਂ) ਵਿਚਾਰਧਾਰਾਵਾਂ (ਜਿਵੇਂ ਕਿ ਜਾਤ-ਪਾਤ ਨਾਲ ਸੰਬੰਧਤ) ਨੇ ਸਮਾਜਿਕ ਵਿੱਥਾਂ ਨੂੰ ਵਧਾਉਣ ਵਿਚ ਆਪਣਾ ਨਾਂਹ ਪੱਖੀ ਰੋਲ ਅਦਾ ਕੀਤਾ।

ਭਗਤ ਰਵਿਦਾਸ ਜੀ ਦੇ ਜੀਵਨ-ਕਾਲ ਵਿਚ ਸਮਾਜ, ਧਾਰਮਿਕ ਖੇਤਰ ਵਿਚ ਪੁਜਾਰੀਆਂ ਦੇ ਕਰਮਕਾਂਡ ਤੇ ਕੱਟੜਵਾਦ, ਸਮਾਜਿਕ ਪੱਧਰ ਉੱਤੇ ਵਰਣ-ਵੰਡ ਤੇ ਜਾਤਿ-ਪਾਤਿ ਦੀ ਮਨੁੱਖੀ ਵੰਡ ਅਤੇ ਰਾਜਨੀਤਕ ਅਤੇ ਆਰਥਿਕ ਪੱਖੋਂ ਬਿਗਾਨੀ (ਵਿਦੇਸ਼ੀ) ਹਕੂਮਤ ਹੋਣ ਕਰਕੇ ਸੰਤੁਲਿਤ ਨਹੀਂ ਸੀ। ਹਾਲਾਤ ਇਹ ਸੀ ਕਿ ਆਮ-ਜਨਤਾ ਵਿਦੇਸ਼ੀ ਰਾਜ ਦੇ ਡਰ ਅਤੇ ਪੁਜਾਰੀ ਸ਼੍ਰੇਣੀ ਦੀ ਨਫ਼ਰਤ ਕਾਰਨ ਸਾਹ-ਸਤ ਹੀਣ ਹੋ ਚੁੱਕੀ ਸੀ ਅਤੇ ਮਾਣ-ਸਨਮਾਨ ਵਾਲੀ ਜ਼ਿੰਦਗੀ ਜਿਉਣ ਦੀ ਜਾਚ ਭੁੱਲ ਚੁੱਕੀ ਸੀ। ਜਨਤਾ ਦੇ ਇਸ ਧੂ-ਘਸੀਟ ਵਾਲੇ ਜੀਵਨ ਬਾਰੇ ਰਵਿਦਾਸ ਜੀ ਲਿਖਦੇ ਹਨ:

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥

ਜਿੱਥੋਂ ਤੱਕ ਭਗਤ ਰਵਿਦਾਸ ਜੀ ਦੀ ਫ਼ਿਲਾਸਫੀ ਦਾ ਸੰਬੰਧ ਹੈ ਉਸ ਨੂੰ ਪੜ੍ਹ-ਸੁਣ ਕੇ ਕਈ ਹੈਰਾਨੀਜਨਕ ਭਾਵ ਉਪਜਦੇ ਹਨ। ਉਨ੍ਹਾਂ ਦੇ ਸਮਕਾਲੀ ਸ਼ਾਸਕਾਂ ਤੇ ਠਾਕੁਰਾਂ ਦਾ ਸੁਭਾਅ ਨਿਰਦਈ ਅਤੇ ਜ਼ਾਲਮਾਨਾ ਸੀ। ਪੰਡਤਾਂ ਅਤੇ ਮੁਲਾਣਿਆਂ ਦਾ ਵਰਗ ਕਰਮ-ਕਾਂਡਾਂ ਵਿਚ ਬੱਝਿਆ ਹੋਇਆ ਸੀ। ਜੇ ਕੋਈ ਕਥਿਤ ਨੀਵੀਂ ਜਾਤ ਵਾਲਾ ਵਿਅਕਤੀ ਇਨ੍ਹਾਂ ਦੀ ਹੁਕਮ-ਅਦੂਲੀ ਕਰਦਾ ਸੀ ਤਾਂ ਉਸ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣੇ ਪੈ ਜਾਂਦੇ ਸਨ। ਜਿੱਥੇ ਸ਼ਾਸਕ ਸ਼੍ਰੇਣੀ ਸ਼ਸਤਰਧਾਰੀ ਤੇ ਧਨਵਾਨ ਹੋਣ ਕਰਕੇ ਅਸੀਮ ਸ਼ਕਤੀ ਦੀ ਮਾਲਕ ਸੀ ਉਥੇ ਰਵਿਦਾਸ ਜੀ ਕੋਲ ਇਸ ਸ਼ਕਤੀ ਦਾ ਮੁਕਾਬਲਾ ਕਰਨ ਲਈ ਨਾ ਤਾਂ ਹਾਥੀ ਘੋੜੇ ਸਨ ਅਤੇ ਨਾ ਹੀ ਕੋਈ ਸਿਖਲਾਈਯੁਕਤ ਹਥਿਆਰਬੰਦ ਫੌਜ ਪਰ ਜਿਸ ਦਲੇਰੀ ਤੇ ਹੌਸਲੇ ਵਾਲੇ ਢੰਗ ਨਾਲ ਉਹ ਗੁਮਰਾਹਕੁੰਨ ਫੋਕੇ ਕਰਮਕਾਂਡਾਂ ਨੂੰ ਨਕਾਰਦੇ ਹਨ ਉਸ ਨੂੰ ਬਹੁਤ ਹੀ ਕਾਬਲ-ਏ-ਤਰੀਫ਼ ਅਤੇ ਨਿਵੇਕਲੀ ਪਹੁੰਚ ਵਾਲਾ ਕਿਹਾ ਜਾ ਸਕਦਾ ਹੈ। ਆਪਣੀ ਅਤੇ ਆਪਣੇ ਭਾਈਚਾਰੇ ਦੀ ਇਸ ਤਰਸੀਲੀ ਹਾਲਤ ਨੂੰ ਬਿਆਨ ਕਰਦੇ ਹੋਏ ਭਗਤ ਜੀ ਲਿਖਦੇ ਹਨ:

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥

ਭਗਤ ਰਵਿਦਾਸ ਜੀ ਦੇ ਜੀਵਨ-ਦਰਸ਼ਨ ਦੀ ਇਹ ਵਿਸ਼ੇਸ਼ਤਾ ਹੈ ਕਿ ਆਪਣੇ ਸਮਕਾਲੀ ਸਮਾਜ ਦੇ ਸ਼ਾਸਕ ਵਰਗ ਦੀ ਜ਼ਾਲਮਾਨਾ ਰੁਚੀ ਅਤੇ ਪੁਜਾਰੀ ਵਰਗ ਦੇ ਹੰਕਾਰੀ ਵਤੀਰੇ ਨੂੰ ਰੱਦ ਕਰਦਿਆਂ ਨਾ ਤਾਂ ਉਨ੍ਹਾਂ ਨੇ ਕਿਸੇ ਹਿੰਸਾਤਮਕ ਵਿਹਾਰ ਦੀ ਵਕਾਲਤ ਕੀਤੀ ਹੈ ਅਤੇ ਨਾ ਹੀ ਕਿਸੇ ਕੌੜੀ ਭਾਵਨਾ ਵਾਲੀ ਸ਼ਬਦਾਵਲੀ ਦਾ ਪ੍ਰਯੋਗ। ਆਪਣੀ ਭਗਤੀ-ਭਾਵਨਾ ਅਤੇ ਕਰਮਸ਼ੀਲ-ਵਿਹਾਰ ਨਾਲ ਉਨ੍ਹਾਂ ਨੇ ਆਪਣੇ ਜੀਵਨ ਨੂੰ ਇੰਨਾ ਉੱਚਾ ਤੇ ਸੁੱਚਾ ਬਣਾ ਲਿਆ ਸੀ ਕਿ ਕਈ ਰਾਜੇ-ਰਾਣਿਆਂ ਅਤੇ ਪੁਜਾਰੀਆਂ ਨੇ ਉਨ੍ਹਾਂ ਦੇ ਚਰਨਾਂ 'ਚ ਆਪਣਗ ਸੀਸ ਝੁਕਾ



ਦਿੱਤਾ। ਇਸ ਗੱਲ ਦੀ ਗਵਾਹੀ ਗੁਰੂ ਗ੍ਰੰਥ ਸਾਹਿਬ ਵਿਚਲੀ ਉਨ੍ਹਾਂ ਦੀ ਬਾਣੀ ਇਸ ਪ੍ਰਕਾਰ ਦਿੰਦੀ ਹੈ:

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵੀਦਾਸ ਦਾਸਾ॥

ਆਪਣੇ ਉਦੇਸ਼ ਦੀ ਪੂਰਤੀ ਲਈ ਪ੍ਰੇਮ-ਪਿਆਰ ਦੀ ਜੁਗਤ ਨੂੰ ਵਰਤਣ ਵਾਲੇ ਭਗਤ ਰਵਿਦਾਸ ਜੀ ਮਨੁੱਖਤਾ ਨੂੰ ਇੱਕ ਅਜਿਹੇ ਸ਼ਹਿਰ ਦੀ ਵਾਸੀ ਬਣਾਉਣਾ ਚਾਹੁੰਦੇ ਹਨ ਜਿਸ ਨੂੰ ਬੇਗ਼ਮਪੁਰੇ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਹ ਸ਼ਹਿਰ ਦੁਨਿਆਵੀ ਫ਼ਿਕਰ-ਫਾਕਿਆਂ ਤੋਂ ਰਹਿਤ ਹੋਣ ਦੇ ਨਾਲ-ਨਾਲ ਦੁੱਖ਼ਾਂ-ਤਕਲੀਫ਼ਾਂ ਅਤੇ ਲੁੱਟ-ਖਸੁੱਟ ਦੇ ਮਨੋਰਥ ਨਾਲ ਲਗਾਏ ਜਾਂਦੇ ਟੈਕਸਾਂ ਤੋਂ ਵੀ ਮੁਕਤ ਹੈ। ਇਸ ਸ਼ਹਿਰ ਦਾ ਜ਼ਿਕਰ ਆਪਣੀ ਬਾਣੀ ਵਿਚ ਉਹ ਇਸ ਤਰ੍ਹਾਂ ਕਰਦੇ ਹਨ:

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨਾ ਖਤਾ ਨ ਤਰਸੁ ਜਵਾਲੁ॥

ਭਗਤ ਰਵਿਦਾਸ ਜੀ ਮਨੁੱਖੀ ਬਰਾਬਰੀ ਵਾਲੇ ਸਮਾਜ ਦੇ ਹਾਮੀ ਹਨ ਅਤੇ ਇਕ ਅਜਿਹੇ ਰਾਜ ਦੀ ਕਲਪਨਾ ਕਰਦੇ ਹਨ ਜਿੱਥੇ ਛੋਟੇ-ਵੱਡੇ ਸਾਰੇ ਇਕ ਸਮਾਨ ਰਹਿੰਦੇ ਹੋਏ ਲੋੜ ਅਨੁਸਾਰ ਪ੍ਰਸ਼ਾਦੇ-ਪਾਣੀ ਦਾ ਆਨੰਦ ਮਾਣ ਸਕਣ ਅਤੇ ਬਰਾਬਰੀ ਦੇ ਅਹਿਸਾਸ ਨਾਲ ਆਪਣਾ ਜੀਵਨ ਬਸਰ ਕਰ ਸਕਣ।

ਭਗਤ ਜੀ ਦਾ ਜਨਮ ਭਾਵੇਂ (ਉਸ ਸਮੇਂ) ਨੀਵੀਂ ਸਮਝੀ ਜਾਂਦੀ ਚਮਾਰ ਜਾਤੀ ਵਿਚ ਹੋਇਆ ਹੈ ਪਰ ਉਨ੍ਹਾਂ ਨੂੰ ਇਸ ਗੱਲ ਦਾ ਕਿਤੇ ਰੱਤੀ ਭਰ ਵੀ ਅਫ਼ਸੋਸ ਨਹੀਂ ਹੈ। ਸਗੋਂ ਉਹ ਤਾਂ ਬੜੇ ਮਾਣ ਨਾਲ ਕਹਿੰਦੇ ਹਨ:

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥

ਇਸ ਤਰ੍ਹਾਂ ਦਾ ਅਫਸੋਸ ਨਾ ਕਰਨ ਦੀ ਵਜ੍ਹਾ ਵੀ ਉਨ੍ਹਾਂ ਦੀ ਸਮਵਰਤੀ ਸੋਚ ਦਾ ਹੀ ਹਿੱਸਾ ਹੈ ਜੋ ਕਹਿੰਦੀ ਹੈ:

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ॥

ਮਨੁੱਖੀ-ਜੀਵਨ ਦੀ ਉੱਤਮਤਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਭਗਤ ਜੀ ਕਹਿੰਦੇ ਹਨ ਕਿ ਬੇਸ਼ਕੀਮਤੀ ਹੋਣ ਦੇ ਨਾਲ-ਨਾਲ ਮਨੁੱਖੀ-ਜੀਵਨ ਦੁਰਲੱਭ ਵੀ ਹੈ। ਇਸ ਕਰਕੇ ਇਸ ਜੀਵਨ ਨੂੰ ਵਿਅਰਥ ਦੇ ਕਾਰਜਾਂ ਵਿਚ ਨਹੀਂ ਲਗਾਈ ਰੱਖਣਾ ਚਾਹੀਦਾ ਸਗੋਂ ਇਸ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਫੁਰਮਾਨ ਹੈ:

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬਕੈ॥

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਰਵਿਦਾਸ ਜੀ ਨੂੰ ਰੱਜਵਾਂ ਮਾਣ-ਸਤਿਕਾਰ ਦਿੰਦੇ ਹੋਏ ਉਨ੍ਹਾਂ ਦੇ 40 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੇ ਹਨ। ਇਨ੍ਹਾਂ ਸ਼ਬਦਾਂ ਵਿਚ ਜਿੱਥੇ ਭਗਤ ਜੀ ਨੇ ਆਪਣੇ ਸਮਕਾਲੀ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਹਾਲਾਤ ਦਾ ਬਾਖ਼ੂਬੀ ਚਿਤਰਨ ਕੀਤਾ ਹੈ ਉਥੇ ਹੀ ਸੱਚੀ-ਸੁੱਚੀ ਕਾਰ-ਵਿਹਾਰ ਰਾਹੀਂ ਰੱਬੀ ਨੇੜਤਾ/ਇੱਕਮਿਕਤਾ ਹਾਸਲ ਕਰਨ ਦੀ ਜੁਗਤ (ਪ੍ਰੇਮਾ-ਭਗਤੀ) ਵੀ ਬਿਆਨ ਕੀਤੀ ਹੈ। ਇਸ ਜੁਗਤ ਨੂੰ ਅਪਨਾ ਕੇ ਕੋਈ ਵੀ ਮਨੁੱਖ ਪਰਮ-ਪਿਤਾ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਦਾ ਪਾਤਰ ਬਣ ਸਕਦਾ ਹੈ ਅਤੇ ਆਪਣੇ ਲੋਕ ਤੇ ਪ੍ਰਲੋਕ ਨੂੰ ਸੰਵਾਰ ਸਕਦਾ ਹੈ। ਆਓ! ਆਪਾਂ ਵੀ ਅੱਜ ਗੁਰੂ/ਭਗਤ ਰਵਿਦਾਸ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਉਨ੍ਹਾਂ ਦੀ ਪਵਿੱਤਰ ਅਤੇ ਸਰਬ-ਕਲਿਆਣੀ ਸੋਚ ਦੇ ਭਾਗੀਦਾਰ ਬਣੀਏ ਅਤੇ ਜਾਤ-ਪਾਤ ਰਹਿਤ ਸਮਾਜਿਕ-ਪ੍ਰਬੰਧ ਦੀ ਉਸਾਰੀ ਵਿਚ ਆਪਣਾ ਬਣਦਾ ਯੋਗਦਾਨ ਪਾਈਏ।

---

# ਕਿੱਸਾ ਮੇਰੀ ਕਲਮ ਦੀ ਮੈਰਾਥਨ ਦਾ

***(ਪਿਛਲੇ ਸਫੇ ਦਾ ਬਾਕੀ)***

ਉਹਦੇ ਟਰੱਕ ਦਾ ਨੰਬਰ ਪੀ. ਐੱਨ. ਐੱਫ. 5555 ਸੀ ਜੋ ਚਾਰੇ ਪਾਂਜੇ ਹੋਣ ਕਰਕੇ ਮੈਨੂੰ ਅਜੇ ਵੀ ਯਾਦ ਹੈ। ਉਂਜ ਵੀ ਉਹ ਟਰੱਕ ਤੇ ਟਰੱਕ ਦਾ ਡਰਾਈਵਰ ਭੁੱਲਣ ਵਾਲਾ ਨਹੀਂ। ਜੇ ਉਹ ਨਾ ਮਿਲਦਾ ਤਾਂ ਸੰਭਵ ਸੀ ਮੈਂ ਦਿੱਲੀ ਨਾ ਹੀ ਜਾਂਦਾ। ਸਾਈਕਲ ਦਾ ਪੈਂਚਰ ਹੋਣਾ, ਬੱਸ ਦਾ ਖੁੱਭਣਾ ਤੇ ਟਰੱਕ ਡਰਾਈਵਰ ਦਾ ਮਿਲਣਾ ਕੁਦਰਤੀ ਢੋਅ ਮੇਲ ਸਨ। ਅੰਮ੍ਰਿਤਸਰ ਵਾਲੀ ਬੱਸ ਮਿਲ ਜਾਂਦੀ ਤਾਂ ਮੈਂ ਕਦੋਂ ਦਾ ਹਰੀਕੇ ਪੱਤਣ ਲੰਘਿਆ ਹੋਣਾ ਸੀ ਤੇ ਅਗਲੇ ਦਿਨ ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋਇਆ ਹੋਣਾ ਸੀ। ਉਥੋਂ ਖਿਡਾਰੀ ਕਾਲਜਾਂ ਦੇ ਪ੍ਰੋਫ਼ੈਸਰ ਬਣਨ ਦੀ ਥਾਂ ਰੇਲਵੇ ਜਾਂ ਪੰਜਾਬ ਪੁਲਿਸ ਦੇ ਠਾਣੇਦਾਰ ਬਣਦੇ ਸਨ। ਹੋ ਸਕਦੈ ਮੈਂ ਵੀ ਠਾਣੇਦਾਰ ਬਣਦਾ ਅਤੇ ਪ੍ਰਿੰਸੀਪਲ ਵਜੋਂ ਨਹੀਂ, ਪੁਲਿਸ ਕਲਤਾਨ ਜਾਂ ਆਈ.ਜੀ. ਵਜੋਂ ਰਿਟਾਇਰ ਹੁੰਦਾ। ਲੇਖਕ ਸ਼ਾਇਦ ਨਾ ਹੀ ਬਣ ਸਕਦਾ।

ਲੁਧਿਆਣੇ ਤਕ ਮੈਂ ਟਰੱਕ ਡਰਾਈਵਰ ਦੇ ਨਾਲ ਦੀ ਸੀਟ 'ਤੇ ਬੈਠਾ ਗਿਆ। ਲੁਧਿਆਣਾ ਲੰਘ ਕੇ ਇਕ ਢਾਬੇ 'ਤੇ ਡਰਾਈਵਰ ਤੇ ਕਲੀਨਰ ਨੇ ਰੋਟੀ ਖਾਧੀ ਤੇ ਮੈਨੂੰ ਵੀ ਖੁਆਈ। ਮੈਨੂੰ ਰੋਟੀ ਦੇ ਪੈਸੇ ਨਾ ਦੇਣ ਦਿੱਤੇ। ਚਾਹ ਪੀ ਕੇ ਤੁਰਨ ਲੱਗੇ ਤਾਂ ਡਰਾਈਵਰ ਨੇ ਕਿਹਾ, "ਨੀਂਦ ਆਉਂਦੀ ਐ ਤਾਂ ਟਰੱਕ ਉਪਰ ਚੜ੍ਹ ਕੇ ਸੌਂ ਜਾ। ਚੀਜ਼ ਵਸਤ ਚੰਗੀ ਤਰ੍ਹਾਂ ਸੰਭਾਲ ਲੀਂ ਕਿਤੇ ਉਡ ਨਾ ਜਾਵੇ? ਪੈਸੇ ਕਮੀਜ਼ ਦੀ ਮੂਹਰਲੀ ਜੇਬ ਦੀ ਥਾਂ ਪੈਂਟ ਦੀ ਪਿਛਲੀ ਜੇਬ 'ਚ ਪਾ ਲੀਂ। ਉਤੇ ਹਵਾ ਬਹੁਤ ਲੱਗਦੀ ਐ, ਜਿਹੜਾ ਕੁਛ ਕਮੀਜ਼ ਦੀ ਜੇਬ 'ਚ ਹੋਵੇ ਉਡ ਜਾਂਦੈ।"

ਮੈਂ ਤੇ ਕਲੀਨਰ ਟਰੱਕ ਉਤੇ ਚੜ੍ਹ ਕੇ ਸੌਂ ਗਏ। ਦਿੱਲੀ ਨੇੜੇ ਜਾ ਕੇ ਅੱਖ ਖੁੱਲ੍ਹੀ ਤਾਂ ਸੱਜੇ ਹੱਥ ਉੱਚੇ ਟਾਵਰਾਂ ਦੀਆਂ ਲਾਲ ਬੱਤੀਆਂ ਜਗਦੀਆਂ ਦਿਸੀਆਂ। ਬਾਅਦ 'ਚ ਪਤਾ ਲੱਗਾ ਕਿ ਉਹ ਰੇਡੀਓ ਸਟੇਸ਼ਨ ਦੇ ਟਾਵਰ ਸਨ। ਦਿੱਲੀ ਪਹੁੰਚਦਿਆਂ ਡਰਾਈਵਰ ਨੇ ਮੈਨੂੰ ਹੇਠਾਂ ਉੱਤਰ ਆਉਣ ਨੂੰ ਕਿਹਾ ਤੇ ਪੁੱਛਿਆ, 'ਦਿੱਲੀ 'ਚ ਜਾਣਾ ਕਿਥੇ ਐ?' ਮੈਂ ਖ਼ਾਲਸਾ ਕਾਲਜ ਦਾ ਨਾਂ ਲਿਆ ਤਾਂ ਉਹ ਕਹਿਣ ਲੱਗਾ, 'ਦਿੱਲੀ ਬਹੁਤ ਵੱਡੀ ਐ। ਮੈਨੂੰ ਖ਼ਾਲਸਾ ਕਾਲਜ ਦਾ ਪਤਾ ਨੀ ਕਿਧਰ ਐ? ਤੂੰ ਇਉਂ ਦੱਸ ਬਈ ਰੇਲਵੇ ਸਟੇਸ਼ਨ ਕੋਲ ਉਤਰਨੈ ਜਾਂ ਬੱਸ ਅੱਡੇ ਕੋਲ?'

ਮੈਂ ਰੇਲਵੇ ਸਟੇਸ਼ਨ ਦਾ ਨਾਂ ਲੈ ਦਿੱਤਾ। ਉਹ ਮੈਨੂੰ ਸਟੇਸ਼ਨ ਨੇੜੇ ਉਤਾਰ ਕੇ ਅਗਾਂਹ ਨਿਕਲ ਗਿਆ ਪਰ ਜਾਂਦਾ ਹੋਇਆ ਦਿੱਲੀ ਦੇ ਜੇਬ ਕਤਰਿਆਂ ਤੋਂ ਸਾਵਧਾਨ ਕਰ ਗਿਆ। ਪੁੱਛ-ਗਿੱਛ ਕਰਨ 'ਤੇ ਇਕ ਸੱਜਣ ਨੇ ਦੱਸਿਆ, "ਪੱਚੀ ਨੰਬਰ ਬੱਸ ਖ਼ਾਲਸਾ ਕਾਲਜ ਦੇਵ ਨਗਰ ਜਾਊ।" ਮੈਂ ਬੱਸ 'ਚ ਬੈਠਾ ਤਾਂ ਨਾਲ ਦੀ ਸੀਟ 'ਤੇ ਖ਼ਾਲਸਾ ਕਾਲਜ ਦਾ ਹੀ ਇਕ ਵਿਦਿਆਰਥੀ ਬੈਠਾ ਸੀ। ਉਸ ਤੋਂ ਮੈਨੂੰ ਕਾਲਜ ਦੀ ਕਾਫੀ ਜਾਣਕਾਰੀ ਮਿਲੀ ਤੇ ਮੈਂ ਉਹਦੇ ਨਾਲ ਹੀ ਕਾਲਜ ਅੰਦਰ ਚਲਾ ਗਿਆ।

ਉਥੇ ਮੈਨੂੰ ਮੇਰੇ ਵਰਗਾ ਹੀ ਇਕ ਮੁੰਡਾ ਮਿਲ ਪਿਆ। ਉਸ ਨੇ ਆਪਣਾ ਨਾਂ ਅਮਰਜੀਤ ਤੇ ਪਿੰਡ ਪੰਨੀਵਾਲਾ ਦੱਸਿਆ। ਉਹ ਵੀ ਅਥਲੀਟ ਸੀ। ਉਹ ਮੈਨੂੰ ਖੇਡਾਂ ਦੇ ਇੰਚਾਰਜ ਸ. ਪ੍ਰੀਤਮ ਸਿੰਘ ਬੈਂਸ ਦੇ ਦਫਤਰ ਵਿਚ ਲੈ ਗਿਆ। ਉਨ੍ਹਾਂ ਨੇ ਮੇਰੇ ਨਾਲ ਬੜੀ ਅਪਣੱਤ ਜਤਾਈ। ਮੇਰੇ ਸਰਟੀਫਿਕੇਟ ਵੇਖ ਕੇ ਕਿਹਾ, "ਤੂੰ ਏਥੇ ਈ ਦਾਖਲ ਹੋ ਜਾ। ਏਥੇ ਪੰਜਾਬੀ ਦਾ ਬੜਾ ਵਧੀਆ ਸਟਾਫ ਐ। ਮੈਂ ਵੀ ਮਦਦ ਕਰਾਂਗਾ। ਆਹ ਅਮਰਜੀਤ ਆ, ਏਹਦੇ ਨਾਲ ਤੇਰਾ ਜੀਅ ਲੱਗਿਆ ਰਹੂ।"

ਮੈਂ ਕਿਹਾ, "ਸਰ, ਮੈਂ ਤਾਂ ਘਰੋਂ ਖ਼ਾਲਸਾ ਕਾਲਜ ਅੰਬਰਸਰ ਦਾਖਲ ਹੋਣ ਚੱਲਿਆ ਸਾਂ। ਉਨ੍ਹਾਂ ਨੇ ਕਿਹਾ ਸੀ ਮੇਰੀ ਪੜ੍ਹਾਈ ਫਰੀ ਹੋਵੇਗੀ।" ਪ੍ਰੀਤਮ ਸਿੰਘ ਨੇ ਕਿਹਾ, "ਏਥੇ ਵੀ ਤੇਰਾ ਬਾਹਲਾ ਖਰਚਾ ਨੀ ਹੋਣ ਦਿੰਦੇ।" ਨਾਲ ਈ ਅਮਰਜੀਤ ਨੇ ਕਹਿ ਦਿੱਤਾ, "ਸਾਡੇ ਘਰ ਕੋਲ ਸਾਂਝੇ ਕਲੱਬ ਦਾ ਕਮਰਾ ਹੈਗਾ। ਉਹਦੇ 'ਚ ਰਹੀ ਜਾਈਂ। ਅਸੀਂ ਓਥੇ ਈ ਵੇਟ ਟ੍ਰੇਨਿੰਗ ਕਰਦੇ ਤੇ ਬੈਡਮਿੰਟਨ ਖੇਡਦੇ ਆਂ।"

ਪ੍ਰੀਤਮ ਸਿੰਘ ਨੇ ਨਸੀਹਤ ਦਿੱਤੀ, "ਅੰਬਰਸਰ ਦੇ ਭਾਊਆਂ ਨਾਲ ਰਲ ਕੇ ਮੁੰਡੇ ਵਿਗੜ ਜਾਂਦੇ ਆ। ਲੜਾਈ ਝਗੜਿਆਂ 'ਚ ਪੈ ਜਾਂਦੇ ਆ। ਏਥੇ ਪੜ੍ਹੇਂਗਾ ਤਾਂ ਲੜਾਈ ਤੋਂ ਬਚਿਆ ਰਹੇਂਗਾ। ਭਾਪਿਆਂ ਦੇ ਮੁੰਡੇ ਤਾਂ ਕੁੜੀਆਂ ਵਰਗੇ ਆ। ਨਾਲੇ ਪੰਜਾਬ ਯੂਨੀਵਰਸਿਟੀ ਦਾ ਚੈਂਪੀਅਨ ਬਣਨ ਨਾਲੋਂ ਦਿੱਲੀ ਯੂਨੀਵਰਸਿਟੀ ਦਾ ਚੈਂਪੀਅਨ ਬਣਨਾ ਸੁਖਾਲੈ। ਏਥੇ ਤੇਰਾ ਕਰੀਅਰ ਬੈਟਰ ਬਣੇਗਾ।"

ਮੈਂ ਉਨ੍ਹਾਂ ਦੀਆਂ ਗੱਲਾਂ ਦਾ ਕਾਇਲ ਹੋ ਗਿਆ। ਪ੍ਰੀਤਮ ਸਿੰਘ ਹੋਰਾਂ ਨੇ ਪੰਜਾਬੀ ਦੇ ਪ੍ਰੋ. ਜੋਗਿੰਦਰ ਸਿੰਘ ਸੋਢੀ ਨੂੰ ਸੱਦ ਲਿਆ। ਸੋਢੀ ਸਾਹਿਬ ਪ੍ਰਸਿੱਧ ਗਾਇਕਾ ਸੁਰਿੰਦਰ ਕੌਰ ਦੇ ਪਤੀ ਸਨ। ਉਨ੍ਹਾਂ ਨੇ ਮੇਰੇ ਪੰਜਾਬੀ ਦੇ ਨੰਬਰ ਵੇਖ ਕੇ ਕਿਹਾ, "ਏਥੇ ਤੂੰ ਫਸਟ ਡਿਵੀਜ਼ਨ ਲੈ ਸਕਦੈਂ। ਅੰਬਰਸਰ ਪੜ੍ਹਾਈ 'ਚ ਮਾਰ ਖਾਵੇਂਗਾ। ਏਥੇ ਚੰਗਾ ਰਹੇਂਗਾ।" ਅਮਰਜੀਤ ਭੱਜ ਕੇ ਦਾਖਲਾ ਫਾਰਮ ਫੜ ਲਿਆਇਆ।

ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਂ ਅਜੇ ਦੁਬਿਧਾ ਵਿਚ ਸਾਂ ਕਿ ਸੋਢੀ ਸਾਹਿਬ ਮੇਰਾ ਫਾਰਮ ਖ਼ੁਦ ਭਰਨ ਲੱਗ ਪਏ। ਫਿਰ ਮੈਨੂੰ ਪ੍ਰਿੰਸੀਪਲ ਗੁਰਬਚਨ ਸਿੰਘ ਬੱਲ ਪਾਸ ਵੀ ਉਹੀ ਲੈ ਕੇ ਗਏ। ਮੇਰਾ ਖਿਡਾਰੀ ਹੋਣਾ ਤੇ ਪੰਜਾਬੀ ਵਿਚ ਹੁਸ਼ਿਆਰ ਹੋਣਾ ਦੱਸਿਆ। ਪ੍ਰਿੰਸੀਪਲ ਨੇ ਦਾਖਲਾ ਫਾਰਮ 'ਤੇ ਦਸਤਖ਼ਤ ਕਰ ਦਿੱਤੇ। ਹੁਣ ਦਾਖਲਾ ਫੀਸ ਭਰਨੀ ਸੀ। ਮੈਨੂੰ ਦੁਚਿੱਤੀ 'ਚ ਪਿਆ ਵੇਖ ਕੇ ਪ੍ਰੀਤਮ ਸਿੰਘ ਨੇ ਕਲਰਕ ਨੂੰ ਸੱਦਿਆ। ਉਹਦੇ ਕੰਨ 'ਚ ਕੁਛ ਕਿਹਾ। ਉਹ ਮੇਰਾ ਫਾਰਮ ਲੈ ਕੇ ਥੋੜ੍ਹੀ ਦੇਰ ਬਾਅਦ ਰੋਲ ਨੰਬਰ ਦੀ ਸਲਿੱਪ ਦੇ ਗਿਆ। ਪ੍ਰੀਤਮ ਸਿੰਘ ਨੇ ਚਾਹ ਪਿਆ ਕੇ ਕਿਹਾ, "ਦੇਖ ਸਰਵਣ ਸਿੰਘ, ਤੂੰ ਇਸ ਕਾਲਜ ਦਾ ਸਟੂਡੈਂਟ ਬਣ ਗਿਐਂ। ਕਾਲਜ ਨੇ ਤੈਥੋਂ ਕੋਈ ਪੈਸਾ ਨੀ ਲਿਆ। ਤੇਰਾ ਜੀਅ ਕਰੇ ਪਿੰਡੋਂ ਮੁੜ ਆਈਂ। ਜੀਅ ਕਰੇ ਅੰਬਰਸਰ ਚਲਾ ਜਾਈਂ।" ਮੈਂ ਅਮਰਜੀਤ ਨਾਲ ਉਹਦੇ ਘਰ ਚਲਾ ਗਿਆ।

ਅਮਰਜੀਤ ਨੇ ਕਲੱਬ ਦਾ ਉਹ ਕਮਰਾ ਵਿਖਾਇਆ ਜਿਥੇ ਮੈਂ ਬਿਨਾਂ ਕਿਰਾਏ ਦੇ ਰਹਿ ਸਕਦਾ ਸਾਂ। ਉਥੇ ਨਲਕਾ ਲੱਗਾ ਹੋਇਆ ਸੀ। ਪਿੱਪਲ ਤੇ ਤੂਤ ਦੀ ਛਾਂ ਸੀ ਤੇ ਬੈਡਮਿੰਟਨ ਦਾ ਪੱਕਾ ਕੋਰਟ ਸੀ। ਵੇਟ ਟ੍ਰੇਨਿੰਗ ਲਈ ਵੇਟ ਸੈੱਟ ਪਿਆ ਸੀ। ਨੇੜੇ ਈ ਚਾਹ ਦੀ ਦੁਕਾਨ ਤੇ ਕੋਲ ਹੀ ਤੰਦੂਰ ਸੀ। ਸਮਝੋ ਪੰਜੇ ਘਿਉ ਵਿਚ ਸਨ। ਰਾਤ ਦੀ ਗੱਡੀ ਪਿੰਡ ਨੂੰ ਮੁੜਦਿਆਂ ਮੈਂ ਸੋਚਦਾ ਆਇਆ ਕਿ ਚੰਗਾ ਹੀ ਹੋਇਆ ਜਿਹੜੀ ਮੋਗੇ ਤੋਂ ਅੰਬਰਸਰ ਨੂੰ ਜਾਣ ਵਾਲੀ ਆਖ਼ਰੀ ਬੱਸ ਮੇਰੇ ਪਹੁੰਚਣ ਤੋਂ ਪਹਿਲਾਂ ਨਿਕਲ ਚੁੱਕੀ ਸੀ।

ਸਾਡੀਆਂ ਕਲਾਸਾਂ ਇਕ ਦਿਨ ਕਾਲਜ ਤੇ ਬਾਕੀ ਦਿਨ ਯੂਨੀਵਰਸਿਟੀ ਕੈਂਪਸ 'ਚ ਲੱਗਣ ਲੱਗੀਆਂ। ਮੇਰੀਆਂ ਜਮਾਤਣਾਂ ਚਾਹ ਕਾਫੀ ਪੀਣ ਦੀ ਸੁਲ੍ਹਾ ਮਾਰਦੀਆਂ ਤਾਂ ਮੈਂ ਟਾਲ਼ਾ ਵੱਟ ਜਾਂਦਾ। ਕੈਂਪਸ ਵਿਚਲਾ ਵਿਹਲਾ ਵਕਤ ਮੈਂ ਕੈਨਟੀਨ 'ਚ ਜਾਣ ਦੀ ਥਾਂ ਲਾਇਬ੍ਰੇਰੀ ਵਿਚ ਗੁਜ਼ਾਰਦਾ। ਉਥੇ ਪੰਜਾਬੀ ਦੀਆਂ ਕਿਤਾਬਾਂ ਕਾਫੀ ਗਿਣਤੀ ਵਿਚ ਸਨ। ਵਿਸ਼ਵ ਦੀਆਂ ਵਧੀਆ ਪੁਸਤਕਾਂ ਦੇ ਪੰਜਾਬੀ ਅਨੁਵਾਦ ਵੀ ਪਏ ਸਨ। ਰੈਫਰੈਂਸ ਸੈਕਸ਼ਨ ਕੋਸ਼ਾਂ, ਮਹਾਨ ਕੋਸ਼ਾਂ ਤੇ ਵਿਸ਼ਵ ਕੋਸ਼ਾਂ ਨਾਲ ਭਰਿਆ ਪਿਆ ਸੀ। ਲਾਇਬ੍ਰੇਰੀ ਵਿਚੋਂ ਮੈਨੂੰ ਖੇਡਾਂ ਤੇ ਖਿਡਾਰੀਆਂ ਬਾਰੇ ਪੁਸਤਕਾਂ ਪੜ੍ਹਨ ਦੀ ਚੇਟਕ ਵੀ ਲੱਗ ਗਈ। ਮੈਂ ਮਨਪਸੰਦ ਪੁਸਤਕਾਂ ਇਸ਼ੂ ਕਰਵਾਉਂਦਾ ਤੇ ਹਰ ਰੋਜ਼ ਸੌ ਡੇਢ ਸੌ ਸਫ਼ੇ ਪੜ੍ਹੇ ਬਿਨਾਂ ਮੈਨੂੰ ਨੀਂਦ ਨਾ ਆਉਂਦੀ। ਬੜੀਆਂ ਕਿਤਾਬਾਂ ਪੜ੍ਹੀਆਂ। ਖ਼ਾਸ ਕਰ ਕੇ ਰੂਸੀ ਸਾਹਿਤ।

ਕਦੇ-ਕਦੇ ਮੈਂ ਪਿੰਡ ਲਈ ਵੈਰਾਗ ਜਾਂਦਾ। ਘਰ ਦੇ ਜੀਅ, ਦੋਸਤ ਮਿੱਤਰ ਤੇ ਪਿੰਡ ਦੇ ਪਿੱਪਲ ਬੋਹੜ ਯਾਦ ਆਉਂਦੇ। ਐਵੇਂ ਹੀ ਖੋਹ ਜਿਹੀ ਪਈ ਜਾਂਦੀ। ਕੱਟੀਆਂ ਵੱਛੀਆਂ ਦਾ ਰੰਭਣਾ ਯਾਦ ਆਉਂਦਾ। ਮੈਂ ਕਾਲਜ ਦੇ ਮੈਗਜ਼ੀਨ ਵਿਚ 'ਪਿੰਡ ਨੂੰ ਚਿੱਠੀ' ਲਿਖੀ ਜਿਸ ਵਿਚ ਪਿੰਡ ਲਈ ਅੰਤਾਂ ਦਾ ਮੋਹ ਪਿਆਰ ਤੇ ਤਪਾਕ ਜਤਾਇਆ। ਮੇਰੀ ਉਹ ਚਿੱਠੀ ਪੰਜਾਬੀ ਪ੍ਰੋਫੈਸਰਾਂ ਨੇ ਸਲਾਹੀ ਤੇ ਮੈਨੂੰ ਹੋਰ ਲਿਖਣ ਲਈ ਪ੍ਰੇਰਿਆ। ਮੈਂ ਡਾਇਰੀ ਲਿਖਣੀ ਸ਼ੁਰੂ ਕਰ ਲਈ। ਉਦੋਂ ਚੜ੍ਹਦੀ ਜੁਆਨੀ ਦਾ ਰੁਮਾਂਸ ਹਾਵੀ ਸੀ। ਰੁਮਾਂਚਿਕ ਤੇ ਆਦਰਸ਼ਕ ਸੰਵਾਦਾਂ ਨਾਲ ਮੇਰੀ ਡਾਇਰੀ ਭਰਦੀ ਗਈ। ਬਿਨਾਂ ਸ਼ੱਕ ਮੇਰੇ ਉਤੇ ਜਸਵੰਤ ਸਿੰਘ ਕੰਵਲ ਦੇ ਰੁਮਾਂਚਿਕ ਨਾਵਲਾਂ ਦਾ ਅਸਰ ਸੀ।

***(ਚੱਲਦਾ)***

# ਗੁਰਦੁਆਰਾ ਸੁਧਾਰ ਲਹਿਰ-2 ਦਾ ਏਜੰਡਾ

ਚਰਚਾ ਵਿਚ ਲਏ ਜਾ ਰਹੇ ਵਿਸ਼ੇ 'ਗੁਰਦੁਆਰਾ ਸੁਧਾਰ ਲਹਿਰ-2 ਦਾ ਏਜੰਡਾ' ਬਾਰੇ ਜਾਣਕਾਰੀ ਦਿੰਦਿਆਂ ਡਾ. ਬਲਕਾਰ ਸਿੰਘ ਨੇ ਦੱਸਿਆ ਕਿ ਪੰਜਾਬ ਦਾ ਸਿੱਖ ਭਾਈਚਾਰਾ, ਸਿਆਸਤ ਦੇ ਪੈਰੋਂ ਨਾ ਮੁੱਕਣ ਵਾਲੀ ਚਰਚਾ ਵਿਚ ਸਿੱਧੇ-ਅਸਿੱਧੇ ਢੰਗ ਨਾਲ ਫਸਿਆ ਹੋਇਆ ਹੈ। ਇਸ ਦੇ ਬਾਵਜੂਦ ਸਿਆਸਤ ਅਤੇ ਧਰਮ ਵਿਚਕਾਰ ਤਾਲਮੇਲ ਦੀਆਂ ਸੰਭਾਵਨਾਵਾਂ ਇਸ ਹੱਦ ਤੱਕ ਮੱਧਮ ਪੈ ਚੁੱਕੀਆਂ ਹਨ ਕਿ ਸਿੱਖ ਸੰਸਥਾਵਾਂ ਦੀ ਭੂਮਿਕਾ ਵੀ ਵੰਗਾਰੀ ਗਈ ਹੈ। ਸਿਆਸਤ ਹੀ ਸਿੱਖ ਭਾਈਚਾਰੇ ਦੀ ਮੁੱਖ ਧਾਰਾ ਕਿਉਂ, ਦਾ ਸਵਾਲ ਵੀ ਪੈਦਾ ਹੋ ਗਿਆ ਹੈ। ਏਜੰਡਾ ਵਿਹੂਣ ਘੜਮੱਸ ਵਿਚ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਬਚਾਉਣ ਬਾਰੇ ਚਰਚਾ ਦਾ ਅਵਸਰ ਪੈਦਾ ਕੀਤਾ ਗਿਆ ਹੈ। ਇਸੇ ਨੂੰ ਗੁਰਦੁਆਰਾ ਸੁਧਾਰ ਲਹਿਰ-2 ਆਖਿਆ ਜਾ ਰਿਹਾ ਹੈ। ਇਸੇ ਨੂੰ ਕੇਂਦਰ ਵਿਚ ਰੱਖ ਕੇ ਵੀਚਾਰਨ ਲਈ ਧਿਆਨ ਵਿਚ ਇਨ੍ਹਾਂ ਨੁਕਤਿਆਂ ਨੂੰ ਰੱਖਿਆ ਜਾ ਸਕਦਾ ਹੈ:

1. ਸਿਆਸੀ ਬਦਲ ਲੱਭਣ ਦੀ ਥਾਂ, ਲੋੜੀਂਦਾ ਧਾਰਮਿਕ ਬਦਲਾਉ ਉਸਾਰੀਏ।

2. ਇਹ ਸੱਚ ਸਾਹਮਣੇ ਆ ਚੁੱਕਾ ਹੈ ਕਿ ਸਿੱਖ ਸਿਆਸਤ ਰਾਹੀਂ ਸਿੱਖ ਸੰਸਥਾਵਾਂ ਨਹੀਂ ਬਚਾਈਆਂ ਜਾ ਸਕੀਆਂ ਹਾਲਾਂਕਿ ਸਿੱਖ ਸੰਸਥਾਵਾਂ ਰਾਹੀਂ ਸਿੱਖ ਸਿਆਸਤ ਸਦਾ ਬਚਦੀ ਆਈ ਹੈ। ਪਹਿਲੀ ਨੂੰ ਸਮਝਣ ਅਤੇ ਦੂਜੀ ਵੱਲ ਪਰਤਣ ਦਾ ਵੇਲਾ ਆ ਗਿਆ ਹੈ।

3. ਨਹੀਂ ਸਮਝਾਂਗੇ ਤਾਂ ਇਕ ਦੂਜੇ ਨੂੰ ਫੇਲ੍ਹ ਕਰਨ ਦੀ ਸਿਆਸਤ ਤੋਂ ਨਹੀਂ ਬਚ ਸਕਾਂਗੇ।

4. ਇਸ ਵੇਲੇ ਦੀ ਲੋੜ ਸਿੱਖ ਵਿਸ਼ਵਾਸ ਨਾਲ ਸੰਬਾਦੀ-ਉਸਾਰ ਉਸਾਰਨ ਵਾਸਤੇ ਬਿਜਲਈ ਮਾਧਿਅਮ ਅਤੇ ਪ੍ਰਿੰਟ ਮਾਧਿਅਮ (ਅਖਬਾਰਾਂ ਅਤੇ ਪੈਂਫਲਿਟ) ਰਾਹੀਂ ਆਮ ਸਿੱਖ ਤੱਕ ਪਹੁੰਚਣਾ ਪਵੇਗਾ।

5. ਸਿਆਸੀ ਅਤੇ ਧਾਰਮਿਕ ਪਲੈਟਫਾਰਮ ਸਿੱਖ ਪ੍ਰਸੰਗ ਵਿਚ ਇਕ ਦੂਜੇ ਦਾ ਅਪਹਰਨ ਕਰਨ ਤੋਂ ਤਾਂ ਹੀ ਬਚ ਸਕਦੇ ਹਨ, ਜੇ ਇਕ ਦੂਜੇ ਦੀ ਪੂਰਕਤਾ ਵਿਚ ਨਿਭ ਸਕਣ ਦੀਆਂ ਸਿੱਖ ਜੁਗਤਾਂ ਨਾਲ ਸੁਤੰਤਰ ਰੂਪ ਵਿਚ ਨਿਭੇ ਜਾਣ ਦਾ ਰਾਹ ਸਿੱਖ ਸਿਆਸਤ ਵੱਲੋਂ ਨਾ ਰੋਕਿਆ ਜਾਵੇ।

ਕੇਂਦਰੀ ਭਾਸ਼ਣ ਦਿੰਦਿਆਂ ਅਮਰਜੀਤ ਸਿੰਘ ਗ੍ਰੇਵਾਲ ਨੇ ਸ਼ੁਰੂਆਤ ਇਥੋਂ ਕੀਤੀ ਕਿ ਸਿਆਸਤ ਨੂੰ ਮਨਫੀ ਕਰ ਕੇ ਇਸ ਲਈ ਨਹੀਂ ਤੁਰਿਆ ਜਾ ਸਕਦਾ ਕਿਉਂਕਿ ਸਿਆਸਤ, ਸੱਤਾ ਦਾ ਸੰਕਲਪ ਹੈ ਅਤੇ ਇਸ ਨਾਲ ਤੁਰਨ ਦੀ ਜਾਚ ਸਿੱਖ ਧਰਮ ਦਾ ਹਿੱਸਾ




*ਚਰਚਾ ਵਿਚ ਹਿੱਸਾ ਲੈ ਰਹੇ ਵਿਦਵਾਨ।*

ਰਹੀ ਹੈ ਅਤੇ ਰਹਿਣੀ ਵੀ ਚਾਹੀਦੀ ਹੈ ਪਰ ਇਸ ਸੰਕਲਪੀ ਸਰੋਕਾਰ ਨੂੰ ਪ੍ਰਾਪਤ ਸਿੱਖ ਸਿਆਸਤ ਵਿਚ ਪੈਦਾ ਹੋ ਗਈ ਘੜਮੱਸ ਨਾਲ ਨਹੀਂ ਉਲਝਾਉਣਾ ਚਾਹੀਦਾ। ਸ਼੍ਰੋਮਣੀ ਕਮੇਟੀ ਨੂੰ ਕਲੋਨੀਅਲ ਹਕੂਮਤ ਦੀ ਸਿਆਸਤ ਨਾਲ ਜੁੜੀ ਹੋਈ ਸੰਸਥਾ ਹੋਣ ਕਰ ਕੇ ਇਹ ਸਮਝੇ ਜਾਣ ਦੀ ਲੋੜ ਹੈ ਕਿ ਜਿਸ ਤਰ੍ਹਾਂ ਇਸ ਵੇਲੇ ਕੇਂਦਰ ਵਿਚ ਸ਼੍ਰੋਮਣੀ ਕਮੇਟੀ ਆ ਗਈ ਹੈ, ਉਸ ਤਰ੍ਹਾਂ ਕੇਂਦਰ ਵਿਚ ਅਕਾਲ ਤਖਤ ਸਾਹਿਬ ਨੂੰ ਰਹਿਣਾ ਚਾਹੀਦਾ ਹੈ। ਇਸ ਵਾਸਤੇ ਅਕਾਲ ਤਖਤ ਸਾਹਿਬ ਦੇ ਧਾਰਮਿਕ, ਪੰਥਕ ਅਤੇ ਸਿਧਾਂਤਕ ਸਰੋਕਾਰ ਵੰਗਾਰੇ ਜਾਣ ਨਾਲ, ਅਕਾਲ ਤਖਤ ਸਾਹਿਬ ਹਰ ਪੱਖੋਂ ਦਾਅ 'ਤੇ ਲੱਗ ਗਿਆ ਹੈ। ਇਸ ਨਾਲ ਸਿੱਖ ਮਾਡਲ ਨੂੰ ਅਕਾਲੀ ਮਾਡਲ ਸਮਝ ਲਿਆ ਗਿਆ ਹੈ ਅਤੇ ਸਬੰਧਿਤ ਤਬਦੀਲੀਆਂ ਦੀਆਂ ਸੰਭਾਵਨਾਵਾਂ ਵੰਗਾਰੀਆਂ ਗਈਆਂ ਹਨ। ਅਜਿਹਾ ਆਧੁਨਿਕਤਾ ਦੇ ਪ੍ਰਭਾਵ ਅਧੀਨ ਪੈਦਾ ਹੋਈਆਂ ਸਿਆਸੀ ਸਿਧਾਂਤਕੀਆਂ (nationalism, communism) ਤੋਂ ਵਰਤਮਾਨ ਸਿੱਖ ਸਿਆਸਤ ਪ੍ਰਭਾਵਿਤ ਹੋਣ ਕਰ ਕੇ ਹੈ। ਇਸ ਵੇਲੇ ਦੀ ਲੋੜ ਗੁਰੂ ਦੀ ਬਖਸ਼ੀ ਗੁਰਮਤਿ ਵਿਹਾਰਕਤਾ ਵੱਲ ਪਰਤਣ ਦੀ ਹੈ। ਸਿਆਸੀ ਚੌਧਰ ਦੀ ਸਥਾਪਤੀ ਲਈ ਗੁਰਮਤਿ ਸਰੋਕਾਰਾਂ ਦੀ ਬਲੀ ਦਿੱਤੇ ਜਾਣ ਨਾਲ ਸਿੱਖ ਭਾਈਚਾਰੇ ਵਿਚਕਾਰ ਲੋੜੀਂਦਾ ਤਾਲਮੇਲ ਲੜਖੜਾ ਗਿਆ ਹੈ। ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਸੱਤਾ ਮਾਡਲ ਦੀ ਥਾਂ ਗੁਰਮਤਿ ਮਾਡਲ ਰਾਹੀਂ ਮੁਹੱਬਤੀ ਨੈਤਿਕਤਾ ਨਾਲ ਸਰਬੱਤ ਦੇ ਭਲੇ ਦੀ ਸਥਾਪਤੀ ਰਾਹੀਂ ਦੇਸ਼, ਦੁਨੀਆ ਨੂੰ ਦਰਪੇਸ਼ ਦੁਸ਼ਵਾਰੀਆਂ ਦਾ ਹੱਲ ਲੱਭਿਆ ਜਾ ਸਕਦਾ ਹੈ। ਇਸ ਪਾਸੇ ਤੁਰਾਂਗੇ ਤਾਂ ਦੱਸ ਸਕਾਂਗੇ ਕਿ ਧਰਮਾਂ ਦੇ ਸ੍ਰੋਤ ਗ੍ਰੰਥਾਂ ਵਿਚਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਦਾਰੀ ਅਰਥ-ਗੁਰੂ ਦੀ ਥਾਂ ਸ਼ਬਦ-ਗੁਰੂ ਨੂੰ ਸਾਹਮਣੇ ਲਿਆਉਣ ਕਰ ਕੇ ਹੈ। ਇਹ ਭੇਦ ਸਮਝਣ ਲਈ ਦੁਨੀਆ ਤਿਆਰ ਹੈ ਪਰ ਅਸੀਂ ਤਿਆਰ ਨਹੀਂ ਹਾਂ। ਇਸ ਵਾਸਤੇ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋਰੇ ਜਾਣ ਦੀ ਲੋੜ ਪੈਦਾ ਹੋ ਗਈ ਹੈ। ਇਸੇ ਨਾਲ ਜੁੜੀ ਹੋਈ ਕਿਸੇ ਵੀ ਕਿਸਮ ਦੀ ਲੋੜ ਨੂੰ ਗੁਰਦੁਆਰਾ ਸੁਧਾਰ ਲਹਿਰ-2 ਕਿਹਾ ਹੈ।

ਇਸ ਸਥਿਤੀ ਨੂੰ ਇਉਂ ਵੀ ਸਮਝਿਆ ਜਾ ਸਕਦਾ ਹੈ ਜਿਵੇਂ ਸਿੱਖ ਭਾਈਚਾਰਾ ਸੁਣਦਾ-ਸੁਣਦਾ ਸੌਂ ਗਿਆ ਹੋਵੇ। ਇਸ 'ਤੇ ਡਾ. ਖੁਸ਼ਹਾਲ ਸਿੰਘ ਨੇ ਉਨ੍ਹਾਂ ਕਾਰਨਾਂ ਵੱਲ ਧਿਆਨ ਦਿਵਾਇਆ ਜਿਨ੍ਹਾਂ ਕਰ ਕੇ ਇਹ ਹਾਲਤ ਹੋ ਗਈ ਹੈ। ਇਸ ਨਾਲ ਸੰਗਤੀ-ਮੁੱਖਧਾਰਾ ਦੀ ਥਾਂ ਸਿਆਸੀ-ਮੁੱਖਧਾਰਾ ਦਾ ਬੋਲਬਾਲਾ ਹੋ ਗਿਆ ਹੈ। ਡਾ. ਹਰਜੀਤ ਸਿੰਘ ਨੇ ਕਿਹਾ ਕਿ ਪੰਥਕ ਭਾਵਨਾ ਵਿਚੋਂ ਬਹੁ-ਰੰਗ ਵਾਸਤੇ ਵੰਗਾਰ ਪੈਦਾ ਹੋ ਗਈ ਹੈ ਅਤੇ ਸਿੱਖ ਭਾਈਚਾਰਾ ਜੋੜਨ ਦੀ ਥਾਂ ਤੋੜਨ ਵਾਲੇ ਰਾਹ ਪੈ ਗਿਆ ਹੈ। ਇਸੇ ਨੂੰ ਅੱਗੇ ਤੋਰਦਿਆਂ ਕੈਲਗਰੀ (ਕੈਨੇਡਾ) ਤੋਂ ਜਸਵੰਤ ਸਿੰਘ ਨੇ ਕਿਹਾ ਕਿ ਸੰਸਥਾਵਾਂ ਰਾਹੀਂ ਪ੍ਰਬੰਧਕੀ ਸੇਵਾਦਾਰੀ ਨੂੰ ਨੌਕਰਸ਼ਾਹਾਂ ਵਾਂਗ ਨਿਭਾਏ ਜਾਣ ਵੀ ਸਮੱਸਿਆ ਪੈਦਾ ਹੋ ਗਈ ਹੈ। ਕੇਸਰ ਸਿੰਘ ਨੇ ਸੁਧਾਰ ਲਹਿਰ ਵਾਸਤੇ ਆਮ ਸਿੱਖ ਤੱਕ ਪਹੁੰਚਣ ਦਾ ਪੱਖ ਸਾਹਮਣੇ ਲਿਆਉਂਦਿਆਂ ਕਿਹਾ ਕਿ ਗੁਰੂ-ਕਿਆਂ ਵਿਚੋਂ ਗੁਰਮਤੀ ਜੀਵਨ ਵਾਲਿਆਂ ਦੀ ਨਿਸ਼ਾਨਦੇਹੀ ਕਰਨ ਵਾਲੇ ਰਾਹ ਤੁਰਾਂਗੇ ਤਾਂ ਗੁਰੂ ਜੀ ਦੀ ਮਿਹਰ ਦੇ ਪਾਤਰ ਬਣ ਕੇ ਕੌਮ ਦੀ ਸੇਵਾ ਕਰ ਸਕਾਂਗੇ। ਡਾ. ਰਜਵਿੰਦਰ ਸਿੰਘ ਰਾਹੀ ਨੇ ਪ੍ਰੋ. ਪੂਰਨ ਸਿੰਘ ਦੇ ਹਵਾਲੇ ਨਾਲ ਸਿੱਖ ਭਾਈਚਾਰੇ ਵਿਚ ਦਲਿਤਾਂ ਦੀ ਭੂਮਿਕਾ ਨੂੰ ਸਾਹਮਣੇ ਲਿਆਉਣ ਲਈ ਕਿਹਾ। ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਗੁਰਦੁਆਰਾ ਸੁਧਾਰ ਲਹਿਰ-2 ਨੂੰ ਪ੍ਰਚੰਡ ਕਰਨ ਦੀ ਲੋੜ ਹੈ ਅਤੇ ਇਸ ਵਾਸਤੇ ਸਿਰ ਜੋੜਕੇ ਤੁਰਦੇ ਰਹਿਣਾ ਚਾਹੀਦਾ ਹੈ। ਕੈਨੇਡਾ ਤੋਂ ਰਛਪਾਲ ਸਿੰਘ ਗਿੱਲ ਨੇ ਕਿਹਾ ਕਿ ਸਿੱਖ ਸੰਸਥਾਵਾਂ ਅਤੇ ਸਿੱਖ ਭਾਈਚਾਰੇ ਵਿਚ ਆ ਰਹੀ ਗਿਰਾਵਟ ਦੇ ਕਾਰਨਾਂ ਨੂੰ ਸਮਝ ਕੇ ਤੁਰਨ ਦੀ ਲੋੜ ਹੈ। ਪ੍ਰੋ. ਹਰੀ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਰਲ-ਬੈਠ ਕੇ ਸਮੱਸਿਆਵਾਂ ਦੇ ਹੱਲ ਲੱਭੇ ਜਾ ਸਕਦੇ ਹਨ। ਡਾ. ਕਿਹਰ ਸਿੰਘ ਨੇ ਹੋ ਰਹੇ ਯਤਨ ਦੀ ਹਾਮੀ ਭਰਦਿਆਂ ਸੁਚੇਤ ਕੀਤਾ ਕਿ ਆਦਰਸ਼ ਦੀ ਥਾਂ ਅਮਲ ਨੂੰ ਕੇਂਦਰ ਵਿਚ ਰੱਖ ਕੇ ਪ੍ਰਸੰਗਕ ਹੱਲ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੋ ਕੁਝ ਹੈ, ਉਸ ਨੂੰ ਨਾਲ ਲੈ ਕੇ ਤੁਰਾਂਗੇ ਤਾਂ ਸਾਂਝੀ ਸਮਝ ਅਤੇ ਪਹੁੰਚ ਸਕਾਂਗੇ। ਉਨ੍ਹਾਂ ਨੇ ਲਹਿਰ ਉਸਾਰਨ ਲਈ ਮੁੱਦਿਆਂ ਦੀ ਨਿਸ਼ਾਨਦੇਹੀ ਨੂੰ ਅਹਿਮ ਦੱਸਿਆ। ਸਫਲਤਾ ਲਈ ਉਸੇ ਨੂੰ ਅੱਗੇ ਲਿਆਉਣਾ ਚਾਹੀਦਾ ਹੈ ਜਿਹੜਾ ਇਸ ਵਾਸਤੇ ਧਾਰਮਿਕ ਸੁਰ ਵਿਚ ਮਾਨਸਿਕ ਤੌਰ 'ਤੇ ਤਿਆਰ ਹੈ।

ਚਰਚਾ ਨੂੰ ਅੱਗੇ ਤੋਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਚਰਚਾ ਵਿਚ ਹਿੱਸਾ ਲੈਣ ਵਾਲੇ ਵਿਦਵਾਨਾਂ ਨੂੰ ਧਿਆਨ ਨਾਲ ਸੁਣਿਆ ਹੈ। ਲੋੜ ਇਹ ਚੇਤਨਾ ਪ੍ਰਚੰਡ ਕਰਨ ਦੀ ਹੈ ਕਿ ਪਹਿਲਾਂ ਆਪ ਕਿਵੇਂ ਸੁਧਰੀਏ ਤੇ ਫਿਰ ਦੂਜਿਆਂ ਨੂੰ ਸੁਧਰਨ ਵਾਸਤੇ ਸਹਾਈ ਕਿਵੇਂ ਹੋਈਏ। ਇਹ ਕਹਿੰਦਿਆਂ ਉਹ ਭਾਵੁਕ ਹੋ ਗਏ ਕਿ ਸਿੱਖ ਸਿਆਸਤ ਵਿਚ ਬਿਨਾ ਕਸੂਰ ਤੋਂ ਸਜ਼ਾ ਭੁਗਤਣ ਦਾ ਦਰਦ ਉਨ੍ਹਾਂ ਬਹੁਤ ਹੰਢਾਇਆ ਹੈ। ਉਨ੍ਹਾਂ ਦੱਸਿਆ ਕਿ ਸਿੱਖ ਸਿਆਸਤ ਵਿਚ ਕੰਨਾਂ ਦੇ ਕੱਚਿਆਂ ਅਤੇ ਤਾਕਤ ਵਿਚ ਹੰਕਾਰਿਆਂ ਨੇ ਕਿਹੋ ਜਿਹੇ ਨੁਕਸਾਨ ਕੀਤੇ ਹਨ।

ਚਰਚਾ ਦੇ ਪ੍ਰਧਾਨਗੀ ਭਾਸ਼ਣ ਵਿਚ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਨੇ ਸਾਰੇ ਵਿਦਵਾਨਾਂ ਦਾ ਧੰਨਵਾਦ ਕੀਤਾ ਅਤੇ ਚਰਚਾ ਦੀ ਇਸ ਲੜੀ ਨੂੰ ਜਾਰੀ ਰੱਖਣ ਦਾ ਯਕੀਨ ਦਿਵਾਇਆ। ਉਨ੍ਹਾਂ ਨੇ ਦੱਸਿਆਂ ਕਿ ਪਹਿਲੀ ਗੁਰਦੁਆਰਾ ਸੁਧਾਰ ਲਹਿਰ 1921 ਵਿਚ 21 ਫਰਵਰੀ ਨੂੰ ਨਨਕਾਣਾ ਸਾਹਿਬ ਦੇ ਸਾਕੇ ਨਾਲ ਸ਼ੁਰੂ ਹੋਈ ਸੀ ਅਤੇ ਗੁਰਦੁਆਰਾ ਸੁਧਾਰ ਲਹਿਰ-2 ਦੀ ਸ਼ੁਰੂਆਤ ਬੀਬੀ ਜਗੀਰ ਕੌਰ ਵੱਲੋਂ 21 ਫਰਵਰੀ 2023 ਨੂੰ ਬੇਗੋਵਾਲ ਵਿਚ ਕਾਨਫਰੰਸ ਕਰ ਕੇ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ 2 ਫਰਵਰੀ 2023 ਨੂੰ ਇਸ ਚਰਚਾ ਦੀ ਨਿਰੰਤਰਤਾ ਵਿਚ ਗੁਰਮਤਿ ਸਾਗਰ ਟਰਸਟ ਅਨੰਦਪੁਰ ਸਾਹਿਬ ਵਿਖੇ 'ਪੰਜਾਬ ਦੀ ਜਵਾਨੀ ਦਾ ਭਵਿਖ: ਸਮੱਸਿਆ ਅਤੇ ਸੰਭਾਵਨਾਵਾਂ' ਬਾਰੇ ਸੈਮੀਨਾਰ ਕੀਤਾ ਜਾਵੇਗਾ। ਮੂਲ ਮੰਤਰ ਦੇ ਜਾਪ ਨਾਲ ਸ਼ੁਰੂ ਹੋਈ ਚਰਚਾ ਨੂੰ ਉਨ੍ਹਾਂ ਨੇ ਸਾਰਿਆਂ ਲਈ ਧੰਨਵਾਦੀ ਸ਼ਬਦਾਂ ਨਾਲ ਸਮਾਪਤ ਕੀਤਾ।

# ਆਰਥਿਕ ਸੰਕਟ ਜਾਂ ਸਰਮਾਏਦਾਰੀ ਦਾ ਸੰਕਟ?


**ਗੁਰਪ੍ਰੀਤ**
**ਫੋਨ: +91-98887-89421**


ਕੌਮਾਂਤਰੀ ਮੁਦਰਾ ਕੋਸ਼ ਦੀ ਮੁਖੀ ਕ੍ਰਿਸਟਾਲੀਨਾ ਜਾਰਜੀਵਾ ਨੇ ਚੜ੍ਹਦੇ ਸਾਲ ਹੀ 2023 ਦੇ ਵਰ੍ਹੇ ਨੂੰ ਆਰਥਿਕ ਸੰਕਟ ਦਾ ਵਰ੍ਹਾ ਦੱਸਦੇ ਹੋਏ ਹਾਕਮ ਜਮਾਤਾਂ ਨੂੰ ਫਿਕਰਾਂ ਵਿਚ ਪਾ ਦਿੱਤਾ। ਉਸ ਨੇ ਕਿਹਾ ਹੈ ਕਿ ਇਸ ਸਾਲ ਸੰਸਾਰ ਦੇ ਇੱਕ-ਤਿਹਾਈ ਮੁਲਕ ਦੇ ਆਰਥਿਕ ਸੰਕਟ ਵਿਚ ਫਸਣਗੇ। ਜਿਹੜੇ ਮੁਲਕਾਂ ਵਿਚ ਸੰਕਟ ਨਹੀਂ ਹੈ, ਉਨ੍ਹਾਂ ਦੇ ਵੀ ਕਰੋੜਾਂ ਲੋਕ ਸੰਕਟ ਵਰਗੀ ਹਾਲਤ ਦਾ ਸਾਹਮਣਾ ਕਰਨਗੇ। ਉਸ ਮੁਤਾਬਕ ਜਿਨ੍ਹਾਂ ਮੁਲਕਾਂ ਵਿਚ ਸੰਕਟ ਦੀ ਸੰਭਾਵਨਾ ਹੈ, ਉਨ੍ਹਾਂ ਵਿਚ ਅਮਰੀਕਾ, ਯੂਰਪ ਤੇ ਚੀਨ ਵਰਗੇ ਵੱਡੇ ਅਰਥਚਾਰੇ ਹਨ। ਇਨ੍ਹਾਂ ਤਿੰਨਾਂ ਅਰਥਚਾਰਿਆਂ ਦਾ ਮਿਲ਼ਾ ਕੇ ਕੁੱਲ ਸੰਸਾਰ ਪੈਦਾਵਾਰ ਵਿਚ ਲਗਭਗ 60% ਹਿੱਸਾ ਬਣਦਾ ਹੈ ਜਿਸ ਵਿਚ ਅਮਰੀਕਾ ਦਾ ਲਗਭਗ 24%, ਚੀਨ ਦਾ 19% ਤੇ ਯੂਰਪੀਅਨ ਯੂਨੀਅਨ ਦਾ 17% ਹਿੱਸਾ ਹੈ। ਸੰਸਾਰ ਦਾ ਬਾਕੀ ਹਿੱਸਾ ਵੀ ਸਿੱਧੇ-ਅਸਿੱਧੇ ਢੰਗ ਨਾ਼ਲ ਇਨ੍ਹਾਂ ਨਾ਼ਲ ਜੁੜਿਆ ਹੋਇਆ ਹੈ ਤੇ ਜਿਸ ਕਰ ਕੇ ਇਨ੍ਹਾਂ ਤਿੰਨਾਂ ਅਰਥਚਾਰਿਆਂ ਵਿਚਲੀ ਹਲਚਲ ਦਾ ਅਸਰ ਬਾਕੀ ਸੰਸਾਰ ਉੱਪਰ ਪੈਣਾ ਵੀ ਅਟੱਲ ਹੈ।

ਕ੍ਰਿਸਟਾਲੀਨਾ ਨੇ ਜੋ ਆਖਿਆ ਹੈ, ਉਹ ਨਾ ਤਾਂ ਕੋਈ ਅਣਕਿਆਸੀ ਗੱਲ ਹੈ ਤੇ ਨਾ ਹੀ ਉਹ ਅਜਿਹਾ ਕਹਿਣ ਵਾ਼ਲੀ ਪਹਿਲੀ ਹੈ। ਮਾਰਕਸਵਾਦੀ ਤੇ ਲੋਕ ਪੱਖੀ ਆਰਥਿਕ ਮਾਹਿਰਾਂ ਤੋਂ ਲੈ ਕੇ ਅਨੇਕਾਂ ਸਰਮਾਏਦਾਰਾ ਅਰਥਸ਼ਾਸਤਰੀ ਕਾਫੀ ਸਮੇਂ ਤੋਂ ਇਹੋ ਭਵਿੱਖਬਾਣੀ ਕਰ ਰਹੇ ਹਨ। ਉਸ ਦਾ ਬਿਆਨ ਇਸ ਕਰ ਕੇ ਮਹੱਤਵਪੂਰਨ ਹੈ ਕਿ ਉਹ ਸਰਮਾਏਦਾਰਾਂ ਦੀ ਅਹਿਮ ਨੀਤੀਘਾੜੀ ਸੰਸਥਾ ਕੌਮਾਂਤਰੀ ਮੁਦਰਾ ਕੋਸ਼ ਦੀ ਮੁਖੀ ਹੈ। ਉਸ ਦੇ ਇਹ ਬਿਆਨ ਦੇਣ ਦਾ ਮਤਲਬ ਹੈ ਕਿ ਹੁਣ ਸਰਮਾਏਦਾਰ ਜਮਾਤ ਦੇ ਸੇਵਕ ਬੁੱਧੀਜੀਵੀਆਂ, ਅਦਾਰਿਆਂ ਨੂੰ ਵੀ ਮੰਨਣਾ ਪੈ ਰਿਹਾ ਹੈ ਕਿ ਸਰਮਾਏਦਾਰਾ ਪ੍ਰਬੰਧ ਸੰਕਟ ਦੇ ਲਾਇਲਾਜ ਰੋਗ ਦਾ ਸ਼ਿਕਾਰ ਹੈ। ਸਰਮਾਏਦਾਰ ਜਮਾਤ ਦੇ ਇਹ ਬੁੱਧੀਜੀਵੀ ਅਕਸਰ ਸਰਮਾਏਦਾਰੀ ਦੇ ਸੰਕਟਗ੍ਰਸਤ ਹੋਣ ਤੋਂ ਇਨਕਾਰੀ ਹੁੰਦੇ ਹਨ ਤੇ ਜਦ ਸੰਕਟ ਦਾ ਸਾਹਮਣਾ ਹੁੰਦਾ ਹੈ ਤਾਂ ਉਹ ਇਸ ਨੂੰ ਵਕਤੀ ਵਰਤਾਰਾ ਆਖਦੇ ਹਨ ਤੇ ਇਹ ਯਕੀਨ ਦਿਵਾਉਣ ਦਾ ਯਤਨ ਕਰਦੇ ਹਨ ਕਿ ਸਰਮਾਏਦਾਰਾ ਪ੍ਰਬੰਧ ਇਸ ਵਿਚੋਂ ਮੁੜ ਸੰਭਲ ਜਾਵੇਗਾ। ਅਜੇ 7 ਮਹੀਨਾ ਪਹਿਲਾਂ 23 ਮਈ 2022 ਨੂੰ ਡਾਵੋਸ (ਸਵਿਟਜ਼ਰਲੈਂਡ) ਵਿਚ ਕੌਮਾਂਤਰੀ ਆਰਥਿਕ ਮੰਚ ਦੀ ਸਾਲਾਨਾ ਬੈਠਕ ਵਿਚ ਕ੍ਰਿਸਟਾਲੀਨਾ ਨੇ ਕਿਹਾ ਸੀ ਕਿ ਅਜੇ ਕੋਈ ਸੰਕਟ ਨਹੀਂ ਆਉਣ ਲੱਗਾ।

ਜਨਵਰੀ 2022 ਵਿਚ ਕੌਮਾਂਤਰੀ ਮੁਦਰਾ ਕੋਸ਼ ਨੇ ਸੰਸਾਰ ਅਰਥਚਾਰੇ ਦੀ ਵਾਧਾ ਦਰ 4.4 ਫੀਸਦੀ ਰਹਿਣ ਦੀ ਪੇਸ਼ੀਨਗੋਈ ਕੀਤੀ ਸੀ। ਉਸੇ ਵੇਲੇ ਸੰਸਾਰ ਬੈਂਕ ਨੇ ਇਸ ਦੇ 4.1 ਫੀਸਦੀ ਰਹਿਣ ਦੀ ਉਮੀਦ ਜਤਾਈ ਸੀ ਪਰ ਅਕਤੂਬਰ 2022 ਤੱਕ ਕੌਮਾਂਤਰੀ ਮੁਦਰਾ ਕੋਸ਼ ਨੇ ਆਪਣਾ ਅਨੁਮਾਨ 4.4 ਤੋਂ ਘਟਾ ਕੇ 3.2 ਫੀਸਦੀ ਕਰ ਦਿੱਤਾ ਸੀ। ਦਸੰਬਰ ਆਉਣ ਤੱਕ ਇਹ ਹਾਲਤ ਹੋਰ ਵੀ ਮਾੜੀ ਹੋ ਚੁੱਕੀ ਹੈ। ਇਸ ਕਰ ਕੇ ਕੌਮਾਂਤਰੀ ਮੁਦਰਾਕੋਸ਼ ਦੀ ਮੁਖੀ ਨੂੰ ਇਹ ਮੰਨਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਕਿ ਸੰਸਾਰ ਦਾ ਇੱਕ-ਤਿਹਾਈ ਹਿੱਸਾ ਇਸ ਵਰ੍ਹੇ ਸੰਕਟ ਦੀ ਗ੍ਰਿਫਤ ਵਿਚ ਆਵੇਗਾ। ਕੌਮਾਂਤਰੀ ਮੁਦਰਾ ਕੋਸ਼ 2023 ਦੌਰਾਨ ਸੰਸਾਰ ਅਰਥਚਾਰੇ ਦੀ ਵਾਧਾ ਦਰ 2.7 ਫੀਸਦੀ ਤੱਕ ਡਿੱਗਣ ਦਾ ਅਨੁਮਾਨ ਪੇਸ਼ ਕਰ ਰਿਹਾ ਹੈ; ਹੋਰ ਮਾਹਿਰ ਇਸ ਦੇ 2 ਫੀਸਦੀ ਤੋਂ ਵੀ ਘੱਟ ਰਹਿਣ ਦੀ ਪੇਸ਼ੀਨਗੋਈ ਕਰ ਰਹੇ ਹਨ। ਸੰਸਾਰ ਬੈਂਕ ਮੁਤਾਬਕ ਤਾਂ 1.7 ਫੀਸਦੀ ਰਹੇਗੀ ਜੋ ਪਿਛਲੇ ਤਿੰਨ ਦਹਾਕਿਆਂ ਵਿਚ ਤੀਜੀ ਸਭ ਤੋਂ ਨੀਵੀਂ ਵਾਧਾ ਦਰ ਹੋਵੇਗੀ। ਅਸਲ ਵਿਚ 2023 ਵਿਚ ਜਿਹੜਾ ਸੰਕਟ ਇਸ ਪ੍ਰਬੰਧ ਨੂੰ ਦਰਪੇਸ਼ ਹੋ ਚੁੱਕਾ ਹੈ, ਉਹ ਇੱਕ-ਤਿਹਾਈ ਮੁਲਕਾਂ ਨੂੰ ਨਹੀਂ ਸਗੋਂ ਸੰਸਾਰ ਦੇ ਇਸ ਤੋਂ ਵੀ ਵੱਡੇ ਹਿੱਸੇ ਨੂੰ ਆਪਣੇ ਕਲਾਵੇ ਵਿਚ ਲਵੇਗਾ ਤੇ ਕਿਰਤੀ ਲੋਕਾਂ ਲਈ ਹੋਰ ਵੱਡੀਆਂ ਮੁਸ਼ਕਿਲਾਂ ਲੈ ਕੇ ਆਵੇਗਾ।

ਆਰਥਿਕ ਸੰਕਟ ਦਾ ਮਤਲਬ ਸਿਰਫ ਵਿਕਾਸ ਦਰ ਦਾ ਘਟਣਾ ਨਹੀਂ ਹੈ। ਵਿਕਾਸ ਦਰ ਦਾ ਘਟਣਾ ਤਾਂ ਸੰਕਟ ਦੇ ਬਹੁਤ ਸਾਰੇ ਸੂਚਕਾਂ ਵਿਚੋਂ ਇੱਕ ਹੈ। ਸੰਸਾਰ ਅਰਥਚਾਰੇ ਵਿਚ ਵਧ ਰਿਹਾ ਕਰਜ਼ਾ, ਵਧ ਰਿਹਾ ਆਰਥਿਕ ਪਾੜਾ, ਮਹਿੰਗਾਈ ਤੇ ਬੇਰੁਜ਼ਗਾਰੀ ਇਸ ਸੰਕਟ ਦੇ ਹੋਰ ਲੱਛਣ ਹਨ ਜਿਹੜੇ ਕਿਰਤੀ ਲੋਕਾਂ ਨੂੰ ਮਾਰ ਪਾਉਂਦੇ ਹਨ। ਪਿਛਲੇ ਸਾਲ ਦੇ ਸ਼ੁਰੂ ਵਿਚ ਜਦ ਮਹਿੰਗਾਈ ਵਧਣੀ ਸ਼ੁਰੂ ਹੋਈ ਤਾਂ ਬਹੁਤ ਸਾਰੇ ਆਰਥਿਕ ਮਾਹਿਰਾਂ ਤੇ ਕਈ ਮੁਲਕਾਂ ਦੀਆਂ ਸਰਕਾਰਾਂ ਨੇ ਕਿਹਾ ਕਿ ਇਹ ਥੋੜ੍ਹ ਚਿਰਾ ਵਰਤਾਰਾ ਹੈ ਜਿਸ ਉੱਪਰ ਜਲਦੀ ਕਾਬੂ ਪਾ ਲਿਆ ਜਾਵੇਗਾ ਪਰ ਸਾਲ ਦੇ ਅੰਤ ਤੱਕ ਮਹਿੰਗਾਈ ਦਾ ਇਹ ਵਾਧਾ ਬੇਰੋਕ ਜਾਰੀ ਰਿਹਾ ਹੈ। ਕਈ ਮੁਲਕਾਂ ਵਿਚ ਭੋਜਨ ਪਦਾਰਥ ਤੇ ਹੋਰ ਜ਼ਰੂਰੀ ਵਸਤਾਂ ਦੀ ਕੀਮਤ ਡੇਢ ਗੁਣਾ ਤੋਂ ਦੋ ਗੁਣਾ ਤੱਕ ਹੋ ਗਈ ਹੈ। ਦੂਜੇ ਪਾਸੇ ਉਜਰਤਾਂ ਜਾਂ ਆਮਦਨ ਵਿਚ ਵਾਧਾ ਬਹੁਤ ਨਿਗੂਣਾ ਹੋਇਆ ਹੈ। ਮਹਿੰਗਾਈ ਦੇ ਨਾ਼ਲ ਨਾ਼ਲ ਬੇਰੁਜ਼ਗਾਰੀ ਦੀ ਹਾਲਤ ਵੀ ਹੋਰ ਵਿਸਫੋਟਕ ਹੋਈ ਹੈ, ਖਾਸਕਰ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ ਸਿਖਰਾਂ ਛੋਹ ਰਹੀ ਹੈ। ਸਰਮਾਏਦਾਰੀ ਦੇ ਨੀਮ ਹਕੀਮਾਂ ਕੋ਼ਲ ਇਸ ਮਹਿੰਗਾਈ ਉੱਪਰ ਕਾਬੂ ਪਾਉਣ ਦਾ ਇੱਕੋ-ਇੱਕ ਰਾਹ ਕੇਂਦਰੀ ਬੈਂਕ ਦੀਆਂ ਵਿਆਜ ਦਰਾਂ ਵਧਾਉਣਾ ਹੈ। ਅਮਰੀਕਾ ਦੇ ਫੈਡਰਲ ਰਿਜ਼ਰਵ ਬੈਂਕ ਅਤੇ ਯੂਰਪੀਅਨ ਯੂਨੀਅਨ, ਇੰਗਲੈਂਡ ਤੇ ਸਵਿਜ਼ਰਲੈਂਡ ਦੇ ਕੇਂਦਰੀ ਬੈਂਕਾਂ ਨੇ ਆਪਣੀਆਂ ਵਿਆਜ ਦਰਾਂ ਵਧਾਈਆਂ ਹਨ। ਭਾਰਤ ਦੇ ਰਿਜ਼ਰਵ ਬੈਂਕ ਨੇ ਵੀ ਆਪਣੀਆਂ ਵਿਆਜ ਦਰਾਂ (ਰੈਪੋ ਰੇਟ) ਵਿਚ ਵਾਧਾ ਕੀਤਾ ਹੈ। ਇਸ ਪਿੱਛੇ ਸੋਚ ਇਹ ਹੁੰਦੀ ਹੈ ਕਿ ਇਹ ਵਿਆਜ ਦਰਾਂ ਵਧਣ ਨਾ਼ਲ ਲੋਕ ਖਰਚਾ ਘਟਾ ਕੇ ਬੈਂਕ ਵਿਚ ਜਮਾਂ ਵੱਧ ਕਰਵਾਉਂਦੇ ਹਨ ਜਿਸ ਨਾਲ ਅਰਥਚਾਰੇ ਵਿਚ ਸੁਸਤੀ ਆਉਂਦੀ ਹੈ ਤੇ ਮੰਗ ਘਟਦੀ ਹੈ। ਮੰਗ ਘਟਣ ਨਾ਼ਲ ਕੀਮਤਾਂ ਵੀ ਘਟਦੀਆਂ ਹਨ ਪਰ ਇਹ ਵਧੀਆਂ ਵਿਆਜ ਦਰਾਂ ਵੀ ਮਹਿੰਗਾਈ ਉੱਪਰ ਕਾਬੂ ਪਾਉਣ ਵਿਚ ਬਹੁਤਾ ਕਾਮਯਾਬ ਨਹੀਂ ਹੋਈਆਂ। ਦੂਜੇ ਪਾਸੇ ਵਿਆਜ ਦਰਾਂ ਵਧਣ ਨਾ਼ਲ ਕਰਜ਼ੇ ਮਹਿੰਗੇ ਹੋਏ ਹਨ ਜਿਸ ਨਾ਼ਲ ਨਿਵੇਸ਼ ਘਟਦਾ ਹੈ ਤੇ ਬੇਰੁਜ਼ਗਾਰੀ ਵਧਦੀ ਹੈ। ਇਉਂ ਇੱਕ ਸਮੱਸਿਆ ਉੱਪਰ ਕਾਬੂ ਪਾਉਣ ਦੀ ਕੋਸ਼ਿਸ਼ ਵਿਚ ਦੂਜੀ ਸਮੱਸਿਆ ਵਧ ਰਹੀ ਹੈ।

ਉਪਰਕੋਤ ਵੱਡੇ ਅਰਥਚਾਰਿਆਂ ਦੀਆਂ ਵਿਆਜ ਦਰਾਂ ਵਧਣ ਨਾ਼ਲ ਸੈਂਕੜੇ ਘੱਟ ਵਿਕਸਤ ਸਰਮਾਏਦਾਰਾ ਮੁਲਕਾਂ ਨੂੰ ਸਮੱਸਿਆ ਖੜ੍ਹੀ ਹੋ ਜਾਂਦੀ ਹੈ ਜਿੱਥੇ ਦਰਾਮਦਾਂ ਉੱਪਰ ਕਾਫੀ ਨਿਰਭਰ ਹਨ। ਇਨ੍ਹਾਂ ਮੁਲਕਾਂ ਦਾ ਕਰਜ਼ਾ ਵਧਦਾ ਹੈ, ਮੁਦਰਾ ਕਮਜ਼ੋਰ ਹੁੰਦੀ ਹੈ, ਬਜਟ ਘਾਟਾ ਵਧਦਾ ਹੈ ਤੇ ਮਹਿੰਗਾਈ ਵਧਦੀ ਹੈ। 2023 ਵਿਚ ਕੋਈ ਨਵਾਂ ਸੰਕਟ ਨਹੀਂ ਸ਼ੁਰੂ ਹੋ ਰਿਹਾ ਸਗੋਂ ਪਹਿਲਾਂ ਤੋਂ ਹੀ ਚੱਲ ਰਹੇ ਸੰਕਟ ਨੇ ਹੋਰ ਜ਼ਿਆਦਾ ਗੰਭੀਰ ਹੋਣਾ ਹੈ। 2022 ਦੌਰਾਨ ਸ੍ਰੀਲੰਕਾ ਦੀਵਾਲੀਆ ਹੋਇਆ ਹੈ। ਇਸ ਤੋਂ ਬਿਨਾ ਅਰਜਨਟਾਈਨਾ, ਪਾਕਿਸਤਾਨ, ਫਿਲਪੀਨਜ਼ ਤੇ ਲਾਤੀਨੀ ਅਮਰੀਕਾ ਦੇ ਕਈ ਮੁਲਕ ਤਬਾਹੀ ਕੰਢੇ ਹਨ। ਸੰਯੁਕਤ ਰਾਸ਼ਟਰ ਐਲਾਨ ਕਰ ਚੁੱਕਾ ਹੈ ਕਿ 54 ਮੁਲਕ ਦੀਵਾਲੀਆ ਹੋਣ ਕੰਢੇ ਹਨ। ਅਮਰੀਕਾ, ਇੰਗਲੈਂਡ, ਯੂਰਪ ਤੇ ਚੀਨ ਵਰਗੇ ਵੱਡੇ ਅਰਥਚਾਰੇ ਪਹਿਲਾਂ ਹੀ ਲੜਖੜਾਏ ਪਏ ਹਨ ਤੇ ਇਨ੍ਹਾਂ ਵਿਚ ਵੀ ਕਰਜ਼ੇ ਤੇ ਮਹਿੰਗਾਈ ਦੀ ਸਮੱਸਿਆ ਵਧ ਰਹੀ ਹੈ।

ਜਿੱਥੇ 2022 ਦੌਰਾਨ ਸੰਸਾਰ ਅਰਥਚਾਰਾ ਸੰਕਟ ਦੇ ਬਰੂਹਾਂ ਉੱਪਰ ਢੁਕ ਗਿਆ ਹੈ ਉੱਥੇ ਇਸੇ ਸਾਲ ਦੌਰਾਨ ਸੰਸਾਰ ਦੀ ਕੁੱਲ ਘਰੇਲੂ ਪੈਦਾਵਾਰ ਨੇ 1000 ਖਰਬ ਡਾਲਰ ਦਾ ਅੰਕੜਾ ਵੀ ਛੂਹਿਆ ਹੈ! ਇੱਕ ਪਾਸੇ ਪੈਦਾਵਾਰ ਦਾ ਇਸ ਹੱਦ ਤੱਕ ਵਧਣਾ ਤੇ ਦੂਜੇ ਪਾਸੇ ਫੇਰ ਵੀ ਸੰਕਟ ਦੀ ਗੱਲ ਕਰਨਾ ਆਪਾ-ਵਿਰੋਧੀ ਲੱਗ ਸਕਦਾ ਹੈ ਪਰ ਸਰਮਾਏਦਾਰਾ ਪ੍ਰਬੰਧ ਦਾ ਇਹੋ ਦਸਤੂਰ ਹੈ। ਮਨੁੱਖਤਾ ਦੇ ਹੁਣ ਤੋਂ ਪਹਿਲਾਂ ਤੱਕ ਦੇ ਇਤਿਹਾਸ ਵਿਚ ਸੰਕਟ ਨੂੰ ਆਮ ਕਰ ਕੇ ਜ਼ਰੂਰੀ ਵਸਤਾਂ ਦੀ ਘਾਟ ਨਾ਼ਲ ਜੋੜ ਕੇ ਦੇਖਿਆ ਜਾਂਦਾ ਹੈ, ਜਿਵੇਂ ਅਕਾਲ ਤੇ ਸੋਕਾ ਆਦਿ ਕਾਰਨ ਪੈਦਾ ਹੋਈ ਤੋਟ ਪਰ ਸਰਮਾਏਦਾਰਾ ਪ੍ਰਬੰਧ ਦੇ ਜਿਸ ਸੰਕਟ ਦੀ ਚਰਚਾ ਇੱਥੇ ਹੋ ਰਹੀ ਹੈ, ਉਸ ਦਾ ਮਤਲਬ ਸਾਧਨਾਂ ਦੀ ਘਾਟ ਨਹੀਂ ਸਗੋਂ ਜ਼ਰੂਰਤ ਤੋਂ ਬਹੁਤ ਜ਼ਿਆਦਾ ਵੱਧ ਪੈਦਾ ਹੋ ਜਾਣਾ ਹੁੰਦਾ ਹੈ। ਇਸ ਨੂੰ ਵਾਧੂ ਪੈਦਵਾਰ ਦਾ ਸੰਕਟ ਵੀ ਕਿਹਾ ਜਾਂਦਾ ਹੈ; ਭਾਵ ਪੈਦਾਵਾਰ ਲੋੜਾਂ ਤੋਂ ਬਹੁਤ ਜ਼ਿਆਦਾ ਹੋ ਚੁੱਕੀ ਹੈ ਤੇ ਦੂਜੇ ਪਾਸੇ ਲੋਕਾਂ ਵਿਚ ਇਸ ਨੂੰ ਖਰੀਦਣ ਦੀ ਸਮਰੱਥਾ ਵੀ ਨਹੀਂ ਹੈ। ਵਾਧੂ ਪੈਦਾਵਾਰ ਕਾਰਨ ਮੰਡੀ ਵਿਚ ਮੰਗ ਨਹੀਂ ਰਹਿੰਦੀ ਜਿਸ ਦੇ ਸਿੱਟੇ ਵਜੋਂ ਨਵੀਂ ਪੈਦਾਵਾਰ ਰੁਕ ਜਾਂਦੀ ਹੈ ਜਾਂ ਘਟਾ ਦਿੱਤੀ ਜਾਂਦੀ ਹੈ ਜਿਸ ਦਾ ਨਤੀਜਾ ਬੇਰੁਜ਼ਗਾਰੀ ਵਿਚ ਨਿਕ਼ਲਦਾ ਹੈ। ਇਹ ਬੇਰੁਜ਼ਗਾਰੀ ਲੋਕਾਂ ਦੀ ਖਰੀਦਣ ਸਮਰੱਥਾ ਨੂੰ ਹੋਰ ਵੀ ਘਟਾ ਦਿੰਦੀ ਹੈ। ਇਉਂ ਸਰਮਾਏਦਾਰਾ ਆਰਥਿਕ ਸੰਕਟ ਇੱਕ ਤਰ੍ਹਾਂ ਦਾ ਵਿਹੁ-ਚੱਕਰ ਹੁੰਦਾ ਹੈ ਜਿਸ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਲੱਭਦਾ। ਆਖਰ ਇਸ ਸੰਕਟ ਦਾ ਕਾਰਨ ਕੀ ਹੈ?

ਅੱਜ ਸੰਸਾਰ ਅਰਥਚਾਰਾ ਪਹਿਲਾਂ ਹੀ ਸੰਕਟ ਦੇ ਮੂੰਹ ਖੜ੍ਹਾ ਹੈ ਜਿਹੜਾ ਇਸ ਵਰ੍ਹੇ ਹੋਰ ਡੂੰਘਾ ਹੋ ਰਿਹਾ ਹੈ। ਇਸ ਸੰਕਟ ਦੇ ਬਾਵਜੂਦ ਸਰਮਾਏਦਾਰਾਂ ਦਾ ਇੱਕ ਹਿੱਸਾ ਲਗਾਤਾਰ ਅਮੀਰ ਹੁੰਦਾ ਜਾਂਦਾ ਹੈ ਤੇ ਉਨ੍ਹਾਂ ਦੀ ਦੌਲਤ ਵਿਚ ਅਥਾਹ ਵਾਧਾ ਬੇਰੋਕ ਜਾਰੀ ਰਹਿੰਦਾ ਹੈ। ਅਮੀਰ-ਗਰੀਬ ਦਾ ਪਾੜਾ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਸੰਕਟ ਦੀ ਅਸਲ ਮਾਰ ਤਾਂ ਲੋਕਾਂ ਉੱਪਰ ਬੇਰੁਜ਼ਗਾਰੀ, ਮਹਿੰਗਾਈ, ਕਰਜ਼ੇ, ਗਰੀਬੀ, ਭੁੱਖਮਰੀ ਆਦਿ ਦੇ ਰੂਪ ਵਿਚ ਪੈਂਦੀ ਹੈ। ਉੱਤੋਂ ਸਰਮਾਏਦਾਰਾ ਪ੍ਰਬੰਧ ਦੀਆਂ ਚਾਕਰ ਸਰਕਾਰਾਂ ਵੀ ਲੋਕਾਂ ਨੂੰ ਮਿਲ਼ਣ ਵਾਲੀਆਂ ਸਹੂਲਤਾਂ ਉੱਪਰ ਕਟੌਤੀ ਕਰਦੀਆਂ ਜਾਂਦੀਆਂ ਹਨ। ਇਸ ਚਰਚਾ ਦਾ ਮਤਲਬ ਇਹ ਹੈ ਕਿ ਇਸ ਵਰ੍ਹੇ ਸੰਕਟ ਹੋਰ ਡੂੰਘਾ ਹੋਣ ਨਾ਼ਲ ਲੋਕਾਂ ਦੀਆਂ ਸਮੱਸਿਆਵਾਂ, ਚੁਣੌਤੀਆਂ ਹੋਰ ਵਧਣਗੀਆਂ। ਸਰਕਾਰਾਂ ਵੱਲੋਂ ਨਾ ਸਿਰਫ ਲੋਕਾਂ ਉੱਪਰ ਕੀਤੇ ਜਾ ਰਹੇ ਖਰਚਿਆਂ ਉੱਪਰ ਕਟੌਤੀ ਕੀਤੀ ਜਾਵੇਗੀ ਸਗੋਂ ਲੋਕ ਰੋਹ ਤੇ ਬੇਚੈਨੀ ਨੂੰ ਕਾਬੂ ਕਰਨ ਲਈ ਇਹ ਹੋਰ ਵਧੇਰੇ ਜਾਬਰ ਰੂਪ ਅਖਤਿਆਰ ਕਰਨਗੀਆਂ ਜਿਸ ਦੇ ਝਲਕਾਰੇ ਅੱਜ ਵੀ ਕਈ ਮੁਲਕਾਂ ਵਿਚ ਦੇਖੇ ਜਾ ਸਕਦੇ ਹਨ।

# ਲੋੜ ਪਈ ਤੋਂ ਵਰਤਿਆ ਜਾਣ ਵਾਲਾ ਦਸਤਾਵੇਜ਼ ਬਣ ਗਿਐ ਭਾਰਤ ਦਾ ਸੰਵਿਧਾਨ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਆਪਣੀ ਆਜ਼ਾਦੀ ਦੀ ਪੌਣੀ ਸਦੀ ਹੰਢਾਅ ਚੁੱਕਾ, ਪਰ ਹਾਲੇ ਤੱਕ ਖੁੜ੍ਹਾਂ ਮਾਰੇ ਲੋਕਾਂ ਲਈ ਉੱਠਦੇ ਸਵਾਲਾਂ ਦੇ ਹੱਲ ਪੇਸ਼ ਕਰਨ ਜੋਗਾ ਸਾਬਤ ਨਾ ਹੋ ਸਕਿਆ ਭਾਰਤ ਪਿਛਲੇ ਹਫਤੇ ਗਣਤੰਤਰ ਵਜੋਂ ਚੁਹੱਤਰਵੇਂ ਸਾਲ ਵਿਚ ਦਾਖ਼ਲ ਹੋ ਗਿਆ ਹੈ। ਇਸ ਮੌਕੇ ਸਵਾਲਾਂ ਦੇ ਨਾਲ ਨਾਲ ਵਿਵਾਦਾਂ ਦੀ ਲੜੀ ਵੀ ਹੋਰ ਲੰਮੀ ਹੋ ਗਈ ਹੈ। ਵਿਵਾਦ ਇਸ ਦੇਸ਼ ਦੀ ਸਰਕਾਰ ਬਾਰੇ ਵੀ ਚੋਖੇ ਉੱਠਦੇ ਹਨ, ਰਾਜਾਂ ਵਿਚਲੀਆਂ ਸਰਕਾਰਾਂ ਬਾਰੇ ਵੀ। ਹੋਰ ਸਾਰਿਆਂ ਦੇ ਨਾਲ ਹੁਣ ਅਦਾਲਤੀ ਪ੍ਰਬੰਧ ਦੇ ਨੁਕਸਾਂ ਬਾਰੇ ਵੀ ਵਿਵਾਦ ਉਠਾਏ ਜਾਣ ਲੱਗ ਪਏ ਹਨ, ਪਰ ਦੇਸ਼ ਦੀ ਰਾਜਨੀਤੀ ਦੇ ਸਾਰੇ ਮੁੱਦਿਆਂ ਤੋਂ ਵੱਡਾ ਮੁੱਦਾ ਆਮ ਲੋਕਾਂ ਦੇ ਜੀਵਨ ਵਿਚ ਸੁਧਾਰ ਹੋਣ ਜਾਂ ਨਾ ਹੋਣ ਦਾ ਹੈ। ਕੁਝ ਸਾਲ ਪਹਿਲਾਂ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਐਲਾਨ ਕੀਤਾ ਸੀ ਕਿ ਹਰ ਕਿਸਾਨ ਪਰਿਵਾਰ ਨੂੰ ਸਾਲ ਦੇ ਛੇ ਹਜ਼ਾਰ ਰੁਪਏ ਅਤੇ ਹਰ ਤਿਮਾਹੀ ਦੋ ਹਜ਼ਾਰ ਰੁਪਏ ਦਿੱਤੇ ਜਾਣਗੇ ਤਾਂ ਬਹੁਤ ਸਾਰੇ ਲੋਕ ਆਖਦੇ ਸਨ ਕਿ ਏਨੇ ਪੈਸਿਆਂ ਦੀ ਪੇਸ਼ਕਸ਼ ਕਰ ਕੇ ਕਿਸਾਨਾਂ ਨਾਲ ਮਜ਼ਾਕ ਕੀਤਾ ਗਿਆ ਹੈ। ਉਹ ਆਖਦੇ ਸਨ ਕਿ ਏਨੇ ਕੁ ਪੈਸਿਆਂ ਪਿੱਛੇ ਕਿਸਾਨ ਭਲਾ ਕਿਸੇ ਸਰਕਾਰ ਨੂੰ ਵੋਟ ਪਾਉਣ ਕਿਉਂ ਜਾਵੇਗਾ! ਸਾਹਮਣੇ ਆਏ ਤਾਜ਼ਾ ਅੰਕੜਿਆਂ ਨੇ ਇਹ ਸ਼ਰਮਨਾਕ ਸਥਿਤੀ ਜ਼ਾਹਰ ਕਰ ਦਿੱਤੀ ਹੈ ਕਿ ਕੁਝ ਰਾਜਾਂ ਵਿਚ ਤਿੰਨ ਮਹੀਨਿਆਂ ਪਿੱਛੋਂ ਮਿਲੇ ਦੋ ਹਜ਼ਾਰ ਰੁਪਏ ਵੀ ਕੁਝ ਕਿਸਾਨ ਪਰਿਵਾਰਾਂ ਲਈ ਕਿੰਨੀ ਵੱਡੀ ਰਕਮ ਅਤੇ ਕਿਸ ਕਾਰਨ 'ਵੱਡੀ ਰਕਮ' ਕਹੀ ਜਾ ਸਕਦੀ ਹੈ!

ਅੰਕੜੇ ਦੱਸਦੇ ਹਨ ਕਿ ਮੇਘਾਲਿਆ ਦੇ ਕਿਸਾਨ ਪਰਿਵਾਰ ਦੀ ਔਸਤ ਆਮਦਨ ਭਾਰਤ ਵਿਚ ਸਭ ਤੋਂ ਵੱਧ ਉਨੱਤੀ ਹਜ਼ਾਰ ਰੁਪਏ ਤੋਂ ਕੁਝ ਉੱਪਰ ਹੈ। ਦੂਸਰੇ ਨੰਬਰ ਵਾਲੇ ਪੰਜਾਬ ਦੇ ਕਿਸਾਨ ਪਰਿਵਾਰਾਂ ਦੀ ਔਸਤ ਆਮਦਨ ਛੱਬੀ ਹਜ਼ਾਰ ਸੱਤ ਸੌ ਰੁਪਏ ਤੇ ਤੀਸਰੇ ਥਾਂ ਹਰਿਆਣਾ ਦੇ ਕਿਸਾਨ ਪਰਿਵਾਰ ਬਾਈ ਹਜ਼ਾਰ ਅੱਠ ਸੌ ਤੋਂ ਕੁਝ ਉੱਪਰ ਹਨ। ਚੌਥਾ ਨੰਬਰ ਰਾਜਸਥਾਨ ਦੇ ਕਿਸਾਨ ਪਰਿਵਾਰ ਦਾ ਹੈ, ਜਿਹੜਾ ਹਰਿਆਣਾ ਦੇ ਅੱਧ ਲਾਗੇ ਮਸਾਂ ਸਾਢੇ ਬਾਰਾਂ ਹਜ਼ਾਰ ਰੁਪਏ ਸਾਲਾਨਾ ਟੱਪਦਾ ਹੈ, ਪਰ ਸਭ ਤੋਂ ਮਾੜੀ ਹਾਲਤ ਵਾਲੇ ਝਾਰਖੰਡ ਦੇ ਕਿਸਾਨ ਪਰਿਵਾਰਾਂ ਦੀ ਆਮਦਨ ਉਨੰਜਾ ਸੌ ਰੁਪਏ ਤੋਂ ਘੱਟ ਹੈ। ਉਸ ਤੋਂ ਕੁਝ ਉੱਪਰ ਉੜੀਸਾ ਦੇ ਕਿਸਾਨ ਪਰਿਵਾਰ ਦੀ ਸਾਲਾਨਾ ਆਮਦਨ ਮਸਾਂ ਇਕਵੰਜਾ ਸੌ ਰੁਪਏ ਹੈ ਤੇ ਮਮਤਾ ਬੈਨਰਜੀ ਦੇ ਪੱਛਮੀ ਬੰਗਾਲ ਦੇ ਕਿਸਾਨ ਪਰਿਵਾਰਾਂ ਦੀ ਸਾਲਾਨਾ ਆਮਦਨ ਪੌਣੇ ਸੱਤ ਹਜ਼ਾਰ ਤੇ ਬਿਹਾਰ ਵਿਚ ਸਾਢੇ ਸੱਤ ਹਜ਼ਾਰ ਤੋਂ ਮਸਾਂ ਟੱਪਦੀ ਹੈ। ਬੇਸ਼ੱਕ ਨਰਿੰਦਰ ਮੋਦੀ ਨੇ ਪਹਿਲੀ ਵਾਰ ਪ੍ਰਧਾਨ ਮੰਤਰੀ ਬਣਨ ਵੇਲੇ ਆਖਿਆ ਸੀ ਕਿ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣੀ ਹੈ, ਪਰ ਜਦੋਂ ਉਹ ਕਦੇ ਕੀਤੀ ਨਹੀਂ ਗਈ ਤਾਂ ਉਨੰਜਾ ਸੌ ਰੁਪਏ ਸਾਲਾਨਾ ਮਸਾਂ ਕਮਾਉਣ ਵਾਲੇ ਝਾਰਖੰਡ ਦੇ ਕਿਸਾਨ ਪਰਿਵਾਰਾਂ ਨੂੰ ਛੇ ਹਜ਼ਾਰ ਰੁਪਏ ਹਰ ਤਿਮਾਹੀ ਪਿੱਛੋਂ ਮਿਲੇ ਵੀ ਉਨ੍ਹਾਂ ਨੂੰ 'ਛੱਤ ਪਾੜ ਕੇ ਮਿਲਿਆ ਖਜ਼ਾਨਾ' ਜਾਪਦੇ ਹੋਣਗੇ। ਜਦੋਂ ਭਾਰਤ ਦੇ ਸਿਆਸੀ ਆਗੂਆਂ ਨੂੰ ਇਹ ਪਤਾ ਹੈ ਕਿ ਏਨਾ ਕੁ ਚੋਗਾ ਸੁੱਟ ਕੇ ਵੀ ਵੋਟਾਂ ਮਿਲ ਜਾਂਦੀਆਂ ਹਨ ਤਾਂ ਉਹ ਹਾਲਾਤ ਸਚਮੁੱਚ ਸੁਧਾਰਨਗੇ ਵੀ ਕਿਉਂ!



ਦੂਸਰਾ ਸਵਾਲ ਇਸ ਦੇਸ਼ ਦੇ ਉਸ ਸੰਵਿਧਾਨ ਨਾਲ ਜੁੜਿਆ ਹੈ, ਜਿਸ ਦੇ ਚੁਹੱਤਰਵੇਂ ਸਾਲ ਵਿਚ ਦਾਖਲ ਹੋਣ ਦੀ ਖੁਸ਼ੀ ਵਿਚ ਹਰ ਸਾਲ ਵਾਂਗ ਇਸ ਵਾਰੀ ਗਣਤੰਤਰ ਦਿਵਸ ਮਨਾਇਆ ਗਿਆ ਹੈ। ਸੰਵਿਧਾਨ ਦੇ ਮੁੱਢ ਲਿਖਿਆ ਗਿਆ ਹੈ ਕਿ ਦੇਸ਼ ਦੇ ਹਰ ਨਾਗਰਿਕ ਨੂੰ ਆਪਣੀ ਪਸੰਦ ਦਾ ਧਰਮ ਮੰਨਣ ਤੇ ਆਪਣੀ ਮਰਜ਼ੀ ਮੁਤਾਬਕ ਪੂਜਾ ਕਰਨ ਦਾ ਪੂਰਾ ਹੱਕ ਹੋਵੇਗਾ ਅਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਹੋਵੇਗੀ। ਇਸ ਵਾਰੀ ਜਿਸ ਦਿਨ ਗਣਤੰਤਰ ਦਿਵਸ ਮਨਾਇਆ ਜਾ ਰਿਹਾ ਸੀ, ਭਾਰਤ ਵਿਚ ਦੋ ਵਿਵਾਦਤ ਫਿਲਮਾਂ ਦੀ ਚਰਚਾ ਚੱਲ ਰਹੀ ਸੀ। ਇਕ ਫਿਲਮ ਗੁਜਰਾਤ ਵਿਚ ਹੋਏ ਦੰਗਿਆਂ ਦੇ ਵੀਹ ਸਾਲ ਪੁਰਾਣੇ ਹਾਲਾਤ ਬਾਰੇ ਤੇ ਦੂਸਰੀ ਮਹਾਤਮਾ ਗਾਂਧੀ ਨੂੰ ਨੱਥੂਰਾਮ ਗੋਡਸੇ ਵੱਲੋਂ ਕਤਲ ਕਰਨ ਦਾ ਕਿੱਸਾ ਪੇਸ਼ ਕਰਦੀ ਸੀ। ਗੁਜਰਾਤ ਦੇ ਦੰਗਿਆਂ ਵਾਲੀ ਫਿਲਮ ਉੱਤੇ ਪਾਬੰਦੀਆਂ ਲਾਉਣ ਦੇ ਹੁਕਮ ਹੋ ਗਏ ਤੇ ਇਸ ਨੂੰ ਜਿਸ ਕਿਸੇ ਸੰਸਥਾ ਜਾਂ ਸੰਗਠਨ ਨੇ ਵੇਖਣ-ਵਿਖਾਉਣ ਦਾ ਫੈਸਲਾ ਕੀਤਾ, ਉਸ ਵਿਰੁੱਧ ਸਖਤੀ ਦੀਆਂ ਖਬਰਾਂ ਨੇ ਦੇਸ਼ ਦੇ ਅਖਬਾਰਾਂ ਤੇ ਖਬਰੀਆ ਚੈਨਲਾਂ ਦੀਆਂ ਸਕਰੀਨਾਂ ਢੱਕ ਲਈਆਂ। ਦੂਸਰੇ ਪਾਸੇ ਜਿਸ ਮਹਾਤਮਾ ਗਾਂਧੀ ਨੂੰ 'ਰਾਸ਼ਟਰ ਪਿਤਾ' ਕਹਿ ਕੇ ਵਡਿਆਇਆ ਜਾਂਦਾ ਹੈ, ਉਸ ਦਾ ਕਤਲ ਫਿਰਕੂ ਮਾਨਸਿਕਤਾ ਵਾਲੇ ਨੱਥੂਰਾਮ ਗੋਡਸੇ ਵੱਲੋਂ ਕਰਨ ਦੇ ਵਿਚਾਰ ਉੱਤੇ ਬਣਾਈ ਫਿਲਮ ਨੂੰ ਸਰਕਾਰ ਪੱਖੀ ਧਿਰਾਂ ਨੇ ਉਛਾਲਣਾ ਆਰੰਭ ਕਰ ਦਿੱਤਾ, ਆਮ ਲੋਕਾਂ ਨੇ ਉਸ ਦਾ ਕੋਈ ਹੁੰਗਾਰਾ ਹੀ ਨਹੀਂ ਭਰਿਆ। ਵੱਖ-ਵੱਖ ਸੋਚਧਾਰਾ ਵਾਲੀਆਂ ਇਨ੍ਹਾਂ ਦੋ ਫਿਲਮਾਂ ਬਾਰੇ ਭਾਰਤ ਸਰਕਾਰ ਦੀ ਦੋਹਰੀ ਨੀਤੀ ਕਾਰਨ ਭਾਰਤ ਦੇ ਹਰ ਕਿਸੇ ਨਾਗਰਿਕ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਐਲਾਨ ਰੁਲ ਕੇ ਰਹਿ ਗਿਆ ਤੇ ਸੰਵਿਧਾਨ ਦੀ ਵਰ੍ਹੇਗੰਢ ਵਾਲੇ ਦਿਨ ਹੀ ਉਸ ਦੀ ਮੁੱਢਲੀ ਸਿੱਖਿਆ ਅਤੇ ਗਾਰੰਟੀ ਦੇ ਉਲਟ ਵਹਿਣ ਚੱਲਦਾ ਜਾਪਣ ਲੱਗ ਪਿਆ।

ਜਦੋਂ ਦੇਸ਼ ਅਤੇ ਰਾਜਾਂ ਦੀਆਂ ਸਰਕਾਰਾਂ ਆਪੋ-ਆਪਣੇ ਥਾਂ ਲੋਕਾਂ ਦੀਆਂ ਮਜਬੂਰੀਆਂ ਦਾ ਲਾਭ ਲੈਣ ਤੇ ਲੋਕ ਸਭਾ ਦੀ ਅਗਲੀ ਚੋਣ ਜਿੱਤਣ ਲਈ ਦਾਅ ਖੇਡਣ ਲਈ ਲੱਗੀਆਂ ਪਈਆਂ ਹਨ, ਓਦੋਂ ਆਮ ਲੋਕਾਂ ਵਿਚੋਂ ਕੁਝ ਨੇ ਅਜਿਹੀਆਂ ਮਿਸਾਲਾਂ ਪੇਸ਼ ਕੀਤੀਆਂ ਹਨ, ਜਿਨ੍ਹਾਂ ਦੀ ਹਰ ਪਾਸੇ ਚਰਚਾ ਹੁੰਦੀ ਹੈ ਤੇ ਹੋਣੀ ਵੀ ਚਾਹੀਦੀ ਹੈ। ਮਿਸਾਲ ਵਜੋਂ ਨਵਾਂ ਸ਼ਹਿਰ ਦੇ ਕੁਝ ਸੱਜਣਾਂ ਨੇ ਕੁਝ ਸਾਲ ਪਹਿਲਾਂ ਇੱਕ ਭੂਤਾਂ ਦਾ ਵਾੜਾ ਸਮਝੀ ਜਾਂਦੀ ਥਾਂ ਉੱਤੇ ਬਲੱਡ ਬੈਂਕ ਖੋਲ੍ਹਿਆ ਸੀ ਤੇ ਸਾਰਿਆਂ ਨੇ ਪੱਲਿਉਂ ਪੈਸੇ ਪਾ-ਪਾ ਕੇ ਉਸ ਨੂੰ ਏਨਾ ਅੱਗੇ ਵਧਾਇਆ ਕਿ ਉਸ ਤੋਂ ਮੁਫਤ ਵਰਗੇ ਰੇਟਾਂ ਉੱਤੇ ਮਿਲਦੀਆਂ ਸੇਵਾਵਾਂ ਦਾ ਲਾਭ ਅੱਜ ਪੰਜਾਬ ਦੇ ਇੱਕ ਸੌ ਬਾਨਵੇਂ ਹਸਪਤਾਲ ਲੈ ਰਹੇ ਹਨ। ਬਲੱਡ ਬੈਂਕ ਨਾਲ ਜੁੜੇ ਢਾਈ ਸੌ ਤੋਂ ਵੱਧ ਲੋਕ ਮੋਟੀਵੇਟਰ ਦਾ ਕੰਮ ਪੱਲਿਉਂ ਖਰਚ ਕਰ ਕੇ ਕਰਦੇ ਹਨ ਤੇ ਵਿਦੇਸ਼ ਬੈਠੇ ਸੱਜਣ ਉਸ ਨੂੰ ਚੱਲਦਾ ਰੱਖਣ ਲਈ ਹਰ ਵਕਤ ਕੁਝ ਨਾ ਕੁਝ ਮਦਦ ਕਰਨ ਲੱਗੇ ਰਹਿੰਦੇ ਹਨ। ਖਰੜ ਦੇ ਜਸਪਾਲ ਸਿੰਘ ਮਾਨ ਦਾ ਪੁੱਤਰ ਹਾਦਸੇ ਦਾ ਸ਼ਿਕਾਰ ਹੋ ਜਾਣ ਪਿੱਛੋਂ ਉਹ ਸਾਰੇ ਪੰਜਾਬ ਦੇ ਬੱਚਿਆਂ ਨੂੰ ਸੜਕਾਂ ਦੇ ਮਾਰੂਪੁਣੇ ਤੋਂ ਸੁਚੇਤ ਕਰਨ ਦੇ ਕੰਮ ਲੱਗੇ ਹੋਏ ਹਨ ਤੇ ਪੱਲਿਉਂ ਖਰਚ ਕਰ ਕੇ ਇਹ ਨੇਕੀ ਦਾ ਕੰਮ ਕਰਦੇ ਹਨ। ਸ਼ਾਮ ਚੁਰਾਸੀ ਨੇੜੇ ਪਿੰਡ ਕੋਟਲੀ ਅਟਾਰੀਆਂ ਦੇ ਭੁਪਿੰਦਰ ਸਿੰਘ ਹੁੰਦਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੇ ਪਿੰਡ ਦੇ ਕਿਸਾਨਾਂ ਲਈ ਖੇਤੀ ਸਕੀਮਾਂ ਵਿਚ ਅਗਵਾਈ ਅਤੇ ਸਮੁੱਚੇ ਪਿੰਡ ਦੇ ਲੋਕਾਂ ਲਈ ਈ-ਕਲੀਨਿਕ ਚਲਾਉਣ ਸਮੇਤ ਕਈ ਉਪਰਾਲੇ ਸ਼ੁਰੂ ਕਰ ਕੇ ਆਪਣੀ ਕਮਾਈ ਦਾ ਦਸਵੰਧ ਇਸ ਪਾਸੇ ਲਾਇਆ ਹੋਇਆ ਹੈ ਤੇ ਹੋਰਾਂ ਨੂੰ ਇਸ ਰਾਹੇ ਤੁਰਨ ਨੂੰ ਪ੍ਰੇਰਿਆ ਹੈ। ਮਾਝੇ ਦੇ ਭਿਖੀਵਿੰਡ ਕੋਲ ਮਰਗਿੰਦਪੁਰਾ ਪਿੰਡ ਦੇ ਰਣਜੀਤ ਸਿੰਘ ਸੰਧੂ ਨੇ ਆਪਣੇ ਪੁੱਤਰ ਗੁਰਲਾਲ ਦੇ ਦੇਹਾਂਤ ਪਿੱਛੋਂ ਆਪਣਾ ਅੱਧ ਕਰੋੜ ਰੁਪਏ ਤੋਂ ਵੱਧ ਦੇ ਮੁੱਲ ਦਾ ਘਰ ਵੀ ਪੰਜਾਬ ਸਰਕਾਰ ਦਾ 'ਆਮ ਆਦਮੀ ਕਲੀਨਿਕ' ਖੋਲ੍ਹਣ ਲਈ ਦੇ ਦਿੱਤਾ ਹੈ ਅਤੇ ਭਲਾਈ ਦੇ ਕਈ ਹੋਰ ਕੰਮਾਂ ਵਿਚ ਹਰ ਤਰ੍ਹਾਂ ਮਦਦ ਕਰਨ ਦਾ ਨੇਕ ਕੰਮ ਕਰਦੇ ਰਹਿੰਦੇ ਅਤੇ ਹੋਰਨਾਂ ਨੂੰ ਇਸ ਲਈ ਪ੍ਰੇਰਨਾ ਦੇ ਰਹੇ ਹਨ।

ਗੱਲ ਜਿੱਥੋਂ ਸ਼ੁਰੂ ਕੀਤੀ ਗਈ, ਮੁੜ ਕੇ ਓਥੇ ਆ ਜਾਂਦੀ ਹੈ ਕਿ ਜਦੋਂ ਭਾਰਤ ਹਰ ਸਾਲ ਗਣਤੰਤਰ ਦਿਵਸ ਮਨਾ ਕੇ ਆਪਣੇ ਲੋਕਾਂ ਨੂੰ ਉਸ ਸੰਵਿਧਾਨ ਦੇ ਸਤਿਕਾਰ ਦਾ ਹੋਕਾ ਦਿੰਦਾ ਹੈ, ਜਿਸ ਵਿਚ ਆਪਣੀ ਮਰਜ਼ੀ ਦੇ ਧਰਮ ਨੂੰ ਮੰਨਣ ਅਤੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦਾ ਹੱਕ ਲਿਖਿਆ ਹੈ ਤਾਂ ਅਮਲ ਵਿਚ ਹਾਲ ਕੀ ਹੈ! ਸੱਚਾਈ ਅੱਜ ਵੀ ਇਹ ਹੈ ਕਿ ਜਿਹੜੇ ਇਲਾਕੇ ਵਿਚ ਜਿਸ ਧਰਮ ਵਾਲਿਆਂ ਦੀ ਬਹੁ-ਗਿਣਤੀ ਜਾਂ ਧੱਕੜਸ਼ਾਹ ਰੁਖ ਕਾਰਨ ਦਬਦਬਾ ਹੈ, ਉਸ ਖੇਤਰ ਦੀ ਘੱਟ-ਗਿਣਤੀ ਵਾਲਿਆਂ ਨੂੰ ਦਬਾਇਆ ਜਾਣਾ ਆਮ ਜਿਹੀ ਗੱਲ ਹੈ। ਹਰ ਧਰਮ ਦੇ ਲੋਕ ਇੱਕ ਜਾਂ ਦੂਸਰੇ ਥਾਂ ਇਸ ਵਰਤਾਰੇ ਦਾ ਸ਼ਿਕਾਰ ਹੋ ਕੇ ਕੁੱਟ ਖਾਂਦੇ ਦਿਸ ਪੈਂਦੇ ਹਨ ਅਤੇ ਕਈ ਵਾਰੀ ਇੱਕੋ ਧਰਮ ਦੇ ਲੋਕ ਇੱਕ ਦੂਸਰੇ ਨੂੰ ਉਸ ਖਾਸ ਧਰਮ ਦੀ ਆਪਣੀ ਮਰਜ਼ੀ ਨਾਲ ਵਿਆਖਿਆ ਕਰ ਕੇ ਧਮਕਾਉਣ ਤੇ ਕੁੱਟਣ ਤੱਕ ਪਹੁੰਚ ਜਾਂਦੇ ਹਨ। ਅਸੀਂ ਗੁਰੂ ਅਰਜਨ ਦੇਵ ਜੀ ਦਾ ਉਪਦੇਸ਼ ਪੜ੍ਹਿਆ ਹੋਇਆ ਸੀ: 'ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜੁ ਜੀਉ॥' ਭਾਰਤ ਦੇ ਸੰਤ ਅੱਜ ਹਲੇਮੀ ਰਾਜ ਦੀ ਗੱਲ ਕਰਨ ਦੀ ਥਾਂ ਇਸ ਤੋਂ ਉਲਟ ਲੋਕਾਂ ਨੂੰ ਇੱਕ-ਦੂਸਰੇ ਨਾਲ ਲੜਾਉਣ ਦਾ ਕੰਮ ਸਿਖਾਉਂਦੇ ਦਿਸਦੇ ਹਨ ਤੇ ਸੰਵਿਧਾਨ ਮੁਤਾਬਕ ਆਪੋ-ਆਪਣੀ ਮਰਜ਼ੀ ਮੁਤਾਬਕ ਧਰਮ ਨੂੰ ਮੰਨਣ ਤੇ ਮਰਜ਼ੀ ਮੁਤਾਬਕ ਪੂਜਾ ਕਰਨ ਦਾ ਹੱਕ ਕਿਸੇ ਨੂੰ ਦੇਣ ਦੀ ਥਾਂ ਧੌਂਸ ਨਾਲ ਆਪਣੀ ਗੱਲ ਮਨਾਉਣ ਦਾ ਰਾਹ ਫੜ ਰੱਖਿਆ ਹੈ। ਭਾਰਤ ਦਾ ਸੰਵਿਧਾਨ ਇਹ ਸਭ ਕੁਝ ਹੁੰਦਾ ਖੁਦ ਨਹੀਂ ਰੋਕ ਸਕਦਾ, ਜਿਨ੍ਹਾਂ ਦੀ ਜ਼ਿੰਮੇਵਾਰੀ ਏਦਾਂ ਹੋਣ ਤੋਂ ਰੋਕਣ ਅਤੇ ਦੇਸ਼ ਨੂੰ ਸੰਵਿਧਾਨ ਮੁਤਾਬਕ ਚਲਾਉਣ ਦੀ ਹੈ, ਉਹ ਖੁਦ ਕਿਧਰੇ ਇੱਕ ਤੇ ਕਿਸੇ ਥਾਂ ਦੂਸਰੇ ਧਰਮ ਦੀ ਕੱਟੜਪੰਥੀ ਧਿਰ ਨੂੰ ਚੋਣਾਂ ਦੀ ਰਾਜਨੀਤਕ ਲੋੜ ਲਈ ਵਰਤਣ ਦਾ ਕੰਮ ਕਰ ਕੇ ਖੁਸ਼ ਹੋ ਰਹੇ ਹਨ, ਪਰ ਸਾਲ ਮਗਰੋਂ ਸੰਵਿਧਾਨ ਦੀ ਚਰਚਾ ਕਰ ਛੱਡਦੇ ਹਨ।

ਜਿਵੇਂ ਭਾਰਤ ਦਾ ਸੰਵਿਧਾਨ ਲੋੜ ਵੇਲੇ ਚਰਚਾ ਕਰਨ ਜੋਗਾ ਦਸਤਾਵੇਜ਼ ਬਣ ਕੇ ਰਹਿ ਗਿਆ ਹੈ, ਏਦਾਂ ਹੀ ਭਾਰਤ ਦਾ ਗਣਤੰਤਰ ਵੀ ਸਾਲ ਬਾਅਦ ਪਰੇਡਾਂ ਅਤੇ ਝਾਕੀਆਂ ਤੱਕ ਸੀਮਤ ਹੁੰਦਾ ਜਾਂਦਾ ਹੈ। ਕੀ ਇਹ ਗੱਲ ਸੱਚ ਨਹੀਂ!

# ਅੱਧੀ ਸਦੀ ਪਹਿਲਾਂ ਦੇ ਅੰਡੇਮਾਨ ਤੇ ਨਿਕੋਬਾਰ ਟਾਪੂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਂ ਅਪ੍ਰੈਲ-ਮਈ 1973 ਵਿਚ ਇਕ ਮਹੀਨਾ ਅੰਡੇਮਾਨ ਤੇ ਨਿਕੋਬਾਰ ਰਹਿ ਕੇ ਆਇਆ ਸਾਂ। ਅਜੋਕੀ ਸਰਕਾਰ ਨੇ ਉਥੋਂ ਦੇ 21 ਟਾਪੂਆਂ ਦਾ ਨਾਂ ਪਰਮਵੀਰ ਚੱਕਰ ਵਿਜੇਤਾਵਾਂ ਦੇ ਨਾਂ 'ਤੇ ਰੱਖਣ ਦਾ ਐਲਾਨ ਕੀਤਾ ਹੈ। ਇਸਦਾ ਓਥੋਂ ਦੇ ਵਸਨੀਕਾਂ ਨੂੰ ਕੀ ਧਰਵਾਸ ਹੋਵੇਗਾ ਇਹ ਤਾਂ ਸਮੇਂ ਨੇ ਦੱਸਣਾ ਹੈ ਪਰ ਇਸ ਖਬਰ ਨੇ ਮੈਨੂੰ ਆਪਣੀ ਅੱਧੀ ਸਦੀ ਪਹਿਲਾਂ ਵਾਲੀ ਯਾਦਗਾਰੀ ਫੇਰੀ ਚੇਤੇ ਕਰਵਾ ਦਿੱਤੀ ਹੈ। ਉਥੋਂ ਦੀ ਖੂਬਸੂਰਤੀ ਤੇ ਉਥੋਂ ਦੇ ਵਸਨੀਕਾਂ ਦੀਆਂ ਮੁਸ਼ਕਲਾਂ। ਨਾ ਅੰਤਾਂ ਦੀ ਗਰਮੀ ਤੇ ਨਾ ਸਰਦੀ। ਨਾ ਧੂੜ ਧੱਪਾ, ਨਾ ਚੋਰੀ ਚਕਾਰੀ। ਨਾ ਮੰਗਤੇ ਤੇ ਭਿਖਾਰੀ। ਤੇ ਨਾ ਹੀ ਜਾਤ-ਪਾਤ ਦੀ ਵੰਡ।

ਸਮੁੰਦਰੀ ਜਹਾਜ਼ ਰਾਹੀਂ ਉਥੇ ਪਹੁੰਚਣ ਵਿਚ ਤਿੰਨ ਦਿਨ ਤੇ ਰਾਤਾਂ ਲੱਗਦੀਆਂ ਹਨ। ਜਹਾਜ਼ ਵਿਚ ਮੇਰੀ ਮੁਲਾਕਾਤ ਕਰਨਲ ਦੂਬੇ ਨਾਂ ਦੇ ਉਸ ਵਿਅਕਤੀ ਨਾਲ ਹੋਈ ਜਿਹੜਾ ਗਰੇਟ ਨਿਕੋਬਾਰ ਦੇ ਹੇਠਲੇ ਕੋਨੇ ਕੈਪਬੈਲਵੇਅ ਵਿਚ ਆਦਿ-ਵਾਸੀਆਂ ਲਈ 56 ਕਿਲੋਮੀਟਰ ਲੰਬੀ ਸੜਕ ਬਣਵਾ ਰਿਹਾ ਸੀ ਤੇ ਲਛਮਣ ਸਿੰਘ ਨਾਲ ਵੀ ਕਈ ਟਾਪੂਆਂ ਦਾ ਐਸਿਸਟੈਂਟ ਕਮਿਸ਼ਨਰ ਰਹਿ ਚੁੱਕਿਆ ਸੀ। ਉਨ੍ਹਾਂ ਦਾ ਮੱਤ ਸੀ ਕਿ ਏਥੋਂ ਦੇ ਲੋਕ ਬੜੇ ਸੁਸਤ ਹਨ। ਬਿਲਕੁਲ ਮੱਠੇ। ਕਿਸੇ ਨੂੰ ਕੋਈ ਕਾਹਲ ਨਹੀਂ। ਉਨ੍ਹਾਂ ਦੀ ਜੀਵਨ ਸ਼ੈਲੀ ਹੀ ਇਹੋ ਜਿਹੀ ਹੈ।

ਫੇਰ ਜਦੋਂ ਸਾਡੇ ਜਹਾਜ਼ ਨੇ ਪੂਰੀ ਰਫਤਾਰ ਫੜ ਲਈ ਤਾਂ ਸਵੇਰ ਦੇ ਸੂਰਜ ਦੀਆਂ ਕਿਰਨਾਂ ਨਾਲ ਪਾਣੀ ਵਿਚ ਚਿੱਟੀ ਝੱਗ ਪੈਦਾ ਹੋਣ ਲੱਗੀ। ਸੂਰਜ ਦੀਆਂ ਕਿਰਨਾਂ ਇਸ ਝੱਗ ਦੇ ਆਕਾਰ ਵਿਚ ਵਾਧਾ ਕਰ ਰਹੀਆਂ ਸਨ। ਇਸ ਆਕਾਰ ਦੇ ਵੱਡੇ ਸਰੂਪ ਨੂੰ ਚਿੱਟੇ ਘੋੜੇ ਕਿਹਾ ਜਾਂਦਾ ਹੈ। ਇਨ੍ਹਾਂ ਦਾ ਜਵਾਨ ਹੋਣਾ ਸਾਗਰ ਦੇ ਗੁੱਸੇ ਦਾ ਸੂਚਕ ਸੀ। ਏਸ ਰੋਹ ਕਾਰਨ 98 ਫੀਸਦੀ ਮੁਸਾਫਰ ਉਲਟੀਆਂ ਕਰਨ ਲੱਗੇ। ਡਾਕਟਰਾਂ ਵੱਲੋਂ ਵੰਡੀ ਜਾ ਰਹੀ ਏਵੋਮੀਨ ਵੀ ਅਸਰ ਨਹੀਂ ਸੀ ਕਰ ਰਹੀ। ਕਰਮਚਾਰੀ ਨੱਕ 'ਤੇ ਪੱਟੀ ਬੰਨ੍ਹ ਕੇ ਪੋਚਿਆਂ ਨਾਲ ਸਫਾਈ ਕਰਦੇ ਸਨ ਤਾਂ ਅਗਲਾ ਪੂਰ ਤਿਆਰ ਹੋ ਜਾਂਦਾ ਸੀ। ਕਿਸੇ ਕਾਰਨ ਮੈਂ ਬਚਿਆ ਰਿਹਾ ਹੈ। ਡੈੱਕ ਉੱਤੇ ਗਿਆ ਤਾਂ ਬੱਦਲ ਸੂਰਜ ਦੀ ਪੇਸ਼ ਨਹੀਂ ਸੀ ਜਾਣ ਦਿੰਦੇ। ਪਰ ਸੂਰਜ ਵੀ ਘੱਟ ਨਹੀਂ ਸੀ। ਬੱਦਲਾਂ ਨੂੰ ਝਕਾਨੀ ਦੇ ਕੇ ਮੁੜ ਨਿਕਲ ਆਉਂਦਾ।

ਅਗਲੀ ਸਵੇਰੇ ਲਛਮਣ ਸਿੰਘ ਨੇ ਇਸ਼ਾਰਾ ਕਰ ਕੇ ਰੌਸ ਨਾਂ ਦਾ ਟਾਪੂ, ਉਥੋਂ ਦੀ ਸੈਲੂਲਰ ਜੇਲ੍ਹ ਤੇ ਟੂਰਿਸਟ ਹੋਮ ਹੀ ਨਹੀਂ, ਲੈਫਟੀਨੈਂਟ ਬਲੇਅਰ ਵਲੋਂ ਉਸਾਰੇ ਬਾਲਰੂਮ, ਬੁੱਚੜਖਾਨਾ, ਬੇਕਰੀ, ਕਾਲ ਕੋਠੀਆਂ, ਹਸਪਤਾਲ ਤੇ ਚੀਫ ਕਮਿਸ਼ਨਰ ਦੀ ਕੋਠੀ ਦੇ ਖੰਡਰ ਵੀ ਵਿਖਾਏ, ਜਿਨ੍ਹਾਂ ਨੂੰ 1929 ਦੇ ਭੂਚਾਲ ਨੇ ਢਹਿ ਢੇਰੀ ਕਰ ਦਿੱਤਾ ਸੀ। ਉਹ ਕੋਹਲੂ ਵੀ ਜਿਸਨੂੰ 300 ਕੈਦੀ ਵਾਰੋ-ਵਾਰੀ ਗੇੜ ਕੇ ਤੇਲ ਕੱਢਦੇ ਸਨ। ਇਨ੍ਹਾਂ ਕੈਦੀਆਂ ਤੋਂ ਇਸ ਬੇਆਬਾਦ ਧਰਤੀ ਨੂੰ ਆਬਾਦ ਕਰਨ ਦਾ ਕੰਮ ਵੀ ਲਿਆ ਜਾਂਦਾ ਸੀ, ਜੋ ਇਮਾਰਤੀ ਲੱਕੜੀ, ਰਬੜ, ਕੌਫੀ ਤੇ ਗਰਮ ਮਸਾਲਿਆਂ ਦਾ ਖਜ਼ਾਨਾ ਸੀ।

ਯੁਗਾਂ ਯੁਗਾਂਤਰਾਂ ਤੋਂ ਇਨ੍ਹਾਂ ਟਾਪੂਆਂ ਵਿਚ ਆਦਿਵਾਸੀ ਮਾਨਵ ਰਹਿੰਦੇ ਰਹੇ ਹਨ। ਸਿਰ ਦੇ ਵਾਲ ਘੁੰਗਰਾਲੇ, ਰੰਗ ਦੇ ਕਾਲੇ, ਨੰਗ ਮੁਨੰਗੇ ਤੇ ਪੱਥਰ ਨਾਲ ਪੱਥਰ ਮਾਰ ਕੇ ਅੱਗ ਬਾਲਣ ਵਾਲੇ। ਮਾਚਿਸ ਦੀ ਆਮਦ ਨੇ ਉਨ੍ਹਾਂ ਨੂੰ ਸੋਹਲ ਵੀ ਬਣਾਇਆ ਤੇ ਭਾਰਤ ਵਾਸੀਆਂ ਦੇ ਗੁਲਾਮ ਵੀ। ਉਂਝ ਹਾਲੇ ਤੱਕ 225 ਟਾਪੂਆਂ ਵਿਚੋਂ ਕੇਵਲ ਤਿੰਨ ਦਰਜਨ ਟਾਪੂ ਆਬਾਦ ਹੋਏ ਹਨ। ਇਨ੍ਹਾਂ ਵਿਚੋਂ 21 ਟਾਪੂਆਂ ਦੇ ਨਾਂ ਬਦਲ ਕੇ ਉਨ੍ਹਾਂ ਦੀ ਹੈਰੀਟੇਜ ਹੋਂਦ ਨੂੰ ਖਤਮ ਕਰਨ ਤੋਂ ਘੱਟ ਨਹੀਂ। ਪੰਜਾਬ ਦੇ ਜਲ੍ਹਿਆਂਵਾਲਾ ਬਾਗ ਵਾਂਗ ਜਿਸਨੂੰ ਨਵੀਨੀਕਰਨ ਦਾ ਨਾਂ ਦੇ ਕੇ ਆਉਣ ਵਾਲੀਆਂ ਪੀੜ੍ਹੀਆਂ ਦੀ ਅੱਖੀਂ ਘੱਟਾ ਪਾਇਆ ਗਿਆ ਸੀ। ਇਸ ਸਰਕਾਰ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਛੁਟਿਆ ਕੇ ਕੇਵਲ ਬਹਾਦਰੀ ਨਾਂ ਦੇ ਕੇ ਵੱਡੇ ਪੱਧਰ 'ਤੇ 'ਬਾਲ ਵੀਰ ਦਿਵਸ' ਮਨਾਉਣਾ ਵੀ ਏਸ ਹੀ ਲੜੀ ਵਿਚ ਆਉਂਦਾ ਹੈ।

1973 ਵਾਲੀ ਸਰਕਾਰ ਇੰਝ ਨਹੀਂ ਸੀ ਕਰਦੀ। ਉਹ ਆਦਿਵਾਸੀਆਂ ਲਈ ਸੜਕਾਂ ਹੀ ਨਹੀਂ ਸੀ ਬਣਾਉਂਦੀ। ਹੋਰ ਵੀ ਭਲੇ ਕੰਮ ਕਰਦੀ ਸੀ। ਉਸ ਫੇਰੀ ਸਮੇਂ ਮੈਨੂੰ ਬਿਮਲਾ ਨਾਂ ਦੀ ਸਮਾਜ ਸੇਵਿਕਾ ਵੀ ਮਿਲੀ ਜਿਸਨੂੰ ਵੇਲੇ ਦੀ ਸਰਕਾਰ ਨੇ ਵਿਸ਼ੇਸ਼ ਮਿਸ਼ਨ ਅਧੀਨ ਉਥੇ ਭੇਜਿਆ ਸੀ। ਅੰਡੇਮਾਨੀਆਂ ਦੀ ਨਸਲ ਦਾ ਖਾਤਮਾ ਰੋਕਣ ਲਈ।

ਸਟਰੇਟ ਟਾਪੂ ਵਿਚ ਇੱਕ ਬੀ ਏ ਨਾਂ ਦੇ ਆਦਿਵਾਸੀ ਦਾ ਪਰਿਵਾਰ ਸੀ। ਉਸ ਦੀਆਂ ਦੋ ਧੀਆਂ ਸਨ ਤੇ ਛੇ ਦੋਹਤੇ-ਦੋਹਤੀਆਂ। ਇਕ ਦੋਹਤੀ ਦਾ ਨਾਂ ਸੁਰਮਈ ਸੀ। ਜਿਰਕੇ ਨਾਂ ਦਾ ਆਦਿਵਾਸੀ ਸੁਰਮਈ ਨਾਲ ਸ਼ਾਦੀ ਕਰਕੇ ਏਸ ਨਸਲ ਨੂੰ ਚਾਲੂ ਰੱਖ ਸਕਦਾ ਸੀ ਪਰ ਸੁਰਮਈ ਬਹੁਤ ਵੱਡੀ ਉਮਰ ਦੇ ਜਿਰਕੇ ਨਾਲ ਵਿਆਹ ਕਰਾਉਣਾ ਨਹੀਂ ਸੀ ਮੰਨ ਰਹੀ। ਕਬੀਲੇ ਦੇ ਬੇਔਲਾਦ ਰਾਜੇ ਦੇ ਦਖਲ ਦੇਣ ਉੱਤੇ ਵੀ ਨਹੀਂ, ਜਿਹੜਾ ਜਿਰਕੇ ਦੀ ਧੀ ਨੂੰ ਆਪਣੀ ਬਣਾ ਕੇ ਪਾਲ ਰਿਹਾ ਸੀ। ਭਾਰਤ ਸਰਕਾਰ ਵਲੋਂ ਭੇਜੀ ਗਈ ਸਮਾਜ ਸੇਵਿਕਾ ਆਪਣੇ ਪਤੀ ਸਮੇਤ ਉਥੇ ਏਸ ਲਈ ਪਹੁੰਚੀ ਸੀ ਕਿ ਬਿਮਲਾ ਆਪਣੀ ਕਲਾ ਕੌਸ਼ਲਤਾ ਨਾਲ ਦੋਵਾਂ ਪਰਿਵਾਰਾਂ ਨੂੰ ਜਿਰਕੇ-ਸੁਰਮਈ ਗੱਠਜੋੜ ਲਈ ਮਨਾਵੇ। ਉਸਨੂੰ ਸਫਲਤਾ ਮਿਲੀ ਸੀ ਜਾਂ ਨਹੀਂ ਮੈਂ ਨਹੀਂ ਜਾਣਦਾ ਪਰ ਇਹ ਜਾਣਦਾ ਹਾਂ ਕਿ 1973 ਵਾਲੀ ਸਰਕਾਰ ਏਨੀ ਫੱਫੇਕੁਟਣੀ ਨਹੀਂ ਸੀ ਜਿੰਨੀ ਉਨ੍ਹਾਂ ਟਾਪੂਆਂ ਨੂੰ ਪਰਮਵੀਰ ਵਿਜੇਤਾਵਾਂ ਦਾ ਛੁਣਛੁਣਾ ਦੇਣ ਵਾਲੀ। ਉਨ੍ਹਾਂ ਨੇ ਇਨ੍ਹਾਂ ਨਾਵਾਂ ਤੋਂ ਕੀ ਲੈਣਾ ਜਿਹੜੇ ਉਸ ਮਿੱਟੀ ਦੇ ਨਹੀਂ ਤੇ ਨਾ ਹੀ ਕਦੀ ਉਨ੍ਹਾਂ ਵਿਚ ਵਿਚਰੇ ਹਨ।

### ਪੰਜਾਬੀ ਦਾ ਹਬੀਬ ਤਨਵੀਰ ਨਿੰਦਰ ਘੁਗਿਆਣਵੀ

ਮਹਾਰਾਸ਼ਟਰ ਦੀ ਮਹਾਤਮਾ ਗਾਂਧੀ ਅੰਤਰਰਾਸ਼ਟਰੀ ਹਿੰਦੀ ਯੂਨੀਵਰਸਟੀ ਵਾਰਧਾ ਨੇ ਪੰਜਾਬੀ ਦੇ ਜਾਣੇ-ਪਹਿਚਾਣੇ ਨੌਜਵਾਨ ਲੇਖਕ ਨਿੰਦਰ ਘੁਗਿਆਣਵੀ ਨੂੰ ਯੂਨੀਵਰਸਟੀ ਦੀ ਰੈਜ਼ੀਡੈਂਟ ਰਾਈਟਰ ਚੇਅਰ ਉੱਤੇ ਵਿਜ਼ਟਿੰਗ ਪ੍ਰੋਫੈਸਰ ਨਿਯੁਕਤ ਕੀਤਾ ਹੈ। ਹੁਣ ਸਾਡਾ ਨਿੰਦਰ ਉਸ ਯੂਨੀਵਰਸਟੀ ਦੇ ਹਿੰਦੀ ਸਾਹਿਤ ਸਭਿਆਚਾਰ ਤੇ ਕਲਾ ਵਿਭਾਗ ਦੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਤੇ ਕਲਾ ਨਾਲ ਸਬੰਧਤ ਲੈਕਚਰ ਦਿਆ ਕਰੇਗਾ। ਇਸ ਚੇਅਰ 'ਤੇ ਬਿਰਾਜਮਾਨ ਹੋਣ ਵਾਲੇ ਰੈਜ਼ੀਡੈਂਟ ਲੇਖਕਾਂ ਦੀ ਗਿਣਤੀ ਵੀਹ ਤੋਂ ਉੱਤੇ ਹੈ ਪਰ ਨਿੰਦਰ ਘੁਗਿਆਣਵੀ ਉਨ੍ਹਾਂ ਵਿਚੋਂ ਸਭ ਤੋਂ ਘੱਟ ਉਮਰ ਦਾ ਹੈ। ਏਸ ਤਰ੍ਹਾਂ ਜਿਵੇਂ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਨਾਲ ਨਿਵਾਜੇ ਜਾਣ ਵਾਲਾ ਸ਼ਿਵ ਕੁਮਾਰ ਬਟਾਲਵੀ ਸੀ। ਵਾਰਧਾ ਯੂਨੀਵਰਸਟੀ ਵਲੋਂ ਏਸ ਤਰ੍ਹਾਂ ਸਨਮਾਨੇ ਜਾਣ ਵਾਲੇ ਲੇਖਕਾਂ ਵਿਚ ਪਦਮ ਵਿਭੂਸ਼ਣ ਹਬੀਬ ਤਨਵੀਰ ਵੀ ਹੋ ਗੁਜ਼ਰਿਆ ਹੈ।

ਏਧਰ ਨਿੰਦਰ ਘੁਗਿਆਣਵੀ ਐੱਮ ਐੱਸ ਰੰਧਾਵਾ ਵਲੋਂ ਸਥਾਪਤ ਕੀਤੀ ਪੰਜਾਬ ਆਰਟਸ ਕਾਊਂਸਲ ਚੰਡੀਗੜ੍ਹ ਦਾ ਮੀਡੀਆ ਕੋਆਰਡੀਨੇਟਰ ਹੈ। ਆਸ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਵਕਤ ਵਿਚ ਆਦਾਨ-ਪਰਦਾਨ ਵੀ ਹੋਵੇਗਾ। ਜੇ ਉਥੇ ਮਹਾਤਮਾ ਗਾਂਧੀ ਦਾ ਨਾਂ ਬੋਲਦਾ ਹੈ ਤਾਂ ਏਥੇ ਐਮ ਐਸ ਰੰਧਾਵਾ ਦਾ!

**ਅੰਤਿਕਾ**

—ਮਿਰਜ਼ਾ ਗਾਲਿਬ—

ਮੰਜ਼ਰ ਏਕ ਬੁਲੰਦੀ ਪਰ ਔਰ ਹਮ ਬਨਾ ਸਕਤੇ
ਕਾਸ਼ ਕਿ ਇਧਰ ਹੋਤਾ ਅਰਸ਼ ਸੇ ਮਕਾਂ ਅਪਨਾ।

# ਮਨ ਦੀਆਂ ਸੈਣਤਾਂ ਦੀ ਕਹਾਣੀਕਾਰ ਸ਼ਰਨਜੀਤ ਕੌਰ

**ਕਲਮਾਂ ਵਾਲੀਆਂ**

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਬਾਰੈਵੇਂ ਪੂਰ ਵਿਚ ਉੱਘੀ ਕਹਾਣੀਕਾਰ ਸ਼ਰਨਜੀਤ ਕੌਰ ਬਾਰੇ ਗੱਲਾਂ ਹਨ।***

ਜਦੋਂ ਮੈਂ ਇਹ ਲੇਖ ਲਿਖ ਰਿਹਾ ਸੀ, ਸ਼ਰਨਜੀਤ ਕੌਰ ਅਚਾਨਕ ਚਲੀ ਗਈ। ਬਦਕਿਸਮਤੀ ਨੂੰ ਮੇਰੇ ਇਸ ਲੇਖ ਵਿਚ ਉਹ 'ਹੈ' ਤੋਂ 'ਸੀ' ਬਣ ਗਈ। ਉਹਦੇ ਚਲਾਣੇ ਦੀ ਸੋਗੀ ਖ਼ਬਰ ਸੁਣਿਆਂ ਵੀ ਚੇਤੇ ਵਿਚ ਉਹਦਾ ਚਿਹਰਾ ਉੱਭਰਿਆ ਤਾਂ ਉਸੇ ਸਦੀਵੀ ਮੁਸਕਰਾਹਟ ਨਾਲ ਖਿੜਿਆ ਹੋਇਆ। ਉਹ ਚੰਡੀਗੜ੍ਹ ਦੇ ਸਾਹਿਤਕ ਜੋੜ-ਮੇਲਿਆਂ ਵਿਚ ਜ਼ਰੂਰ ਸ਼ਾਮਲ ਹੁੰਦੀ ਤੇ ਕੋਈ ਵੀ ਲੇਖਕ, ਜਿਸ ਨੂੰ ਉਹ ਕਦੀ ਮਿਲੀ ਹੋਵੇ, ਇਹ ਨਹੀਂ ਕਹਿ ਸਕਦਾ ਕਿ ਉਹ ਉਹਨੂੰ ਅਨਮੁਸਕਰਾਈ ਮਿਲੀ ਸੀ। ਮੁਸਕਰਾਉਣਾ ਉਹਦੀ ਬਾਹਰੀ ਆਦਤ ਨਹੀਂ ਸੀ, ਦਿਲ ਦਾ ਚਾਅ ਸੀ। ਇਨ੍ਹਾਂ ਚੰਦਰੇ ਦਿਨਾਂ ਵਿਚ ਉਹਦੇ ਬੀਮਾਰ ਹੋਣ ਦੀ ਸੋਅ ਤਾਂ ਕਿਥੋਂ ਮਿਲਣੀ ਸੀ, ਉਹਦੇ 12 ਸਤੰਬਰ ਨੂੰ ਹੋਏ ਚਲਾਣੇ ਦੀ ਖ਼ਬਰ ਵੀ ਚਾਰ ਦਿਨ ਪਛੜ ਕੇ 16 ਸਤੰਬਰ ਨੂੰ ਓਦੋਂ ਮਿਲੀ ਜਦੋਂ ਉਹ ਵਟਸਐਪ ਵਿਚ ਘੁੰਮਣ ਲੱਗੀ। ਕੁਦਰਤੀ ਸੀ ਕਿ ਇਕ ਸਮਕਾਲੀ ਸਾਹਿਤਕਾਰ ਦੀ ਸਿੱਧੀ ਚਲਾਣੇ ਦੀ ਖ਼ਬਰ, ਉਹ ਵੀ ਇਉਂ ਪਛੜ ਕੇ ਮਿਲਣ ਨਾਲ ਚਿੱਤ ਨੂੰ ਧੱਕਾ ਲਗਦਾ।



ਸ਼ਰਨਜੀਤ ਕੌਰ ਦੇ ਜੀਵਨ ਦਾ ਧੁਰਾ ਸਾਹਿਤ ਸੀ।

**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਕਲਮ ਉਹਦਾ ਸ਼ੌਕ ਵੀ ਸੀ ਤੇ ਸਹਾਰਾ ਵੀ ਜੋ ਉਹਨੂੰ ਸਭ ਦੁੱਖ-ਤਕਲੀਫ਼ਾਂ ਭੁਲਾ ਦਿੰਦਾ ਸੀ। ਉਹਨੇ ਪੀ-ਐਚ. ਡੀ. ਤੱਕ ਪੜ੍ਹਾਈ ਕੀਤੀ ਹੋਈ ਸੀ ਤੇ ਉਹਨੂੰ ਆਪਣੀ ਸਾਹਿਤਕ ਜਾਣਕਾਰੀ ਦਾ ਤੇ ਰਚਨਾਕਾਰ ਵਜੋਂ ਸਮਰੱਥਾ ਦਾ ਜਾਇਜ਼ ਮਾਣ ਸੀ। ਜਦੋਂ ਕਦੀ ਫੋਨ 'ਤੇ ਮੇਲ ਹੁੰਦਾ, ਉਹ ਬਾਕੀ ਗੱਲਾਂ ਮੁਕਾ ਕੇ ਝੱਟ ਲਿਖਣ-ਪੜ੍ਹਨ ਤੱਕ ਪਹੁੰਚ ਜਾਂਦੀ। ਅਜੇ ਕੁਝ ਹੀ ਦਿਨ ਪਹਿਲਾਂ ਉਹਦਾ ਫੋਨ ਆਇਆ ਕਿ ਇਕ ਸਲਾਹ ਲੈਣੀ ਹੈ। ਕਹਿਣ ਲੱਗੀ, "ਯਾਦ ਹੈ, ਤੁਸੀਂ ਲਿਖਿਆ ਸੀ ਕਿ 'ਅਜੇ ਤਾਂ, ਪਤਾ ਨਹੀਂ ਕਿਉਂ ਸ਼ਰਨਜੀਤ ਕੌਰ ਨੇ ਆਪਣੇ ਕੀਤੇ ਰੀਵਿਊਆਂ ਦੇ ਸੰਗ੍ਰਹਿ ਕਰਨੇ ਸ਼ੁਰੂ ਨਹੀਂ ਕੀਤੇ! ਜਿਸ ਦਿਨ ਉਹਨੂੰ ਇਸ ਗੱਲ ਦੀ ਯਾਦ ਜਾਂ ਸਮਝ ਆ ਗਈ, ਵੱਡੀਆਂ-ਵੱਡੀਆਂ ਕਈ ਪੁਸਤਕਾਂ ਦੀ ਲੜੀ ਬਣ ਜਾਵੇਗੀ।' ਇਹ ਕੰਮ ਤੁਸੀਂ ਹੀ ਯਾਦ ਕਰਵਾਇਆ ਹੈ। ਮੈਂ ਕੋਈ ਇਕ ਹਜ਼ਾਰ ਕਿਤਾਬਾਂ ਦੇ ਰੀਵਿਊ ਕੀਤੇ ਹੋਏ ਨੇ, ਜਿਨ੍ਹਾਂ ਵਿਚੋਂ ਕੁਝ ਤਾਂ ਛੋਟੇ-ਵੱਡੇ ਲੇਖ ਨੇ। ਛਪੇ ਹੋਏ ਡੇਢ ਹਜ਼ਾਰ ਪੰਨੇ ਬਣ ਜਾਣਗੇ। ਇਕ ਜਿਲਦ ਵਿਚ ਛਪ ਨਹੀਂ ਸਕਦੇ। ਸਮਾਂ-ਵੰਡ ਕਰ ਕੇ ਕਈ ਜਿਲਦਾਂ ਵਿਚ ਛਾਪਿਆਂ ਪਹਿਲੀਆਂ ਜਿਲਦਾਂ ਦੀਆਂ ਲਿਖਤਾਂ ਬਹੁਤ ਪੁਰਾਣੀਆਂ ਲੱਗਣਗੀਆਂ। ਹੁਣ ਗੱਲ ਨੂੰ ਕਿਸੇ ਰਾਹ ਪਾਉਣ ਦੀ ਜ਼ਿੰਮੇਵਾਰੀ ਤੁਹਾਡੀ ਹੈ।"

ਮੈਂ ਸਲਾਹ ਦਿੱਤੀ ਕਿ ਉਹ ਲਿਖਤਾਂ ਦੀ ਵੰਡ ਸਮੇਂ ਅਨੁਸਾਰ ਨਾ ਕਰੇ, ਵਿਧਾ ਅਨੁਸਾਰ ਕਰੇ। ਕਵਿਤਾ ਦੇ ਰੀਵਿਊ ਇਕ ਜਿਲਦ ਵਿਚ, ਕਹਾਣੀ ਦੇ ਇਕ ਵਿਚ ਤੇ ਇਉਂ ਹੀ ਨਾਵਲਾਂ, ਸਫ਼ਰਨਾਮਿਆਂ, ਵਾਰਤਿਕ, ਆਲੋਚਨਾ ਆਦਿ ਦੇ ਰੀਵਿਊ। ਇਉਂ ਸਭ ਕਿਤਾਬਾਂ 2020 ਤੱਕ ਆ ਪਹੁੰਚਣਗੀਆਂ ਤੇ ਪਾਠਕ ਨੂੰ ਵਿਚੋਂ ਕੋਈ ਵੀ ਪੁਰਾਣੀ ਤੇ ਬੇਹੀ ਨਹੀਂ ਲੱਗੇਗੀ। ਮੇਰੀ ਗੱਲ ਸੁਣ ਕੇ ਉਹਨੇ ਸੁਖ ਦਾ ਸਾਹ ਲਿਆ ਅਤੇ ਸੰਤੁਸ਼ਟ ਵੀ ਹੋਈ ਤੇ ਖ਼ੁਸ਼ ਵੀ। ਕਹਿੰਦੀ, "ਤੁਸੀਂ ਮੈਨੂੰ ਮੁਸ਼ਕਿਲ ਵਿਚੋਂ ਕੱਢ ਕੇ ਵਧੀਆ ਰਾਹ ਦਿਖਾ ਦਿੱਤਾ, ਮੈਂ ਅੱਜ ਹੀ ਕੰਮ ਸ਼ੁਰੂ ਕਰ ਦਿੰਦੀ ਹਾਂ।" ਇਹ ਗੱਲ ਏਨੀ ਸੱਜਰੀ ਹੈ ਕਿ ਪਤਾ ਨਹੀਂ ਉਹਨੂੰ ਕੰਮ ਸ਼ੁਰੂ ਕਰਨ ਦਾ ਸਮਾਂ ਵੀ ਮਿਲਿਆ ਹੋਣਾ ਹੈ ਕਿ ਨਹੀਂ।

ਉਹ ਕਈ ਦਹਾਕਿਆਂ ਤੋਂ ਲਗਾਤਾਰ ਲਿਖਦੀ ਆ ਰਹੀ ਅਨੁਭਵੀ ਪੰਜਾਬੀ ਲੇਖਿਕਾ ਸੀ। ਕੋਈ ਤਿੰਨ ਦਹਾਕੇ ਪਹਿਲਾਂ ਦੀ ਗੱਲ ਹੈ ਜਦੋਂ ਮੈਂ ਉਸ ਦੇ ਨਾਂ ਤੋਂ ਜਾਣੂ ਹੋਇਆ ਸੀ। ਹੋਰ ਲੇਖਕਾਂ ਦੀਆਂ ਪੁਸਤਕਾਂ ਦੇ ਉਸ ਦੇ ਕੀਤੇ ਹੋਏ ਛੋਟੇ-ਵੱਡੇ ਰੀਵਿਊ ਜਾਂ ਲੇਖ ਛਪਦੇ। ਉਸ ਦੀਆਂ ਆਪਣੀਆਂ ਕਵਿਤਾਵਾਂ, ਕਹਾਣੀਆਂ ਤੇ ਮਿੰਨੀ ਕਹਾਣੀਆਂ ਛਪਦੀਆਂ। ਇਸ ਨਾਤੇ ਕੁਦਰਤੀ ਸੀ ਕਿ ਚਾਹੇ ਕੋਈ ਪੁਸਤਕਾਂ ਦਾ ਪਾਠਕ ਹੋਵੇ ਜਾਂ ਅਖ਼ਬਾਰਾਂ-ਰਸਾਲਿਆਂ ਦਾ, ਉਹ ਇਸ ਨਾਂ ਤੋਂ ਅਨਜਾਣ ਨਹੀਂ ਸੀ ਰਹਿ ਸਕਦਾ।

ਉਸ ਨਾਲ ਮੇਰੀ ਸਿੱਧੀ ਜਾਣ-ਪਛਾਣ ਦਾ ਪੁਲ਼ ਵੀ ਇਹ ਰੀਵਿਊ ਹੀ ਬਣੇ। ਇਹ ਉਸ ਵੇਲ਼ੇ ਦੀ ਗੱਲ ਹੈ ਜਦੋਂ 1998 ਵਿਚ ਮੈਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਬਣ ਕੇ ਚੰਡੀਗੜ੍ਹ ਪਹੁੰਚਿਆ। ਮੈਂ ਸੰਪਾਦਕੀ ਬੂਹੇ ਤੋਂ ਉਹ ਪਰਚੀਆਂ ਚੁਕਵਾ ਦਿੱਤੀਆਂ ਸਨ ਜਿਨ੍ਹਾਂ ਵਿਚੋਂ ਇਕ ਲੈ ਕੇ ਪਹਿਲਾਂ ਆਉਣ ਵਾਲ਼ੇ ਨੂੰ ਆਪਣਾ ਨਾਂ ਅੰਦਰ ਭੇਜਣਾ ਪੈਂਦਾ ਸੀ। ਸੰਪਾਦਕ ਕੋਲ਼ ਆਉਣ ਵਾਲ਼ਾ ਲੇਖਕ ਹੋਵੇਗਾ, ਪੱਤਰਕਾਰ ਜਾਂ ਪਾਠਕ, ਆਪਣੇ ਹੀ ਸ਼ਬਦ-ਆਧਾਰਿਤ ਪਰਿਵਾਰ ਦੇ ਜੀਅ ਨੂੰ ਅੰਦਰ ਆਉਣ ਦੇਣ ਤੋਂ ਪਹਿਲਾਂ ਉਸ ਤੋਂ ਪਰਚੀ ਮੰਗ ਕੇ ਉਸ ਦੀ ਪਛਾਣ ਪੁੱਛਣੀ ਮੈਨੂੰ ਅਜੀਬ ਲੱਗੀ, ਸਗੋਂ ਆਉਣ ਵਾਲ਼ੇ ਦਾ ਨਿਰਾਦਰ ਲੱਗੀ।

ਇਕ ਦਿਨ ਬੂਹਾ ਖੁੱਲ੍ਹਿਆ ਤੇ ਇਕ ਸੁਆਣੀ ਅੰਦਰ ਆਈ। ਲਿਖਤਾਂ ਨਾਲ਼ ਛਪਦੀਆਂ ਰਹੀਆਂ ਤਸਵੀਰਾਂ ਸਦਕਾ ਉਹ ਜਾਣੀ ਹੋਈ ਤਾਂ ਲੱਗੀ ਪਰ ਨਾਂ ਪਕੜ ਵਿਚ ਨਾ ਆਇਆ। ਮੈਨੂੰ ਬੇਪਛਾਣਿਆਂ ਵਾਂਗ ਦੇਖਦਾ ਦੇਖ ਕੇ ਉਹ ਮੁਸਕਰਾਈ, "ਇੰਜ ਬੇਗਾਨਿਆਂ ਵਾਂਗ ਕੀ ਪਏ ਵਿੰਹਦੇ ਹੋ, ਮੈਂ ਸ਼ਰਨਜੀਤ ਕੌਰ ਹਾਂ, ਤੁਹਾਡੇ ਅਖ਼ਬਾਰ ਦੀ ਲੇਖਕ!"

ਮੈਂ ਜਵਾਬ ਦਿੱਤਾ, "ਤੁਸੀਂ ਪੰਜਾਬੀ ਦੀ ਜਾਣੀ-ਪਛਾਣੀ ਲੇਖਿਕਾ ਹੋ, ਆਪਣੇ ਆਪ ਨੂੰ ਮੇਰੇ ਅਖ਼ਬਾਰ ਤੱਕ ਕਿਉਂ ਸੀਮਤ ਕਰਦੇ ਹੋ?"

ਇਸ ਇਕੋ ਵਾਰਤਾਲਾਪ ਸਦਕਾ ਅਸੀਂ ਜਿਵੇਂ ਇਕ ਦੂਜੇ ਦੇ ਚਿਰਾਂ ਦੇ ਜਾਣੂ ਲੇਖਕ ਬਣ ਗਏ। ਉਸ ਦਿਨ ਉਹ ਤਿੰਨ ਪੁਸਤਕਾਂ ਦੇ ਰੀਵਿਊ ਦੇਣ ਆਈ ਸੀ। ਜਾਣ ਲੱਗਿਆਂ ਬੋਲੀ, "ਮੇਰਾ ਬੜਾ ਪੁਰਾਣਾ ਰਿਸ਼ਤਾ ਏ ਇਸ ਅਖ਼ਬਾਰ ਨਾਲ। ਇਹ ਰੀਵਿਊ ਫ਼ਾਈਲ ਵਿਚ ਨਾ ਰੱਖ ਛੋਡਨੇ, ਛੇਤੀ ਛਾਪ ਦੇਣੇ।" ਏਨੇ ਨੂੰ ਉਸ ਨੂੰ ਅਗਲੀ ਗੱਲ ਚੇਤੇ ਆ ਗਈ, "ਹਾਂ ਸੱਚ, ਪਿੱਛੂੰ ਭੇਜਦੇ ਫਿਰਸੋਂ, ਰੀਵਿਊ ਲਈ ਹੋਰ ਪੁਸਤਕਾਂ ਹੁਣੇ ਹੀ ਦੇ ਛੋਡੋ ਨਾ!"

ਮੈਨੂੰ ਉਹ ਦੂਰਦਰਸ਼ੀ ਲੱਗੀ ਤੇ ਉਸ ਦੀ ਗੱਲ ਸਿਆਣੀ ਲੱਗੀ। ਮੈਂ ਤੂੜੀ ਦੇ ਵੱਡੇ ਢੇਰ ਵਿਚੋਂ ਕੁਝ ਦਾਣੇ ਲੱਭ ਕੇ ਉਸ ਦੇ ਹਵਾਲੇ ਕਰ ਦਿੱਤੇ। ਇਸ ਪਿੱਛੋਂ ਪੁਸਤਕਾਂ ਲੈਣ ਤੇ ਰੀਵਿਊ ਜਾਂ ਕੋਈ ਹੋਰ ਰਚਨਾ ਦੇਣ ਵਾਸਤੇ ਆਉਣ ਦਾ ਉਸ ਦਾ ਸਿਲਸਿਲਾ ਲਗਾਤਾਰ ਬਣਿਆ ਰਿਹਾ। ਇਸ ਆਉਣ-ਜਾਣ ਨਾਲ਼ ਛੇਤੀ ਹੀ ਇਕ ਘੁੰਡੀ ਹੋਰ ਜੁੜ ਗਈ। ਪਿਛਲੀ ਮੁਲਾਕਾਤ ਤੋਂ ਮਗਰੋਂ ਸਿਰਫ਼ 'ਪੰਜਾਬੀ ਟ੍ਰਿਬਿਊਨ' ਵਿਚ ਹੀ ਨਹੀਂ, ਹੋਰ ਕਿਤੇ ਵੀ ਉਸ ਦੀ ਕੋਈ ਰਚਨਾ ਛਪ ਗਈ ਹੁੰਦੀ, ਉਹ ਆਉਂਦੀ ਤਾਂ ਇਮਤਿਹਾਨੀ ਪਰਚਾ ਪਾਉਂਦੀ, "ਮੇਰੀ ਉਹ ਰਚਨਾ ਪੜ੍ਹ ਲਈ ਸੀ ਨਾ? ਕੇਹੋ ਜਿਹੀ ਲੱਗੀ?" ਅਜਿਹੇ ਮੌਕੇ ਨਾਂਹ ਕਹਿਣ ਦੇ ਦੁਰਪ੍ਰਭਾਵ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ। ਇਸ ਕਰਕੇ ਉਸ ਦੀ ਅਗਲੀ ਫੇਰੀ ਤੋਂ ਪਹਿਲਾਂ ਉਸ ਦੀਆਂ ਉਹ ਸਭ ਰਚਨਾਵਾਂ ਪੜ੍ਹ ਲੈਣ ਵਿਚ ਹੀ ਭਲਾ ਹੁੰਦਾ ਸੀ ਜੋ ਉਸ ਦੀ ਪਿਛਲੀ ਫੇਰੀ ਤੋਂ ਮਗਰੋਂ ਛਪੀਆਂ ਹੁੰਦੀਆਂ ਸਨ।

ਦੋ ਕੁ ਸਾਲ ਪਹਿਲਾਂ ਉਹਨੇ ਸੱਤਵੇਂ ਕਹਾਣੀ-ਸੰਗ੍ਰਹਿ '...ਤੇ ਜੀਨੀ ਜਿੱਤ ਗਈ' ਦਾ ਖਰੜਾ ਤਿਆਰ ਕੀਤਾ ਤੇ ਕੋਈ ਗੱਲ ਕੀਤੇ ਬਿਨਾਂ, ਕੁਝ ਦੱਸੇ-ਪੁੱਛੇ ਬਿਨਾਂ ਕੋਰੀਅਰ ਕਰਵਾ ਕੇ ਮੈਨੂੰ ਭੇਜ ਦਿੱਤਾ। ਨਾਲ ਇਸ ਭਾਵ ਦੀ ਚਿੱਠੀ ਸੀ ਕਿ ਮੈਂ ਛੇਤੀ ਹੀ ਇਸ ਦਾ ਮੁੱਖਬੰਦ ਲਿਖ ਕੇ ਉਹਨੂੰ



ਖਰੜੇ ਸਮੇਤ ਕੋਰੀਅਰ ਕਰਵਾ ਦੇਵਾਂ। ਉਹਦੇ ਪਹਿਲਾਂ ਛਪੇ ਛੇ ਕਹਾਣੀ-ਸੰਗ੍ਰਹਿਆਂ ਨਾਲ ਹੁਣ ਇਹ ਸੱਤਵਾਂ ਜੁੜਨ ਲਗਿਆ ਸੀ। ਛੇ ਕਹਾਣੀ-ਸੰਗ੍ਰਹਿਆਂ ਵਿਚ ਸੱਤ ਪੁਸਤਕਾਂ ਹੋਰ ਵਿਧਾਵਾਂ ਦੀਆਂ ਮਿਲਾ ਕੇ ਉਹਦੀਆਂ ਤੇਰਾਂ ਪ੍ਰਕਾਸ਼ਿਤ ਪੁਸਤਕਾਂ ਮਗਰੋਂ ਇਹ ਚੌਧਵੀਂ ਸੀ।

ਕਿਸੇ ਪੁਸਤਕ ਅੱਗੇ ਲਿਖੇ ਗਏ ਮੁੱਖ-ਸ਼ਬਦਾਂ ਦਾ ਮੁੱਖ ਮਨੋਰਥ ਪਾਠਕਾਂ ਨੂੰ ਉਸ ਪੁਸਤਕ ਬਾਰੇ ਤੇ ਉਸ ਦੇ ਲੇਖਕ ਬਾਰੇ ਜਾਣਕਾਰੀ ਦੇ ਕੇ ਪੜ੍ਹਨ ਲਈ ਪ੍ਰੇਰਨਾ ਹੁੰਦਾ ਹੈ। ਪਰ ਦਹਾਕਿਆਂ ਤੋਂ ਲਿਖਦੀ ਆ ਰਹੀ ਇਸ ਲੇਖਿਕਾ ਦਾ ਆਪਣਾ ਪਾਠਕ-ਸਮੂਹ ਸੀ, ਜਿਸ ਨੂੰ ਇਹ ਦੱਸਣ ਦੀ ਕੋਈ ਲੋੜ ਨਹੀਂ ਸੀ ਰਹਿ ਜਾਂਦੀ ਕਿ ਇਹ ਲੇਖਿਕਾ ਕੌਣ ਹੈ ਤੇ ਉਸ ਦੀ ਇਸ ਪੁਸਤਕ ਤੋਂ ਉਹ ਕੀ ਆਸ ਰੱਖ ਸਕਦੇ ਹਨ।

ਇਹ ਉਸ ਦੀ ਕੋਈ ਪਹਿਲੀ ਪੁਸਤਕ ਤਾਂ ਹੈ ਨਹੀਂ ਸੀ, ਚੌਧਵੀਂ ਮੌਲਕ ਪੁਸਤਕ ਸੀ। ਲਿਖਣਾ ਉਸ ਨੇ ਕਾਲਜ-ਮੈਗਜ਼ੀਨ ਤੋਂ ਸ਼ੁਰੂ ਕੀਤਾ। 1977-78 ਵਿਚ ਉਸ ਦੀਆਂ ਲਿਖਤਾਂ ਅਖ਼ਬਾਰਾਂ-ਰਸਾਲਿਆਂ ਵਿਚ ਛਪਣ ਲੱਗ ਗਈਆਂ। 1980 ਵਿਚ ਛਪੇ ਪਹਿਲੇ ਕਹਾਣੀ-ਸੰਗ੍ਰਹਿ 'ਆਪਣੀ ਛਾਂ' ਨਾਲ਼ ਉਹ ਸਾਹਿਤਕ ਪੰਧ ਦੀ ਨਿਰੰਤਰ ਯਾਤਰੀ ਬਣ ਗਈ। ਇਸ ਪਿੱਛੋਂ ਉਹਦੇ ਪੰਜ ਹੋਰ ਕਹਾਣੀ-ਸੰਗ੍ਰਹਿ—ਆਪਣਾ ਅਕਸ, ਸੁੱਕੇ ਅੱਥਰੂ, ਦ੍ਰਿਸ਼ਟ-ਅਦ੍ਰਿਸ਼ਟ, ...ਤੇ ਹਿਨਾ ਚਲੀ ਗਈ, ਬੰਦ ਬੂਹੇ ਪਿੱਛੇ—ਪ੍ਰਕਾਸ਼ਿਤ ਹੋਏ। ਇਨ੍ਹਾਂ ਪਹਿਲਾਂ ਛਪੇ ਛੇ ਕਹਾਣੀ-ਸੰਗ੍ਰਹਿਆਂ ਨਾਲ ਹੁਣ ਇਹ ਸੱਤਵਾਂ ਜੁੜਨ ਲਗਿਆ ਸੀ। ਇਨ੍ਹਾਂ ਦੇ ਨਾਲ-ਨਾਲ ਹੀ ਇਕ ਨਾਵਲ 'ਦੁੱਧੀਂ ਦਰਦਾਂ', ਚਾਰ ਬਾਲ-ਪੁਸਤਕਾਂ 'ਨਿੱਕਾ ਹਾਂ ਪਰ ਸੋਚ ਹੈ ਵੱਡੀ', 'ਇੱਜ਼ਤ ਕਰੋ ਤੇ ਕਰਾਓ', 'ਪਾਲੋ ਪੜ੍ਹ ਗਈ' ਤੇ 'ਪੈਰਾਂ ਤੇ ਨਹੀਂ ਆਪਣੇ ਹੱਥਾਂ ਤੇ ਖਲੋਤੀ ਅਪੰਗ ਨਿੱਕੀ' ਅਤੇ ਦੋ ਪੁਸਤਕਾਂ ਆਲੋਚਨਾ ਦੀਆਂ 'ਹੁਣ ਪੰਜਾਬੀ ਦਾ ਮੁਦੱਈ ਡੈਨਮਾਰਕ ਵਿਚ' ਤੇ 'ਔਰਤ ਤੋਂ ਔਰਤ ਤੱਕ ਦਾ ਸਫ਼ਰ' ਰਲ਼ ਗਈਆਂ। ਅਜੇ ਤਾਂ, ਪਤਾ ਨਹੀਂ ਕਿਉਂ ਉਸ ਨੇ ਆਪਣੇ ਕੀਤੇ ਰੀਵਿਊਆਂ ਦੇ ਸੰਗ੍ਰਹਿ ਕਰਨੇ ਸ਼ੁਰੂ ਨਹੀਂ ਸਨ ਕੀਤੇ! ਜੇ ਉਹਨੂੰ ਇਸ ਗੱਲ ਦੀ ਯਾਦ ਜਾਂ ਸਮਝ ਆ ਜਾਂਦੀ, ਵੱਡੀਆਂ-ਵੱਡੀਆਂ ਕਈ ਪੁਸਤਕਾਂ ਦੀ ਲੜੀ ਬਣ ਜਾਣੀ ਸੀ। ਇਕ ਹਜ਼ਾਰ ਦੇ ਕਰੀਬ ਪੁਸਤਕਾਂ ਦੇ ਰੀਵਿਊ ਜਾਂ ਲੇਖ ਉਹ ਛਪਵਾ ਚੁੱਕੀ ਸੀ। ਇਉਂ ਇਹ ਮਸਾਲਾ ਡੇਢ ਹਜ਼ਾਰ ਜਾਂ ਸ਼ਾਇਦ ਇਸ ਤੋਂ ਵੀ ਵੱਧ ਪੰਨਿਆਂ ਦਾ ਤਾਂ ਹੋ ਹੀ ਜਾਣਾ ਸੀ।

ਮੈਂ ਪੁਸਤਕਾਂ ਪੜ੍ਹਨਾ ਬਹੁਤ ਘੱਟ ਕਰ ਦਿੱਤਾ ਹੋਇਆ ਸੀ। ਮੈਂ ਬੜੇ ਬਹਾਨੇ ਲਾਏ ਤੇ ਕਿਹਾ ਕਿ ਹੁਣ ਤੈਨੂੰ ਲੋਕਾਂ ਦੀਆਂ ਕਿਤਾਬਾਂ ਦੇ ਮੁੱਖਬੰਦ ਲਿਖਣੇ ਚਾਹੀਦੇ ਹਨ ਕਿ ਆਪਣੀ ਚੌਧਵੀਂ ਕਿਤਾਬ ਦਾ ਵੀ ਮੁੱਖਬੰਦ ਲਿਖਾਉਣਾ ਚਾਹੀਦਾ ਹੈ!

ਉਹ ਹੱਸੀ, "ਤੁਸਾਂ ਦੇ ਇਨ੍ਹਾਂ ਬਹਾਨਿਆਂ ਦਾ ਸ਼ਰਨਜੀਤ ਕੌਰ ਉੱਤੇ ਕੋਈ ਅਸਰ ਨਹੀਂ ਹੋਵਣ ਵਾਲ਼ਾ।"

ਮੈਂ ਸਮਝਾਇਆ, "ਅਜਿਹੇ ਕੋਈ ਸਬੂਤ ਜਾਂ ਅੰਕੜੇ ਨਹੀਂ ਮਿਲਦੇ ਜਿਨ੍ਹਾਂ ਤੋਂ ਪਤਾ ਲੱਗੇ ਕਿ ਕਿਸੇ ਪੁਸਤਕ ਦੇ ਰੀਵਿਊ ਤੋਂ ਪ੍ਰਭਾਵਿਤ ਹੋ ਕੇ ਐਨੇ ਪਾਠਕ ਉਹਦੇ ਖ਼ਰੀਦਾਰ ਬਣ ਗਏ। ਤਦ ਵੀ ਇਹ ਮੰਨਿਆ ਜਾ ਸਕਦਾ ਹੈ ਕਿ ਰੀਵਿਊ ਨਾਲ ਲੇਖਕ ਦਾ ਕੁਝ ਪਾਠਕਾਂ ਤੱਕ ਇਹ ਜਾਣਕਾਰੀ ਪੁਜਦੀ ਕਰਨ ਦਾ ਮਤਲਬ ਜ਼ਰੂਰ ਪੂਰਾ ਹੋ ਜਾਂਦਾ ਹੈ ਕਿ ਅਮਕੇ ਲੇਖਕ ਦੀ ਅਮਕੀ ਪੁਸਤਕ ਛਪੀ ਹੈ। ਪਰ ਮੁੱਖ-ਸ਼ਬਦ ਤਾਂ ਇਹ ਮਤਲਬ ਵੀ ਪੂਰਾ ਨਹੀਂ ਕਰਦੇ ਕਿਉਂਕਿ ਰੀਵਿਊ ਤਾਂ ਆਦਤਨ ਪੜ੍ਹੇ ਜਾਂਦੇ ਅਖ਼ਬਾਰਾਂ-ਰਸਾਲਿਆਂ ਵਿਚ ਹੋਣ ਕਾਰਨ ਪਾਠਕ ਦੀ ਨਜ਼ਰ ਆਪੇ ਹੀ ਪੈ ਜਾਂਦੇ ਹਨ ਪਰ ਮੁੱਖ-ਸ਼ਬਦਾਂ ਤੱਕ ਤਾਂ ਪਾਠਕ ਤਦ ਪੁੱਜੇਗਾ ਜੇ ਉਹ ਪਹਿਲਾਂ ਪੁਸਤਕ ਤੱਕ ਪੁੱਜੇਗਾ। ਤੇ ਜੇ ਉਹਨੇ ਖ਼ਰੀਦ ਕੇ, ਮੋੜਨ ਜਾਂ ਮੁਕਰਨ ਦੇ ਇਰਾਦੇ ਨਾਲ ਮੰਗ ਕੇ ਜਾਂ ਫੇਰ ਚੋਰੀ ਕਰ ਕ ਪੁਸਤਕ ਹਾਸਲ ਕਰ ਹੀ ਲਈ ਹੈ, ਫੇਰ ਮੁੱਖਬੰਦ ਦੀ ਪੁਸਤਕ ਨੂੰ ਪਾਠਕ ਤੱਕ ਪੁਜਦੀ ਕਰਨ ਵਿਚ ਤਾਂ ਕੋਈ ਭੂਮਿਕਾ ਹੋਈ ਨਾ!

ਇਸ ਸਾਰੇ ਪ੍ਰਵਚਨ ਮਗਰੋਂ ਬੇਨਤੀ ਕੀਤੀ ਕਿ ਮੁੱਖ-ਸ਼ਬਦਾਂ ਦੇ ਛਲੀਏ ਮੋਹ ਵਿਚ ਪੈਣ ਦੀ ਥਾਂ ਉਹ ਸਿਰਫ਼ ਆਪਣੀਆਂ ਕਹਾਣੀਆਂ ਦਾ ਖਰੜਾ ਤਿਆਰ ਕਰ ਕੇ ਪ੍ਰਕਾਸ਼ਕ ਦੇ ਹਵਾਲੇ ਕਰ ਦੇਵੇ। ਪਰ ਲੇਖਿਕਾ-ਹੱਠ ਦਾ ਕੋਈ ਕੀ ਕਰੇ! ਉਹਦਾ ਫ਼ੈਸਲਾ ਅਟੱਲ ਸੀ, "ਮੈਂ ਤੇ ਇਸ ਕਹਾਣੀ-ਸੰਗ੍ਰਹਿ ਦਾ ਮੁੱਖਬੰਦ ਤੁਸਾਂ ਤੋਂ ਲਿਖਾਵਣਾ ਹੀ ਲਿਖਾਵਣਾ ਏ, ਨਹੀਂ ਤੇ ਕਹਾਣੀਆਂ ਅਲਮਾਰੀ ਵਿਚ ਸੁੱਟ ਦੇਸਾਂ ਤੇ ਇਹ ਪੁਸਤਕ ਛਪਾਵਣ ਦਾ ਇਰਾਦਾ ਸਦਾ ਸਦਾ ਵਾਸਤੇ ਛੋਡ ਦੇਸਾਂ!" ਇਹ ਧਮਕੀ ਬੜੀ ਸਖ਼ਤ ਸੀ ਤੇ ਨਾਲ ਹੀ ਇਸ ਵਿਚ ਉਹਦੀ ਸੁਭਾਵਿਕ ਅਪਣੱਤ ਵੀ ਸੀ ਤੇ ਹੱਕ-ਜਤਾਈ ਵੀ ਸੀ। ਅਜਿਹੀ ਭਾਵਨਾ ਦਾ ਨਿਰਾਦਰ ਕਰਨਾ ਮੁਸ਼ਕਿਲ ਦੇਖ ਕੇ ਆਖ਼ਰ ਮੈਨੂੰ ਝੁਕਣਾ ਪਿਆ!

ਹੁਣ ਮੇਰੇ ਸਾਹਮਣੇ ਮਸਲਾ ਇਹ ਸੀ ਕਿ ਸ਼ਰਨਜੀਤ ਵਰਗੀ ਚੰਗੀ, ਇਨਸਾਨ ਵਜੋਂ ਵੀ ਚੰਗੀ ਤੇ ਲੇਖਿਕਾ ਵਜੋਂ ਵੀ ਚੰਗੀ, ਸਮਕਾਲਨ ਦੀ ਪੁਸਤਕ ਦੇ ਮੁੱਖ-ਸ਼ਬਦਾਂ ਵਿਚ ਪਾਠਕਾਂ ਨੂੰ ਇਹ ਸਵੈ-ਸਪੱਸ਼ਟ ਸੁਨੇਹਾ ਦੇਣਾ ਹਾਸੋਹੀਣਾ ਹੋਣਾ ਸੀ ਕਿ ਉਹਨੇ ਵਧੀਆ ਕਹਾਣੀਆਂ ਲਿਖੀਆਂ ਹਨ, ਤੁਸੀਂ ਜ਼ਰੂਰ ਪੜ੍ਹੋ! ਪਰ ਮੈਂ ਇਹ ਵੀ ਨਹੀਂ ਸੀ ਚਾਹੁੰਦਾ ਕਿ ਮੁੱਖ-ਸ਼ਬਦ ਲਿਖਣੋਂ ਮੇਰੀ ਆਨਾਕਾਨੀ ਕਾਰਨ ਸ਼ਰਨਜੀਤ ਕਹਾਣੀਆਂ ਚੁੱਕ ਕੇ ਸੱਚਮੁੱਚ ਅਲਮਾਰੀ ਵਿਚ ਪਟਕ ਦੇਵੇ ਤੇ ਹਰ ਪੰਜਵੇਂ-ਸੱਤਵੇਂ ਦਿਨ ਫੋਨ ਕਰ ਕੇ ਮਿਹਣੇ ਦਿੰਦੀ ਰਹੇ, "ਤੁੱਸਾਂ ਕਾਰਨ ਮੇਰੀਆਂ ਏਨੀਆਂ ਵੱਧੀਆ ਕਹਾਣੀਆਂ ਦਾ ਸੰਗ੍ਰਹਿ ਅਨਹੋਇਆ ਹੋ ਕੇ ਰਹਿ ਗਿਆ ਏ!" ਨਤੀਜੇ ਵਜੋਂ ਆਖ਼ਰ ਮੈਂ ਉਹਦੀਆਂ ਕਹਾਣੀਆਂ ਬਾਰੇ ਦੋ-ਚਾਰ ਗੱਲਾਂ ਪਾਠਕਾਂ ਨਾਲ ਸਾਂਝੀਆਂ ਕਰਨ ਲਈ ਬੈਠ ਗਿਆ!

ਪੁਰਸ਼ ਹੱਥੋਂ ਨਾਰੀ-ਦਮਨ ਦੇ ਲੰਮੇ ਇਤਿਹਾਸ ਦੀ ਜਾਣਕਾਰ ਅਤੇ ਅਜੋਕੀ ਜਾਗਰਿਤ ਨਾਰੀ ਦੇ ਅਧਿਕਾਰਾਂ ਬਾਰੇ ਤੇ ਉਨ੍ਹਾਂ ਅਧਿਕਾਰਾਂ ਲਈ ਉਸ ਦੇ ਸੰਘਰਸ਼ ਬਾਰੇ ਸਚੇਤ ਸ਼ਰਨਜੀਤ ਕੌਰ ਦੀਆਂ ਬਹੁਤੀਆਂ ਕਹਾਣੀਆਂ ਵਿਚ ਇਸ ਮੁੱਦੇ ਦਾ ਕੇਂਦਰੀ ਵਿਸ਼ਾ ਬਣ ਕੇ ਉਭਰਨਾ ਕੁਦਰਤੀ ਸੀ। ਪਰ ਦੇਖਣ ਵਾਲ਼ਾ ਸੂਖ਼ਮ ਨੁਕਤਾ ਇਹ ਹੈ ਕਿ ਉਹ ਨਾਰੀ ਦੀ ਪੁਰਸ਼ ਨਾਲ ਨਾਬਰਾਬਰੀ ਨੂੰ ਨਾਜਾਇਜ਼ ਸਮਝਦਿਆਂ ਬਰਾਬਰੀ ਦਾ ਪਰਚਮ ਤਾਂ ਚੁਕਦੀ ਸੀ ਪਰ ਉਹ ਪਰਚਮ ਪੁਰਸ਼-ਵਿਰੋਧ ਦੇ ਤਾਣੇ-ਬਾਣੇ ਦਾ ਬੁਣਿਆ ਹੋਇਆ ਨਹੀਂ ਸੀ ਹੁੰਦਾ। ਇਸ ਜਦੋਜਹਿਦ ਵਿਚ ਉਹ ਸਮਾਜਕ ਤੇ ਆਰਥਕ ਅਧਿਕਾਰਾਂ ਦੀ ਹੀ ਨਹੀਂ, ਇਸਤਰੀ ਦੇ ਆਪਣੀ ਦੇਹ ਉੱਤੇ ਅਧਿਕਾਰ ਦੀ ਗੱਲ ਵੀ ਨਿਸੰਗ ਕਰਦੀ ਸੀ। ਉਸ ਦਾ ਕਹਿਣਾ ਸੀ ਕਿ ਅੱਜ ਦੀ ਨਾਰੀ ਸਿਰਫ਼ ਆਪਣੇ ਦੁੱਖਾਂ-ਕਲੇਸਾਂ ਤੇ ਆਪਣੀਆਂ ਰੋਕਾਂ-ਬੰਦਿਸ਼ਾਂ ਦੀ ਹੀ ਭੋਗਣਹਾਰ ਨਹੀਂ ਸਗੋਂ ਇਸ ਵਿਚ ਉਹਦੀ ਮਾਂ ਤੇ ਨਾਨੀ-ਦਾਦੀ ਦੇ ਦੁਖਦਾਈ ਅਨੁਭਵ ਵੀ ਜੁੜੇ ਹੋਏ ਹਨ।

ਕਿਸੇ ਲੇਖਕ ਜਾਂ ਲੇਖਿਕਾ ਨੇ ਜਦੋਂ ਦੇਹੀ ਅਧਿਕਾਰਾਂ ਦੀ ਗੱਲ ਕਰਨੀ ਹੋਵੇ, ਵਿਸ਼ੇ, ਭਾਸ਼ਾ ਤੇ ਨਿਭਾਅ ਦੇ ਪੱਖੋਂ ਇਕ ਹੱਦ ਉਸ ਸਾਹਮਣੇ ਉਜਾਗਰ ਹੋ ਜਾਂਦੀ ਹੈ ਜਿਸ ਨੂੰ ਉਲੰਘਣਾ ਸਮਾਜਕ ਪੱਖੋਂ ਵਾਜਬ ਨਹੀਂ ਹੁੰਦਾ। ਲੇਖਕ ਦੇ ਮੁਕਾਬਿਲ ਲੇਖਿਕਾ ਸਾਹਮਣੇ ਤਾਂ ਇਹ ਹੱਦ ਹੋਰ ਵੀ ਗੂੜ੍ਹੀ ਹੋ ਕੇ ਆ ਖਲੋਂਦੀ ਹੈ। ਮਸਲਾ ਇਹ ਹੈ ਕਿ ਕਿਸੇ ਲੇਖਕ ਜਾਂ ਲੇਖਿਕਾ ਵੱਲੋਂ ਆਪਣੀ ਬੇਬਾਕੀ, ਨਿਸੰਗਤਾ ਤੇ ਪਰਦਾ-

**(ਬਾਕੀ ਅਗਲੇ ਸਫੇ 'ਤੇ)**

# ਰਹੱਸਵਾਦੀ ਕਵਿਤਾ ਦਾ ਨਵ-ਉਭਾਰ-ਆਨੰਦ ਮਹਾਂਉਤਸਵ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਰਹੱਸਵਾਦ ਮਨੁੱਖ ਦਾ ਅੰਦਰਲਾ ਸੱਚ ਅਤੇ ਇਸ ਸੱਚ ਨੂੰ ਕਵਿਤਾ ਰਾਹੀਂ ਪ੍ਰਗਟਾਉਣਾ ਬਹੁਤ ਕਠਿਨ। ਅਜੇਹਾ ਪ੍ਰਗਟਾਅ ਹੀ ਰਹੱਸਵਾਦੀ ਕਵਿਤਾ ਦਾ ਆਗਾਜ਼। ਆਪਣੇ ਆਪ ਦੇ ਰੂਬਰੂ ਹੋਣਾ, ਆਪਣੇ ਤੋਂ ਆਪਣੇ ਤੀਕ ਦਾ ਸਫ਼ਰ ਅਤੇ 'ਮੈਂ' ਤੋਂ 'ਤੂੰ' ਹੋਣ ਦੀ ਕਵਿਤਾ। ਇਹ ਕਵਿਤਾ ਅੰਤਰੀਵ ਨੂੰ ਮੁਖ਼ਾਤਬ ਹੁੰਦੀ ਅਤੇ ਰੂਹ ਦੇ ਸਰੋਕਾਰਾਂ ਦੀ ਸੂਹ ਹੁੰਦੀ। ਅਜੋਕੇ ਦੌਰ ਵਿਚ ਜ਼ਿਆਦਾਤਰ ਕਵਿਤਾ ਬਾਹਰਮੁਖੀ ਸਰੋਕਾਰਾਂ ਨੂੰ ਸੰਬੋਧਤ ਹੋ ਰਹੀ ਹੈ। ਅਕਸਰ ਹੀ ਕਵੀ ਮਨ ਖ਼ੁਦ ਦੇ ਰੂਬਰੂ ਹੋਣ ਤੋਂ ਝਿਜਕਦਾ ਹੈ। ਜਦ ਕੋਈ ਆਪਣੇ ਆਪ ਨੂੰ ਅਰਪਿਤ ਹੋ ਖ਼ੁਦ ਵਿਚੋਂ ਖ਼ੁਦ ਦੀ ਨਿਸ਼ਾਨਦੇਹੀ ਕਰਦਾ ਤਾਂ ਰਹੱਸਵਾਦੀ ਕਵਿਤਾ ਜਨਮਦੀ। ਅਜੇਹੀ ਕਵਿਤਾ ਲੈ ਕੇ ਹਾਜ਼ਰ ਹੈ ਨੀਰ, ਆਪਣੀ ਦੂਸਰੀ ਕਾਵਿ-ਪੁਸਤਕ ਆਨੰਦ ਮਹਾਂਉਤਸਵ।

ਕਵਿਤਾ ਦਰਅਸਲ ਆਪਣੇ ਆਪ ਨਾਲ ਰਚਾਇਆ ਸੰਵਾਦ ਹੀ ਹੁੰਦਾ ਅਤੇ ਇਸ ਸੰਵਾਦ ਨੂੰ ਅੱਖਰਾਂ ਵਿਚ ਪਰੋਣ ਅਤੇ ਬਹੁ-ਪਰਤਾਂ ਰਾਹੀਂ ਸ਼ਬਦਕਾਰੀ ਦਾ ਗੁਣ ਮਿਲ ਜਾਵੇ ਤਾਂ ਕਵਿਤਾ ਅਚੰਭਾ ਹੁੰਦੀ ਹੈ। ਕਵਿਤਾ ਜਿਹੜੀ ਪਾਠਕ ਦੇ ਮਨ ਵਿਚ ਆਪਣੇ-ਆਪ ਪ੍ਰਤੀ ਪ੍ਰਸ਼ਨ ਪੈਦਾ ਕਰੇ, ਭਰਮਾਂ ਨੂੰ ਤੋੜੇ ਅਤੇ ਨਵੇਂ ਧਰਾਤਲਾਂ ਨੂੰ ਖੋਜੇ ਤਾਂ ਕਵਿਤਾ ਨੂੰ ਆਪਣੇ ਆਪ 'ਤੇ ਨਾਜ਼ ਹੁੰਦਾ।

ਨੀਰ ਦੇ ਕਾਵਿ-ਸੰਗ੍ਰਹਿ ਆਨੰਦ ਮਹਾਂਉਤਸਵ ਵਿਚ 52 ਕਵਿਤਾਵਾਂ ਹਨ। ਕੁਝ ਕੁ ਕਵਿਤਾਵਾਂ ਨੂੰ ਛੱਡ ਕੇ ਜ਼ਿਆਦਾਤਰ ਕਵਿਤਾਵਾਂ ਰਹੱਸਵਾਦ ਦੇ ਵਿਭਿੰਨ ਰੂਪ ਹੀ ਹਨ। ਰੂਹ ਨੂੰ ਬੇਪਰਦ ਕਰਦੀਆਂ ਅਤੇ ਇਸ ਦੀ ਪਾਕੀਜ਼ਗੀ ਨੂੰ ਸਮਿਆਂ ਦਾ ਸੱਚ ਬਣਾਉਣ ਦੀ ਕੋਸ਼ਿਸ਼ ਵਿਚ ਹਨ। ਨੀਰ ਦੀ ਕਵਿਤਾ ਬੋਲਦੀ ਹੈ;

'ਜਾਗ੍ਰਤ ਦੇਹ
ਜਾਗ੍ਰਤ ਰੂਹ
ਲਹਿਰ ਲਹਿਰ 'ਨੀਰ'

ਅਤੇ ਲਹਿਰ ਬਣੀ ਹੋਈ ਨੀਰ ਹੀ ਜਾਗ੍ਰਤ ਰੂਹ ਕਰਕੇ ਖ਼ੁਦ ਨੂੰ ਹੀ ਪ੍ਰਸ਼ਨ ਕਰਦੀ ਹੈ;


'ਮੈਂ ਕੌਣ ਹਾਂ
ਨਾਨਕ, ਬੁੱਧ ਅਤੇ ਈਸਾ ਦਾ ਵੀ ਸੀ
ਇਹੀ ਸਵਾਲ'

ਅਤੇ ਸਭ ਤੋਂ ਚੰਗੀ ਗੱਲ ਹੈ ਕਿ ਨੀਰ ਇਹ ਵੀ ਜਾਣਦੀ ਹੈ;

'ਸ਼ੁਭ ਸੰਕੇਤ ਹੈ
ਜੇ ਮਨ ਪੁੱਛੇ ਆਪ ਨੂੰ
ਮੈਂ ਕੌਣ ਹਾਂ।'

ਜਦ ਨੀਰ ਕਵਿਤਾ ਰਾਹੀਂ ਆਪਣੇ ਤੋਂ ਆਪਣੇ ਤੀਕ ਦੇ ਸਫ਼ਰ 'ਤੇ ਨਿਕਲਦੀ ਹੈ ਤਾਂ ਉਸਨੂੰ ਪਤਾ ਹੈ;

'ਸ਼ੂਨਯ ਦੀ ਯਾਤਰਾ
ਸ਼ੂਨਯ ਤੋਂ ਸ਼ੂਨਯ ਤੀਕ'
ਹੀ ਹੁੰਦੀ ਹੈ ਅਤੇ ਅਜੇਹੀ ਯਾਤਰਾ 'ਤੇ




ਨਿਕਲੇ ਢੁੰਢਾਊਆਂ ਦੀ ਕੋਈ ਤਮੰਨਾ ਨਹੀਂ ਹੁੰਦੀ ਅਤੇ ਉਹ ਜੀਵਨ ਦੇ ਸੱਚ ਨੂੰ ਜਾਣਦੇ ਹੁੰਦੇ ਤਾਂ ਹੀ ਉਨ੍ਹਾਂ ਨੂੰ ਪਤਾ ਹੁੰਦਾ;

'ਨਾ ਸਵਾਲ, ਨਾ ਜਵਾਬ
ਨਾ ਇੱਛਾ, ਨਾ ਆਸ
ਆਨੰਦ ਹੀ ਆਨੰਦ
ਸ਼ੂਨਯ ਤੋਂ ਸ਼ੂਨਯ ਤੀਕ'

ਜ਼ਿੰਦਗੀ ਦੇ ਇਸ ਅੰਤਰੀਵ ਆਨੰਦ ਵਿਚੋਂ ਹੀ ਨੀਰ ਦੀ ਕਵਿਤਾ ਆਨੰਦ ਮਹਾਂਉਤਸਵ ਮਾਣਦੀ ਹੈ ਅਤੇ ਅਜੇਹੀ ਅਵਸਥਾ ਵਿਚ ਹੀ ਸੰਭਵ ਹੁੰਦਾ;

'ਸੰਪੂਰਨ ਉਹ
ਪੂਰਨ ਮੈਂ
ਮੈਂ ਜਗਾਂ ਉਸ ਵਿਚ
ਮੇਰੇ 'ਚ ਉਹ
ਅਨੰਤ ਉਹ
ਬੇਅੰਤ ਉਹ'

ਜਦ ਨੀਰ ਆਪਣੇ ਅੰਦਰ ਉਤਰਦੀ ਹੈ ਤਾਂ ਉਸ ਦੀ ਆਤਮਾ ਵਿਚੋਂ ਸੱਚ ਉਦੈ ਹੁੰਦਾ ਜਿਹੜਾ ਅਕਸਰ ਹੀ ਅਸੀਂ ਨਜ਼ਰ-ਅੰਦਾਜ਼ ਕਰਦੇ। ਅਜੇਹੀ ਮਨੋਦਸ਼ਾ ਵਿਚ ਜਾ ਕੇ ਵਿਅਕਤੀ ਨੂੰ ਪਤਾ ਲੱਗਦਾ;

'ਹਰ ਪਲ ਇਕ ਨਜ਼ਮ
ਹਰ ਬੰਦਾ ਇਕ ਕਿਤਾਬ'

ਪਲ ਵਿਚੋਂ ਨਜ਼ਮ ਦੀ ਸਿਰਜਣਾ ਅਤੇ ਕਿਤਾਬ ਵਿਚੋਂ ਬੰਦੇ ਨੂੰ ਪੜ੍ਹਨਾ ਦਰਅਸਲ ਬਹੁਤ ਹੀ ਵਿਰਲਿਆਂ ਦੇ ਹਿੱਸੇ ਆਉਂਦਾ ਅਤੇ ਉਨ੍ਹਾਂ ਵਿਰਲਿਆਂ ਵਿਚੋਂ ਇਕ ਨੀਰ ਹੈ।

ਨੀਰ ਅਕਸਰ ਹੀ ਕਵਿ-ਉਡਾਰੀ ਮਾਰਦੀ ਹੋਈ;

'ਆਨੰਦ ਦੀ ਕਿਸ਼ਤੀ ਵਿਚ ਸਵਾਰ
ਆਦਿ ਅਤੇ ਅੰਤ ਦੇ ਫਲਸਫ਼ੇ ਵਿਚ
ਮੁਸਤਕਬਿਲ ਦੇਖਦੀ ਹੈ।'
ਕਿਉਂਕਿ ਨੀਰ ਨੂੰ ਇਸ ਗੱਲ ਦੀ ਸੋਝੀ;
'ਇਹ ਦੇਹ ਬਦਲਦਾ ਹੈ
ਮਕਾਨ ਬਦਲਦਾ ਹੈ
ਉਸ ਪਰਮ ਆਨੰਦ ਵਿਚ ਲੀਨ ਹੋਣ ਤੱਕ'

ਨੀਰ ਮਨ ਦੀ ਧਰਾਤਲ ਤੇ ਖ਼ੁਸ਼ੀ ਦੀਆਂ ਬਾਤਾਂ ਵਿਚੋਂ ਵਿਸਮਾਦ ਭਾਲਦੀ ਕੂਕਦੀ ਹੈ;

'ਮੈਂ ਲਿਖਾਂ
ਤੂੰ ਮੇਰੀ ਕਲਮ ਹੋ ਜਾ
ਸਾਥ ਨਿਭਾਈਏ
ਕਾਗਜ ਤੇ ਕਲਮ ਦੀ ਤਰਾਂ'

ਨੀਰ ਦੀ ਕਵਿਤਾ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਖ਼ੁਦ ਨੂੰ ਖ਼ੁਦ ਵਿਚ ਲੀਨ ਕਰ ਕੇ

ਖ਼ੁਦ ਨੂੰ ਹਰਫ਼ਾਂ ਵਿਚ ਉਲਥਾਉਂਦੀ ਹੈ;
'ਸਵੇਰ ਤੋਂ ਰਾਤ ਤੱਕ
ਰਾਤ ਤੋਂ ਸਵੇਰ ਤੱਕ
ਮਨੋਰਥ ਅਰਦਾਸ ਦਾ
ਮੇਰਾ ਬ੍ਰਹਿਮੰਡ ਬਣਕੇ ਰਹਿ।'

ਤੇ ਸਭ ਤੋਂ ਆਸਾਨ ਵੀ ਹੁੰਦਾ ਅਤੇ ਸਭ ਤੋਂ ਔਖਾ ਵੀ ਹੁੰਦਾ, ਕਿਸੇ ਲਈ ਬ੍ਰਹਿਮੰਡ ਬਣ ਜਾਣਾ। ਇਸਦੀ ਲੋਚਾ ਕਰਨ ਵਾਲੀ ਨੀਰ ਦਾ ਅੰਬਰ ਅਤੇ ਬ੍ਰਹਿਮੰਡ ਵੀ ਉਹ ਖ਼ੁਦ ਹੀ ਹੈ।

ਉਹ ਇਸ਼ਕੇ ਦੇ ਰੰਗ ਵਿਚ ਰੰਗੀ ਫੱਕਰਾਂ ਵਾਂਗ ਬਾਹਾਂ ਫੈਲਾਈ ਅੰਬਰ ਨੂੰ ਪੁੱਛਦੀ ਹੈ;

'ਦੱਸੀਂ ਤਾਂ ਸਹੀ ਕਿ
ਪਾਣੀ ਸਾਗਰ ਦਾ ਹੈ
ਜਾਂ ਹੰਝੂ ਅੱਖ ਦਾ
ਮੌਸਮ ਦੀ ਜਵਾਨੀ ਹੈ
ਜਾਂ ਜਜ਼ਬਿਆਂ ਦੀ ਰਵਾਨ"

ਨੀਰ ਵਿਚ ਜਜ਼ਬਿਆਂ ਦਾ ਆਵੇਗ ਅਤੇ ਆਵੇਸ਼ ਹੈ। ਉਹ ਕਲਮ ਰਾਹੀਂ ਰੂਹ ਦੇ ਹਾਣੀ ਨੂੰ ਹਾਕ ਮਾਰਦੀ ਹੈ;

'ਆ ਕੁਝ ਬੋਲ ਸਾਂਝੇ ਕਰ ਲਈਏ
ਕੁਝ ਪਲ, ਕੁਝ ਅਹਿਸਾਸ
ਸਾਂਝੇ ਕਰ ਲਈਏ
ਬੜਾ ਚਿਰ ਹੋ ਗਿਆ
ਰੁੱਸਿਆਂ ਨੂੰ
ਮਨ ਜਾਈਏ, ਮਨਾ ਲਈਏ
ਗੱਲਵਕੜੀ ਪਾ ਲਈਏ।'

ਨੀਰ ਦੀ ਸਾਰੀ ਕਵਿਤਾ ਹੀ ਪਿਆਰ-ਰੱਤੀ ਰੂਹ ਦਾ ਰਾਗ ਹੈ। ਪਿਆਰ ਪਰੁੱਚੇ ਪਲਾਂ ਰਾਹੀਂ ਸ਼ਬਦਾਂ ਦੀ ਜੂਹ ਨੂੰ ਅੰਤਰੀਵੀ ਰੰਗਤ ਦੇਣਾ ਨੀਰ ਦੇ ਹਿੱਸੇ ਆਇਆ ਹੈ। ਤਾਂ ਹੀ ਤਾਂ ਉਹ ਆਪਣੀ ਆਖਰੀ ਕਵਿਤਾ ਵਿਚ ਆਪਣੇ ਪਾਠਕਾਂ ਨੂੰ ਗਹਿਰ ਗੰਭੀਰ ਪ੍ਰਸ਼ਨ ਪੁੱਛਦੀ ਹੈ ਕਿ;

'ਮੂਲ ਤੌਰ ਤੇ
ਹਰ ਜੀਵ ਪਿਆਰ ਤੋਂ ਜੰਮਿਆ
ਪਿਆਰ ਤੋਂ ਬਣਿਆ
ਪਿਆਰ ਦਾ ਹੀ ਨਤੀਜਾ ਹੈ
ਫੇਰ ਨਫ਼ਰਤ ਕਿਸ ਤੋਂ ਪੈਦਾ ਹੋਈ?
ਕਿਸ ਤਰ੍ਹਾਂ ਬਣੀ?
ਇਹ ਕਿਸ ਸੰਜੋਗ ਦਾ ਨਤੀਜਾ ਹੈ?'

ਪੰਜਾਬੀ ਪਾਠਕ ਨੀਰ ਦੇ ਇਸ ਕਾਵਿ-ਪ੍ਰਸ਼ਨ ਦਾ ਜਵਾਬ ਆਪਣੇ ਅੰਦਰੋਂ ਤਲਾਸ਼ਣ। ਸ਼ਾਇਦ ਤੁਹਾਨੂੰ ਇਸਦਾ ਕੋਈ ਉਤਰ ਅਹੁੜ ਪਵੇ।

ਨੀਰ ਦੇ ਇਸ ਕਾਵਿ-ਸੰਗ੍ਰਹਿ ਦਾ ਸਵਾਗਤ ਅਤੇ ਆਸ ਹੈ ਕਿ ਭਵਿੱਖ ਵਿਚ ਰਹੱਸਵਾਦੀ ਕਵਿਤਾ ਦੀਆਂ ਅਛੋਹ ਪਰਤਾਂ ਨੂੰ ਫਰੋਲਣ ਦੀ ਕਾਵਿਕਾਰੀ ਜ਼ਰੂਰ ਕਰੇਗੀ।


## ਮਨ ਦੀਆਂ ਸੈਣਤਾਂ ਦੀ ਕਹਾਣੀਕਾਰ ਸ਼ਰਨਜੀਤ ਕੌਰ


(ਪਿਛਲੇ ਸਫੇ ਦਾ ਬਾਕੀ)

ਸਿਰਜਕ ਕਲਾ ਨਾਲ ਇਹ ਹੱਦ ਕਿੰਨੀ ਕੁ ਪਿੱਛੇ ਧੱਕ ਕੇ ਆਪਣੀ ਰਚਨਾ ਦਾ ਖੇਤਰ ਹੋਰ ਵੱਡਾ ਕਰ ਲਿਆ ਜਾਂਦਾ ਹੈ। ਸ਼ਰਨਜੀਤ ਕੌਰ ਇਸ ਕੋਟੀ ਵਿਚ ਸ਼ਾਮਲ ਲੇਖਿਕਾ ਸੀ।

ਇਕ ਵਿਧਾ ਵਜੋਂ ਕਹਾਣੀ ਬਾਰੇ ਉਹ ਕਹਿੰਦੀ ਸੀ, "ਪੰਜਾਬੀ ਕਹਾਣੀ ਨਿਰੰਤਰ ਪੜ੍ਹੀ ਜਾਣ ਵਾਲੀ ਵਿਧਾ ਹੈ। ਇਸ ਦਾ ਵਿਸ਼ਾਗਤ ਵਿਕਾਸ ਤੇ ਵਿਧਾਗਤ ਵਿਹਾਰ ਕਾਰਜਸ਼ੀਲ ਹੈ। ਅਰਥਾਤ ਕਹਾਣੀ ਲਗਾਤਾਰ ਵਿਕਾਸ ਕਰ ਰਹੀ ਹੈ। ਅਜੋਕੇ ਪਦਾਰਥਵਾਦੀ ਯੁਗ ਵਿਚ ਮਨੁੱਖੀ ਮਨੋ-ਸੰਕਟ, ਜਿਵੇਂ ਪਿਆਰ, ਨਫ਼ਰਤ, ਵਰਜਿਤ ਰਿਸ਼ਤੇ, ਅਤ੍ਰਿਪਤੀਆਂ, ਹਵਸ, ਆਦਿ ਅਚੇਤ ਤੌਰ 'ਤੇ ਤਾਂ ਕਹਾਣੀ ਵਿਚ ਆਏ ਹੀ ਹਨ, ਸਚੇਤ ਤੌਰ 'ਤੇ ਵੀ ਕਹਾਣੀਕਾਰ ਇਨ੍ਹਾਂ ਪ੍ਰਵਿਰਤੀਆਂ ਵੱਲ ਰੁਚਿਤ ਹੋਏ ਹਨ।...ਕਾਮ ਮਨੁੱਖੀ ਪ੍ਰਵਿਰਤੀ ਹੈ ਜੋ ਜ਼ਿੰਦਗੀ ਦੇ ਸਮਾਨੰਤਰ ਚਲਦੀ ਹੈ। ਕਹਾਣੀ ਜ਼ਿੰਦਗੀ ਵਿਚੋਂ ਵਿਸ਼ੇ ਲੈ ਕੇ ਹੀ ਸਿਰਜੀ ਜਾਂਦੀ ਹੈ। ਇਸ ਲਈ ਕਿਸੇ ਵੀ ਲੇਖਕ-ਲੇਖਿਕਾ ਵਾਸਤੇ ਇਹ ਸੰਭਵ ਜਾਂ ਉਚਿਤ ਨਹੀਂ ਕਿ ਉਹ ਕਾਮ ਦੇ ਵਿਸ਼ੇ ਨੂੰ ਜਾਂ ਦੇਹ-ਸੰਬੰਧਾਂ ਨੂੰ ਆਪਣੇ ਰਚਨਾ-ਖੇਤਰ ਤੋਂ ਬਾਹਰ ਰੱਖੇ।"

ਦੁਨੀਆ-ਭਰ ਦੀਆਂ ਕਹਾਣੀਆਂ ਜਾਂ ਤਾਂ ਮਰਦਾਂ ਦੀ ਕਲਪਨਾ ਤੇ ਕਰਨੀ ਨੂੰ ਸ਼ਬਦ ਦਿੰਦੀਆਂ ਹਨ ਜਾਂ ਔਰਤ ਦੀ ਕਲਪਨਾ ਤੇ ਕਰਨੀ ਨੂੰ। ਜਾਂ ਫੇਰ ਉਹ ਮਰਦ ਤੇ ਔਰਤ ਦੇ ਰਿਸ਼ਤੇ ਦੀ ਥਾਹ ਪਾਉਣ ਦੇ ਯਤਨ ਕਰਦੀਆਂ ਰਹਿੰਦੀਆਂ ਹਨ। ਇਹ ਕਾਰਜ ਲੇਖਕ ਤੋਂ ਮਰਦ ਅਤੇ ਔਰਤ, ਦੋਵਾਂ ਦੇ ਮਨੋਵਿਗਿਆਨ ਦੀ ਕਾਫ਼ੀ ਸਮਝ ਲੋੜਦਾ ਹੈ। ਸ਼ਰਨਜੀਤ ਕੌਰ ਦੋਵਾਂ ਦੀ ਮਾਨਸਿਕਤਾ ਨੂੰ ਖ਼ੂਬ ਸਮਝਦੀ ਸੀ। ਇਹ ਤੱਥ




ਸ਼ਰਨਜੀਤ ਕੌਰ ਦੇ ਕਹਾਣੀ ਸੰਗ੍ਰਹਿ '...ਤੇ ਜੀਨੀ ਜਿੱਤ ਗਈ' ਅਤੇ ਬਾਲ ਪੁਸਤਕ 'ਪੜ੍ਹ ਗਈ ਪਾਲੋ' ਦੇ ਸਰਵਰਕ।

ਉਸ ਦੀਆਂ ਕਹਾਣੀਆਂ ਨੂੰ ਸੁਭਾਵਿਕਤਾ ਬਖ਼ਸ਼ਦਾ ਸੀ।

ਔਰਤ ਨਾਲ਼ ਰਿਸ਼ਤੇ ਦੇ ਪੱਖੋਂ ਮਰਦ ਦੀ ਨੀਅਤ ਅਤੇ ਨੀਤੀ ਬਾਰੇ ਉਸ ਦਾ ਮੰਨਣਾ ਸੀ, "ਮਰਦ ਕੇਵਲ ਮਰਦ ਹੈ, ਭਾਵੇਂ ਉਹ ਅਫ਼ਸਰ ਹੋਵੇ ਜਾਂ ਕੋਈ ਅਮੀਰ ਤੇ ਜਾਂ ਫੇਰ ਕੋਈ ਸਾਧਾਰਨ ਆਦਮੀ ਜਾਂ ਗ਼ਰੀਬ। ਉਸ ਦੀ ਦ੍ਰਿਸ਼ਟੀ, ਉਸ ਦੀ ਸੋਚ, ਉਸ ਦੀ ਸਰੀਰਕ ਤੇ ਮਾਨਸਿਕ ਭੁੱਖ ਬੱਸ ਮਰਦ ਵਾਲ਼ੀ ਹੀ ਹੁੰਦੀ ਹੈ।"

ਉਹ ਖ਼ੁਦ ਔਰਤ ਸੀ ਤਾਂ, ਕੁਦਰਤੀ ਹੈ, ਔਰਤ ਦੇ ਮਨ ਨੂੰ ਹੋਰ ਵੀ ਸਪੱਸ਼ਟਤਾ ਨਾਲ਼ ਸਮਝਦੀ ਸੀ, "ਅੱਜ ਦੀ ਔਰਤ, ਤੀਜੀ ਪੀੜ੍ਹੀ ਦੀ ਔਰਤ ਦੇ ਮਨ ਨੂੰ ਜਾਣਨ-ਸਮਝਣ ਲਈ ਪਹਿਲੀ ਪੀੜ੍ਹੀ ਤੇ ਦੂਜੀ ਪੀੜ੍ਹੀ ਦੀਆਂ ਔਰਤਾਂ ਦੇ ਮਨ ਨੂੰ ਜਾਣਨਾ-ਸਮਝਣਾ ਜ਼ਰੂਰੀ ਹੈ।...ਪਹਿਲੀ ਪੀੜ੍ਹੀ ਦੀ ਔਰਤ ਦਾ ਦੁਖਾਂਤ ਆਰਥਿਕ ਪੱਖੋਂ ਮਰਦ ਦੀ ਪੂਰੀ ਅਧੀਨਗੀ ਅਤੇ ਮਰਦ ਦੇ ਦਾਬੇ ਵਾਲ਼ੀ ਜਗੀਰੂ ਸਮਾਜਕ ਸੋਚ ਦਾ ਸੰਤਾਪ ਸੀ। ਦੂਜੀ ਪੀੜ੍ਹੀ ਦੀ ਔਰਤ ਭਾਵੇਂ ਆਰਥਿਕ ਗ਼ੁਲਾਮੀ ਵਿਚੋਂ ਨਿੱਕਲਣ ਲੱਗ ਪਈ ਸੀ ਪਰ ਮਰਦ ਦਾ ਸਮਾਜਕ ਦਾਬਾ ਜਿਉਂ-ਦਾ-ਤਿਉਂ ਕਾਇਮ ਸੀ। ਤੀਜੀ ਪੀੜ੍ਹੀ ਦੀ ਜਾਗਰਿਤ ਔਰਤ ਨੂੰ ਸਿਰਫ਼ ਆਪਣਾ ਸੰਤਾਪ ਹੀ ਨਹੀਂ ਭੋਗਣਾ ਪੈਂਦਾ ਸਗੋਂ ਉਸ ਦੇ ਸੰਤਾਪ ਵਿਚ ਦਾਦੀ-ਨਾਨੀ ਤੇ ਮਾਂ ਦਾ ਸੰਤਾਪ ਵੀ ਸ਼ਾਮਲ ਹੁੰਦਾ ਹੈ। ਲੇਖਕ ਦਾ ਵਰਤਮਾਨ, ਤੀਜੀ ਪੀੜ੍ਹੀ ਦੀ ਔਰਤ ਨੂੰ ਇਸੇ ਰੂਪ ਵਿਚ ਸਮਝਣਾ ਜ਼ਰੂਰੀ ਹੈ।"

ਇਹ ਸੀ ਉਹ ਆਧਾਰ ਜਿਸ ਉੱਤੇ ਕਹਾਣੀਕਾਰ ਸ਼ਰਨਜੀਤ ਕੌਰ ਦੀ ਰਚਨਾਤਮਿਕਤਾ ਉੱਸਰੀ ਹੋਈ ਸੀ। ਕਹਾਣੀ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਣ ਦੀ ਥਾਂ ਸੁਤੰਤਰ ਵਿਕਾਸ ਕਰਨ ਦੇਣਾ, ਕਹਾਣੀ ਦੇ ਵਿਸ਼ੇ—ਉਹ ਭਾਵੇਂ ਸਮਾਜਕ ਹੋਵੇ ਜਾਂ ਆਰਥਿਕ ਤੇ ਜਾਂ ਫੇਰ ਮਰਦ-ਔਰਤ ਰਿਸ਼ਤਾ—ਦੀ ਮੰਗ ਅਨੁਸਾਰ ਭਾਸ਼ਾ ਤੇ ਚਿਤਰਨ ਤੋਂ ਕੋਈ ਸੰਕੋਚ ਨਾ ਕਰਨਾ ਸ਼ਰਨਜੀਤ ਕੌਰ ਦੀਆਂ ਲੇਖਿਕਾ ਵਜੋਂ ਖਾਸੀਅਤਾਂ ਸਨ।

ਉਹ ਜਿੰਨੀ ਸਾਹਿਤ ਨੂੰ ਸਮਰਪਿਤ ਸੀ, ਓਨੀ ਹੀ ਰਿਸ਼ਤਿਆਂ ਵਿਚ ਸੁਹਿਰਦ ਸੀ। ਉਹ ਸਾਰੇ ਲੇਖਕ-ਲੇਖਿਕਾਵਾਂ ਨੂੰ ਇਕੋ ਸਾਂਝੇ ਸਾਹਿਤਕ ਪਰਿਵਾਰ ਦੇ ਜੀਅ ਸਮਝਦੀ ਸੀ ਤੇ ਸਭ ਨੂੰ ਅਪਣੱਤ ਦਾ ਅਹਿਸਾਸ ਕਰਾਉਂਦੀ ਸੀ।

ਕਹਾਣੀ

# ਕੰਧ

***ਕਹਾਣੀਕਾਰਾ ਕਮਲ ਸੇਖੋਂ ਦੀ ਕਹਾਣੀ 'ਕੰਧ' ਮਖਮਲੀ ਰਿਸ਼ਤਿਆਂ ਦਾ ਬਿਰਤਾਂਤ ਹੈ। ਇਸ ਵਿਚ ਮੋਹ-ਮੁਹੱਬਤ ਦੀ ਚਾਸ਼ਣੀ ਘੁਲੀ ਹੋਈ ਪ੍ਰਤੀਤ ਹੁੰਦੀ ਹੈ। ਇਸ ਵਿਚ ਮਨੁੱਖੀ ਮਨ ਦੀਆਂ ਖਵਾਹਿਸ਼ਾਂ ਵੀ ਮੂੰਹ-ਜ਼ੋਰ ਹੋ ਕੇ ਆਪਣੀ ਆਈ 'ਤੇ ਆਉਂਦੀਆਂ ਜਾਪਦੀਆਂ ਹਨ। ਇਸ ਮੋਹ-ਮੁਹੱਬਤ ਅਤੇ ਖਵਾਹਿਸ਼ਾਂ ਵਿਚਕਾਰ ਕੰਧਾਂ ਲਗਾਤਾਰ ਬਣਦੀਆਂ-ਵਿਗਸਦੀਆਂ ਰਹਿੰਦੀਆਂ ਹਨ। ਇਹੀ ਮਨੁੱਖਾ ਜੀਵਨ ਦਾ ਸੱਚ ਹੈ।***

ਮੈਨੂੰ ਉਸ ਨਾਲ ਖਿਚ ਜਿਹੀ ਮਹਿਸੂਸ ਹੋਈ। ਫਲਰਟ ਕਰਨ ਵਾਲੀ ਦੁਨੀਆ ਨਾਲ ਤਾਂ ਸੋਸ਼ਲ ਮੀਡੀਆ ਭਰਿਆ ਪਿਆ ਆ। ਘਰ ਦੀ ਔਰਤ ਲਈ ਚਾਹੇ ਟਾਈਮ ਕੱਢਣ ਨਾ ਕੱਢਣ ਪਰ ਫੇਸਬੁੱਕ ਵਾਲੀ ਨਾਲ ਚੈਟਿੰਗ ਲਈ ਟਾਈਮ ਹੀ ਟਾਈਮ ਆ ਇਨ੍ਹਾਂ ਕੋਲ। ਪੁੱਛਣ ਵਾਲਾ ਹੋਵੇ ਬਈ ਜੋ ਘਰੇ ਵਿਆਹ ਕੇ ਲਿਆਂਦੀ ਆ, ਉਹਦੇ ਨਾਲ ਲਈਆਂ ਲਾਵਾਂ ਫੇਰਿਆਂ ਦਾ ਮਾਣ ਹੀ ਰੱਖ ਲਓ, ਖੈਰ...।

ਮਿਲਿਆ ਤਾਂ ਉਹ ਵੀ ਮੈਨੂੰ ਫੇਸਬੁੱਕ ਰਾਹੀਂ ਹੀ ਸੀ ਪਰ ਸਾਡੇ ਦੋਨਾਂ ਦੇ ਇਕੋ ਸ਼ੌਕ ਨੇ ਸਾਨੂੰ ਇਕ ਦੂਜੇ ਨਾਲ ਜੋੜ ਦਿੱਤਾ। ਦੋਵੇਂ ਕਵਿਤਾਵਾਂ ਲਿਖਦੇ ਹਾਂ। ਮੈਂ ਮੁਹੱਬਤ ਦੀ ਕਵਿਤਾ ਲਿਖਦੀ ਹਾਂ ਤੇ ਉਹ ਕ੍ਰਾਂਤੀਕਾਰੀ ਕਵੀ ਹੈ। ਅੰਮ੍ਰਿਤਾ ਪ੍ਰੀਤਮ ਲਿਖਦੀ ਹੈ-

*ਜ਼ਿੰਦਗੀ ਤੁਹਾਡੇ ਉਸ ਗੁਣ ਦਾ ਇਮਤਿਹਾਨ ਲੈਂਦੀ ਏ*
*ਜਿਹੜਾ*
*ਤੁਹਾਡੇ ਧੁਰ ਅੰਦਰ*
*ਮੌਜੂਦ ਹੁੰਦਾ ਹੈ*
*ਮੇਰੇ ਅੰਦਰ*
*ਮੁਹੱਬਤ ਸੀ।*



ਮੈਂ ਵੀ

**ਕਮਲ ਸੇਖੋਂ**
**ਫੋਨ:+91-78886-85044**

ਮੁਹੱਬਤ ਨਾਲ ਭਰੀ ਪਈ ਹਾਂ। ਮੁਹੱਬਤ ਨੂੰ ਕਾਗਜ਼ਾਂ 'ਤੇ ਕਵਿਤਾ ਬਣਾ ਉਤਾਰ ਲੈਂਦੀ ਹਾਂ। ਮਨ ਦੀ ਭਟਕਣ ਨੂੰ ਸ਼ਾਂਤ ਕਰਨ ਦਾ ਇਹ ਸੋਹਣਾ ਢੰਗ ਹੈ। ਕਵਿਤਾ ਲਿਖ ਫੇਸਬੁੱਕ 'ਤੇ ਪੋਸਟ ਕਰਦੀ ਹਾਂ ਤਾਂ ਸੈਕਿੰਟਾਂ ਵਿਚ ਲਾਈਕ ਤੇ ਕੁਮੈਂਟਾਂ ਦੇ ਢੇਰ ਲੱਗ ਜਾਂਦੇ ਹਨ। ਜਿਸ ਦਿਨ ਨਵੀਂ ਕਵਿਤਾ ਪੋਸਟ ਕਰਦੀ ਹਾਂ ਤਾਂ ਸਾਰਾ ਦਿਨ ਸੋਹਣਾ ਲੰਘ ਜਾਂਦਾ ਹੈ। ਵਾਰੀ-ਵਾਰੀ ਫੇਸਬੁੱਕ ਖੋਲ੍ਹ ਲਾਈਕ ਤੇ ਕੁਮੈਂਟ ਦੇਖ ਕੇ ਖੁਸ਼ ਹੁੰਦੀ ਰਹਿੰਦੀ ਹਾਂ।

ਮੇਰਾ ਪਤੀ ਸ਼ਹਿਰ ਦਾ ਮੰਨਿਆ ਪ੍ਰਮੰਨਿਆਂ ਬਿਜ਼ਨਸਮੈਨ ਆ। ਮੇਰੇ ਲਈ ਉਹਦੇ ਕੋਲ ਸਭ ਕੁਝ ਆ- ਬਰੈਂਡਡ ਕੱਪੜੇ, ਗਹਿਣੇ, ਕੋਠੀਆਂ, ਕਾਰਾਂ, ਨੌਕਰ-ਚਾਕਰ; ਬਸ ਨਹੀਂ ਆ ਤਾਂ ਟਾਈਮ ਨਹੀਂ ਆ। ਉਹਨੂੰ ਨਹੀਂ ਪਤਾ ਕਿ ਮੇਰੇ ਲਈ ਹੋਰ ਕੁਝ ਵੀ ਮੈਟਰ ਨਹੀਂ ਕਰਦਾ, ਬਸ ਟਾਈਮ ਚਾਹੀਦਾ ਜੋ ਉਸ ਕੋਲ ਹੈ ਨਹੀਂ।

ਸ਼ਾਨਦਾਰ ਕੋਠੀ ਮੈਨੂੰ ਜੇਲ੍ਹ ਲੱਗਦੀ। ਛੱਪੇ-ਚੱਪੇ 'ਤੇ ਕੈਮਰੇ ਦੀਆਂ ਨਜ਼ਰਾਂ, ਜੇਲ੍ਹਰ ਵਾਂਗ ਮੇਰੀ ਹਰ ਹਰਕਤ 'ਤੇ ਨਜ਼ਰ ਰੱਖਦੀਆਂ। ਮੈਨੂੰ ਘੁਟਣ ਹੋਣ ਲੱਗਦੀ। ਨੌਕਰ ਚਾਕਰਾਂ ਦੀ ਭੀੜ ਵਿਚ ਪਾਣੀ ਦਾ ਗਲਾਸ ਵੀ ਚੁੱਕ ਕੇ ਨਹੀਂ ਪੀਣ ਹੁੰਦਾ। ਕੋਈ ਵੀ ਆਮ ਔਰਤ ਇਹੀ ਤਾਂ ਚਾਹੇਗੀ, ਰਾਣੀਆਂ ਵਰਗੀ ਜ਼ਿੰਦਗੀ ਪਰ ਮੈਂ ਇਸ ਸਭ ਤੋਂ ਖੁਸ਼ ਨਹੀਂ ਆਂ।

ਮੈਂ ਜ਼ਿੰਦਗੀ ਨੂੰ ਜਿਊਣਾ ਚਾਹੁੰਦੀ ਆਂ। ਜਿੱਥੇ ਜੀਅ ਕਰੇ, ਜਾ ਸਕਾਂ; ਰੇਹੜੀ 'ਤੇ ਖੜ੍ਹ ਕੇ ਗੋਲ-ਗੱਪੇ ਜਾਂ ਆਮ ਜਿਹੀ ਦੁਕਾਨ ਤੋਂ ਡੋਸਾ ਖਾ ਸਕਾਂ। ਅਫਸੋਸ, ਮੈਂ ਇਹ ਸਭ ਚਾਹ ਕੇ ਵੀ ਨਹੀ ਕਰ ਸਕਦੀ।

ਮੈਂ ਹੈਰਾਨ ਹਾਂ ਕਿ ਉਹ ਏਨਾ ਵੱਡਾ ਬਿਜ਼ਨਸ ਕਿੱਦਾਂ ਸਾਂਭ ਲੈਂਦਾ, ਜਦੋਂ ਕਿ ਉਹਨੂੰ ਕੁਝ ਵੀ ਯਾਦ ਨਹੀਂ ਰਹਿੰਦਾ। ਬਰਥ ਡੇ, ਮੈਰਿਜ ਐਨਵਰਸਰੀ ਮੈਂ ਹੀ ਯਾਦ ਕਰਾਉਂਦੀ ਆਂ। ਐਨਵਰਸਰੀ 'ਤੇ ਡਾਇਮੰਡ ਦੀ ਜਿਵੈਲਰੀ ਗਿਫਟ ਕਰ ਸਕਦਾ ਹੈ ਪਰ 'ਕੱਲੀ ਨੂੰ ਟਾਈਮ ਨਹੀਂ ਦੇ ਸਕਦਾ। ਉਹ ਮੇਰੇ ਬਰਥ ਡੇ 'ਤੇ ਸ਼ਹਿਰ ਦੇ ਸਭ ਤੋਂ ਵੱਡੇ ਹੋਟਲ ਵਿਚ ਪਾਰਟੀ ਤਾਂ ਦੇ ਸਕਦਾ ਏ ਪਰ ਇਕ ਵਾਰੀ ਮੇਰਾ ਮੱਥਾ ਚੁੰਮ ਕੇ ਵਿਸ਼ ਨਹੀਂ ਕਰ ਸਕਦਾ। ਬੋਰ ਹੋਈ ਪਈ ਆਂ ਮੈਂ ਇਸ ਜ਼ਿੰਦਗੀ ਤੋਂ। ਜੀਅ ਕਰਦਾ ਕਿਤੇ ਦੂਰ ਚਲੀ ਜਾਵਾਂ ਜਿੱਥੇ ਮੈਨੂੰ ਕੋਈ ਨਾ ਜਾਣਦਾ ਹੋਵੇ।

ਸਾਰਾ ਦਿਨ 'ਕੱਲੀ ਬੋਰ ਹੁੰਦੀ ਹਾਂ ਤਾਂ ਲਿਖ ਪੜ੍ਹ ਲੈਂਦੀ ਹਾਂ। ਇਹ ਸ਼ੌਕ ਮੈਨੂੰ ਸਕੂਲ ਪੜ੍ਹਦਿਆਂ ਤੋਂ ਹੀ ਆ। ਇਕ ਵਾਰੀ ਪੰਜਾਬੀ ਦੀ ਕਾਪੀ ਪਿੱਛੇ ਕੁਝ ਲਿਖਿਆ। ਪੇਜ ਪਾੜਨਾ ਭੁੱਲ ਗਈ। ਸਰ ਕਾਪੀਆਂ ਚੈੱਕ ਕਰਨ ਲਈ ਸਟਾਫ ਰੂਮ ਵਿਚ ਲੈ ਗਏ। ਕਲਾਸ ਵਿਚ ਆ ਕੇ ਸਰ ਨੇ ਸਭ ਦੀਆਂ ਕਾਪੀਆਂ ਦੇ ਦਿੱਤੀਆਂ। ਮੇਰੀ ਵਾਰੀ ਲਾਸਟ ਵਿਚ ਆਈ।

"ਇਹ ਤੂੰ ਲਿਖਿਆ ਏ?" ਸਰ ਨੇ ਕਾਪੀ ਦਾ ਪੇਜ ਕੱਢ ਕੇ ਮੇਰੇ ਮੂਹਰੇ ਕਰ ਪੁੱਛਿਆ।

ਡਰਦੀ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ।

"ਤੈਨੂੰ ਪਤੈ ਇਹ ਕੀ ਆ?"

ਮੈਂ ਡਰ ਨਾਲ ਸਿਰ ਤੋਂ ਪੈਰਾਂ ਤੀਕ ਕੰਬ ਗਈ। ਜਵਾਬ ਦੇਣ ਦੀ ਬਜਾਇ ਮੈਂ ਨੀਵੀਂ ਪਾ ਲਈ।

"ਝੱਲੀਏ, ਇਹ ਕਵਿਤਾ ਆ।" ਸਰ ਨੇ ਕਾਪੀ ਮੈਨੂੰ ਫੜਾਉਂਦਿਆਂ ਕਿਹਾ।

"ਸੋਹਣੀ ਲਿਖੀ ਆ, ਸਕੂਲ ਦੇ ਮੈਗਜ਼ੀਨ ਲਈ ਦੇ ਦੇਈਂ ਮੈਨੂੰ।" ਸਰ ਨੇ ਮੁਸਕਰਾ ਕੇ ਕਿਹਾ।

ਸੋ ਇਸ ਤਰ੍ਹਾਂ ਮੇਰੀ ਲਿਖਣ ਦੀ ਸ਼ੁਰੂਆਤ ਹੋ ਗਈ। ਅਖਬਾਰਾਂ, ਮੈਗਜ਼ੀਨਾਂ ਵਿਚ ਛਪਣ ਕਰ ਕੇ ਲੇਖਕਾਂ ਵਿਚ ਪਛਾਣ ਬਣ ਗਈ। ਕਾਲਜ ਦੀ ਸਟੇਜ ਉਤੇ ਬੋਲੀ ਕਵਿਤਾ 'ਤੇ ਤਾੜੀਆਂ ਦੀ ਗੂੰਜ ਨੇ ਸੁਫਨਿਆਂ ਨੂੰ ਖੰਭ ਲਾ ਦਿੱਤੇ।

ਮੈਂ ਮਿਡਲ ਕਲਾਸ ਫੈਮਿਲੀ ਤੋਂ ਆਂ। ਪਾਪਾ ਰੇਲਵੇ ਵਿਚ ਕਲਰਕ ਨੇ। ਅਸੀਂ ਦੋ ਭੈਣ ਭਰਾ ਆਂ। ਭਰਾ ਛੋਟਾ ਆ। ਮੈਂ ਬਚਪਨ ਤੋਂ ਹੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਰੱਬ ਨੇ ਸੁਹੱਪਣ ਵੱਲੋਂ ਵੀ ਕੋਈ ਘਾਟ ਨਾ ਰੱਖੀ। ਬਲੌਰੀ ਅੱਖਾਂ ਕਰਕੇ ਕੁਝ ਸਹੇਲੀਆਂ ਬਿੱਲੋ ਕਹਿ ਕੇ ਛੇੜਦੀਆਂ ਤੇ ਕੁਝ ਕੱਦ ਵੇਖ ਲੰਬੋ ਕਹਿ ਦਿੰਦੀਆਂ। ਗੋਰਾ ਰੰਗ ਧੁੱਪ ਵਿਚ ਗੁਲਾਬੀ ਹੋ ਜਾਂਦਾ ਤਾਂ ਉਹ ਗੁਲਾਬੋ ਵੀ ਕਹਿ ਛੱਡਦੀਆਂ। ਹੁਸ਼ਿਆਰ ਤੇ ਸੋਹਣੀ ਹੋਣ ਕਰਕੇ ਸਹੇਲੀਆਂ ਵਿਚ ਵੱਖਰੀ ਹੀ ਟੌਹਰ ਸੀ।

ਬੀ.ਏ., ਬੀ.ਐਡ ਤੋਂ ਬਾਅਦ ਐਮ.ਏ. ਕਰਨ ਬਾਰੇ ਸੋਚ ਹੀ ਰਹੀ ਸੀ ਕਿ ਰੁਪਿੰਦਰ ਦਾ ਰਿਸ਼ਤਾ ਆ ਗਿਆ। ਰੁਪਿੰਦਰ ਸ਼ਹਿਰ ਦੇ ਕਹਿੰਦੇ ਕਹਾਉਂਦੇ ਬਿਜ਼ਨਸਮੈਨ ਸਰਦਾਰ ਚੰਦਨ ਸਿੰਘ ਸਿੱਧੂ ਦਾ ਬੇਟਾ ਏ। ਉਸਦੀ ਮਦਰ ਪਹਿਲਾ ਹੀ ਗੁਜ਼ਰ ਚੁੱਕੀ ਹੈ ਤੇ ਹੁਣ ਚੰਦਨ ਸਿੰਘ ਹਰਟ ਅਟੈਕ ਨਾਲ 'ਤੁਰ' ਗਏ ਤਾਂ ਸਾਰਾ ਬਿਜ਼ਨਸ ਉਨ੍ਹਾਂ ਦਾ ਇਕਲੌਤਾ ਬੇਟਾ ਰੁਪਿੰਦਰ ਦੇਖਦਾ ਆ। ਘਰ ਬੈਠੇ ਬਿਠਾਏ ਏਨੇ ਤਕੜੇ ਘਰ ਦਾ ਰਿਸ਼ਤਾ ਆਇਆ ਤਾਂ ਮੰਮਾ ਪਾਪਾ ਦੇ ਪੈਰ ਧਰਤੀ 'ਤੇ ਨਾ ਲੱਗਣ। ਰੁਪਿੰਦਰ ਨੂੰ ਸਿਰਫ ਕੁੜੀ ਸੋਹਣੀ ਤੇ ਸਿਆਣੀ ਚਾਹੀਦੀ ਸੀ। ਪਹਿਲੀ ਨਜ਼ਰ ਵਿਚ ਹੀ ਉਸ ਦੀਆਂ ਅੱਖਾਂ ਵਿਚੋਂ 'ਹਾਂ' ਮੈਂ ਪੜ੍ਹ ਲਈ। ਬਸ ਫਿਰ ਕੀ, ਛੇਤੀ ਹੀ ਮੈਂ ਮਿਸਿਜ਼ ਰੁਪਿੰਦਰ ਸਿੰਘ ਸਿੱਧੂ ਬਣ ਗਈ।

ਮੈਂ ਤੇ ਰੁਪਿੰਦਰ ਦੋਵੇਂ ਅੱਡ-ਅੱਡ ਸੁਭਾਅ ਦੇ ਆਂ। ਰੁਪਿੰਦਰ ਬੜੇ ਰਿਜ਼ਰਵ ਜਿਹੇ ਨੇਚਰ ਦਾ ਹੈ ਤੇ ਮੈਂ ਹੱਸਣ ਖੇਡਣ ਵਾਲੀ। ਵਿਆਹ ਤੋਂ ਪਹਿਲਾਂ ਆਪਣੇ ਜੀਵਨ ਸਾਥੀ ਵਾਲੇ ਦੇਖੇ ਸੁਫਨੇ ਨਾਲ ਰੁਪਿੰਦਰ ਬਿਲਕੁਲ ਮੇਲ ਨਹੀਂ ਖਾਂਦਾ। ਉਹ ਮੇਰੇ ਸੁਫਨਿਆਂ ਦੇ ਰਾਜਕੁਮਾਰ ਵਰਗਾ ਤਾਂ ਬਿਲਕੁਲ ਵੀ ਨਹੀਂ ਆ। ਮੈਂ ਜਿੰਨਾ ਮਰਜ਼ੀ ਸਜ ਫੱਬ ਕੇ ਬਹਿ ਜਾਵਾਂ, ਉਹਦੇ ਮੂੰਹੋਂ ਕਦੇ ਦੋ ਬੋਲ ਤਾਰੀਫ ਦੇ ਨਹੀਂ ਨਿਕਲੇ। ਕਦੇ ਉਹਨੇ ਸ਼ੀਸ਼ੇ ਮੂਹਰੇ ਖੜ੍ਹੀ ਨੂੰ ਪਿੱਛੋਂ ਗਲਵੱਕੜੀ ਪਾ ਕੇ ਪਿਆਰ ਨਹੀਂ ਜਿਤਾਇਆ। ਮੈਂ ਚਾਹੁੰਦੀ ਆਂ ਉਹ ਮੇਰੇ ਨਾਲ ਲਾਡ ਕਰੇ, ਲੜੇ, ਰੁੱਸੇ ਤੇ ਕਦੇ ਰੁੱਸੀ ਨੂੰ ਮਨਾਵੇ ਪਰ ਉਹ ਏਦਾਂ ਦਾ ਕੁਝ ਵੀ ਨਹੀਂ ਕਰਦਾ। ਉਹਨੂੰ ਤਾਂ ਬਸ ਬਿਜ਼ਨਸ, ਬਿਜ਼ਨਸ ਦੀ ਪਈ ਰਹਿੰਦੀ ਆ। ਪਿਆਰ ਕਰਨਾ ਤਾਂ ਉਸਨੂੰ ਆਉਂਦਾ ਈ ਨਹੀਂ। ਮੇਰੇ ਸਾਰੇ ਅਰਮਾਨ ਧਰੇ ਧਰਾਏ ਰਹਿ ਗਏ।

ਦੋ ਗੱਲਾਂ ਰੁਪਿੰਦਰ ਦੀਆਂ ਮੈਨੂੰ ਬਹੁਤ ਚੰਗੀਆਂ ਲੱਗਦੀਆਂ ਨੇ।ਪਹਿਲੀ ਇਹ ਕਿ ਮੈਨੂੰ ਬੱਚਾ ਕੰਨਸੀਵ ਕਰਨ ਵਿਚ ਪ੍ਰੋਬਲਮ ਆ ਰਹੀ ਸੀ, ਨੁਕਸ ਮੇਰੇ ਵਿਚ ਹੀ ਨਿਕਲ ਰਿਹਾ ਸੀ ਪਰ ਰੁਪਿੰਦਰ ਦੀ ਸਿਫਤ ਆ ਕਿ ਉਹਨੇ ਕਦੇ ਮੈਨੂੰ ਇਸ ਦਾ ਤਾਅਨਾ ਨਹੀਂ ਮਾਰਿਆ ਤੇ ਦੂਜੀ, ਰੁਪਿੰਦਰ ਨੇ ਨਾ ਹੀ ਮੈਨੂੰ ਕਦੇ ਲਿਖਣ ਪੜ੍ਹਨ ਤੋਂ ਤੇ ਨਾ ਹੀ ਕਿਤੇ ਜਾਣ ਤੋਂ ਰੋਕਿਆ ਆ।

ਸਭਾਵਾਂ ਵਿਚ ਜਾਣ ਕਰਕੇ ਫੇਸਬੁੱਕ 'ਤੇ ਵੀ ਦੋਸਤਾਂ ਵਿਚ ਇਜ਼ਾਫਾ ਹੋਇਆ। ਕਈ ਵੱਡੇ ਛੋਟੇ ਲੇਖਕ ਲੇਖਿਕਾਵਾਂ ਮੇਰੀ ਫਰੈਂਡ ਲਿਸਟ ਵਿਚ ਸ਼ਾਮਿਲ ਹੋ ਗਏ। ਮੈਂ ਫੋਨ ਨੰਬਰ ਕਦੇ ਕਿਸੇ ਨੂੰ ਨਾ ਦਿੱਤਾ, ਬਸ ਮੈਸੇਂਜਰ 'ਤੇ ਹੀ ਸਭਾਵਾਂ ਵਾਲੇ ਇਨਵੀਟੇਸ਼ਨ ਭੇਜ ਦਿੰਦੇ। ਹੋਰ ਵੀ ਬਹੁਤ ਲੇਖਕਾਂ ਜਾਂ ਪਾਠਕਾਂ ਦੇ ਮੈਸਿਜ ਆਉਂਦੇ ਪਰ ਮੈਂ ਇਗਨੋਰ ਕਰ ਦਿੰਦੀ।

ਉਸਦਾ ਮੈਸਿਜ ਵੀ ਮੈਸੇਂਜਰ 'ਤੇ ਆਇਆ ਸੀ। ਉਹਨੇ ਮੇਰੀ ਕਵਿਤਾ ਦੀ ਤਾਰੀਫ਼ ਕੀਤੀ, ਸੋ ਚੰਗਾ ਲੱਗਾ। ਵੈਸੇ ਤਾਂ ਮੈਂ ਕਿਸੇ ਵੀ ਮੈਸਿਜ ਦਾ ਰਿਪਲਾਈ ਨਹੀਂ ਕਰਦੀ। ਮੈਂ ਉਹਦੀ ਪ੍ਰੋਫਾਇਲ ਦੇਖਣ ਲੱਗ ਪਈ। ਫਿਰ ਪਤਾ ਨਹੀਂ ਕਿਉਂ, ਮੈਂ ਉਸਦੇ ਮੈਸਿਜ ਦੇ ਰਿਪਲਾਈ ਵਿਚ 'ਸ਼ੁਕਰੀਆ'



ਲਿਖ ਕੇ ਪੋਸਟ ਕਰ ਦਿੱਤਾ। ਉਹ ਮੇਰੇ ਸ਼ਹਿਰ ਦੇ ਨਾਲ ਹੀ ਲੱਗਦੇ ਕਸਬੇ ਦਾ ਸੀ।

ਮੈਸੇਂਜਰ 'ਤੇ ਰੋਜ਼ ਹੀ ਗੱਲ-ਬਾਤ ਹੋਣ ਲੱਗੀ। ਮੈਂ ਆਪਣੇ ਬਾਰੇ ਤੇ ਉਹਨੇ ਆਪਣੇ ਬਾਰੇ ਦੱਸਿਆ। ਸਾਡੇ ਫੋਨ ਨੰਬਰ ਐਕਸਚੇਂਜ ਹੋਏ। ਉਹ ਪੇਸ਼ੇ ਵਜੋਂ ਡਾਕਟਰ ਹੈ। ਹੁਣ ਅਸੀਂ ਦੋਵੇਂ ਫੋਨ 'ਤੇ ਚੰਗੇ ਦੋਸਤ ਬਣ ਗਏ। ਕਵਿਤਾਵਾਂ ਬਾਰੇ ਗੱਲਾਂ ਹੋਣ ਲੱਗੀਆਂ। ਉਸ ਨਾਲ ਗੱਲ ਕਰ ਕੇ ਬਹੁਤ ਚੰਗਾ ਲੱਗਦਾ। ਜਿਸ ਦਿਨ ਉਹਦਾ ਮੈਸਿਜ ਜਾਂ ਕਾਲ ਨਾ ਆਉਂਦੀ ਤਾਂ ਮੇਰਾ ਮਨ ਖਿਝਿਆ-ਖਿਝਿਆ ਰਹਿੰਦਾ। ਅਜੀਬ ਜਿਹਾ ਬਦਲਾਅ ਮਹਿਸੂਸ ਕਰਨ ਲੱਗੀ ਸੀ ਮੈਂ ਆਪਣੇ ਆਪ 'ਚ। ਉਹ ਮੇਰੀ ਜ਼ਿੰਦਗੀ ਦਾ ਹਿੱਸਾ ਬਣਨ ਲੱਗਾ। ਮੇਰਾ ਦਿਲ ਉਹਨੂੰ ਮਿਲਣ ਨੂੰ ਕਰਨ ਲੱਗਾ,ਆਹਮੋ-ਸਾਹਮਣੇ ਬਹਿ ਕੇ ਗੱਲਾਂ ਕਰਨ ਨੂੰ ਪਰ ਮੇਰੇ ਚੰਗੇ ਸੰਸਕਾਰ ਮੈਨੂੰ ਪਹਿਲ ਕਰਨ ਤੋਂ ਰੋਕਦੇ। ਇਕ ਦਿਨ ਰੱਬ ਨੇ ਮੇਰੀ ਸੁਣ ਲਈ।

"ਆਪਾਂ ਮਿਲੀਏ?" ਆਖ ਜਿਵੇਂ ਉਹਨੇ ਮੇਰੇ ਮਨ ਦੀ ਗੱਲ ਬੁੱਝ ਲਈ ਸੀ।

ਦਿਲ ਅੰਦਰੋ-ਅੰਦਰੀ ਖੁਸ਼ ਹੋਈ ਜਾਵੇ ਪਰ ਮੈਂ ਉਤਲੇ ਮਨੋਂ ਨਾਂਹ ਨੁੱਕਰ ਜਿਹੀ ਕਰੀ ਜਾਵਾਂ। ਵਿਚੋ-ਵਿਚ ਡਰੀ ਵੀ ਜਾਵਾਂ ਕਿ ਉਹ ਕਿਤੇ ਬੁਰਾ ਈ ਨਾ ਮੰਨ ਜਾਵੇ। ਤਿੰਨ ਕੁ ਵਾਰ 'ਨਾਂਹ' ਕਰਨ ਤੋਂ ਬਾਅਦ ਮੇਰੇ ਬੁੱਲ੍ਹਾਂ ਨੇ ਮੁਸਕਰਾਉਂਦਿਆਂ 'ਹਾਂ' ਕਰ ਦਿੱਤੀ।

"ਮੈਂ ਉਥੇ ਡਾਕਟਰ ਨਹੀਂ, ਦੋਸਤ ਬਣ ਕੇ ਆਊਣਾ, ਬਸ ਇਹ ਯਾਦ ਰੱਖੀਂ।" ਉਹਨੇ ਹਦਾਇਤ ਕੀਤੀ।

"ਜੀ।" ਆਖ ਮੈਂ ਸਹਿਮਤੀ ਪ੍ਰਗਟਾਈ।

ਉਸ ਤੋਂ ਬਾਅਦ ਮੈਨੂੰ ਮਹਿਸੂਸ ਹੋਇਆ ਕਿ ਉਸ ਨੂੰ ਵੀ ਮੇਰੇ ਨਾਲ ਲਗਾਉ ਜਿਹਾ ਹੋ ਗਿਆ ਏ। ਦੂਜੇ ਦਿਨ ਉਸਨੂੰ ਮਿਲਣਾ ਸੀ। ਏਨੀਆ ਬਰੈਂਡਡ ਡਰੈਸਿਜ਼ ਨੇ ਮੇਰੇ ਕੋਲ ਪਰ ਉਸ ਦਿਨ ਪਾ ਕੇ ਜਾਣ ਵਾਸਤੇ ਕੋਈ ਚੰਗੀ ਨਾ ਲੱਗੀ। ਸਾਰੀ ਅਲਮਾਰੀ ਫਰੋਲ ਮਾਰੀ। ਦਰਅਸਲ ਮੈਂ ਕੋਈ ਪਿਆਰਾ ਜਿਹਾ ਸੂਟ ਪਾ ਕੇ ਜਾਣਾ ਚਾਹੁੰਦੀ ਸਾਂ। ਫਿਰ ਯਾਦ ਆਇਆ ਉਹ ਪਿੰਕ ਸੂਟ ਜੋ ਬੜੀ ਰੀਝ ਨਾਲ ਖਰੀਦਿਆ ਸੀ ਪਰ ਪਾਇਆ ਇਕ ਵਾਰ ਵੀ ਨਹੀਂ ਸੀ। ਪਿੰਕ ਤੇ ਹਾਟ ਪਿੰਕ ਦਾ ਕੰਬੀਨੇਸ਼ਨ ਬਹੁਤ ਹੀ ਪਿਆਰਾ ਲੱਗ ਰਿਹਾ ਸੀ। ਉਪਰ ਸੀਕਵਿਨਸ ਦਾ ਕੰਮ ਹੋਇਆ ਸੀ। ਉਹ ਸੂਟ ਪਾ ਕੇ ਸ਼ੀਸ਼ੇ ਵਿਚ ਵੇਖਣ ਲੱਗੀ ਤਾਂ ਆਪਣੇ ਆਪ 'ਤੇ ਪਿਆਰ ਜਿਹਾ ਆਇਆ। ਹਲਕਾ ਜਿਹਾ ਮੇਕਅਪ ਕਰ, ਨਾਲ ਮੈਚਿੰਗ ਜਵੈਲਰੀ ਪਾ ਕੇ ਕਾਰ ਨੂੰ ਮਿਥੀ ਥਾਂ ਵਾਲੇ ਰਾਹ 'ਤੇ ਪਾ ਲਿਆ।

ਦਸ ਮਿੰਟ ਦਾ ਤਾਂ ਰਾਹ ਸੀ ਸਾਰਾ। ਕਾਰ ਸਾਇਡ 'ਤੇ ਲਾ ਕੇ ਮੈਂ ਉਹਦਾ ਫੋਨ ਮਿਲਾਇਆ। ਉਹਨੂੰ ਹਾਲੇ ਪੰਜ ਕੁ ਮਿੰਟ ਲੱਗਣੇ ਸੀ। ਮੇਰੇ ਕੋਲੋਂ ਉਡੀਕ ਨਹੀਂ ਸੀ ਹੋ ਰਹੀ। ਉਹਨੂੰ ਵੇਖਣ ਲਈ ਦਿਲ ਕਾਹਲਾ ਪਿਆ ਹੋਇਆ ਸੀ। ਅੱਜ ਉਸਨੇ ਤਸਵੀਰ 'ਚੋਂ ਨਿਕਲ ਕੇ ਮੇਰੇ ਸਾਹਮਣੇ ਹੋਣਾ ਸੀ। ਮੇਰਾ ਝੱਲਾ ਜਿਹਾ ਦਿਲ ਵਾਰੀ ਵਾਰੀ ਫੋਨ 'ਤੇ ਟਾਈਮ ਦੇਖ ਰਿਹਾ ਸੀ। ਇਕ-ਇਕ ਪਲ ਵਰ੍ਹੇ ਵਾਂਗ ਲੱਗ ਰਿਹਾ ਸੀ।

ਫੋਟੋਆਂ ਦੇਖੀਆਂ ਹੋਣ ਕਰਕੇ ਦੋਵਾਂ ਨੇ ਇਕ ਦੂਜੇ ਨੂੰ ਝੱਟ ਹੀ ਪਛਾਣ ਲਿਆ।

"ਤੂੰ ਫੋਟੋਆਂ ਨਾਲੋਂ ਕਿਤੇ ਵੱਧ ਸੋਹਣੀ ਏਂ।" ਉਸਨੇ ਮਿਲਦਿਆਂ ਹੀ ਮੁਸਕਰਾ ਕੇ ਕਿਹਾ।

ਇਹੋ ਜਿਹੇ ਸ਼ਬਦ ਮੈਂ ਰੁਪਿੰਦਰ ਦੇ ਮੂੰਹੋਂ ਸੁਣਨ ਨੂੰ ਤਰਸਦੀ ਰਹੀ। 'ਸ਼ੁਕਰੀਆ' ਆਖ ਮੇਰੇ ਨੈਣ ਸ਼ਰਮ ਨਾਲ ਝੁਕ ਗਏ। ਅਸੀਂ ਦੋਵੇਂ ਰੈਸਟੋਰੈਂਟ ਦੇ ਅੰਦਰ ਚਲੇ ਗਏ। ਕੌਫੀ ਆਰਡਰ ਕਰਕੇ ਆਹਮੋ-ਸਾਹਮਣੀਆਂ ਕੁਰਸੀਆਂ 'ਤੇ ਬਹਿ ਗਏ।

"ਕੁਝ ਬੋਲ ਤਾਂ ਜੋ ਅਹਿਸਾਸਾਂ ਦਾ ਪਤਾ ਲੱਗੇ।" ਮੈਨੂੰ ਚੁੱਪ ਵੇਖ ਉਸਨੇ ਕਿਹਾ।

"ਮੈਂ ਕੀ ਸੁਣਾਵਾਂ, ਤੁਸੀਂ ਸੁਣਾਉ।"

"ਤੇਰਾ ਸੱਚ ਜੋ ਸਿਰਫ ਤੂੰ ਜਾਣਦੀ ਏਂ।" ਉਹ ਮੇਰੇ ਬਾਰੇ ਜਾਣਨ ਲਈ ਕਾਹਲਾ ਸੀ।

ਮੈਂ ਆਪਣਾ ਲਿਖਿਆ ਸ਼ਿਅਰ ਸੁਣਾਇਆ।

"ਇਹ ਤਾਂ ਬਹੁਤ ਇਸ਼ਾਰੇ ਕਰ ਰਿਹਾ ਏ, ਕੀ ਸਮਝੀਏ?" ਸ਼ਿਅਰ ਸੁਣ ਕੇ ਉਹ ਤੁਰੰਤ ਬੋਲਿਆ।

"ਹਾ ਹਾ ਹਾ...ਕੁਝ ਵੀ ਨਹੀਂ, ਇਹ ਤਾਂ ਸਿਰਫ ਕਾਗਜ਼ 'ਤੇ ਝਰੀਟਾਂ ਨੇ।" ਮੈਂ ਆਪਣੇ ਜਜ਼ਬਾਤ ਲੁਕੋਣ ਦੀ ਕੋਸ਼ਿਸ਼ ਕੀਤੀ।

"ਝਰੀਟਾਂ ਨਿਸ਼ਾਨ ਪਾਉਂਦੀਆਂ ਨੇ।" ਉਹਨੇ ਮੇਰੇ ਚਿਹਰੇ 'ਤੇ ਨਜ਼ਰਾਂ ਗੱਡ ਲਈਆਂ, ਜਿਵੇਂ ਕੁਝ ਪੜ੍ਹ ਰਿਹਾ ਹੋਵੇ।

"ਹੁਣ ਇਸ ਸਭ ਦੀ ਨਾ ਉਮਰ ਏ ਤੇ ਨਾ ਹੀ ਹਿੰਮਤ।" ਮੇਰੇ ਅੰਦਰੋਂ ਹਉਕਾ ਜਿਹਾ ਨਿਕਲਿਆ।

"ਤੇਰੇ ਸ਼ਿਅਰ ਬੋਲ ਰਹੇ ਆ।"

"ਉਹ ਤਾਂ ਮੇਰੇ ਅੰਦਰ ਬੈਠੀ ਕਵਿੱਤਰੀ ਦੇ ਨੇ।"

"ਫਿਰ ਉਹ ਤਾਂ ਚਾਹੁੰਦੀ ਏ ਨਾ?" ਉਹ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਦਾ ਹੈ।

"ਚਾਹੀ ਜਾਏ।" ਮੈਂ ਨਜ਼ਰਾਂ ਚੁਰਾ ਲੈਂਦੀ ਹਾਂ।

"ਨਾ ਮਾਰ ਉਹਦੀਆਂ ਖਵਾਹਿਸ਼ਾਂ ਨੂੰ।"

"ਉਹਦੀ ਮਰਜ਼ੀ।"

"ਮਰਜ਼ੀ ਤੇਰਾ ਸਾਥ ਭਾਲ ਰਹੀ ਏ, ਇਕ ਜ਼ਰੀਏ ਵਾਂਗ।"

"ਹੁਣ ਤਾਂ ਰੁੱਤਾਂ ਬਦਲ ਗਈਆਂ, ਸ਼ਾਮਾਂ ਪੈ ਗਈਆਂ।"

"ਸ਼ਾਮਾਂ ਚਾਨਣੀਆਂ ਵੀ ਹੁੰਦੀਆਂ, ਧੁੱਪ ਦਾ ਸੇਕ ਨਹੀਂ ਲੱਗਦਾ।"

"ਵਾਹ! ਬਹੁਤ ਸੋਹਣੀ ਗੱਲ ਆ, ਚੰਗੇ ਸ਼ਾਇਰ ਹੋ ਤੁਸੀਂ।" ਮੈਂ ਗੱਲ ਬਦਲਣੀ ਚਾਹੀ।

"ਸਿਰਫ ਗੱਲ ਸੋਹਣੀ ਤੀਕ ਸੀਮਿਤ ਕਰਨਾ?" ਉਹ ਗੁੱਝਾ ਜਿਹਾ ਮੁਸਕਰਾਇਆ।

"ਗੱਲਾਂ ਬਹੁਤ ਆਉਂਦੀਆਂ ਨੇ ਤੁਹਾਨੂੰ।"

"ਨਹੀਂ ਪਸੰਦ ਤਾਂ ਬੰਦ ਕਰ ਦਿੰਦੇ ਆਂ।"

"ਨਹੀਂ, ਨਹੀਂ...ਸੋਹਣੀਆਂ ਨੇ, ਕਰੋ। ਸ਼ਾਇਦ ਇਸ 'ਚੋਂ ਕੋਈ ਕਹਾਣੀ ਜਨਮ ਲੈ ਲਵੇ।" ਮੈਨੂੰ ਉਸਦੀਆਂ ਗੱਲਾਂ ਚੰਗੀਆਂ ਲੱਗ ਰਹੀਆਂ ਸੀ।

"ਕਹਾਣੀ ਨਹੀਂ, ਹਕੀਕਤ ਹੋਵੇ ਬਸ। ਮੈਂ ਤੈਨੂੰ ਪੜ੍ਹਨਾ ਚਾਹੁੰਦਾ ਆਂ।"

"ਔਖੀ ਆ, ਡਾਕਟਰੀ ਨਾਲੋਂ।"

"ਕੋਈ ਨਾ, ਚਲ ਦੱਸ ਕਿਸ ਚੀਜ਼ ਵਿਚ ਵਿਸ਼ਵਾਸ ਆ?"

"ਖੂਨ ਦੇ ਰਿਸ਼ਤਿਆਂ 'ਚ ਜਾਂ ਫਿਰ ਦੋਸਤੀ।"

"ਮੁਹੱਬਤ...?"

"ਉੱਕਾ ਵੀ ਨਹੀਂ।" ਮੈਂ ਝੂਠ ਬੋਲ ਦਿੰਦੀ ਹਾਂ।

"ਕਵਿੱਤਰੀ ਆ ਜੋ?"

"ਉਹ ਮੇਰੇ ਅੰਦਰ ਆ ਜਾਂ ਫਿਰ ਕਾਗਜ਼ਾਂ 'ਤੇ... ਉਹਨੂੰ ਕਲਪਨਾ ਵਿਚ ਹੀ ਜਿਊਣ ਦਿਓ।"

"ਮੈਂ ਕਵਿੱਤਰੀ ਨੂੰ ਮਿਲਣਾ ਏ।"

"ਉਹ ਬਾਹਰ ਨਹੀਂ ਆਉਣਾ ਚਾਹੁੰਦੀ, ਡਰਪੋਕ ਆ।"

"ਚਾਹੁੰਦੀ ਆ, ਤੂੰ ਬੰਨ੍ਹ ਰੱਖੀ ਆ। ਕੋਈ ਨਾ, ਮੈਂ ਸਨਮਾਨ ਨਾਲ ਬਾਹਰ ਲੈ ਕੇ ਆਵਾਂਗਾ।"

"ਦੇਖਦੇ ਆਂ।" ਆਖ ਮੈਂ ਮੁਸਕਰਾ ਪਈ।

"ਲੇਖਕ ਕਿਹੜੇ-ਕਿਹੜੇ ਪਸੰਦ ਨੇ।"

"ਸ਼ਿਵ ਕੁਮਾਰ ਬਟਾਲਵੀ 'ਤੇ ਫਿਦਾ ਸੀ ਕਿਸੇ ਟਾਈਮ ਮੈਂ ਪਰ ਅਫ਼ਸੋਸ, ਉਹ ਮੇਰੇ ਜੰਮਣ ਤੋਂ ਪਹਿਲਾਂ ਹੀ ਤੁਰ ਗਿਆ।"

"ਕੋਈ ਟੁੱਟਿਆ ਭੱਜਿਆ ਲੇਖਕ ਵੀ ਪਸੰਦ ਆ ਮੇਰੇ ਵਰਗਾ।" ਉਹਨੇ ਆਪਣੇ ਆਪ ਵੱਲ ਹੱਥ ਕਰ ਕੇ ਆਖਿਆ।

"ਲੇਖਕ ਤਾਂ ਟੁੱਟੇ ਭੱਜੇ ਹੀ ਹੁੰਦੇ ਆ, ਸਾਬਤ ਬੰਦਾ ਤਾਂ ਲਿਖਦਾ ਹੀ ਨਹੀਂ ਕੁਝ।"

ਕੁਝ ਦੇਰ ਦੋਵਾਂ ਵਿਚਾਲੇ ਚੁੱਪ ਛਾ ਗਈ। ਏਨੇ ਨੂੰ ਵੇਟਰ ਕੌਫੀ ਲੈ ਆਇਆ।

"ਬੋਲੋ ਕੁਝ।" ਕੌਫੀ ਦੀ ਘੁੱਟ ਭਰਦਿਆਂ ਮੈਂ ਉਹਨੂੰ ਕਿਹਾ।

"ਤੂੰ ਉਹ ਆਂ ਜੀਹਨੇ ਮੇਰੇ ਸ਼ਬਦ ਖਤਮ ਕਰ ਦਿੱਤੇ।" ਕੁਝ ਦੇਰ ਚੁੱਪ ਰਹਿਣ ਪਿੱਛੋਂ ਉਹ ਬੋਲਿਆ।

"ਕਮਾਲ ਆ, ਮੈਂ ਤਾਂ ਸੁਣਿਆ ਸੀ ਕਿ ਕੁੜੀਆਂ ਸ਼ਬਦ ਵੰਡਦੀਆਂ ਨੇ। ਸੰਪੂਰਨ ਕਵਿਤਾ ਹੁੰਦੀਆਂ ਨੇ ਕੁੜੀਆਂ।"

"ਅਪਣਾ ਰਿਹਾ ਆਂ ਕਵਿਤਾ ਨੂੰ, ਕਵਿਤਾ ਸਮਝੇ ਤਾਂ ਈ ਆ।" ਉਹ ਮੇਰੀਆਂ ਅੱਖਾਂ ਵਿਚ ਝਾਕਿਆ।

ਉਹਨੂੰ ਮਿੱਠਾ ਪਸੰਦ ਹੈ, ਤਾਂ ਹੀ ਉਹ ਕੌਫੀ ਵਿਚ ਹੋਰ ਸ਼ੂਗਰ ਮਿਲਾਉਣ ਲੱਗਾ।

"ਕੁਝ ਮਹਿਸੂਸ ਹੋ ਰਿਹਾ ਏ?"

***(ਬਾਕੀ ਅਗਲੇ ਸਫੇ 'ਤੇ)***

# ਖਪਤਕਾਰੀ ਦੀ ਖੁਭਣ

ਅੱਜ ਬੰਦੇ ਦੇ ਮਨ 'ਚ ਇਹ ਗੱਲ ਘਰ ਕਰ ਚੁੱਕੀ ਹੈ ਕਿ ਜੋ ਚੀਜ਼ ਬਣੀ ਹੈ ਜਾਂ ਬਣਨੀ ਹੈ, ਉਹ ਉਸ ਲਈ ਖ੍ਰੀਦਣੀ ਜ਼ਰੂਰੀ ਹੈ। ਕਿਹੜੀ ਚੀਜ਼-ਵਸਤ ਜ਼ਰੂਰੀ ਚਾਹੀਦੀ ਹੈ ਤੇ ਕਿਹੜੀ ਨਹੀਂ, ਇਸ ਦਾ ਫਰਕ ਨਿਰਖਣਾ ਔਖਾ ਬਣ ਗਿਆ ਹੈ। ਖਪਤਕਾਰੀ ਦੇ ਯੁੱਗ 'ਚ ਅਸੀਂ ਇਸ ਦੀ ਘੁੰਮਣਘੇਰੀ ਤੋਂ ਬਚਣਾ ਚਾਹੁੰਦੇ ਹੋਏ ਵੀ ਬਚ ਨਹੀਂ ਸਕਦੇ ਕਿਉਂਕਿ ਆਲੇ ਦੁਆਲੇ ਪਦਾਰਥਾਂ ਦੀ ਚਕਾਚੌਂਧ ਨੇ ਸਾਨੂੰ ਆਪਣੀ ਜਕੜ 'ਚ ਲਿਆ ਹੋਇਆ ਹੈ। ਸਾਡੀ ਮਨੋ-ਬਿਰਤੀ ਉਲਝ ਕੇ ਐਸੀ ਗੁੰਝਲਾਂ 'ਚ ਫਸ ਗਈ ਹੈ ਕਿ ਜੇ ਗੁਆਂਢੀ ਕੋਲ ਕੋਈ ਨਵੀਂ ਵਸਤ ਹੈ ਤਾਂ ਸਾਡੇ ਲਈ ਵੀ ਉਹ ਲੈਣੀ ਜ਼ਰੂਰੀ ਹੈ; ਨਹੀਂ ਤਾਂ ਅਸੀਂ ਹੋਰ ਤਰ੍ਹਾਂ ਲੱਗਾਂਗੇ। ਮੁਕਾਬਲੇ ਦੀ ਦੌੜ ਖਪਤਕਾਰੀ ਨੂੰ ਤੇਜ਼ ਕਰਦੀ ਹੈ। ਅਰਥ-ਸ਼ਾਸਤਰੀ ਦਲੀਲ ਦਿੰਦੇ ਹਨ ਕਿ ਜਿੰਨੀ ਚੀਜ਼ਾਂ-



**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

ਵਸਤਾਂ ਦੀ ਖਪਤ ਵੱਧ ਹੋਏਗੀ ਉਤਨਾ ਹੀ ਅਰਥਚਾਰਾ ਹੋਰ ਮਜ਼ਬੂਤ ਹੋਏਗਾ। ਨਵੀਆਂ ਤੋਂ ਨਵੀਆਂ ਚੀਜ਼ਾਂ ਬਣਦੀਆਂ ਤੇ ਵਿਕਦੀਆਂ ਰਹਿਣਗੀਆਂ ਤਾਂ ਚੀਜ਼ਾਂ ਬਣਾਉਣ ਦੇ ਕਾਰਖਾਨੇ ਚਲਦੇ ਰਹਿਣਗੇ ਤੇ ਇਸ ਤਰ੍ਹਾਂ ਸਭ ਖੁਸ਼ਹਾਲ ਹੋ ਜਾਣਗੇ। ਪਰ ਦੇਖਣ ਵਾਲੀ ਗੱਲ ਇਹ ਹੈ ਕਿ ਖੁਸ਼ਹਾਲੀ ਕਿਸ ਕੀਮਤ 'ਤੇ ਆਉਣੀ ਹੈ? ਹਰੇਕ ਦੀ ਖੁਸ਼ਹਾਲੀ ਦੀ ਪਰਿਭਾਸ਼ਾ ਆਪੋ ਆਪਣੇ ਵਿੱਤ ਮੁਤਾਬਕ ਵੱਖੋ ਵੱਖਰੀ ਹੈ। ਕੀ ਜੋ ਕੁੱਝ ਬਣਿਆ ਹੈ ਉਹ ਖ੍ਰੀਦ ਕੇ ਅਤੇ ਭੋਗ ਕੇ ਹੀ ਖੁਸ਼ੀ ਅਤੇ ਖੁਸ਼ਹਾਲੀ ਆਉਣੀ ਹੈ? ਇਹ ਵੀ ਇੱਕ ਭੰਬਲਭੂਸਾ ਹੈ। ਕੀ ਜੋ ਤੁਸੀਂ ਖ੍ਰੀਦਣਾ ਚਾਹੁੰਦੇ ਹੋ ਉਸ ਨੂੰ ਖ੍ਰੀਦਣ ਦੀ ਤੁਹਾਡੇ ਕੋਲ ਪਹੁੰਚ ਹੈ? ਦੂਸਰੀ ਵੱਡੀ ਗੱਲ ਇਹ ਹੈ ਕਿ ਉਸ ਦੀ ਤੁਹਾਨੂੰ ਜ਼ਰੂਰਤ ਵੀ ਹੈ ਜਾਂ ਉਸ ਬਿਨਾ ਸਰ ਵੀ ਸਕਦਾ ਹੈ? ਅੱਜ ਖਪਤਕਾਰੀ ਦੇ ਜ਼ਮਾਨੇ 'ਚ ਧੜਾ ਧੜ ਚੀਜ਼ਾਂ ਬਣਾਈਆਂ ਤੇ ਵੇਚੀਆਂ ਜਾ ਰਹੀਆਂ ਹਨ, ਉਪਭੋਗਤਾ ਉਨ੍ਹਾਂ ਵਸਤਾਂ ਨੂੰ ਖ੍ਰੀਦ ਕੇ, ਤੇ ਸਿੱਥੇ ਸਮੇਂ ਲਈ ਵਰਤ ਕੇ ਸੁੱਟ ਦਿੰਦੇ ਹਨ ਤੇ ਨਵੀਆਂ ਹੋਰ ਖ੍ਰੀਦਣ ਦੇ ਰਾਹ ਤੁਰ ਪੈਂਦੇ ਹਨ। ਦੇਖਣ 'ਚ ਰੋਜ਼ ਆਉਂਦਾ ਹੈ ਕਿ ਉਨ੍ਹਾਂ ਅੱਧ ਪਚੱਧੀਆਂ ਚੀਜ਼ਾਂ-ਵਸਤਾਂ ਨਾਲ ਭਰੇ ਕੂੜੇ ਦੇ ਟਰੱਕਾਂ ਦੇ ਟਰੱਕ ਕੂੜ ਢੇਰਾਂ (ਡੰਪਾਂ) 'ਤੇ ਸੁੱਟ ਕੇ ਦੱਬੇ ਜਾਂਦੇ ਹਨ।

ਖਪਤਕਾਰੀ ਵਧਾਉਣ ਦੀ ਵਿਧੀ ਅਨੁਸਾਰ ਲੋਕਾਂ ਨੂੰ ਭਰਮਾਉਣ ਲਈ ਇਸ਼ਤਿਹਾਰਾਂ ਅਤੇ ਹੋਰ ਪ੍ਰਚਾਰਕ ਸਾਧਨਾਂ ਰਾਹੀਂ ਇਹ ਪ੍ਰਭਾਵ ਬਣਾਇਆ ਜਾਂਦਾ ਹੈ ਕਿ ਥੋੜ੍ਹੇ ਚਿਰ ਬਾਅਦ ਪੁਰਾਣੀਆਂ ਵਸਤਾਂ ਕੂੜੇ 'ਚ ਸੁੱਟ ਨਵੀਆਂ ਤੋਂ ਨਵੀਆਂ ਲੈਂਦੇ ਰਹਿਣ 'ਚ ਹੀ ਸਰਦਾਰੀ ਦੀ ਸ਼ਾਨ ਕਾਇਮ ਰਹਿ ਸਕਦੀ ਹੈ। ਲੋਕ ਕਰਦੇ ਵੀ ਇਵੇਂ ਹੀ ਹਨ। ਚਾਹੇ ਘਰ ਦਾ ਫਰਨੀਚਰ ਹੋਵੇ, ਕਾਰਾਂ ਹੋਣ, ਕੱਪੜੇ ਹੋਣ, ਘਰਾਂ ਦੇ ਅਪਲਾਂਇਸਿਜ਼ ਜਾਂ ਹੋਰ ਕੁੱਝ ਵੀ। ਅੱਜ ਕੱਲ੍ਹ ਤਿਆਰ ਕੀਤੀਆਂ ਜਾਂਦੀਆਂ ਕਾਰਾਂ ਤੇ ਮਸ਼ੀਨਾਂ, ਲੰਬਾ ਸਮਾਂ ਚਲਦੀਆਂ ਰਹਿਣ ਦੀ ਬਜਾਏ ਕੁੱਝ ਸਾਲ ਚਲਦੀਆਂ ਰਹਿਣ ਦੀ ਸਮਰੱਥਾ ਮੁਤਾਬਕ ਹੀ ਬਣਾਈਆਂ ਜਾਂਦੀਆਂ ਹਨ ਤਾਂ ਕਿ ਪੰਜ ਸੱਤ ਸਾਲ ਦੇ ਉਮਰ ਚੱਕਰ (ਲਾਈਫ ਸਾਈਕਲ) ਉਪਰੰਤ ਖਪਤਕਾਰ ਮੁੜ ਤੋਂ ਨਵੇਂ ਸਿਰਿਓਂ ਉਹੀ ਕਾਰਾਂ ਤੇ ਮਸ਼ੀਨਾਂ ਮੁੜ-ਮੁੜ ਖ੍ਰੀਦਦਾ ਰਹੇ। ਕਮਾਲ ਦੀ ਗੱਲ ਇਹ ਹੈ ਕਿ ਜਿਹੜੀਆਂ ਮਸ਼ੀਨਾਂ ਜਾਂ ਕਾਰਾਂ ਆਸਾਨੀ ਨਾਲ ਮੁਰੰਮਤ ਕਰ ਕੇ ਮੁੜ ਚਲਦੀਆਂ ਅਤੇ ਵਰਤੋਂ 'ਚ ਰੱਖੀਆਂ ਜਾ ਸਕਦੀਆਂ ਹਨ; ਉਨ੍ਹਾਂ ਨੂੰ ਕਬਾੜ ਬਣਦਾ ਰਹਿਣ ਦੀ ਵਿਉਂਤ ਨਾਲ, ਮੁਰੰਮਤ ਹੋਣ ਵਾਸਤੇ ਲੋੜੀਂਦੇ ਪੁਰਜੇ ਤੇ ਪਾਰਟਾਂ ਦੀ ਕੀਮਤ ਇਤਨੀ ਮਹਿੰਗੀ ਰੱਖੀ ਹੁੰਦੀ ਹੈ ਕਿ ਖਪਤਕਾਰ ਮੁਰੰਮਤ ਕਰਾ ਕਰਾ ਕੇ ਉਨ੍ਹਾਂ ਨੂੰ ਚਲਦੀਆਂ ਰੱਖਣ ਦੀ ਥਾਂ, ਪੁਰਜਿਆਂ ਦੇ ਮਹਿੰਗੇ ਭਾਅ ਦੇ ਸਨਮੁੱਖ ਮੁੜ ਤੋਂ ਨਵੀਆਂ ਖ੍ਰੀਦਣ ਨੂੰ ਹੀ ਤਰਜੀਹ ਦਏ।

ਇਸ ਦੀ ਮੈਂ ਇੱਕ ਉਦਾਹਰਨ ਦਿੰਨਾਂ, ਸਾਡੀ ਭਾਂਡੇ ਧੋਣ ਵਾਲੀ ਮਸ਼ੀਨ ਜੋ ਕੁੱਝ ਸਾਲ ਪਹਿਲਾਂ ਤਿੰਨ ਕੁ ਸੌ ਡਾਲਰ ਦੀ ਲਈ ਸੀ, ਉਸ ਦੀ ਉਪਰਲੀ ਬਾਸਕਟ ਦੇ ਰੋਲਰ ਖਰਾਬ ਹੋ ਗਏ, ਟੈਕਨੀਸ਼ਨ ਨੂੰ ਮਸ਼ੀਨ ਦਾ ਮਾਡਲ, ਮੇਕ ਤੇ ਰੋਲਰਾਂ ਦੀ ਫੋਟੋ ਭੇਜੀ ਤਾਂ ਉਸ ਡੀਲਰਾਂ ਤੋਂ ਪਤਾ ਸਤਾ ਕਰ ਕੇ ਸਾਨੂੰ ਦੱਸਿਆ ਕਿ ਰੋਲਰ ਮਿਲਦੇ ਨਹੀਂ ਸਾਰੀ ਬਾਸਕਟ ਹੀ ਪਾਉਣੀ ਪਏਗੀ ਜਿਸ ਦੀ ਕੀਮਤ ਦੋ ਸੌ ਡਾਲਰ ਹੈ ਤੇ ਪਾਉਣ ਦੀ ਮਿਹਨਤ ਵੱਖਰੀ। ਹੁਣ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਕਿ ਪਲਾਸਟਿਕ ਦੇ ਚਾਰ ਰੋਲਰ ਜਿਨ੍ਹਾਂ ਦੀ ਕੀਮਤ ਮਸਾਂ ਦਸ ਡਾਲਰ ਹੋਊ ਨਾ ਮਿਲਣ ਕਾਰਨ ਜਾਂ ਤਾਂ ਮਸ਼ੀਨ ਦੇ ਮੁੱਲ ਦੀ ਹੀ ਬਾਸਕਟ ਪੁਆਉਣੀ ਪਊ ਜਾਂ ਫਿਰ ਮਸ਼ੀਨ ਨਵੀਂ ਲਈ ਜਾਏ! ਕੱਪੜਿਆਂ ਦਾ ਵੀ ਇਹੀ ਹਾਲ ਹੈ। ਨਵੇਂ ਤੋਂ ਨਵੇਂ ਧੜਾ-ਧੜ ਕੱਪੜਾ ਲੱਤਾ ਖ੍ਰੀਦਣ ਦੇ ਅਸੀਂ ਐਸੇ ਆਦੀ ਹੋ ਗਏ ਹਾਂ ਕਿ ਦੋ ਚਾਰ ਵਾਰੀ ਪਹਿਨ ਕੇ ਜਾਂ ਤਾਂ ਉਹ ਸਿੱਧੇ ਕੂੜੇ ਦੇ ਢੇਰ 'ਚ ਜਾਂਦੇ ਹਨ ਜਾਂ ਦਾਨ ਮਾਤਰ, ਦਾਨੀ ਸੰਸਥਾਵਾਂ ਨੂੰ ਬੈਗਾਂ ਦੇ ਬੈਗ ਭਰ ਭਰ ਹਰ ਮਹੀਨੇ ਚੁਕਾ ਦਿੱਤੇ ਜਾਂਦੇ ਹਨ। ਪਹਿਨਣ ਵਾਲੀਆਂ ਜੁੱਤੀਆਂ ਦਾ ਵੀ ਇਹੀ ਹਾਲ ਹੈ, ਪ੍ਰਤੀ ਜੀਅ ਹਰ ਘਰ ਇਤਨੇ ਜੋੜੇ ਜੁੱਤੀਆਂ ਦੇ ਹੁੰਦੇ ਹਨ ਕਿ ਜਿਸ ਘਰ ਪੰਜ ਚਾਰ ਜੀਅ ਰਹਿੰਦੇ ਹੋਣ, ਉੱਥੇ ਜੇ ਪਏ ਜੁੱਤੀਆਂ ਦੇ ਜੋੜਿਆਂ ਵੱਲ ਧਿਆਨ ਮਾਰੀਏ ਤਾਂ ਲੱਗਣ ਲੱਗੇਗਾ ਕਿ ਇੱਥੇ ਕੋਈ ਪਾਰਟੀ ਜਾਂ ਹੋਰ ਸਮਾਜਿਕ ਸਮਾਗਮ ਹੋਊ ਜਿਸ ਕਰਕੇ ਇਤਨੀਆਂ ਜੁੱਤੀਆਂ ਦੇ ਜੋੜੇ ਪਏ ਹਨ।

ਵੱਡੇ ਵੱਡੇ ਡਿਪਾਰਟਮੈਂਟ ਸਟੋਰਾਂ ਦੇ ਸੇਲ ਦੇ ਫਲਾਇਰ ਹਰ ਹਫਤੇ ਘਰਾਂ 'ਚ ਮੁਫਤ ਪੁੱਜਦੇ ਕੀਤੇ ਜਾਂਦੇ ਹਨ, ਉਹ ਡਾਕ 'ਚ ਆਉਣ, ਸਥਾਨਕ ਅਖਬਾਰਾਂ 'ਚ ਪਾ ਕੇ ਆਉਣ ਜਾਂ ਨਿੱਜੀ ਤੌਰ 'ਤੇ ਘਰਾਂ 'ਚ ਸੁੱਟੇ ਜਾਣ। ਹਰ ਤਰ੍ਹਾਂ ਦੀਆਂ ਘਰਾਂ 'ਚ ਵਰਤੋਂ 'ਚ ਆਉਣ ਵਾਲੀਆਂ ਚੀਜ਼ਾਂ ਦੀਆਂ ਫੋਟੋਆਂ ਸਮੇਤ, ਗਾਹਕਾਂ ਨੂੰ ਉਤਸ਼ਾਹਿਤ ਕਰਨ ਲਈ, ਅੱਧੇ ਮੁੱਲ 'ਤੇ ਜਾਂ ਇਸ ਤੋਂ ਵੀ ਘੱਟ ਵੇਚਣ ਦੇ ਇਸ਼ਤਿਹਾਰ ਪਾ ਕੇ ਖਪਤਕਾਰ ਨੂੰ ਭਰਮਾਇਆ ਤੇ ਉਕਸਾਇਆ ਜਾਂਦਾ ਹੈ। ਕਈ ਵਾਰੀ ਬਹੁਤੀਆਂ ਲੋੜੀਂਦੀਆਂ ਵਸਤਾਂ ਘਰ ਦੇ ਖੱਲਾਂ ਖੂੰਜਿਆਂ 'ਚ ਪਹਿਲਾਂ ਹੀ ਪਈਆਂ ਹੁੰਦੀਆਂ ਹਨ, ਪਰ ਫਿਰ ਵੀ ਗਾਹਕ ਸਸਤੀ ਦੇਖ ਕੇ ਹੋਰ ਖ੍ਰੀਦ ਲਿਆਉਂਦਾ ਹੈ।



ਕੁੱਝ ਦਹਾਕੇ ਪਹਿਲਾਂ ਟੈਲੀਫੋਨ ਸਿਰਫ ਲੈਂਡ ਲਾਈਨ ਵਾਲੇ ਹੀ ਹੁੰਦੇ ਸਨ, ਫਿਰ ਜਦੋਂ ਮੋਬਾਈਲ ਫੋਨ ਨਿਕਲੇ ਤਾਂ ਲੋਕਾਂ 'ਚ ਬਹੁਤ ਪ੍ਰਚਲਤ ਹੋਣ ਲੱਗੇ; ਕੁਝ ਰੀਸੋ ਰੀਸੀ ਤੇ ਕੁੱਝ ਲੋੜ ਲਈ, ਇੱਕ ਦੂਜੇ ਵੱਲ ਦੇਖਾ ਦੇਖੀ ਇਨ੍ਹਾਂ ਦੀ ਖਪਤ ਦੁੱਗਣੀ ਚੌਗੁਣੀ ਹੋਣ ਲੱਗੀ, ਜਿਸ ਨੂੰ ਦੇਖ ਮੋਬਾਈਲ ਫੋਨਾਂ ਨੂੰ ਬਣਾਉਣ ਵਾਲੀਆਂ ਕੰਪਨੀਆਂ ਨੇ ਆਏ ਸਾਲ ਨਵੇਂ ਤੋਂ ਨਵੇਂ ਮਾਡਲ ਈਜਾਦ ਕਰ, ਇਨ੍ਹਾਂ ਦੀ ਖਪਤ ਵਧਾਉਣ 'ਚ ਅੰਤਾਂ ਦੀ ਕਾਮਯਾਬੀ ਹਾਸਲ ਕੀਤੀ। ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਇੱਕ ਦੇ ਬੋਝੇ 'ਚ ਬਟੂਆ ਭਾਵੇਂ ਹੋਵੇ ਜਾਂ ਨਾ, ਪਰ ਮੋਬਾਈਲ ਫੋਨ ਜੇਬ 'ਚ ਤੁੰਨ ਕੇ ਜੇਬ ਜ਼ਰੂਰ ਪਾਟਣੀ ਆਈ ਹੋਈ ਹੁੰਦੀ ਹੈ। ਇਹ ਜ਼ਰੂਰਤ ਦੇ ਨਾਲ ਨਾਲ ਫੈਸ਼ਨ ਵੀ ਬਣ ਗਿਆ ਹੈ। ਜਿਸ ਕੋਲ ਅੱਜ ਮੋਬਾਈਲ ਫੋਨ ਨਹੀਂ ਉਹ ਦੂਸਰਿਆਂ ਦੀ ਨਿਗ੍ਹਾ 'ਚ ਹੈਰਾਨੀ ਦਾ ਪਾਤਰ ਬਣਦਾ ਹੈ ਕਿ ਇਹ ਮੱਧ ਯੁੱਗ 'ਚ ਹੀ ਰਹਿ ਰਿਹਾ ਹੈ ਜਿਸ ਕੋਲ ਮੋਬਾਈਲ ਵੀ ਨਹੀਂ ਹੈ!

ਟੈਲੀਵਿਜ਼ਨ 'ਤੇ ਬਹੁਤ ਸਾਰੇ ਚਲਦੇ ਸ਼ੋਅ ਜਿਨ੍ਹਾਂ ਨੂੰ ਅਸੀਂ ਬਹੁਤ ਦਿਲਚਸਪੀ ਨਾਲ ਦੇਖਦੇ ਹਾਂ ਅਤੇ ਆਪਣਾ ਬਹੁਤ ਸਾਰਾ ਸਮਾਂ ਵੀ ਖਪਤ ਕਰਦੇ ਹਾਂ; ਉਦਾਹਰਨ ਦੇ ਤੌਰ 'ਤੇ ਜਿਵੇਂ ਵ੍ਹੀਲ ਆਫ ਫਾਰਚੂਨ, ਪਰਾਈਸ ਇਜ਼ ਰਾਈਟ, ਫੈਮਲੀ ਫਿਊਡ, ਆਦਿ ਸਭ ਖਪਤਕਾਰੀ ਵਧਾਉਣ ਦੀ ਲਾਲਸਾ ਤਹਿਤ ਹੀ ਚਲਦੇ ਹਨ।

ਕ੍ਰਿਸਮਿਸ ਅਤੇ ਹੋਰ ਸਾਲਾਨਾ ਮਨਾਏ ਜਾਂਦੇ ਦਿਨਾਂ ਤਿਉਹਾਰਾਂ ਵੱਲ ਝਾਤ ਮਾਰੀਏ ਤਾਂ ਸਪੱਸ਼ਟ ਦਿਸਦਾ ਹੈ ਕਿ ਇਨ੍ਹਾਂ ਦਾ ਵੀ ਵਪਾਰੀਕਰਨ ਹੋ ਚੁੱਕਾ ਹੈ ਅਤ ਇੰਜ ਖਪਤਕਾਰੀ ਨੂੰ ਉਤਸ਼ਾਹਿਤ ਕਰਨ ਲਈ, ਬੜੇ ਦਿਲ ਲੁਭਾਊ ਅਤੇ ਰੋਚਕ ਤਰੀਕਿਆਂ ਨਾਲ ਉਪਭੋਗਤਾ ਨੂੰ ਖਪਤਕਾਰੀ ਦੀ ਖੁੱਭਣ 'ਚ ਧੱਕਿਆ ਜਾਂਦਾ ਹੈ। ਕ੍ਰਿਸਮਿਸ ਵੇਲੇ ਤਰ੍ਹਾਂ ਤਰ੍ਹਾਂ ਦੀਆਂ ਰੌਸ਼ਨੀਆਂ ਘਰਾਂ 'ਚ ਲਾ, ਤੋਹਫਿਆਂ ਦਾ ਆਦਾਨ ਪਰਦਾਨ, ਪਾਰਟੀਆਂ-ਨੇਂਦਿਆਂ ਦਾ ਆਯੋਜਨ ਹੁੰਦਾ ਹੈ ਅਤੇ ਬੇਅੰਤ ਕਿਸਮ ਦੀਆਂ ਸਜਾਵਟਾਂ ਨਾਲ ਘਰਾਂ ਨੂੰ ਤਿਆਰ ਕੀਤਾ ਜਾਂਦਾ ਹੈ: ਇਸ ਦਾ ਰੁਝਾਨ ਦਿਨੋ ਦਿਨ, ਦੇਖਾ ਦੇਖੀ ਵਧਦਾ ਜਾਂਦਾ ਹੈ। ਬੱਚਿਆਂ ਨੂੰ ਭਰਮਾਉਣ ਲਈ ਅਜਿਹੇ ਭਰਮਜਾਲ ਪਾ ਮਾਪਿਆਂ ਨੂੰ ਮਜਬੂਰਨ ਰੀਸੋ ਰੀਸੀ ਬੱਚਿਆਂ ਨੂੰ ਫੋਕਾ ਖੁਸ਼ ਕਰਨ ਲਈ ਬੇਲੋੜੀਆਂ ਚੀਜ਼ਾਂ ਖ੍ਰੀਦਣੀਆਂ ਪੈਂਦੀਆਂ ਹਨ। ਚਾਲੀ ਸਾਲਾਂ ਤੋਂ ਅਸਾਂ ਕਦੇ ਕ੍ਰਿਸਮਿਸ ਦਰਖਤ (ਟ੍ਰੀ) ਘਰ 'ਚ ਨਹੀਂ ਸੀ ਸਜਾਇਆ, ਨਾ ਹੀ ਮੇਰੇ ਦੋਹਾਂ ਬੱਚਿਆਂ ਇਸ ਦੀ ਆਪਣੇ ਬਚਪਨ ਦੌਰਾਨ ਕਦੇ ਲੋੜ ਸਮਝੀ ਸੀ। ਅਗਾਂਹ ਉਨ੍ਹਾਂ ਦੇ ਬੱਚੇ ਹੋਣ 'ਤੇ ਵੀ ਪਹਿਲੇ ਕਈ ਸਾਲ ਉਵੇਂ ਹੀ ਲੰਘੇ। ਹੁਣ ਆਲੇ ਦੁਆਲੇ ਦਾ ਮਾਹੌਲ ਬੱਚਿਆਂ ਨੂੰ ਟਿਕਣ ਨਾ ਦਿੰਦਾ, ਜਦੋਂ ਕਰੀਬੀ ਰਿਸ਼ਤੇਦਾਰਾਂ ਅਤੇ ਹੋਰ ਵਾਕਫਕਾਰਾਂ ਦੇ ਘਰੀਂ ਸਜਾਏ ਕ੍ਰਿਸਮਿਸ ਦਰਖਤ, ਰੰਗ ਬਰੰਗੀਆਂ ਸਜਾਵਟਾਂ ਅਤੇ ਵੰਨ-ਸੁਵੰਨੀਆਂ ਰੌਸ਼ਨੀਆਂ ਨਾਲ ਚਮਕਦੇ ਦੇਖਦੇ ਤਾਂ ਮਾਂ ਬਾਪ ਨੂੰ ਕਹਿੰਦੇ ਕਿ ਆਪਾਂ ਕਿਉਂ ਨਹੀਂ ਕ੍ਰਿਸਮਿਸ ਦੀਆਂ ਸਜਾਵਟਾਂ ਕਰਦੇ? ਕਈ ਸਾਲ ਟਾਲ ਮਟੋਲਾ ਕਰਦੇ ਰਹੇ ਤੇ ਅਖਿਰ ਕਿਸੇ ਵੀ ਤਰ੍ਹਾਂ, ਟਾਲੇ ਨਾਲ ਹੋਰ ਬੁੱਤਾ ਨਾ ਲਗਦਾ ਦੇਖ ਮਜਬੂਰਨ ਨਿੱਕੇ ਬੱਚਿਆਂ ਦੀ ਜ਼ਿਦ ਦੇ ਸਨਮੁੱਖ ਉਨ੍ਹਾਂ ਕ੍ਰਿਸਮਿਸ ਦਰਖਤ ਘਰ 'ਚ ਲਿਆ ਕੇ ਸਜਾ ਦਿੱਤਾ।

ਕ੍ਰਿਸਮਿਸ ਵਾਲਾ ਦਿਨ ਸੀ, ਕ੍ਰਿਸਮਿਸ ਦਰਖਤ ਥੱਲੇ, ਭਾਂਤ ਸੁਭਾਂਤੇ ਰੰਗ-ਬਿਰੰਗੇ ਪੇਪਰਾਂ 'ਚ ਲਪੇਟੇ ਡੱਬਿਆਂ 'ਚ ਬੰਦ ਵੱਖੋ ਵੱਖਰੇ ਡੱਬਿਆਂ ਦਾ ਢੇਰ ਪਿਆ ਸੀ। ਮੇਰਾ ਪੰਜ ਸਾਲ ਦਾ ਪੋਤਾ ਅਤੇ ਸੱਤ ਸਾਲ ਦੀ ਪੋਤੀ ਜਦੋਂ ਸਵੇਰੇ ਉੱਠ ਕੇ ਆਏ ਤਾਂ ਕ੍ਰਿਸਮਿਸ ਦਰਖਤ ਥੱਲੇ ਤੋਹਫਿਆਂ ਦਾ ਪਿਆ ਖਜ਼ਾਨਾ ਦੇਖ ਲੁੱਡੀਆਂ ਪਾਉਣ ਲੱਗੇ। ਪ੍ਰੰਪਰਾ ਅਨੁਸਾਰ ਪੁੱਛਣ 'ਤੇ ਜਦੋਂ ਉਨ੍ਹਾਂ ਨੂੰ ਦੱਸਿਆ ਕਿ ਰਾਤੀਂ ਚਿਮਨੀ ਵਿਚ ਦੀ ਸੰਤਾ (ਸੈਂਟਾ) ਆਇਆ ਸੀ ਤੇ ਇਹ ਸਭ ਸੁਗਾਤਾਂ ਛੱਡ ਗਿਆ; ਅਤੇ ਜਾਂਦਾ ਹੋਇਆ ਆਹ ਪਲੇਟ 'ਚ ਪਈਆਂ ਕੁੱਕੀਆਂ ਅਤੇ ਹੋਰ ਟਰੀਟਸ ਵੀ ਖਾ ਗਿਆ ਤੇ ਆਹ ਕੁੱਝ ਜੂਠੀਆਂ ਛੱਡ ਗਿਆ। ਇਹ ਸਭ ਕੁਝ ਸੁਣ ਉਹ ਡਾਢੇ ਹੈਰਾਨ ਵੀ ਸਨ ਅਤੇ ਖੁਸ਼ ਵੀ। ਅੱਗੇ ਜਦੋਂ ਮੈਂ ਦੱਸਿਆ ਕਿ ਪਿਛਲੀ ਰਾਤ ਬਾਰਾਂ ਕੁ ਵਜੇ, ਚਿਮਨੀ ਵਿਚ ਦੀ ਸਰਕ ਸਰਕ ਸੁਣਨ ਉਪਰੰਤ ਧੜੱਮ ਦੀ ਆਵਾਜ਼ ਸੁਣੀ ਤਾਂ ਉਠ ਕੇ ਵੇਖਿਆ ਕਿ ਸੰਤਾ ਕ੍ਰਿਸਮਿਸ ਦਰਖਤ ਕੋਲ ਬੈਠਾ ਪਲੇਟ 'ਚ ਪਈਆਂ ਕੁੱਕੀਆਂ ਖਾ ਰਿਹਾ ਸੀ ਅਤੇ ਨਾਲ ਹੀ ਆਪਣੇ ਨਾਲ ਲਿਆਂਦੇ ਬਹੁਤ ਵੱਡੇ ਗੁਥਲੇ ਵਿਚੋਂ ਆਹ ਤੋਹਫੇ ਰੱਖ ਕੇ, ਸੁਰਕ ਦੇ ਕੇ ਇਸ ਭੜੋਲੀ (ਫਾਇਰ ਪਲੇਸ) ਦੀ ਚਿਮਨੀ ਵਿਚ ਦੀ ਉਪਰ ਚੜ੍ਹ ਅਗਲੇ ਘਰ ਤੋਹਫੇ ਦੇਣ ਜਾਣ ਲਈ ਤਿੱਤਰ ਹੋ ਗਿਆ। ਇਹ ਸਾਰੀ ਵਿਥਿਆ ਸੁਣਨ ਉਪਰੰਤ ਉਹ ਬਹੁਤ ਕਾਹਲੇ ਸਨ ਕਿ ਸਾਰੇ ਡੱਬੇ ਛੇਤੀ ਖੋਲ੍ਹ ਦੇਖਿਆ ਜਾਏ ਕਿ ਕਿਸ ਵਿਚ ਕੀ ਹੈ ਤੇ ਕੀਹਦੇ ਵਲੋਂ ਹੈ? ਇੰਤਜ਼ਾਰ ਦੀ ਬਣੀ ਉਤਸੁਕਤਾ ਦਾ ਇੱਕ ਵੱਖਰਾ ਹੀ ਅਨੰਦਮਈ ਮਾਹੌਲ ਸੀ। ਜਿਉਂ ਜਿਉਂ ਗਿਫਟਰੈਪ ਪਾੜ ਪਾੜ ਡੱਬਿਆਂ 'ਚੋਂ ਕੱਢ ਕੱਢ ਵੱਖੋ ਵੱਖਰੇ ਖਿਡੌਣੇ ਅਤੇ ਹੋਰ ਸੁਗਾਤਾਂ ਵੇਖਣ ਤਾਂ ਨਾਲ ਹੀ ਖੁਸ਼ੀ ਨਾਲ ਖੀਵੇ ਹੁੰਦੇ ਜਾਣ। ਇਹ ਸਾਰਾ ਕੁੱਝ ਘੰਟਾ ਕੁ ਜਾਰੀ ਰਿਹਾ।

ਸਾਡੇ ਘਰ ਤੋਂ ਦੋ ਕੁ ਫਰਲਾਂਗ 'ਤੇ ਇੱਕ ਘਰ ਦੇ ਮੋਹਰਲੇ ਵਿਹੜੇ 'ਚ ਬਹੁਤ ਹੀ ਰੰਗ ਬਿਰੰਗੀ, ਵੰਨ ਸੁਵੰਨੀ ਕ੍ਰਿਸਮਿਸ ਦੀ ਸਜਾਵਟ ਕੀਤੀ ਹੁੰਦੀ ਹੈ; ਜਿਸ 'ਚ ਸੌ ਕੁ ਦੇ ਕਰੀਬ ਵੱਡੇ ਵੱਡੇ ਗੁੱਡੇ (ਯਾਰਡ ਬਲੋ ਅਪਸ), ਤੇ ਹਜ਼ਾਰਾਂ ਦੀ ਗਿਣਤੀ 'ਚ ਰੰਗ ਬਿਰੰਗੀਆਂ ਲਾਈਟਾਂ ਚਮਕਾਰੇ ਮਾਰਦੀਆਂ ਆਪਣਾ ਜਲਵਾ ਦਿਖਾਉਂਦੀਆਂ ਦੇਖਣ ਵਾਲਿਆਂ ਨੂੰ ਬੜਾ ਮੋਹਤ ਕਰਦੀਆਂ ਹਨ। ਸਾਡੇ ਬੱਚਿਆਂ ਨੂੰ ਜਦੋਂ ਉੱਥੇ ਲੈ ਕੇ ਜਾਈਦਾ ਤਾਂ ਮੇਰਾ ਪੋਤਾ ਫਟਾਫਟ ਦੱਸਣ ਲੱਗ ਕਿ ਬਾਬਾ ਜੀ ਔਹ ਜਿਹੜਾ ਗੁੱਡਾ ਪਾਲੇ ਨਾਲ ਕੰਬਦਾ ਹੈ, ਉਹ ਫਰੋਸਟੀ ਹੈ, ਔਹ ਸੰਤਾ ਹੈ, ਔਹ ਰੁਡੌਲਫ ਹੈ, ਔਹ ਪੈਂਗੁਇਨ ਹੈ, ਔਹ ਪਾ-ਪਟਰੋਲ ਹੈ, ਔਹ ਕਾਰ ਹੈ, ਔਹ ਮਿਨੀਅਨ ਹੈ, ਤੇ ਔਹ ਨਟਕਰੈਕਰ ਹੈ।

ਦੇਖੋ ਖਪਤਕਾਰੀ ਨੇ ਬੱਚਿਆਂ ਨੂੰ ਵੀ ਭਰਮਾ ਲਿਆ ਹੈ। ਇਸ ਨੂੰ ਖਪਤਕਾਰੀ ਦੀ ਖੁੱਭਣ ਕਹਿ ਲਈਏ, ਖਪਤਕਾਰੀ ਦਾ ਖੋਭਾ ਕਹਿ ਲਓ, ਖਪਤਕਾਰੀ ਦੀ ਦਲਦਲ ਕਹਿ ਲਓ ਜਾਂ ਖਪਤਕਾਰੀ ਦੀ ਜਿੱਲ੍ਹਣ ਕਹਿ ਲਈਏ; ਇਸ ਨੇ ਸਾਨੂੰ ਅੱਜ ਪੂਰੀ ਤਰ੍ਹਾਂ ਆਪਣੀ ਜਕੜ 'ਚ ਲਿਆ ਹੋਇਆ ਹੈ।

---

## *ਕੰਧ*

*(ਪਿਛਲੇ ਸਫੇ ਦਾ ਬਾਕੀ)*

ਮੈਨੂੰ ਲੱਗਾ ਉਹ ਮੇਰੇ ਅੰਦਰ ਹੋਈ ਹਲਚਲ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਏ।

"ਦੋਸਤੀ।"

"ਇਕ ਸ਼ਬਦ ਵਿਚ ਹੀ ਸਮੇਟਣਾ ਸਭ ਕੁਝ?" ਸ਼ਾਇਦ ਉਹ ਮੇਰੇ ਮੂੰਹੋਂ ਕੁਝ ਹੋਰ ਸੁਣਨਾ ਚਾਹੁੰਦਾ ਸੀ।

"ਸ਼ਬਦ ਚਾਹੇ ਇਕ ਆ ਪਰ ਬਹੁਤ ਕੁਝ ਸਮੇਟ ਲੈਂਦਾ ਇਹ ਆਪਣੇ ਅੰਦਰ।"

"ਦੋਸਤੀ ਕਬੂਲ ਆ?" ਉਹਨੇ ਆਪਣਾ ਸੱਜਾ ਹੱਥ ਮੇਰੇ ਵੱਲ ਵਧਾਉਂਦਿਆਂ ਪੁੱਛਿਆ।

"ਕਬੂਲ ਆ।" ਉਹਦੇ ਹੱਥ 'ਤੇ ਮੈਂ ਆਪਣਾ ਹੱਥ ਧਰਦਿਆਂ ਕਿਹਾ।

ਉਹਨੇ ਹਲਕਾ ਜਿਹਾ ਹੱਥ ਘੁੱਟਿਆ ਤਾਂ ਮੇਰੇ ਅੰਦਰ ਕਰੰਟ ਜਿਹਾ ਫਿਰ ਗਿਆ।

ਮੇਰੀ ਉਮੀਦ ਤੋਂ ਉਲਟ ਜਦੋਂ ਦਾ ਉਹਨੇ ਮੇਰਾ ਹੱਥ ਫੜ ਕੇ ਘੁੱਟਿਆ ਉਦੋਂ ਦੀ ਮੈਂ ਸਹਿਜ ਨਹੀਂ ਸਾਂ।

"ਚੱਲੀਏ?" ਕੌਫੀ ਖਤਮ ਕਰਦਿਆਂ ਹੀ ਮੈਂ ਪੁੱਛਿਆ।

"ਡਰ ਲੱਗਦੈ?"

"ਨਹੀਂ ਤਾਂ।"

"ਮੈਨੂੰ ਲੱਗਾ ਹੁਣ ਤੂੰ ਡਰ ਰਹੀ ਏਂ ਮੇਰੇ ਤੋਂ।"

"ਦੋਸਤ ਤੋਂ ਕਾਹਦਾ ਡਰ!" ਮੈਂ ਨਾਰਮਲ ਹੋਣ ਦੀ ਕੋਸ਼ਿਸ਼ ਕੀਤੀ।

"ਵਾਅਦਾ ਕਰ ਛੇਤੀ ਮਿਲੇਂਗੀ।"

"ਹੂੰਅ।" ਮੇਰੇ ਮੂੰਹੋਂ ਹੋਰ ਸ਼ਬਦ ਨਾ ਨਿਕਲਿਆ।

ਰੈਸਟੋਰੈਂਟ ਵਿਚੋਂ ਨਿਕਲ ਅਸੀਂ ਆਪੋ-ਆਪਣੇ ਰਾਹ ਪੈ ਗਏ। ਘਰ ਆ ਕੇ ਉਹਦੇ ਬਾਰੇ ਹੀ ਸੋਚੀ ਗਈ। ਹੈ ਭਾਵੇਂ ਉਹ ਡਾਕਟਰ ਪਰ ਚਿਹਰੇ ਪੜ੍ਹਨੇ ਬਾਖੂਬੀ ਜਾਣਦਾ ਆ। ਮੈਂ ਹਰ ਗੱਲ ਵਿਚ ਉਹਦੀ ਤੇ ਰੁਪਿੰਦਰ ਦੀ ਤੁਲਨਾ ਕਰਦੀ ਤਾਂ ਹਰ ਥਾਂ 'ਤੇ ਉਹਦਾ ਪੱਲੜਾ ਹੀ ਭਾਰੀ ਰਿਹਾ। ਉਹ ਮੁਹੱਬਤੀ ਇਨਸਾਨ ਔਰਤ ਦੀਆਂ ਭਾਵਨਾਵਾਂ ਸਮਝਦਾ ਆ। "ਕਾਸ਼! ਰੁਪਿੰਦਰ ਵੀ ਉਹਦੇ ਵਰਗਾ ਹੁੰਦਾ।" ਮੈਂ ਲੰਬਾ ਜਿਹਾ ਸਾਹ ਲੈ ਕੇ ਛੱਡਦੀ ਹਾਂ।

"ਅੱਜ ਬੜੀ ਖੁਸ਼ ਏਂ!" ਰੁਪਿੰਦਰ ਦੇ ਇਸ ਸਵਾਲ ਨੇ ਮੈਨੂੰ ਚੌਂਕਾ ਦਿੱਤਾ। ਅੱਜ ਉਸਨੇ ਇਹ ਸਵਾਲ ਆਪਣੇ ਸੁਭਾਅ ਦੇ ਉਲਟ ਕੀਤਾ। ਪਹਿਲਾਂ ਉਹਨੇ ਕਦੇ ਏਦਾਂ ਨਹੀਂ ਕਿਹਾ। ਹੋ ਸਕਦਾ ਉਹ ਬਿਨਾਂ ਕਹੇ ਨੋਟ ਕਰਦਾ ਹੋਵੇ।

ਮਨ ਵਿਚ ਚੋਰ ਹੋਣ ਕਰਕੇ ਮੈਂ ਉਹਨੂੰ ਮਿਲਣ ਵਾਲੀ ਗੱਲ ਰੁਪਿੰਦਰ ਤੋਂ ਛੁਪਾ ਲਈ। ਅੱਜ ਪਹਿਲੀ ਵਾਰ ਸੀ ਕਿ ਰੁਪਿੰਦਰ ਨਾਲ ਨਜ਼ਰ ਮਿਲਾਉਂਦਿਆਂ ਮੈਨੂੰ ਘਬਰਾਹਟ ਜਿਹੀ ਹੋ ਰਹੀ ਸੀ।

ਉਹ ਸ਼ਬਦਾਂ ਦਾ ਜਾਦੂਗਰ ਆ। ਕੀਲਣਾ ਜਾਣਦਾ ਏ। ਹੌਲੀ-ਹੌਲੀ ਰੁਪਿੰਦਰ ਵੱਲੋਂ ਧਿਆਨ ਹਟਦਾ ਉਹਦੇ ਵੱਲ ਲੱਗਣ ਲੱਗਾ। ਉਹ ਹੀ ਸਾਰਾ ਦਿਨ ਦਿਲ ਦਿਮਾਗ 'ਤੇ ਛਾਇਆ ਰਹਿੰਦਾ। ਫੋਨ 'ਤੇ ਘੰਟਿਆਂ ਬੱਧੀ ਗੱਲ ਕਰਕੇ ਵੀ ਮਨ ਨਾ ਭਰਦਾ।

"ਮਹੀਨਾ ਹੋ ਚੱਲਿਆ ਚੰਨ ਨੂੰ ਤੱਕਿਆਂ, ਹੁਣ ਤਾਂ ਆ ਜੋ ਚੰਨ ਜੀ।" ਉਹ ਫੋਨ 'ਤੇ ਆਖਦਾ।

ਮੇਰਾ ਜੀਅ ਵੀ ਕਰਦਾ ਮਿਲਣ ਨੂੰ ਪਰ ਮੈਂ ਬਹਾਨੇ ਜਿਹੇ ਮਾਰ ਦਿੰਦੀ ਕਿਉਂਕਿ ਜਦੋਂ ਵੀ ਜਾਣ ਲਈ ਮਨ ਪੱਕਾ ਜਿਹਾ ਕਰਦੀ ਤਾਂ ਰੁਪਿੰਦਰ ਨਾਲ ਧੋਖਾ ਕਰਨ ਨੂੰ ਮਨ ਨਾ ਕਰਦਾ। ਮੈਂ ਦੋ ਚੱਕੀਆਂ ਵਿਚ ਪਿਸਣ ਲੱਗੀ।

ਇਸੇ ਕਸ਼ਮਕਸ਼ ਵਿਚ ਭੁੱਲ ਗਈ ਕਿ ਇਸ ਵਾਰ ਪੀਰੀਅਡਸ ਨਹੀਂ ਆਏ। ਦਿਨ ਗਿਣੇ ਤਾਂ ਦਸ ਦਿਨ ਉੱਤੇ ਹੋ ਗਏ ਸੀ। ਟੈਸਟ ਕੀਤਾ ਤਾਂ ਖੁਸ਼ੀ ਦੀ ਕੋਈ ਹੱਦ ਨਾ ਰਹੀ। ਰੁਪਿੰਦਰ ਦਾ ਅੰਸ਼ ਮੇਰੀ ਕੁੱਖ ਵਿਚ ਧੜਕ ਰਿਹਾ ਸੀ।

"ਕਿਵੇਂ ਦੱਸਾਂਗੀ, ਕੀ ਕਹਾਂਗੀ।" ਮੈਂ ਰੁਪਿੰਦਰ ਨੂੰ ਇਹ ਖੁਸ਼ਖਬਰੀ ਸੁਣਾਉਣ ਲਈ ਸ਼ਬਦ ਲੱਭਣ ਲੱਗੀ। ਸ਼ੀਸ਼ੇ ਮੂਹਰੇ ਖੜ੍ਹ ਕੇ ਦੇਖਿਆ ਤਾਂ ਆਪਣਾ ਅਕਸ ਬਹੁਤ ਪਿਆਰਾ ਲੱਗਾ। ਮੱਲੋ ਜ਼ੋਰੀ ਹੱਥ ਪੇਟ ਨੂੰ ਟੋਹਣ ਲੱਗੇ।

ਰੁਪਿੰਦਰ ਆਇਆ ਤਾਂ ਮੈਂ ਉਹਦੇ ਗਲ ਦੁਆਲੇ ਬਾਹਾਂ ਵਲ ਕੇ ਉਹਦੀਆਂ ਅੱਖਾਂ ਵਿਚ ਦੇਖਣ ਲੱਗੀ। ਉਹਨੇ ਮੇਰੇ ਅੰਦਰ ਖੌਰੂ ਪਾਉਂਦੀ ਖੁਸ਼ੀ ਨੂੰ ਝੱਟ ਵੇਖ ਲਿਆ।

"ਕੀ ਗੱਲ ਸੋਹਣਿਓ, ਖ਼ੈਰ ਆ?"

"ਕੰਨ ਕਰੋ।" ਕਹਿ ਕੇ ਮੈਂ ਰੁਪਿੰਦਰ ਦੇ ਕੰਨ ਕੋਲ ਆਪਣਾ ਮੂੰਹ ਕੀਤਾ।

"ਤੁਸੀਂ ਪਾਪਾ...।" ਕਹਿ ਮੈਂ ਰੁਪਿੰਦਰ ਦਾ ਹੱਥ ਫੜ ਆਪਣੇ ਪੇਟ 'ਤੇ ਰੱਖ ਦਿੱਤਾ।

ਰੁਪਿੰਦਰ ਨੇ ਖੁਸ਼ੀ ਨਾਲ ਮੈਨੂੰ ਘੁੱਟ ਕੇ ਕਲੇਜੇ ਨਾਲ ਲਾ ਲਿਆ। ਖੁਸ਼ੀ ਵਿਚ ਖੀਵਾ ਹੋਇਆ ਉਹ ਮੁੜ-ਮੁੜ ਮੇਰਾ ਮੱਥਾ ਚੁੰਮ ਰਿਹਾ ਸੀ।

"ਤਿਆਰ ਹੋ, ਬਾਹਰ ਡਿਨਰ ਕਰਕੇ ਆਉਂਦੇ ਆਂ।"

"ਪਹਿਲਾਂ ਸ਼ੁਕਰਾਨੇ ਲਈ ਗੁਰੂ ਘਰ ਚੱਲਾਂਗੇ।" ਆਖ ਮੈਂ ਤਿਆਰ ਹੋਣ ਲੱਗ ਪਈ।

ਉਹਦਾ ਫੋਨ ਆ ਗਿਆ। ਮੈਂ ਕੱਟ ਦਿੱਤਾ। ਬੜੀ ਵਾਰੀ ਆਇਆ। ਹਰ ਵਾਰੀ ਕੱਟਿਆ।

ਰੁਪਿੰਦਰ ਨੇ ਏਨੀਆਂ ਗੱਲਾਂ ਕੀਤੀਆਂ ਜੋ ਉਹਨੇ ਏਨੇ ਸਾਲਾਂ ਵਿਚ ਨਹੀਂ ਕੀਤੀਆਂ ਸੀ। ਆਪਣੇ ਬਚਪਨ ਦੀਆਂ, ਸਕੂਲ ਦੀਆਂ, ਕਾਲਜ ਦੀਆਂ, ਸਭ। ਘਰ ਪਰਤਦਿਆਂ ਅਹਿਸਾਸ ਹੋਇਆ ਕਿ ਰੁਪਿੰਦਰ ਵਧੀਆ ਇਨਸਾਨ ਆ। ਉਹ ਬਸ ਚੁੱਪ ਤੇ ਸ਼ਾਂਤ ਰਹਿ ਕੇ ਆਪਣੇ ਅੰਦਰਲੀ ਤਕਲੀਫ਼ ਨੂੰ ਲਕੋਣਾ ਜਾਣਦਾ ਆ।ਅੱਜ ਉਹ ਖੁਸ਼ ਆ ਤਾਂ ਲੀਰਾਂ ਦੀ ਖਿੱਦੋ ਵਾਂਗ ਖੁੱਲ੍ਹਦਾ ਹੀ ਚਲਾ ਗਿਆ। ਮੈਨੂੰ ਲੱਗਾ ਕਿ ਮੈਂ ਇਸ ਰੁਪਿੰਦਰ ਨੂੰ ਤਾਂ ਕਦੇ ਮਿਲੀ ਹੀ ਨਹੀਂ ਸੀ। ਰੁਪਿੰਦਰ ਦੇ ਇਸ ਨਵੇਂ ਰੂਪ 'ਤੇ ਮੈਨੂੰ ਪਿਆਰ ਆਈ ਜਾਵੇ।

ਅੱਜ ਦਾ ਦਿਨ ਯਾਦਗਾਰੀ ਦਿਨ ਬਣ ਗਿਆ। ਮੈਂ ਬੇਹੱਦ ਖੁਸ਼ ਸੀ ਤੇ ਮੇਰੇ ਤੋਂ ਵੀ ਵੱਧ ਰੁਪਿੰਦਰ। ਫੋਨ ਵੱਜਿਆ। ਉਹਦਾ ਨੰਬਰ ਵੇਖ ਮੈਂ ਨੰਬਰ ਬਲੌਕ ਲਿਸਟ ਵਿਚ ਪਾ ਦਿੱਤਾ। ਆਪਣੇ ਵਿਚ ਉਸਰਦੀ ਕੰਧ ਨੂੰ ਢਾਹ ਕੇ ਮੈਂ ਰੁਪਿੰਦਰ ਦੀ ਬਾਂਹ ਨੂੰ ਸਿਰਹਾਣਾ ਬਣਾ ਕੇ ਪੈ ਗਈ।

# ਛੋਟੀ ਧਰਤੀ ਉੱਤੇ ਵੱਡਾ ਸੰਸਾਰ

'ਗਲੋਬਲ ਫੁੱਟਪ੍ਰਿੰਟ ਨੈੱਟਵਰਕ' ਨਾਉਂ ਦੀ ਪ੍ਰਸਿੱਧ ਸੰਸਥਾ ਵਲੋਂ, ਹਰ ਸਾਲ 'ਅਰਥ ਓਵਰਸ਼ੂਟ ਦਿਨ' ਨਿਯਤ ਕੀਤਾ ਜਾਂਦਾ ਹੈ, ਜਿਸ ਦਿਨ ਤੱਕ ਸੰਸਾਰ, ਧਰਤੀ ਦੀ ਕੁਦਰਤੀ ਸਾਧਨ-ਸਮਰੱਥਾ ਦਾ ਆਪਣਾ ਸਾਲਾਨਾ ਕੋਟਾ ਖਪਤ ਕਰ ਲੈਂਦਾ ਹੈ। ਇਹ ਦਿਨ ਹਰ ਸਾਲ ਜਨਵਰੀ ਵੱਲ ਨੂੰ ਖਿਸਕ ਰਿਹਾ ਹੈ; ਸਾਲ 2015 'ਚ ਇਹ 13 ਅਗਸਤ ਸੀ, 2019 'ਚ 29 ਜੁਲਾਈ ਸੀ ਅਤੇ 2030 ਤੱਕ ਇਹ 30 ਜੂਨ ਹੋ ਜਾਣਾ ਹੈ। ਭਾਵੇਂ ਇਹ ਸਿਰਫ ਚਿੰਨ੍ਹਾਤਮਿਕ ਹੈ ਫਿਰ ਵੀ ਬਹੁਤ ਅਰਥ-ਭਰਪੂਰ ਦਿਨ ਹੈ ਅਤੇ ਸਮੂਹਿਕ ਮਨੁੱਖ ਜਾਤੀ ਦੀ ਅਤ੍ਰਿਪਤ ਨੀਤ ਦਾ ਪ੍ਰਤੀਕ ਹੈ। ਇਹ ਵਾਧੂ ਖਪਤ ਪਿਛਲੇ ਪੰਜਾਹ ਸਾਲਾਂ ਤੋਂ ਹੋ ਰਹੀ ਹੈ ਅਤੇ ਅੱਜ ਸੰਸਾਰ ਪੌਣੇ ਦੋ ਧਰਤੀਆਂ ਦੀ ਸਮਰੱਥਾ ਜਿੰਨੀ ਖਪਤ ਕਰ ਰਿਹਾ ਹੈ। ਇਸ ਨਾਲ਼ ਧਰਤੀ ਦਾ ਤੇਜ਼ੀ ਨਾਲ਼ ਬਹੁਪੱਖੀ ਵਿਨਾਸ਼ ਹੋ ਰਿਹਾ ਹੈ

**ਇੰਜ. ਈਸ਼ਰ ਸਿੰਘ**
**647 640 2014**

ਪਰ ਸਭ ਤੋਂ ਵੱਧ ਪ੍ਰਭਾਵਿਤ ਇਸ ਦਾ ਵਾਤਾਵਰਨ ਹੈ। ਮਨੁੱਖ ਦੀ ਮਾਡਰਨ ਜੀਵਨ-ਸ਼ੈਲੀ ਦੀ ਹਰ ਲੋੜ ਦੀ ਪੂਰਤੀ, ਇਸ ਸਮੱਸਿਆ 'ਚ ਵਾਧਾ ਕਰ ਰਹੀ ਹੈ ਜੋ ਅਰਾਜਕਤਾ ਦਾ ਰੂਪ ਧਾਰਨ ਕਰ ਚੁੱਕੀ ਹੈ। ਬੇ-ਮੁਹਾਰ ਤਕਨੌਲੋਜੀ ਨੇ ਗੁੱਲੀ, ਜੁੱਲੀ ਅਤੇ ਕੁੱਲੀ ਦੀਆਂ ਤਿੰਨ 'ਮੁਢਲੀਆਂ' ਮਨੁੱਖੀ ਲੋੜਾਂ ਦਾ ਮਾਡਰਨ ਸਰੂਪ, ਇਨ੍ਹਾਂ ਪੰਜਾਂ 'ਚ ਬਦਲ ਦਿੱਤਾ ਹੈ:

ਖਾਧ ਪਦਾਰਥ (ਅਨਾਜ, ਮੀਟ, ਦੁੱਧ ਆਦਿ)

ਬਿਜਲੀ

ਉਦਯੋਗਿਕ ਉਤਪਾਦ (ਸੀਮਿੰਟ, ਲੋਹਾ, ਪਲਾਸਟਿਕ, ਕੱਪੜਾ, ਅਮੋਨੀਆ ਆਦਿ)

ਆਵਾਜਾਈ ਅਤੇ ਢੋਆ-ਢੁਆਈ

ਘਰਾਂ/ਕਮਰਸ਼ੀਅਲ ਅਦਾਰਿਆਂ ਦੀਆਂ ਲੋੜਾਂ

ਇਨ੍ਹਾਂ ਨੂੰ ਪੂਰੀਆਂ ਕਰਨ ਵਾਸਤੇ ਆਪਾਂ ਸੂਰਜ ਅਤੇ ਧਰਤੀ ਦੇ ਕੁਦਰਤੀ ਸਾਧਨਾਂ 'ਤੇ ਨਿਰਭਰ ਹਾਂ ਪਰ ਕਿਸੇ ਵੀ ਸਾਧਨ ਨੂੰ ਸਿੱਧਾ ਇਸ ਦੀ ਕੁਦਰਤੀ ਅਵਸਥਾ 'ਚ ਨਹੀਂ ਵਰਤ ਸਕਦੇ। ਹਰ 'ਹਾਸਿਲ' ਸਾਧਨ ਨੂੰ 'ਵਰਤੋਂ-ਯੋਗ' ਬਣਾਉਣ ਲਈ ਇਸ 'ਤੇ ਬਾਹਰੀ ਊਰਜਾ (Energy) ਲਾਉਣੀ ਪੈਂਦੀ ਹੈ। ਆਦਿ-ਕਾਲ ਤੋਂ ਇਸ ਊਰਜਾ ਦੇ ਸਾਧਨ ਮਨੁੱਖ, ਪਸ਼ੂ, ਰੁੱਖ, ਹਵਾ, ਪਾਣੀ ਆਦਿ ਰਹੇ ਹਨ ਅਤੇ ਇਹ ਸਿਸਟਮ ਬਹੁਤ ਸਮਾਂ ਚੱਲਿਆ। ਸਿਰਫ ਢਾਈ ਕੁ ਸੌ ਸਾਲ ਪਹਿਲਾਂ ਸ਼ੁਰੂ ਹੋਏ ਉਦਯੋਗਿਕ-ਯੁੱਗ ਤੋਂ ਬਾਅਦ ਇਨ੍ਹਾਂ ਸਾਧਨਾਂ 'ਚ ਤੇਜ਼ੀ ਨਾਲ਼ ਬਦਲਾਓ ਆਇਆ ਅਤੇ ਕੋਲਾ ਅਤੇ ਪੈਟ੍ਰੋਲੀਅਮ-ਪਦਾਰਥ, ਊਰਜਾ ਦਾ ਮੁੱਖ ਸਾਧਨ ਬਣ ਗਏ। ਸਾਡੀ ਹਰ ਤਕਨੌਲੋਜੀ ਅਤੇ ਹਰ ਮਸ਼ੀਨ ਦਾ ਮੰਤਵ ਇਨ੍ਹਾਂ ਸਾਧਨਾਂ ਦੀ ਕੁਦਰਤੀ ਊਰਜਾ ਨੂੰ ਮਨੁੱਖੀ ਲੋੜ ਲਈ ਵਰਤਣ-ਯੋਗ ਊਰਜਾ 'ਚ ਬਦਲਣਾ ਹੈ। ਜਿਵੇਂ ਕਿ ਕਣਕ ਤੋਂ ਰੋਟੀ ਬਣਾਉਣ ਅਤੇ ਕੋਲੇ ਤੋਂ ਪਰਕਾਸ਼ ਬਣਾਉਣ ਲਈ ਯੋਗ ਤਕਨੌਲੋਜੀਆਂ ਅਤੇ ਮਸ਼ੀਨਾਂ ਵਰਤਣੀਆਂ ਪੈਂਦੀਆਂ ਹਨ।

ਕੋਲਾ ਅਤੇ ਪੈਟ੍ਰੋਲੀਅਮ-ਪਦਾਰਥ, ਦੋਨਾਂ ਨੂੰ 'ਫੌਸਿਲ ਫਿਊਲਜ਼' (Fossil Fuels) ਕਿਹਾ ਜਾਂਦਾ ਹੈ ਅਤੇ ਅੱਜ ਸੰਸਾਰ ਦੀਆਂ ਕੁੱਲ ਊਰਜਾ-ਲੋੜਾਂ ਦੀ 80% ਪੂਰਤੀ ਇਨ੍ਹਾਂ ਤੋਂ ਹੀ ਹੋ ਰਹੀ ਹੈ। ਪਿਛਲੀਆਂ ਢਾਈ ਸਦੀਆਂ 'ਚ ਸੰਸਾਰ ਦਾ ਅਭੂਤ-ਪੂਰਵ ਅਤੇ ਬਹੁ-ਪੱਖੀ ਵਿਕਾਸ ਇਨ੍ਹਾਂ ਕਰਕੇ ਹੀ ਸੰਭਵ ਹੋ ਸਕਿਆ ਹੈ। (ਊਰਜਾ ਤੋਂ ਭਾਵ ਇਕੱਲੀ ਬਿਜਲੀ ਨਹੀਂ)। ਇਹ ਦੋਵੇਂ ਸਾਧਨ ਬਹੁਤ ਉਪਯੋਗੀ ਤਾਂ ਹਨ ਪਰ ਇਨ੍ਹਾਂ ਦੀ ਵਰਤੋਂ ਨਾਲ਼ ਕਈ ਪਰਕਾਰ ਦੀਆਂ ਹਾਨੀਕਾਰਕ (ਗ੍ਰੀਨ-ਹਾਊਸ) ਗੈਸਾਂ ਬਹੁਤ ਵੱਡੀ ਮਾਤਰਾ 'ਚ ਪੈਦਾ ਹੁੰਦੀਆਂ ਹਨ। ਇਹ ਗੈਸਾਂ, 'ਗਲੋਬਲ ਵਾਰਮਿੰਗ' ਦੀ ਪ੍ਰਕਿਰਿਆ ਰਾਹੀਂ ਵਾਤਾਵਰਨ ਨੂੰ ਬਹੁਤ ਛੇਤੀ ਪ੍ਰਦੂਸ਼ਿਤ ਕਰਦੀਆਂ ਹਨ ਅਤੇ ਮੌਜੂਦਾ ਵਾਤਾਵਰਨ-ਪਰਿਵਰਤਨ (Climate Change) ਦੀ ਦੀਰਘ ਸਮੱਸਿਆ ਦਾ ਮੁੱਖ ਕਾਰਨ ਬਣੀਆਂ ਹਨ।

ਵਿਸ਼ਵ-ਵਿਆਪੀ ਇਸ ਸਮੱਸਿਆ ਦੇ ਅਨੇਕਾਂ ਮੰਦੇ ਪ੍ਰਭਾਵ ਹਨ ਜਿਨ੍ਹਾਂ ਦਾ ਸਮੂਹਿਕ ਅਸਰ ਮਨੁੱਖ, ਹੋਰਾਂ ਜੀਵ-ਜੰਤੂਆਂ ਅਤੇ ਧਰਤੀ ਦੇ ਕੁਦਰਤੀ ਵਰਤਾਰਿਆਂ ਲਈ ਵਿਨਾਸ਼ਕਾਰੀ ਹੋਣਾ ਨਿਸ਼ਚਿਤ ਹੈ। ਪ੍ਰਸਿੱਧ ਬਰਤਾਨਵੀ ਵਾਤਾਵਰਨ-ਪ੍ਰੇਮੀ ਸਰ ਡੇਵਿਡ ਐਟਨਬਰਾ ਦਾ ਕਹਿਣਾ ਹੈ:

'ਜੇ ਅਸੀਂ ਹੁਣ ਵੀ ਢੁਕਵੀਆਂ ਕਾਰਵਾਈਆਂ ਨਾ ਕੀਤੀਆਂ ਤਾਂ ਸਾਡੀ ਸਭਿਅਤਾ ਦੀ ਤਬਾਹੀ ਅਤੇ ਕੁਦਰਤੀ ਦੁਨੀਆ ਦੇ ਵੱਡੇ ਹਿੱਸੇ ਦਾ ਵਿਨਾਸ਼ ਨਿਸ਼ਚਿਤ ਹੈ।...ਸਾਡੇ ਵਾਸਤੇ ਅਤੀ ਜ਼ਰੂਰੀ ਹੈ ਕਿ ਅਸੀਂ ਨਾ-ਸਿਰਫ ਧਰਤੀ ਦੇ ਸੀਮਤ ਕੁਦਰਤੀ ਸਾਧਨਾਂ ਦੇ ਅੰਦਰ-ਅੰਦਰ ਰਹੀਏ ਬਲਕਿ ਇਨ੍ਹਾਂ ਨੂੰ ਸਹੀ ਢੰਗ ਨਾਲ਼ ਵੰਡਣਾ ਵੀ ਸਿੱਖੀਏ।'

ਇਸ ਸਮੱਸਿਆ ਦੀ ਵੱਡੀ ਤ੍ਰਾਸਦੀ ਇਹ ਹੈ ਕਿ ਇਸ ਦੇ ਖ਼ਮਿਆਜ਼ੇ, ਇਸ ਦੇ ਜ਼ਿੰਮੇਵਾਰ ਦੇਸ਼ਾਂ, ਪਾਰਟੀਆਂ ਜਾਂ ਲੋਕਾਂ ਨੂੰ ਆਪ ਘੱਟ ਭੁਗਤਣੇ ਪੈਂਦੇ ਹਨ ਅਤੇ ਹੋਰਾਂ ਨੂੰ ਵੱਧ ਭੁਗਤਣੇ ਪੈਂਦੇ ਹਨ। ਥੋੜਾ ਚਿਰ ਪਹਿਲਾਂ ਆਏ ਪਾਕਿਸਤਾਨ ਦੇ ਭਿਆਨਕ ਹੜ੍ਹ ਇਸ ਦਾ ਪਰਤੱਖ ਸਬੂਤ ਹਨ ਅਤੇ ਯੂ.ਐੱਨ.ਓ. ਨੇ ਇਸ ਗੱਲ ਨੂੰ ਸਵੀਕਾਰ ਕੀਤਾ ਹੈ। ਸੰਸਾਰ ਦੇ ਅਮੀਰ ਦੇਸ਼ ਅਤੇ ਅਮੀਰ ਲੋਕ ਪਿਛਲੇ ਦੋ ਸੌ ਸਾਲਾਂ ਤੋਂ ਧਰਤੀ ਦੇ ਵਡਮੁੱਲੇ ਅਤੇ ਸੀਮਤ ਸਾਧਨਾਂ ਦੀ ਦੁਰਵਰਤੋਂ ਕਰ-ਕਰ ਕੇ ਪ੍ਰਦੂਸ਼ਣ ਫੈਲਾ ਰਹੇ ਹਨ ਅਤੇ ਅੱਜ ਵੀ ਪ੍ਰਤੀ ਜੀਅ ਇਸ ਮੰਦੇ ਕੰਮ 'ਚ ਅੱਗੇ ਹਨ। ਵਿਸ਼ਵ ਦੀ ਸਭ ਤੋਂ ਅਮੀਰ 1% ਆਬਾਦੀ ਸਭ ਤੋਂ ਗਰੀਬ 50% ਆਬਾਦੀ ਦੇ ਮੁਕਾਬਲੇ ਹਾਨੀਕਾਰਕ ਗੈਸਾਂ ਲਈ ਵੱਧ ਜ਼ਿੰਮੇਵਾਰ ਹੈ। ਦੂਸਰੇ ਪਾਸੇ ਸੰਸਾਰ ਦੇ 80 ਕਰੋੜ ਲੋਕਾਂ ਨੂੰ ਅੱਜ ਵੀ ਬਿਜਲੀ ਦੀ ਸਹੂਲਤ ਪ੍ਰਾਪਤ ਨਹੀਂ ਅਤੇ 260 ਕਰੋੜ ਲੋਕ ਰਸੋਈ ਲਈ ਪੁਰਾਣੇ ਕਿਸਮਾਂ ਦਾ ਬਾਲਣ ਵਰਤਦੇ ਹਨ। ਉਨ੍ਹਾਂ ਦੇ ਜੀਵਨ-ਪੱਧਰ ਨੂੰ ਜਿਉਣ-ਜੋਗਾ ਕਰਨ ਲਈ ਵੱਧ ਊਰਜਾ (ਇਕੱਲੀ ਬਿਜਲੀ ਨਹੀਂ) ਪੈਦਾ ਕਰਨੀ ਜ਼ਰੂਰੀ ਹੈ। ਆਉਣ ਵਾਲ਼ੇ 30 ਸਾਲਾਂ 'ਚ ਇਸ ਨੂੰ 50% ਵਧਾਉਣ ਦੀ ਲੋੜ ਪਵੇਗੀ ਪਰ ਧਰਤੀ ਤਾਂ ਅੱਜ ਦੀਆਂ ਊਰਜਾ-ਲੋੜਾਂ ਨੂੰ ਪੂਰੀਆਂ ਕਰਨ ਤੋਂ ਵੀ ਅਸਮਰੱਥ ਹੋਈ ਪਈ ਹੈ।

ਵਾਤਾਵਰਨ-ਪਰਿਵਰਤਨ ਦੀ ਸਮੱਸਿਆ ਦੇ ਹੱਲ ਲਈ ਗ਼ੈਰ-ਰਸਮੀ ਉਪਰਾਲੇ 30 ਸਾਲ ਪਹਿਲਾਂ ਸ਼ੁਰੂ ਹੋ ਗਏ ਸਨ ਪਰ ਇਨ੍ਹਾਂ ਨੂੰ ਵਿਸ਼ਵ-ਵਿਆਪੀ ਰਸਮੀ ਬਲ 2015 'ਚ ਮਿਲਿਆ, ਜਦ ਯੂ.ਐੱਨ.ਓ. ਦੀ ਸਰਪ੍ਰਸਤੀ ਹੇਠ 195 ਦੇਸ਼ਾਂ ਵਲੋਂ ਸਰਬ-ਸੰਮਤੀ ਨਾਲ਼ ਇਤਿਹਾਸਕ 'ਪੈਰਿਸ ਵਾਤਾਵਰਨ ਸਮਝੌਤਾ' ਪਾਸ ਕੀਤਾ ਗਿਆ। ਇਸ ਸਮਝੌਤੇ ਦੀ ਰੂਪ-ਰੇਖਾ ਅਤੇ ਰਣਨੀਤੀ ਸੰਸਾਰ ਦੇ ਚੋਟੀ ਦੇ ਬੁੱਧੀਜੀਵੀ ਵਰਗ ਵੱਲੋਂ ਵੀਹ ਸਾਲਾਂ ਦੇ ਡੂੰਘੇ ਅਤੇ ਵਿਸਤ੍ਰਿਤ ਵਿਚਾਰ-ਵਟਾਂਦਰੇ ਬਾਅਦ ਬਣਾਈ ਗਈ ਹੈ ਅਤੇ ਇਸ 'ਚ ਸੰਨ 2100 ਤੱਕ ਦੇ ਟੀਚੇ ਮਿੱਥੇ ਗਏ ਹਨ। ਇਨ੍ਹਾਂ ਦੀ ਵਿਲੱਖਣਤਾ ਹੈ ਕਿ ਇਹ ਇਤਿਹਾਸ 'ਚ ਪਹਿਲੀ ਵਾਰ ਸਾਰੇ ਸੰਸਾਰ ਵਾਸਤੇ ਸਾਂਝੇ ਤੌਰ 'ਤੇ ਮਿੱਥੇ ਟੀਚੇ ਹਨ; ਇਹ ਨਹੀਂ ਕਿ ਦੇਸ਼ਾਂ ਨੇ ਆਪੋ-ਆਪਣੀ ਹੈਸੀਅਤ ਅਨੁਸਾਰ ਅੱਗੜ-ਪਿੱਛੜ ਪ੍ਰਾਪਤ ਕਰਨੇ ਹਨ। ਇਨ੍ਹਾਂ ਦੀ ਸੁਚੱਜੀ ਤਾਮੀਲ ਸੰਸਾਰ ਦੀ ਇਸ ਸਮੱਸਿਆ ਨੂੰ ਯਕੀਨੀ ਤੌਰ 'ਤੇ ਹੋਰ ਵਧਣ ਤੋਂ ਰੋਕ ਸਕਦੀ ਹੈ।

ਇਸ ਸਮੱਸਿਆ ਦੀਆਂ ਵੱਧ ਜ਼ਿੰਮੇਵਾਰ ਧਿਰਾਂ ਇਸ ਦੀ ਹੋਂਦ ਤੋਂ ਨਿਰਲੱਜ ਢੰਗਾਂ ਨਾਲ ਮੁਨਕਰ ਹੁੰਦੀਆਂ ਰਹੀਆਂ ਹਨ ਅਤੇ ਸਮਝੌਤੇ ਦੇ ਸਿਰੇ ਚੜ੍ਹਨ 'ਚ ਦੇਰੀ ਦਾ ਕਾਰਨ ਵੀ ਬਣੀਆਂ। ਮਿ. ਡੋਨਲਡ ਟਰੰਪ ਦੀ ਉਦਾਹਰਣ ਜ਼ਿਕਰਯੋਗ ਹੈ ਕਿ ਆਪਣੇ ਸਮੇਂ 'ਚ ਉਹ ਇਸ ਨੂੰ ਇੱਕ ਛਲਾਵਾ (Hoax) ਕਹਿ ਕੇ ਸੰਸਾਰ ਨੂੰ ਗੁਮਰਾਹ ਕਰਨ ਦੀਆਂ ਕੋਸ਼ਿਸ਼ਾਂ ਕਰਦਾ ਰਿਹਾ, ਅਤੇ ਉਸ ਨੇ ਯੂ.ਐੱਸ.ਏ. ਨੂੰ ਇਸ ਸਮਝੌਤੇ ਤੋਂ ਬਾਹਰ ਕਰ ਲਿਆ ਸੀ ਪਰ ਉਸ ਦੇ ਉੱਤਰਾਧਿਕਾਰੀ ਮਿ. ਜੋਅ ਬਾਇਡਨ ਨੇ ਸਹੁੰ ਚੁੱਕਣ ਦੇ ਪਹਿਲੇ ਦਿਨ ਹੀ ਉਸ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਸੀ ਅਤੇ ਸੰਸਾਰ ਭਰ 'ਚ ਇਸ ਗੱਲ ਦੀ ਬਹੁਤ ਸ਼ਲਾਘਾ ਹੋਈ ਸੀ।

ਫੌਸਿਲ ਫਿਊਲਾਂ (ਕੋਲਾ, ਡੀਜ਼ਲ, ਪੈਟਰੋਲ, ਕੁਦਰਤੀ ਗੈਸ, ਮਿੱਟੀ ਦਾ ਤੇਲ, ਬੰਕਰ ਤੇਲ ਆਦਿ), ਜੋ ਹਾਨੀਕਾਰਕ ਗੈਸਾਂ ਦਾ ਸਭ ਤੋਂ ਵੱਡਾ ਕਾਰਨ ਹਨ, ਅੱਜ ਸੰਸਾਰ ਦੀਆਂ 80% ਊਰਜਾ-ਲੋੜਾਂ ਪੂਰਦੀਆਂ ਹਨ। ਬਾਕੀ (20%) ਊਰਜਾ-ਲੋੜਾਂ ਵਾਸਤੇ ਪ੍ਰਮਾਣੂ, ਪਾਣੀ, ਧੁੱਪ, ਹਵਾ, ਧਰਤੀ ਦੀ ਗਰਮੀ, ਸਮੁੰਦਰੀ ਲਹਿਰਾਂ ਆਦਿ ਸਾਧਨ ਵਰਤੇ ਜਾ ਰਹੇ ਹਨ। ਇਹ ਨਵਿਆਉਣ-ਯੋਗ (Renewable) ਹਨ ਅਤੇ ਵਾਤਾਵਰਨ ਨੂੰ ਪ੍ਰਦੂਸ਼ਿਤ ਨਹੀਂ ਕਰਦੇ ਪਰ ਇਨ੍ਹਾਂ ਦਾ ਹਿੱਸਾ ਬਹੁਤ ਘੱਟ ਹੈ। ਪ੍ਰਤੱਖ ਹੈ ਕਿ ਇਸ ਸਮੱਸਿਆ ਦਾ ਕਾਰਗਰ ਹੱਲ ਪਹਿਲੇ ਸਾਧਨਾਂ ਦੀ ਵਰਤੋਂ ਨੂੰ ਘਟਾਉਣਾ ਅਤੇ ਦੂਜਿਆਂ ਦੀ ਨੂੰ ਵਧਾਉਣਾ ਹੈ; ਅਰਥਾਤ ਕੋਲੇ ਅਤੇ ਪੈਟ੍ਰੋਲੀਅਮ-ਪਦਾਰਥਾਂ ਦੀ ਵਰਤੋਂ ਨੂੰ ਘਟਾਉਣਾ ਅਤੇ ਨਵਿਆਉਣ-ਯੋਗ ਸਾਧਨਾਂ ਦੀ ਵਰਤੋਂ ਨੂੰ ਵਧਾਉਣਾ ਹੈ। ਇਸ ਪ੍ਰਕਿਰਿਆ ਨੂੰ 'ਊਰਜਾ-ਪਰਿਵਰਤਨ' ਕਿਹਾ ਜਾਂਦਾ ਹੈ ਅਤੇ ਵਾਤਾਵਰਨ ਨੂੰ ਹੋਰ ਪ੍ਰਦੂਸ਼ਿਤ ਹੋਣ ਤੋਂ ਰੋਕਣ ਦਾ ਇਹ ਸਭ ਤੋਂ ਵਧੀਆ ਢੰਗ ਹੈ। ਇਸ ਕਰਕੇ ਹੀ ਇਹ ਪੈਰਿਸ ਸਮਝੌਤੇ ਦਾ ਆਧਾਰ ਅਤੇ



ਥੀਮ ਹੈ ਅਤੇ ਇਸ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਦਾ ਮੁੱਖ ਤਰੀਕਾ ਹੈ। ਇਤਿਹਾਸਕ ਪੱਖੋਂ ਇਹ ਪਹਿਲਾ ਊਰਜਾ-ਪਰਿਵਰਤਨ ਨਹੀ; ਉਦਯੋਗਿਕ-ਯੁੱਗ ਤੋਂ ਬਾਅਦ ਲੱਕੜ ਦੇ ਕੋਲੇ, ਮਨੁੱਖ ਅਤੇ ਪਸ਼ੂ-ਸ਼ਕਤੀ ਦੀ ਬਜਾਇ ਪੱਥਰ ਦੇ ਕੋਲੇ ਦੀ ਵਰਤੋਂ ਦੀ ਸ਼ੁਰੂਆਤ ਵੀ ਊਰਜਾ-ਪਰਿਵਰਤਨ ਸੀ। ਛੋਟੇ ਪੱਧਰ 'ਤੇ ਪੰਜਾਬ 'ਚ ਅੱਜ ਤੋਂ 60-70 ਸਾਲ ਪਹਿਲਾਂ ਖੂਹਾਂ ਤੇ ਬਲ੍ਹਦਾਂ ਦੀ ਬਜਾਇ ਡੀਜ਼ਲ ਅਤੇ ਬਿਜਲੀ ਨਾਲ਼ ਸਿੰਜਾਈ ਦੀ ਸ਼ੁਰੂਆਤ ਵੀ 'ਊਰਜਾ-ਪਰਿਵਰਤਨ' ਸੀ। ਇਸ ਤਰ੍ਹਾਂ ਦੇ ਪਰਿਵਰਤਨਾਂ ਨਾਲ਼ ਹੀ ਸੰਸਾਰ ਦਾ ਵਿਕਾਸ ਸੰਭਵ ਹੋ ਸਕਿਆ ਹੈ। ਇਸ ਨਾਲ਼ ਜਨ-ਜੀਵਨ ਸੁਖਾਲ਼ਾ ਵੀ ਹੋਇਆ ਅਤੇ ਬਚੇ ਵਕਤ ਨੂੰ ਜੀਵਨ ਦੇ ਹੋਰ ਖੇਤਰਾਂ 'ਚ ਤਰੱਕੀ ਵਾਸਤੇ ਉਪਯੋਗ ਕੀਤਾ ਜਾ ਸਕਿਆ ਅਤੇ ਵਿਸ਼ਵ ਦੀ ਸਮੁੱਚੀ ਖੁਸ਼ਹਾਲੀ ਸੰਭਵ ਹੋਈ।

ਉਤਸ਼ਾਹਜਨਕ ਗੱਲ ਇਹ ਹੈ ਕਿ ਇਸ ਅਹਿਮ ਸਮਝੌਤੇ ਅਨੁਸਾਰ ਯੂ.ਐੱਨ.ਓ. ਦੀ ਰੇਖ-ਦੇਖ ਅਧੀਨ ਸਾਰੇ ਸੰਸਾਰ 'ਚ ਬਹੁ-ਪੱਖੀ ਅਤੇ ਸੁਰ-ਤਾਲੀ ਕਾਰਵਾਈਆਂ ਹੋ ਰਹੀਆਂ ਹਨ ਕਿ ਇਸ ਸਦੀ ਦੇ ਅਖੀਰ (ਸੰਨ 2100) ਤੱਕ ਵਿਸ਼ਵ ਦੇ ਤਾਪਮਾਨ 'ਚ ਵਾਧੇ ਨੂੰ ਪੂਰਵ-ਉਦਯੋਗਿਕ ਪੱਧਰ ਤੋਂ $1.5^{\circ}$ ਸੈਲਸੀਅਸ ਤੱਕ ਸੀਮਤ ਕੀਤਾ ਜਾਵੇ ਅਤੇ ਕਿਸੇ ਵੀ ਹਾਲਤ 'ਚ $2.0^{\circ}$ ਸੈਲਸੀਅਸ ਤੋਂ ਨਾ ਵਧਣ ਦਿੱਤਾ ਜਾਵੇ। ਦੱਸਣਯੋਗ ਹੈ ਕਿ ਇਹ ਵਾਧਾ $1.1^{\circ}$ ਸੈਲਸੀਅਸ ਤਾਂ ਹੁਣ ਤੱਕ ਹੋ ਵੀ ਚੁੱਕਿਆ ਹੈ। ਇਸ ਦੂਰ-ਰਸ ਟੀਚੇ ਦੀ ਪ੍ਰਾਪਤੀ ਲਈ ਦਹਾਕਾ-ਵਾਰ ਟੀਚੇ ਵੀ ਨਿਰਧਾਰਤ ਕੀਤੇ ਗਏ ਹਨ, ਜਿਨ੍ਹਾਂ 'ਚੋਂ ਦੋ ਇਹ ਹਨ:

- 2030 ਤੱਕ ਹਾਨੀਕਾਰਕ (ਗ੍ਰੀਨ-ਹਾਊਸ) ਗੈਸਾਂ ਦੇ ਹੋ ਰਹੇ ਵਾਧੇ ਨੂੰ 45% ਘਟਾਇਆ ਜਾਵੇ।
- 2050 ਤੱਕ ਇਨ੍ਹਾਂ ਗੈਸਾਂ ਦੀ ਮਿਕਦਾਰ ਨੂੰ, ਧਰਤੀ ਦੀ ਇਨ੍ਹਾਂ ਨੂੰ ਸਮੋਅ ਸਕਣ ਦੀ ਸਮਰੱਥਾ ਤੱਕ, ਸੀਮਤ ਕੀਤਾ ਜਾਵੇ ਅਤੇ ਅਗਲੇ ਪੰਜਾਹ ਸਾਲ (ਸੰਨ 2100 ਤੱਕ) ਇਸ ਤੋਂ ਵਧਣ ਨਾ ਦਿੱਤਾ ਜਾਵੇ। ਇਸ ਨੂੰ ਮਾਹਿਰਾਂ ਵਲੋਂ 'ਨੈੱਟ-ਜ਼ੀਰੋ' ਦਾ ਟੀਚਾ ਕਿਹਾ ਗਿਆ ਹੈ। ਵਰਣਨਯੋਗ ਹੈ ਕਿ ਊਰਜਾ-ਲੋੜਾਂ ਪੂਰੀਆਂ ਕਰਨ ਲਈ ਫੌਸਿਲ ਫਿਊਲਾਂ ਦੀ ਵਰਤੋਂ ਘਟਾਈ ਤਾਂ ਜਾ ਸਕਦੀ ਹੈ ਪਰ ਪੂਰੀ ਤਰ੍ਹਾਂ ਖਤਮ ਨਹੀਂ ਕੀਤੀ ਜਾ ਸਕਦੀ। ਨਤੀਜਨ ਹਾਨੀਕਾਰਕ ਗੈਸਾਂ ਪੈਦਾ ਹੁੰਦੀਆਂ ਰਹਿਣਗੀਆਂ ਪਰ ਇਨ੍ਹਾਂ ਨੂੰ ਸੀਮਤ ਕਰਨਾ ਲਾਜ਼ਮੀ ਹੈ।

ਸੰਸਾਰ ਦੇ ਹਰ ਦੇਸ਼ 'ਚ ਅਨੇਕਾਂ ਸੁਹਿਰਦ ਅਤੇ ਪ੍ਰਭਾਵਕਾਰੀ ਹਸਤੀਆਂ ਇਸ ਸਮੱਸਿਆ ਨੂੰ ਨਜਿੱਠਣ ਲਈ ਜੀਵਨ-ਭਰ ਪੂਰੀਆਂ ਯਤਨਸ਼ੀਲ ਰਹੀਆਂ, ਜਿਵੇਂ ਕਿ ਮਿ. ਜੌਹਨ ਮਿਊਰ, ਸ੍ਰੀਮਤੀ ਵਾਂਗਰੀ ਮਾਠਈ, ਸੁੰਦਰ ਲਾਲ ਬਹੁਗੁਣਾ, ਭਗਤ ਪੂਰਨ ਸਿੰਘ। ਇਸੇ ਤਰ੍ਹਾਂ ਅੱਜ ਪੂਰੇ ਜੀਅ-ਜਾਨ ਨਾਲ਼ ਕੰਮ ਕਰ ਰਹੀਆਂ ਖਾਸ ਹਸਤੀਆਂ ਹਨ: ਮਿ. ਜੌਹਨ ਕੈਰੀ, ਮਿਸ ਗਰੈਟਾ ਥਨਬਰਗ, ਮਿ. ਐਲ ਗੋਰ, ਸਰ ਡੇਵਿਡ ਐਟਨਬਰਾ, ਸ੍ਰੀਮਤੀ ਵੰਦਨਾ ਸ਼ਿਵਾ। ਇਸ ਪ੍ਰਸ਼ੰਸਾਯੋਗ ਕਾਰਜ 'ਚ ਲੱਗੀਆਂ ਕੁਝ ਵਿਸ਼ਵ-ਪੱਧਰੀ ਸੰਸਥਾਵਾਂ ਹਨ: ਗਲੋਬਲ ਫੁੱਟਪ੍ਰਿੰਟ ਨੈੱਟਵਰਕ, ਅਰਥ-ਡੇਅ ਔਰਗ, ਕਲਾਈਮੇਟ ਐਕਸ਼ਨ ਨੈੱਟਵਰਕ, ਐਨਰਜੀ ਐਂਡ ਰੀਸੋਰਸਿਜ਼ ਇੰਸਟੀਚਿਊਟ।

ਪਰ ਨਿਰਾਸ਼ਾਜਨਕ ਗੱਲ ਇਹ ਹੈ ਕਿ ਵਿਸ਼ਵ ਪੱਧਰ 'ਤੇ ਹੋ ਰਹੀਆਂ ਪੁਰਜ਼ੋਰ ਕੋਸ਼ਿਸ਼ਾਂ ਦੇ ਬਾਵਜੂਦ ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਦੀ ਸੰਭਾਵਨਾ ਬਹੁਤ ਘੱਟ ਹੈ। ਜਿਵੇਂ ਕਿ ਹਾਨੀਕਾਰਕ ਗੈਸਾਂ ਨੂੰ 2030 ਤੱਕ 45% ਘਟਾਉਣ ਦੇ ਟੀਚੇ ਦੇ ਉਲਟ ਇਨ੍ਹਾਂ ਦੇ 11% ਵਧ ਜਾਣ ਦਾ ਖਦਸ਼ਾ ਹੈ ਅਤੇ 2100 ਤੱਕ ਧਰਤੀ ਦੀ ਤਪਸ਼ 'ਚ, $1.5^{\circ}$ ਸੈਲਸੀਅਸ ਦੇ ਮਿੱਥੇ ਟੀਚੇ ਦੀ ਬਜਾਇ $2.8^{\circ}$ ਸੈਲਸੀਅਸ ਵਾਧੇ ਦਾ ਅਨੁਮਾਨ ਹੈ। ਯੂ ਐੱਨ ਦੇ ਸਕੱਤਰ-ਜਰਨਲ ਐਂਟੋਨੀਓ ਗੁਟੇਰੇਜ਼ ਇਸ ਨਿਰਾਸ਼ਾਜਨਕ ਸਥਿਤੀ ਨੂੰ ਬਹੁਤ ਸਖ਼ਤ ਸ਼ਬਦਾਂ 'ਚ ਸੰਸਾਰ ਅੱਗੇ ਪੇਸ਼ ਕਰਦੇ ਰਹਿੰਦੇ ਹਨ ਅਤੇ ਜ਼ਿੰਮੇਵਾਰਾਂ ਨੂੰ ਧਿਰਕਾਰਦੇ ਰਹਿੰਦੇ ਹਨ। ਇਹ ਕਹਿਣਾ ਅਤਿ-ਕਥਨੀ ਨਹੀਂ ਕਿ ਉਹ ਲਹੂ ਦੇ ਹੰਝੂ ਕੇਰਦੇ ਰਹਿੰਦੇ ਹਨ। ਉਨ੍ਹਾਂ ਦੇ ਨਿਮਨ-ਲਿਖਤ ਬਿਆਨ ਉਨ੍ਹਾਂ ਦੇ ਦਰਦ ਦਾ ਪ੍ਰਗਟਾਵਾ ਕਰਦੇ ਹਨ:

- ਆਪਾਂ ਕੁਦਰਤ ਨੂੰ ਇੱਕ 'ਟਾਇਲਟ' ਸਮਝ ਰੱਖਿਆ ਹੈ।
- ਦਰਦਨਾਕ ਸਚਾਈ ਇਹ ਹੈ ਕਿ ਆਪਾਂ ਸੰਸਾਰ ਦਾ ਭੱਠਾ ਬਿਠਾ ਦਿੱਤਾ ਹੈ।
- ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਸਾਡੇ ਸੰਸਾਰ ਦੀਆਂ ਕੁਦਰਤੀ ਬਖ਼ਸ਼ਿਸ਼ਾਂ ਨੂੰ ਲੁੱਟ-ਲੁੱਟ ਕੇ ਆਪਣੇ ਬੈਂਕ-ਖਾਤੇ ਭਰ ਰਹੀਆਂ ਹਨ।
- ਫੌਸਿਲ ਫਿਊਲਾਂ ਦੇ ਵਿਸਤਾਰ ਨੂੰ ਲੁਕਾਉਣ ਲਈ ਜਾਅਲੀ 'ਨੈੱਟ-ਜ਼ੀਰੋ' ਦੇ ਵਾਅਦੇ ਕਰਨਾ ਨਿੰਦਣਯੋਗ ਹੈ। ਇਹ ਸਰਾਸਰ ਧੋਖਾ ਹੈ। ਇਹ ਸ਼ਰਮਨਾਕ ਕਾਰਵਾਈਆਂ ਸਾਡੀ ਦੁਨੀਆ ਨੂੰ ਵਾਤਾਵਰਨ ਦੀ ਤਬਾਹੀ ਦੀਆਂ ਡੂੰਘੀਆਂ ਖੱਡਾਂ ਵੱਲ ਧੱਕ ਰਹੀਆਂ ਹਨ। ਇਹ ਛਲ-ਕਪਟ ਖ਼ਤਮ ਹੋਣਾ ਚਾਹੀਦਾ ਹੈ।
- ਕਈ ਸਰਕਾਰਾਂ ਅਤੇ ਬਿਜ਼ਨਸ ਲੀਡਰ ਕਹਿੰਦੇ ਕੁਛ ਹਨ ਤੇ ਕਰਦੇ ਕੁਛ ਹਨ। ਸਿੱਧੇ ਤੌਰ 'ਤੇ ਉਹ ਝੂਠ ਬੋਲਦੇ ਹਨ ਅਤੇ ਇਸ ਦੇ ਨਤੀਜੇ ਪਰਲੋ-ਕਾਰੀ ਹੋਣਗੇ। ਇਹ ਵਾਤਾਵਰਨ-ਐਮਰਜੈਂਸੀ ਹੈ।
- ਮਾੜੀਆਂ ਕੰਪਨੀਆਂ ਝੂਠੀਆਂ ਸੂਚਨਾਵਾਂ ਦੇ ਕੇ ਆਪਣੇ ਉਤਪਾਦਾਂ ਨੂੰ ਵਾਤਾਵਰਨ ਲਈ ਲਾਭਦਾਇਕ ਸਿੱਧ ਕਰਦੀਆਂ ਹਨ।

ਮਿ. ਐਂਟੋਨੀਓ ਗੁਟੇਰੇਜ਼ ਵਰਗੀ ਉੱਚੀ, ਸੁਹਿਰਦ ਅਤੇ ਸ਼ਾਂਤ-ਸੁਭਾਅ ਹਸਤੀ ਦੇ ਇਹ ਸੱਚੇ ਅਤੇ ਸਖ਼ਤ ਸ਼ਬਦ ਜਿੱਥੇ ਵਿਸ਼ਵ ਨੂੰ ਦਰਪੇਸ਼ ਇਸ ਘੋਰ ਬਿਪਤਾ ਦੀ ਪੁਸ਼ਟੀ ਕਰਦੇ ਹਨ ਓਥੇ ਸਥਾਪਿਤ ਖੁਦਗਰਜ਼ ਵਰਗਾਂ ਦੀਆਂ ਮੱਕਾਰੀਆਂ ਨੂੰ ਵੀ ਜੱਗਰ ਕਰਦੇ ਹਨ। ਸਪੱਸ਼ਟ ਹੈ ਕਿ ਇਹ ਸਥਾਪਿਤ ਪਾਰਟੀਆਂ, ਯੂ.ਐੱਨ.ਓ. ਅਤੇ ਆਪਣੀਆਂ ਸਰਕਾਰਾਂ ਦੇ ਆਦੇਸ਼ਾਂ ਦੀ ਪਾਲਣਾ ਕਰਨ ਦੀ ਬਜਾਇ ਆਪਣੇ ਮਾਇਕ ਅਤੇ ਹੋਰ ਸੌੜੇ ਹਿੱਤਾਂ ਨੂੰ ਮੁੱਖ ਰੱਖ ਰਹੀਆਂ ਹਨ। ਇਸ ਸਮੱਸਿਆ ਨੂੰ ਪੈਦਾ ਕਰਨ ਦੀਆਂ ਜ਼ਿੰਮੇਵਾਰੀਆਂ ਤੋਂ ਵੀ ਬਚ ਰਹੀਆਂ ਹਨ। ਉਲਟਾ ਇਸ ਨੂੰ ਹੱਲ ਕਰਨ ਦੇ ਦਾਅਵੇ ਕਰਨ ਦਾ ਢੌਂਗ ਰਚਾ ਕੇ ਆਗੂ ਵੀ ਬਣ ਰਹੀਆਂ ਹਨ। ਇਸ ਤਰ੍ਹਾਂ ਇਹ ਜਮਾਤ ਮਨੁੱਖੀ ਬਿਪਤਾਵਾਂ 'ਚੋਂ ਵੀ ਆਪਣੀਆਂ ਤਿਜੌਰੀਆਂ ਭਰਦੀ ਰਹਿੰਦੀ ਹੈ; ਕੋਵਿਡ-2019 ਵੇਲ਼ੇ ਦੀਆਂ ਵਾਰਦਾਤਾਂ ਇਸ ਦਾ ਸਬੂਤ ਹਨ। ਇਹ ਧਿਰਾਂ ਇਸ ਸਮੱਸਿਆ ਦੇ ਲੁਭਾਉਣੇ ਪਰ ਅਸਰ-ਹੀਣ ਹੱਲ ਸਿਰਜ ਕੇ ਜਨ-ਸਾਧਾਰਨ ਦਾ ਧਿਆਨ ਹੋਰਨਾਂ ਪਾਸੇ ਲਾਈ ਰੱਖਣ ਦੀਆਂ ਚਿਰ-ਕਾਲੀ ਚਾਲਾਂ ਵਰਤ ਰਹੀਆਂ ਹਨ। ਨਵੀਆਂ ਖੋਜਾਂ ਦੇ ਝਾਂਸੇ ਦੇ ਕੇ ਗੁਮਰਾਹ ਕਰ ਰਹੀਆਂ ਹਨ, ਉਦਾਹਰਣ ਵਜੋਂ ਸਾਨੂੰ ਦੱਸਿਆ ਜਾ ਰਿਹਾ ਹੈ ਕਿ ਸਾਰੀਆਂ ਕਾਰਾਂ ਨੂੰ ਬਿਜਲੀ-ਕਾਰਾਂ ਨਾਲ਼ ਬਦਲਣ ਨਾਲ਼ ਅਤੇ ਬਿਜਲੀ-ਉਤਪਾਦ ਦਾ ਊਰਜਾ-ਪਰਿਵਰਤਨ ਕਰਨ ਨਾਲ਼ ਸਭ ਠੀਕ ਹੋ ਜਾਵੇਗਾ। ਇਹ ਨਹੀਂ ਦੱਸਿਆ ਜਾ ਰਿਹਾ ਕਿ ਵਾਤਾਵਰਨ-ਪ੍ਰਦੂਸ਼ਣ ਦੇ ਹੋਰ ਵੱਡੇ ਕਾਰਨ ਤਾਂ ਖੇਤੀਬਾੜੀ ਅਤੇ ਮੀਟ, ਉਦਯੋਗਿਕ ਉਤਪਾਦ, ਸਮੁੰਦਰੀ ਜਹਾਜ਼, ਵੱਡੇ ਟਰੱਕ, ਹਵਾਈ ਜਹਾਜ਼, ਅਤੇ ਘਰਾਂ/ਕਮਰਸ਼ੀਅਲ ਅਦਾਰਿਆਂ ਦੀ ਸਾਂਭ-ਸੰਭਾਲ਼ ਹਨ। ਇਨ੍ਹਾਂ ਖੇਤਰਾਂ 'ਚ ਇਨ੍ਹਾਂ ਫਿਊਲਾਂ ਦਾ ਕੋਈ ਬਦਲ ਵੀ ਨਹੀਂ। ਨਵੀਂ ਕਿਸਮ ਦੀਆਂ ਖੁਰਾਕਾਂ ਈਜਾਦ ਕਰਨ ਦੇ ਸਬਜ਼ਬਾਗ਼ ਦਿਖਾਏ ਜਾ ਰਹੇ ਹਨ ਪਰ ਬਰਬਾਦ ਹੋ ਰਹੇ ਇੱਕ ਤਿਹਾਈ ਖਾਧ-ਪਦਾਰਥਾਂ ਨੂੰ ਬਚਾਉਣ ਦੇ ਉਪਰਾਲੇ ਨਹੀਂ ਹੋਣ ਦਿੱਤੇ ਜਾ ਰਹੇ, ਜੰਕ-ਫੂਡ ਦੀ ਇਸ਼ਤਿਹਾਰਬਾਜ਼ੀ 'ਤੇ ਰੋਕ ਨਹੀਂ ਲੱਗਣ ਦਿੱਤੀ ਜਾ ਰਹੀ। ਇਹ ਤਾਂ ਕੁਛ ਉਹ ਮੱਕਾਰੀਆਂ ਹਨ ਜੋ ਆਪਾਂ ਨੂੰ ਦਿਖਦੀਆਂ ਹਨ, ਅੰਦਰੋ-ਅੰਦਰੀ ਕੀ ਵਾਪਰ ਰਿਹਾ ਹੈ ਉਸ ਦੀ ਤਾਂ ਸਾਨੂੰ ਭਿਣਕ ਵੀ ਨਹੀਂ ਪੈ ਸਕਦੀ।

ਅੱਜ ਦੇ ਸੰਸਾਰ 'ਚ ਇਸ ਸਮੱਸਿਆ ਨੂੰ ਨਜਿੱਠਣ ਲਈ ਲੋੜੀਂਦੀ ਤਕਨੌਲੋਜੀ ਉਪਲੱਬਧ ਹੈ ਪਰ ਜ਼ਰੂਰੀ ਹੋਣ ਦੇ ਬਾਵਜੂਦ ਇਕੱਲੀ ਤਕਨੌਲੋਜੀ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦੀ, ਹਥਲੀ ਸਮੱਸਿਆ ਦਾ ਤਾਂ ਬਿਲਕੁਲ ਨਹੀਂ ਕਰ ਸਕਦੀ। ਜੇ ਤਕਨੌਲੋਜੀ ਸੰਸਾਰ ਦੀਆਂ ਸਮੱਸਿਆਵਾਂ ਹੱਲ ਕਰ ਸਕਦੀ ਹੁੰਦੀ ਤਾਂ ਹੁਣ ਤੱਕ ਸਭ ਦਾ ਹੱਲ ਹੋ ਚੁੱਕਿਆ ਹੋਣਾ ਸੀ। ਨਿਰਸੰਦੇਹ ਨਵੀਆਂ ਖੋਜਾਂ ਦੀ ਲੋੜ ਹੈ ਜਿਸ ਤਰ੍ਹਾਂ ਦੀਆਂ ਕਿ ਪ੍ਰਮਾਣੂ ਸਾਧਨਾਂ ਤੋਂ ਬਿਜਲੀ ਪੈਦਾ ਕਰਨ 'ਚ ਹੋ ਰਹੀਆਂ ਹਨ ਪਰ ਹਾਸਲ ਤਕਨੌਲੋਜੀ ਦੀ ਪੂਰੀ ਵਰਤੋਂ ਪਹਿਲ ਦੇ ਆਧਾਰ 'ਤੇ ਹੋਣੀ ਜ਼ਰੂਰੀ ਹੈ।

ਮਾਹਿਰਾਂ ਅਨੁਸਾਰ ਮੌਜੂਦਾ ਊਰਜਾ-ਪਰਿਵਰਤਨ ਪਹਿਲਿਆਂ ਤੋਂ ਇਸ ਗੱਲੋਂ ਵੱਖਰਾ ਹੈ ਕਿ ਇਹ ਕਿਸੇ ਨਵੀਂ ਤਕਨੌਲੋਜੀ ਦੇ ਵਿਕਾਸ ਕਰਕੇ ਨਹੀਂ ਹੋ ਰਿਹਾ ਅਤੇ ਨਾ ਹੀ ਇਹ ਪੂਰੇ ਊਰਜਾ ਖੇਤਰ 'ਚ ਹੋ ਰਿਹਾ ਹੈ। ਇਸ ਦੇ ਪੰਜਵੇਂ ਹਿੱਸੇ ਬਿਜਲੀ ਦੇ ਖੇਤਰ 'ਚ ਹੋ ਰਿਹਾ ਹੈ। ਇਹ ਤਕਨੌਲੋਜੀਕਲ ਮੁੱਦਾ ਘੱਟ ਅਤੇ ਸਮਾਜਿਕ ਮੁੱਦਾ ਵੱਧ ਹੈ। ਇਹ ਮਨੁੱਖੀ-ਬਰਾਬਰੀ ਅਤੇ ਹੱਕੀ-ਵੰਡਾਂ ਦਾ ਮੁੱਦਾ ਹੈ। ਇਹ ਮਨੁੱਖੀ ਸੁਭਾਅ ਅਤੇ ਜੀਵਨ-ਸ਼ੈਲੀ ਨਾਲ਼ ਜੁੜੀ ਸਮੱਸਿਆ ਹੈ ਜਿਸ ਦਾ ਹੱਲ ਵਿਸ਼ਵ ਪੱਧਰ 'ਤੇ ਨਿੱਜੀ ਕਾਇਆ-ਕਲਪ ਅਤੇ ਸਮੂਹਿਕ ਆਰਥਿਕ, ਸਮਾਜਿਕ ਅਤੇ ਰਾਜਨੀਤਕ ਸਿਸਟਮਾਂ ਨੂੰ ਲੋਕ-ਹਿੱਤਾਂ ਦੇ ਅਨੁਸਾਰੀ ਬਣਾਉਣਾ ਹੈ। ਹਰ ਖੇਤਰ 'ਚ ਸੰਜਮ ਅਤੇ ਡਸਿਪਲਿਨ ਜ਼ਰੂਰੀ ਹੈ। ਇਹ ਸਭ ਸਥਾਪਿਤ, ਖੁਦਗਰਜ਼ ਅਤੇ ਸ਼ਕਤੀਸ਼ਾਲੀ ਧਿਰਾਂ ਨੂੰ ਮਨਜ਼ੂਰ ਨਹੀਂ। ਪਰ ਚੇਤੰਨ ਹੋ ਰਹੀ ਜਨਤਾ ਦੇ ਦਬਾਓ ਹੇਠ ਸੰਸਾਰ ਭਰ ਦੀਆਂ ਲੋਕਤੰਤਰੀ ਸਰਕਾਰਾਂ ਇਸ ਤਰ੍ਹਾਂ ਦੇ ਸਿਸਟਮਾਂ ਨੂੰ ਬਦਲਣ ਲਈ ਦ੍ਰਿੜ-ਸੰਕਲਪ ਹੋ ਰਹੀਆਂ ਹਨ। ਆਪੋ-ਆਪਣੇ ਦੇਸ਼ਾਂ ਦੇ ਸਬੰਧਿਤ ਕਾਨੂੰਨਾਂ ਨੂੰ ਸਖ਼ਤ ਅਤੇ ਸਮਕਾਲੀ ਬਣਾਉਣ ਦੇ ਨਾਲ਼-ਨਾਲ਼ ਸੰਸਾਰ-ਪੱਧਰ 'ਤੇ ਵੱਧ ਇੱਕਸੁਰਤਾ ਬਣਾ ਰਹੀਆਂ ਹਨ। ਇਸ ਸਭ ਲਈ ਸਰਕਾਰਾਂ ਨੂੰ ਜਨ-ਸਾਧਾਰਨ ਦੀ ਹਮਾਇਤ ਦੀ ਲੋੜ ਹੈ ਜੋ ਅਸੀਂ ਇਸ ਵਿਸ਼ੇ ਸੰਬੰਧੀ ਜਾਣਕਾਰੀ ਪ੍ਰਾਪਤ ਕਰ ਕੇ ਦੇ ਸਕਦੇ ਹਾਂ। ਇਹ ਲੇਖ ਇਸ ਪਾਸੇ ਵਲ ਇੱਕ ਤੁੱਛ ਉਪਰਾਲਾ ਹੈ।

ਨਾ-ਸਿਰਫ ਵਾਤਾਵਰਨ-ਪਰਿਵਰਤਨ ਦੀ, ਬਲਕਿ ਹੋਰ ਕਈ ਸਮੱਸਿਆਵਾਂ ਦਾ ਹੱਲ 'ਸਰ ਡੇਵਿਡ ਐਟਨਬਰਾ' ਦੀ ਸ਼ੁਰੂ 'ਚ ਬਿਆਨੀ ਨਸੀਹਤ ਨੂੰ ਮੰਨਣ 'ਚ ਹੈ ਕਿ:

"ਸਾਡੇ ਵਾਸਤੇ ਅਤੀ ਜ਼ਰੂਰੀ ਹੈ ਕਿ ਅਸੀਂ ਨਾ-ਸਿਰਫ ਧਰਤੀ ਦੇ ਸੀਮਤ ਕੁਦਰਤੀ ਸਾਧਨਾਂ ਦੇ ਅੰਦਰ-ਅੰਦਰ ਰਹੀਏ ਬਲਕਿ ਇਨ੍ਹਾਂ ਨੂੰ ਸਹੀ ਢੰਗ ਨਾਲ਼ ਵੰਡਣਾ ਵੀ ਸਿੱਖੀਏ।"

*(ਨੋਟ:- ਇਸ ਲੇਖ ਦੇ ਸਿਰਲੇਖ ਦਾ ਵਿਚਾਰ, ਯੇਲ ਯੂਨੀਵਰਸਿਟੀ ਦੀ ਕਿਤਾਬ 'Big World, Small Planet' (2015) ਤੋਂ, ਇਸ ਦੇ ਵਿਦਵਾਨ ਲੇਖਕਾਂ ਪ੍ਰਤੀ ਅਤੀ ਸਤਿਕਾਰ ਅਤੇ ਧੰਨਵਾਦ ਸਹਿਤ, ਲਿਆ ਗਿਆ ਹੈ।)*

# ਕਿਛੁ ਸੁਣੀਐ ਕਿਛੁ ਕਹੀਐ

ਕੁਝ ਸੁਣਨ, ਕਹਿਣ ਦੀ ਪ੍ਰੰਪਰਾ ਨੇ ਹੀ ਮਨੁੱਖੀ ਸੰਵਾਦ ਨੂੰ ਜਨਮ ਦਿੱਤਾ ਹੋਵੇਗਾ। ਮਨੁੱਖ ਇੱਕ ਦੂਜੇ ਨਾਲ ਆਪਣੇ ਦੁੱਖ-ਸੁੱਖ ਤੇ ਵਿਚਾਰ ਸਾਂਝੇ ਕਰਨ ਦੇ ਯੋਗ ਹੋਇਆ ਹੋਵੇਗਾ। ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚ ਗੱਲਬਾਤ ਦਾ ਮੁੱਢ ਬੱਝਿਆ ਹੋਵੇਗਾ। ਸਿੱਖਿਆ ਦਾ ਆਧਾਰ ਸੁਣਨ, ਕਹਿਣ ਵਿਚ ਹੀ ਪਿਆ ਹੈ। ਅਧਿਆਪਕ ਬੋਲਦਾ ਹੈ, ਦੱਸਦਾ ਹੈ, ਸਮਝਾਉਂਦਾ ਹੈ। ਵਿਦਿਆਰਥੀ ਸੁਣਦਾ, ਸਮਝਦਾ ਹੈ। ਇੰਝ ਗਿਆਨ ਅਤੇ ਜਾਣਕਾਰੀ ਵਿਅਕਤੀ ਤੋਂ ਸਮੂਹ ਤੱਕ ਪਹੁੰਚਦੀ ਹੈ। ਜੋ ਵਿਅਕਤੀ ਆਪਣੇ ਭਾਵਾਂ ਨੂੰ ਠੀਕ ਢੰਗ ਨਾਲ ਸਾਂਝਿਆਂ ਨਹੀਂ ਕਰ ਸਕਦਾ, ਉਹ ਸਫ਼ਲ ਅਧਿਆਪਕ ਨਹੀਂ ਹੁੰਦਾ। ਇੰਝ ਹੀ ਜਿਹੜੇ ਸੁਣਨ ਦਾ ਸਬਰ ਨਹੀਂ ਰੱਖਦੇ, ਚੰਗੇ ਵਿਦਿਆਰਥੀ ਨਹੀਂ

**ਮਲਵਿੰਦਰ**
**ਫੋਨ: 97795-91344**

ਹੁੰਦੇ। ਸੰਵਾਦ ਸਾਂਝਾਂ ਦਾ ਆਧਾਰ ਵੀ ਬਣਦਾ ਹੈ। ਸੰਵਾਦ ਇਕ ਤਰਫਾ ਨਹੀਂ ਹੁੰਦਾ। ਬੋਲਣ ਵਾਲੇ ਨੂੰ ਸਵਾਲ ਕਰਨੇ ਹੁੰਦੇ ਹਨ। ਸਵਾਲਾਂ ਜਵਾਬਾਂ ਦੇ ਅੰਤਰੀਵ ਵਿਚ ਸੰਵਾਦ ਦੀ ਸਾਰਥਿਕਤਾ ਅਤੇ ਰੂਹ ਪਈ ਹੁੰਦੀ ਹੈ। ਸੰਵਾਦ ਦਾ ਗੈਰ-ਰਸਮੀ ਰੂਪ ਗੱਪਾਂ ਮਾਰਨਾ ਵੀ ਹੁੰਦਾ ਹੈ। ਕੁਝ ਲੋਕਾਂ ਲਈ ਗੱਪਾਂ ਮਾਰਨੀਆਂ ਵਕਤ ਬਰਬਾਦ ਕਰਨਾ ਹੈ ਪਰ ਬਹੁਤ ਸਾਰੇ ਲੋਕ ਇਸ ਨੂੰ ਪਸੰਦ ਕਰਦੇ ਹਨ, ਇਸ ਵਿਚੋਂ ਆਨੰਦ ਲੈਂਦੇ ਹਨ। ਗੱਪਾਂ ਮਾਰਦਿਆਂ ਅਸੀਂ ਆਪਣੇ ਭਾਈਚਾਰੇ ਬਾਰੇ ਜਾਣਕਾਰੀ ਸਾਂਝੀ ਕਰਦੇ ਹਾਂ। ਗੱਪਾਂ ਵਿਚ ਝੂਠ ਵੀ ਸ਼ਾਮਲ ਹੋ ਸਕਦਾ ਹੈ ਅਤੇ ਇਹ ਗੱਲਾਂ ਕਿਸੇ ਦੀ ਚੁਗਲੀ ਵੀ ਬਣ ਸਕਦੀਆਂ ਹਨ।

ਹਰ ਕੋਈ ਗੱਪਾਂ ਵੀ ਨਹੀਂ ਮਾਰ ਸਕਦਾ। ਕਿਸੇ ਵਿਦਵਾਨ ਦਾ ਕਥਨ ਹੈ, 'ਕੁਝ ਲੋਕ ਇਸ ਕਰਕੇ ਨਹੀਂ ਬੋਲਦੇ ਕਿ ਉਨ੍ਹਾਂ ਅੰਦਰ ਵਿਚਾਰ ਠਾਠਾਂ ਮਾਰ ਰਹੇ ਹੁੰਦੇ ਹਨ, ਸਗੋਂ ਉਹ ਇਸ ਕਰਕੇ ਬੋਲ ਰਹੇ ਹੁੰਦੇ ਹਨ ਕਿ ਉਨ੍ਹਾਂ ਦੀ ਜ਼ੁਬਾਨ 'ਤੇ ਖੁਜਲੀ ਹੋ ਰਹੀ ਹੁੰਦੀ ਹੈ।' ਇੱਕ ਹੋਰ ਵਿਚਾਰ ਹੈ ਕਿ ਜੇ ਤੁਹਾਡੇ ਕੋਲ ਕਹਿਣ ਲਈ ਕੁਝ ਚੰਗਾ ਨਹੀਂ ਹੈ ਤਾਂ ਬਿਲਕੁਲ ਵੀ ਨਾ ਕਹੋ। ਇਹ ਵੀ ਕਥਨ ਹੈ ਕਿ ਚੁੱਪ ਵਿਅਕਤੀ ਦੀ ਸ਼ਖ਼ਸੀਅਤ ਦਾ ਭਰਮ ਬਣਾਈ ਰੱਖਦੀ ਹੈ। ਉਸ ਦੇ ਮੂੰਹੋਂ ਨਿਕਲਿਆ ਪਹਿਲਾ ਵਾਕ ਉਸ ਦੇ ਵਿਅਕਤੀਤਵ ਦਾ ਪਾਜ ਉਘੇੜ ਦਿੰਦਾ ਹੈ। ਕਈ ਵਾਰ ਢਾਣੀਆਂ ਵਿਚ ਬੈਠਿਆਂ ਵੇਖੀਦਾ ਹੈ ਕਿ ਕੋਈ ਇੱਕ ਜਣਾ ਹੀ ਸਾਰਾ ਸਮਾਂ ਬੋਲਦਾ ਹੈ। ਉਸ ਕੋਲ ਨਾ ਤਾਂ ਹੋਰਾਂ ਨੂੰ ਸੁਣਨ ਦਾ ਸਬਰ ਹੁੰਦਾ ਹੈ ਨਾ ਗੁਰਬਾਣੀ ਦੀ ਮੱਤ ਕਿ ਕਿਸ ਸੁਣੀਏ, ਕਿਸ ਕਹੀਏ ਉਸ ਦੇ ਵਿਹਾਰ ਦਾ ਹਿੱਸਾ ਹੁੰਦੀ ਹੈ। ਉਸ ਕੋਲ ਤਾਂ ਗੱਲਾਂ ਹੁੰਦੀਆਂ ਹਨ, ਬਹੁਤ ਸਾਰੀਆਂ ਗੱਲਾਂ, ਜਿਨ੍ਹਾਂ ਨੂੰ ਉਹ ਬਾਹਰ ਕੱਢ ਦੇਣਾ ਚਾਹੁੰਦਾ ਹੈ। ਉਸ ਦੀ ਗੱਲ ਕੋਈ ਸੁਣ ਰਿਹਾ ਹੈ ਜਾਂ ਨਹੀਂ, ਇਸ ਗੱਲ ਦੀ ਵੀ ਪ੍ਰਵਾਹ ਨਹੀਂ ਹੁੰਦੀ। ਬਹੁਤੀ ਵਾਰ ਉਸ ਦੀਆਂ ਇਹ ਗੱਲਾਂ ਕਈ ਵਾਰ ਦੁਹਰਾਈਆਂ ਜਾ ਚੁੱਕੀਆਂ ਹੁੰਦੀਆਂ ਹਨ। ਉਨ੍ਹਾਂ ਗੱਲਾਂ ਵਿਚ ਕੋਈ ਨਵੀਂ ਜਾਣਕਾਰੀ, ਗਿਆਨ ਦੀ ਗੱਲ ਜਾਂ ਕੋਈ ਸਿੱਖਿਆ ਦਿੰਦੀ ਮੱਤ ਦੀ ਗੱਲ ਵੀ ਨਹੀਂ ਹੁੰਦੀ।

ਗੱਲਾਂ ਕਰਨੀਆਂ ਜਾਂ ਗੱਪਾਂ ਮਾਰਨੀਆਂ ਇੱਕ ਦੂਜੇ ਦੇ ਨੇੜੇ ਹੋਣ ਦਾ ਅਹਿਸਾਸ ਵੀ ਪੈਦਾ ਕਰਦੀਆਂ ਹਨ। ਗੱਲਾਂ ਕਰਦਿਆਂ ਤਜਰਬਿਆਂ ਨੂੰ ਸਾਂਝਾ ਕਰਨਾ ਹੁੰਦਾ ਹੈ। ਇਕੱਲਤਾ ਨੂੰ ਦੂਰ ਕਰਨਾ ਹੁੰਦਾ ਹੈ। ਇਹ ਗੱਲਾਂ ਸਾਡਾ ਮਨੋਰੰਜਨ ਵੀ ਕਰਦੀਆਂ ਹਨ। ਵਿਹਲੇ ਵੇਲੇ ਦੀ ਸਾਰਥਕ ਵਰਤੋਂ ਹੁੰਦੀਆਂ ਹਨ ਇਹ ਗੱਲਾਂ। ਗੱਲਾਂ ਕਰਨੀਆਂ ਲਾਹੇਵੰਦ ਹੁੰਦੀਆਂ ਹਨ ਜੇਕਰ ਇਹ ਸਿਹਤਮੰਦ ਹਨ। ਨਿਰਾਸ਼ਾ ਵਿਚੋਂ ਨਿਕਲੀਆਂ ਗੱਲਾਂ ਦੁੱਖ ਵੀ ਦਿੰਦੀਆਂ ਹਨ। ਕਿਸੇ ਵਿਅਕਤੀ ਦੀ ਨਿੱਜੀ ਜ਼ਿੰਦਗੀ ਵਿਚ ਦਖ਼ਲ ਦਿੰਦੀਆਂ ਗੱਲਾਂ ਚੰਗੀਆਂ ਨਹੀਂ ਹੁੰਦੀਆਂ। ਅਜਿਹੀਆਂ ਗੱਲਾਂ ਕਿਸੇ ਦਾ ਦਿਲ ਦੁਖਾਉਂਦੀਆਂ ਹਨ। ਗੱਪਾਂ ਮਾਰਦਿਆਂ ਸਰੀਰ ਵਿਚੋਂ ਆਕਸੀਟੋਸਿਨ ਨਾਂ ਦਾ ਹਾਰਮੋਨ ਨਿਕਲਦਾ ਹੈ ਜਿਸ ਨਾਲ ਅਸੀਂ ਬੇਹਤਰ ਮਹਿਸੂਸ ਕਰਨ ਲੱਗਦੇ ਹਾਂ। ਗੱਪਾਂ ਮਾਰਦਿਆਂ ਕੁਝ ਲੋਕਾਂ ਦਾ ਇੱਕ ਸਮੂਹ ਬਣ ਜਾਂਦਾ ਹੈ। ਉਨ੍ਹਾਂ ਦੀ ਆਪਸ ਵਿਚ ਸਾਂਝ ਸਥਾਪਤ ਹੋ ਜਾਂਦੀ ਹੈ। ਉਨ੍ਹਾਂ ਦੀ ਸਮਾਜਿਕਤਾ ਵਿਸ਼ਾਲ ਹੁੰਦੀ ਹੈ। ਗਰੁੱਪ ਵਿਚ ਗੱਲਾਂ ਕਰਨ ਨਾਲ ਤੁਹਾਡੀ ਹੀਣ-ਭਾਵਨਾ ਦੂਰ ਹੁੰਦੀ ਹੈ। ਤੁਸੀਂ ਤਣਾਅ ਮੁਕਤ ਮਹਿਸੂਸ ਕਰਦੇ ਹੋ। ਢਾਣੀ ਵਿਚ ਬੈਠ ਕੇ ਕੀਤੀਆਂ ਗੱਲਾਂ ਨੂੰ ਚੰਗੀਆਂ ਜਾਂ ਮਾੜੀਆਂ ਗੱਲਾਂ ਦੇ ਵਰਗ ਵਿਚ ਨਹੀਂ ਵੰਡਿਆ ਜਾ ਸਕਦਾ। ਇਹ ਸਿਰਫ ਗੱਲਾਂ ਹੁੰਦੀਆਂ ਹਨ। ਵਿਹਲ ਨੂੰ ਆਹਰੇ ਲਾਉਣ ਦਾ ਉਪਰਾਲਾ ਹੁੰਦੀਆਂ ਹਨ ਇਹ ਗੱਲਾਂ। ਗੱਲਾਂ ਕਰਦਿਆਂ ਹੋਰਨਾਂ ਨੂੰ ਨਾ ਸੁਣਨਾ ਅਤੇ ਆਪਣੀਆਂ ਹੀ ਸੁਣਾਈ ਜਾਣੀਆਂ ਚੰਗੀ ਗੱਲ ਨਹੀਂ ਹੁੰਦੀ।

### ਕੀ ਕਹੀਏ ?

ਆਪਾਂ ਇਸ ਬਾਰੇ ਗੱਲ ਕਰ ਸਕਦੇ ਹਾਂ। ਇਹ ਬੜਾ ਦਿਲਚਸਪ ਸਵਾਲ ਹੈ। ਗੱਲਾਂ ਜਿਹੜੀਆਂ ਸਾਡੇ ਭੱਦੇ ਨਕਸ਼ਾਂ ਨੂੰ ਢੱਕ ਦੇਣ, ਸਾਡੀ ਸੂਝ-ਸਮਝ ਦੀ ਤਰਜਮਾਨੀ ਕਰਨ, ਜਿਨ੍ਹਾਂ ਨੂੰ ਸੁਣਦਿਆਂ ਕੰਨਾਂ ਵਿਚ ਸੰਗੀਤ ਗੂੰਜੇ, ਜਿਨ੍ਹਾਂ ਗੱਲਾਂ ਵਿਚ ਅਕੇਵਾਂ ਨਾ ਹੋਵੇ, ਜਿਨ੍ਹਾਂ ਨੂੰ ਕਰਨ ਲਈ ਕੋਈ ਤਿਆਰੀ ਨਾ ਕਰਨੀ ਪਵੇ, ਇਹ ਚੰਗੀਆਂ ਗੱਲਾਂ ਹਨ। ਹੋ ਸਕਦਾ ਹੈ ਕੋਈ ਚੰਗੀ ਗੱਲ ਕਿਸੇ ਹੋਰ ਲਈ ਬੁਰੀ ਹੋਵੇ ਪਰ ਅਕਸਰ ਇੰਝ ਨਹੀਂ ਹੁੰਦਾ। ਚੰਗੀ ਗੱਲ ਤਾਂ ਚੰਗੀ ਹੀ ਹੁੰਦੀ ਹੈ। ਕਈ ਦੋਸਤ ਗੱਲਾਂ ਕਰਦਿਆਂ ਬਸੰਤ ਵਾਂਗ ਖਿੜਦੇ ਹਨ, ਕੁਦਰਤ ਵਾਂਗ ਟਹਿਕਦੇ ਹਨ, ਝਰਨੇ ਵਾਂਗ ਵਹਿੰਦੇ ਹਨ। ਉਨ੍ਹਾਂ ਦੀਆਂ ਗੱਲਾਂ ਚੇਤੇ ਕਰਕੇ ਹਾਸਾ ਵੀ ਆਉਂਦਾ ਹੈ। ਹਸਾਉਣਾ ਹੀ ਤਾਂ ਚਾਹੁੰਦੇ ਹਨ ਸਾਡੇ ਸੁਹਿਰਦ ਦੋਸਤ। ਖ਼ੁਦ ਵੀ ਹੱਸਦੇ ਹਨ। ਉਨ੍ਹਾਂ ਨੂੰ ਹਰ ਮੌਸਮ ਬਹੁਤ ਚੰਗਾ ਲੱਗਦਾ ਹੈ। ਗੁਆਂਢੀਆਂ ਦੀ ਕਿਆਰੀ 'ਚ ਖਿੜੇ ਗੁਲਾਬ ਮੋਹਦੇ ਹਨ। ਸੈਰ ਕਰਦਿਆਂ ਸਾਥੀਆਂ ਨਾਲ ਕੀਤੀਆਂ ਗੱਲਾਂ ਸਾਂਝੀਆਂ ਕਰਦਿਆਂ ਉਹ ਸਭ ਤੋਂ ਵੱਧ ਲੁਤਫ਼ ਉਠਾਉਂਦੇ ਹਨ। ਉਨ੍ਹਾਂ ਨੂੰ ਕਿਸੇ ਨਾਲ ਕੋਈ ਮਿਹਣਾ ਨਹੀਂ, ਗਿਲਾ, ਸ਼ਿਕਵਾ ਨਹੀਂ। ਉਨ੍ਹਾਂ ਨੂੰ ਸਭ ਚੰਗੇ ਲੱਗਦੇ ਹਨ। ਮੌਸਮ ਵੀ, ਰੁੱਤ ਵੀ, ਦੇਸ ਵੀ, ਰਿਸ਼ਤੇ ਵੀ, ਸਾਂਝਾਂ ਵੀ, ਦੋਸਤੀਆਂ ਵੀ। ਉਨ੍ਹਾਂ ਕੋਲ ਚੰਗੀਆਂ ਗੱਲਾਂ ਦਾ ਭੰਡਾਰ ਹੁੰਦਾ ਹੈ। ਅਜਿਹੇ ਦੋਸਤ ਨਰੋਈ ਸੋਚ, ਅਪਣੱਤ, ਪਿਆਰ, ਮੁਹੱਬਤ, ਸਾਂਝ ਅਤੇ ਚੰਗੀ ਦੋਸਤੀ ਹੁੰਦੇ ਹਨ, ਹੰਢਣਸਾਰ ਰਿਸ਼ਤਾ ਹੁੰਦੇ ਹਨ। ਚੰਗੀਆਂ ਗੱਲਾਂ ਕੀ ਹੁੰਦੀਆਂ ਹਨ, ਇਹ ਜਾਣਨ ਲਈ ਅਜਿਹੇ ਦੋਸਤਾਂ ਨਾਲ ਗੱਲਾਂ ਕਰੋ। ਜਿਹੜੀਆਂ ਗੱਲਾਂ ਕਰਦਿਆਂ, ਸੁਣਦਿਆਂ ਚੰਗਾ-ਚੰਗਾ ਲੱਗੇ, ਉਹ ਚੰਗੀਆਂ ਗੱਲਾਂ ਹਨ। ਮੈਂ ਗੱਲਾਂ ਦੇ ਵਿਸ਼ਿਆਂ ਬਾਰੇ ਸੋਚਦਾ ਹਾਂ ਕਿ ਇਹ ਕਿਹੋ ਜਿਹੀਆਂ ਹੋਣੀਆਂ ਚਾਹੀਦੀਆਂ ਹਨ। ਜਵਾਬ ਬਹੁੜਦਾ ਹੈ ਕਿ ਇਹ ਗੱਲਾਂ ਚੰਗੀਆਂ ਹੋਣੀਆਂ ਚਾਹੀਦੀਆਂ ਹਨ। ਗੱਲਾਂ ਜੋ ਤੁਹਾਨੂੰ ਤਣਾਅ-ਮੁਕਤ ਕਰਨ, ਤੁਹਾਡੇ ਉਦਾਸ ਚਿਹਰੇ ਉਪਰ ਮੁਸਕਾਨ ਖਿੰਡਾ ਦੇਣ, ਤੁਹਾਡੀਆਂ ਨਿਕੰਮੀਆਂ ਸੋਚਾਂ ਦੇ ਵਹਿਣ ਨੂੰ ਥੰਮ ਦੇਣ, ਤੁਹਾਡੀ ਹਰ ਤਰ੍ਹਾਂ ਦੀ ਥਕਾਵਟ ਲਾਹ ਦੇਣ, ਚੰਗੀਆਂ ਗੱਲਾਂ ਹੁੰਦੀਆਂ ਹਨ। ਚੰਗੀਆਂ ਗੱਲਾਂ ਹਰ ਵੇਲੇ ਕਿਸੇ ਵਿਸ਼ੇ ਦੀਆਂ ਗੁਲਾਮ ਹੀ ਨਹੀਂ ਹੁੰਦੀਆਂ। ਵਿਸ਼ੇ ਤੋਂ ਆਜ਼ਾਦ ਗੱਲਾਂ, ਜਿਨ੍ਹਾਂ ਨੂੰ ਆਪਾਂ ਬਿਨਾਂ ਸਿਰ-ਪੈਰ ਦੀਆਂ ਗੱਲਾਂ ਕਹਿ ਸਕਦੇ ਹਾਂ, ਕਈ ਵਾਰ ਵਧੇਰੇ ਮਹੱਤਵਪੂਰਨ ਹੁੰਦੀਆਂ ਹਨ। ਗੱਲ ਦਾ ਮਹੱਤਵ ਲਾਭ-ਹਾਨੀ 'ਚ ਨਹੀਂ ਪਿਆ ਹੁੰਦਾ। ਚੰਗੀਆਂ ਗੱਲਾਂ ਤਾਂ ਉਹ ਹੁੰਦੀਆਂ ਹਨ ਜਿਨ੍ਹਾਂ ਵਿਚ ਕੋਈ ਮੁਨਾਫ਼ਾ ਨਾ ਹੋਵੇ। ਕੋਈ ਵਪਾਰ ਨਾ ਹੋਵੇ। ਚੰਗੀਆਂ ਗੱਲਾਂ ਦਾ ਕੋਈ ਅੰਤ ਨਹੀਂ ਹੁੰਦਾ। ਕੋਈ ਆਦਿ ਵੀ ਨਹੀਂ ਹੁੰਦਾ। ਅਜਿਹੀਆਂ ਗੱਲਾਂ ਤੁਹਾਡੇ ਰੋਗਾਂ ਲਈ ਥੈਰੇਪੀ ਦਾ ਕੰਮ ਕਰਦੀਆਂ ਹਨ। ਚੰਗੀਆਂ ਗੱਲਾਂ ਉਹ ਹਨ ਜਿਹੜੀਆਂ ਅਸੀਂ ਸਾਰੇ ਜਾਣਦੇ ਹਾਂ। ਦੁਹਰਾਉਣੀਆਂ ਤਾਂ ਪੈਂਦੀਆਂ ਹਨ ਕਿ ਰਟ ਜਾਣ। ਰਟੀ ਚੀਜ਼ ਵਿਹਾਰ ਦਾ ਹਿੱਸਾ ਬਣ ਸਕਣ ਦੀ ਵਧੇਰੇ ਸੰਭਾਵਨਾ ਰੱਖਦੀ ਹੈ। ਚੰਗੀਆਂ ਗੱਲਾਂ ਚੰਗੀਆਂ ਕਿਤਾਬਾਂ ਪੜ੍ਹਨ ਵਾਂਗ ਹੁੰਦੀਆਂ ਹਨ। ਪੜ੍ਹਦਿਆਂ ਕਦੀ ਮਨ ਭਰ ਜਾਵੇ, ਅੱਖਾਂ ਛਲਕ ਪੈਣ। ਕਦੀ ਆਨੰਦ ਨਾਲ ਭਰ ਜਾਈਏ। ਸਤਰਾਂ ਵਿਚ ਸਾਡੀ ਹੋਂਦ ਛੁਪੀ ਹੋਵੇ। ਚੰਗੀਆਂ ਗੱਲਾਂ ਵੀ ਸਾਡੇ ਲਈ ਸਪੇਸ ਮੁਹੱਈਆ ਕਰਵਾਉਂਦੀਆਂ ਹਨ। ਕਾਮਯਾਬ ਲੋਕਾਂ ਦੇ ਸੰਘਰਸ਼ ਦੀਆਂ ਪੈੜਾਂ ਗਾਹੁੰਦਿਆਂ ਕਦੀ ਚੰਗੀਆਂ ਗੱਲਾਂ ਦੇ ਨਕਸ਼ ਸਾਕਾਰ ਹੁੰਦੇ ਹਨ। ਕਾਮਯਾਬ ਮਨੁੱਖ ਬਣਨ ਦੇ ਸੁਪਨੇ ਲੈਂਦਿਆਂ ਕਈ ਚੰਗੀਆਂ ਗੱਲਾਂ ਸਹਿਜ-ਸੁਭਾ ਸਿੱਖੀਆਂ ਜਾਂਦੀਆਂ ਹਨ। ਸਾਧਾਰਨ ਗੱਲਾਂ ਵਿਚ ਹੀ ਚੰਗੀਆਂ ਗੱਲਾਂ ਲੁਪਤ ਹੁੰਦੀਆਂ ਹਨ।

ਗੱਲ ਸ਼ੁਰੂ ਹੋਣੀ ਚਾਹੀਦੀ ਹੈ। ਛੋਟੇ ਇਕੱਠਾਂ 'ਚ ਗੱਲ ਸ਼ੁਰੂ ਕਰਨ ਲਈ ਕੋਈ ਵੀ ਵਿਸ਼ਾ ਲਿਆ ਜਾ ਸਕਦਾ ਹੈ ਜਿਸ ਵਿਚ ਵਿਵਾਦ ਨਾ ਹੋਵੇ। ਮਸਲਨ ਮੌਸਮ ਦੀ ਗੱਲ ਕੀਤੀ ਜਾ ਸਕਦੀ ਹੈ। ਖੇਡਾਂ ਦੀ, ਮਨੋਰੰਜਨ ਦੀ, ਖਾਣਾ, ਆਦਤਾਂ, ਖ਼ਬਰਾਂ ਆਦਿ ਵਿਸ਼ੇ ਹੋ ਸਕਦੇ ਹਨ। ਨਿੱਕੀਆਂ ਨਿੱਕੀਆਂ ਗੱਲਾਂ ਕਰਦਿਆਂ ਗਿਆਨ ਦਾ ਵੱਡਾ ਸਰਮਾਇਆ ਸਾਂਝਿਆ ਜਾਂਦਾ ਹੈ। ਗੱਲਾਂ ਵਿਚ ਗਿਆਨ ਹੁੰਦਾ ਹੈ। ਨਿਰਉਚੇਚ ਵਿਧੀ ਰਾਹੀਂ ਵੰਡਿਆ ਜਾਂ ਸਾਂਝਾ ਕੀਤਾ ਗਿਆਨ। ਛੋਟੇ ਇਕੱਠਾਂ ਵਿਚ ਛੋਟੇ ਸੰਵਾਦ ਵਧੇਰੇ ਗਹਿਰ ਗੰਭੀਰ ਹੁੰਦੇ ਹਨ। ਬੋਲਣ ਅਤੇ ਸੁਣਨ ਵਾਲੇ ਦੀ ਇਕਾਗਰਤਾ ਬਣੀ ਰਹਿੰਦੀ ਹੈ। ਇੰਝ ਹੀ ਵਿਅਰਥ ਗੁਆਏ ਧਨ, ਵਕਤ ਤੇ ਮੌਕੇ ਵੀ ਵੱਡੇ ਘਾਟੇ ਬਣਦੇ ਹਨ। ਨਿੱਕੀਆਂ ਗੱਲਾਂ ਵਿਚ ਵੱਡੀ ਆਸ ਸਾਂਭੀ ਹੁੰਦੀ ਹੈ। ਛੋਟੀਆਂ ਤੇ ਸਾਧਾਰਨ ਲੱਗਦੀਆਂ ਗੱਲਾਂ ਹੀ ਵੱਡੇ ਤੇ ਦਲੇਰ ਆਗੂ ਪੈਦਾ ਕਰਦੀਆਂ ਹਨ। ਕੁਵੇਲੇ ਉਠਣ, ਕੁਦਰਤ ਨਾਲ ਧ੍ਰੋਹ ਕਰਨ ਅਤੇ ਕੰਮ ਨੂੰ ਬੋਝ ਸਮਝਣ ਨਾਲ ਪੈਦਾ ਹੋਏ ਵਿਗਾੜ ਬਾਰੇ ਪਛਤਾਵਾ ਕਰਨ ਵਰਗੀਆਂ ਗੱਲਾਂ ਚੰਗੀਆਂ ਨਹੀਂ ਹੁੰਦੀਆਂ। ਅਜਿਹੇ ਵੇਲਿਆਂ ਦੀ ਗੱਲ ਕੀ ਕਰਨੀ ਹੋਈ। ਗੱਲਾਂ ਜਿਹੜੀਆਂ ਕਿਸੇ ਨੂੰ ਤਕਲੀਫ਼ ਦੇਣ, ਕਿਸੇ ਦੀ ਨਾਰਾਜ਼ਗੀ ਸਹੇੜਨ, ਸਾਂਝਾਂ ਵਿਚ ਫਿੱਕ ਪਾਉਣ, ਰਿਸ਼ਤਿਆਂ ਵਿਚ ਦਰਾੜ ਪਾਉਣ, ਦੋਸਤ ਗਵਾ ਲੈਣ ਚੰਗੀਆਂ ਨਹੀਂ ਹੁੰਦੀਆਂ। ਚੰਗੀਆਂ ਮਾੜੀਆਂ ਗੱਲਾਂ ਦੀ ਸੂਚੀ ਨਹੀਂ ਬਣਾਈ ਜਾ ਸਕਦੀ। ਗੱਲ ਕਰਨ ਵੇਲੇ ਵੀ ਅਜਿਹੀ ਵੰਡ ਸੰਭਵ ਨਹੀਂ ਹੁੰਦੀ। ਪਰ ਇੱਕ ਮਾਨਸਿਕਤਾ ਹੁੰਦੀ ਹੈ, ਸੋਚ ਹੁੰਦੀ ਹੈ, ਚੰਗੇ ਦੋਸਤਾਂ ਵਰਗੀ ਮਾਨਸਿਕਤਾ ਜੋ ਸਿਰਫ਼ ਚੰਗੀਆਂ ਗੱਲਾਂ ਹੀ ਕਰਦੀ ਹੈ। ਅਜਿਹਾ ਨਹੀਂ ਕਿ ਜੋ ਚੰਗਾ ਨਹੀਂ, ਬੁਰਾ ਹੈ, ਅਮਾਨਵੀ ਹੈ, ਸਾਡੇ ਕੋਲ ਨਹੀਂ। ਇਸ ਸਭ ਕੁਝ ਦਾ ਅਹਿਸਾਸ ਵੀ ਸਭ ਕੋਲ ਹੁੰਦਾ ਹੈ। ਪਰ ਇਹ ਅਹਿਸਾਸ ਗੱਲਾਂ ਨਹੀਂ ਬਣਦਾ। ਅਜਿਹੀਆਂ ਗੱਲਾਂ ਬਹਿਸ ਬਣਦੀਆਂ ਹਨ। ਬਹਿਸ ਝਗੜੇ ਦਾ ਰੂਪ ਅਖ਼ਤਿਆਰ ਕਰਦੀ ਹੈ। ਝਗੜਾ ਚੰਗੀ ਗੱਲ ਨਹੀਂ ਹੁੰਦੀ। ਅਸੀਂ ਤਾਂ ਸਿਰਫ਼ ਚੰਗੀਆਂ ਗੱਲਾਂ ਕਰਨੀਆਂ ਹਨ। ਗੱਲਾਂ ਜੋ ਨਫ਼ਰਤ ਪੈਦਾ ਨਾ ਕਰਨ, ਭਾਈਚਾਰਕ ਸਾਂਝ ਬਣਾਈ ਰੱਖਣ, ਧਰਮਾਂ ਨੂੰ ਆਪਸ ਵਿਚ ਲੜਾਉਣ ਨਾ, ਰਲ-ਮਿਲ ਰਹਿਣ ਦੀ ਪੈਰਵੀ ਕਰਨ ਚੰਗੀਆਂ ਗੱਲਾਂ ਹੁੰਦੀਆਂ ਹਨ। ਚੰਗੇ ਮਨ, ਚੰਗੀ ਨੀਅਤ, ਚੰਗੀ ਸੋਚ ਨਾਲ ਕੀਤੀਆਂ ਗੱਲਾਂ ਆਪੇ ਚੰਗੀਆਂ ਗੱਲਾਂ ਬਣ ਜਾਂਦੀਆਂ ਹਨ। ਚੰਗੀਆਂ ਗੱਲਾਂ ਨੂੰ ਆਪਣੀ ਗੱਪਸ਼ਪ ਦਾ ਹਿੱਸਾ ਬਣਾਈਏ। ਮਿਲ-ਜੁਲ ਬੈਠ ਗੱਲਾਂ ਕਰਨ ਵਾਲੀ ਢਾਣੀ ਇੱਕ ਪਰਿਵਾਰ ਦਾ ਆਕਾਰ ਗ੍ਰਹਿਣ ਕਰ ਲਵੇਗੀ।

# ਕੈਲੀਫੋਰਨੀਆ ਡਾਇਰੀ (1)

***ਡਾ. ਅੰਬਰੀਸ਼, ਡਾ. ਕਰਨੈਲ ਸਿੰਘ ਦਾ ਸਾਹਿਤਕ ਨਾਂ ਹੈ। ਉਹ ਲੰਮਾ ਸਮਾਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਫਿਰ ਉਥੋਂ ਹੀ ਪ੍ਰਿੰਸੀਪਲ ਵਜੋਂ ਕੰਮ ਮੁਕਤ (ਸੇਵਾ-ਮੁਕਤ) ਹੋਏ ਹਨ। ਉਨ੍ਹਾਂ ਦੀਆਂ ਕਈ ਕਾਵਿ-ਕਿਤਾਬਾਂ ਛਪ ਚੁੱਕੀਆਂ ਹਨ। ਸੈਰ ਸਪਾਟੇ ਦਾ ਵੀ ਬੇਹੱਦ ਸ਼ੌਕ ਰੱਖਦੇ ਹਨ। ਉਹ ਆਪਣੇ ਡਾ. ਬੇਟੇ ਕੋਲ ਕੈਲੀਫੋਰਨੀਆ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ 'ਚੋਂ ਉਨ੍ਹਾਂ ਦੀ ਡਾਇਰੀ ਲਿਖਣ ਵਿਚ ਆਉਂਦੀ ਹੈ।***

ਪਹਾੜ ਮੈਨੂੰ ਬਚਪਨ ਤੋਂ ਮੋਹਦੇ, ਮੈਂ ਵਾਰ ਵਾਰ ਪਹਾੜਾਂ 'ਚ ਜਾਂਦਾ ਹਾਂ, ਤਾਂ ਵੀ ਉਹ ਮੁੜ ਮੁੜ ਮੇਰੇ ਸੁਫਨਿਆਂ 'ਚ ਪਰਤਦੇ ਨੇ, ਉਨ੍ਹਾਂ ਨਾਲ ਰਿਸ਼ਤਾ ਸ਼ਾਇਦ ਇਸ ਜਨਮ ਤੋਂ ਵੱਧ ਪੁਰਾਣਾ ਹੈ; ਸ਼ਾਇਦ ਐਵੇਂ ਨਹੀਂ ਕਿ ਮੈਨੂੰ ਹਿਮਾਲਿਆ 'ਚ ਤਪ ਕਰਨ ਲਈ ਜਾਂਦੇ ਯੋਗੀਆਂ ਦੀਆਂ ਕਥਾ-ਕਹਾਣੀਆਂ ਬਹੁਤ ਭਾਉਂਦੀਆਂ ਨੇ; ਤੇ ਹੁਣ ਸੱਚੀਂ-ਮੁੱਚੀਂ, ਮੈਂ ਉਨ੍ਹਾਂ ਦੇ ਕੋਲ, ਬਹੁਤ ਨੇੜੇ, ਵਾਹਵਾ ਲੰਮਾ ਚਿਰ ਰਹਿਣ ਵਾਸਤੇ ਪੁੱਜ ਗਿਆ ਹਾਂ।

ਅਮਰੀਕਾ ਦੇ 'ਗੋਲਡਨ ਸਟੇਟ' ਕੈਲੀਫੋਰਨੀਆ 'ਚ ਸਥਿਤ ਸਿਲਿਕੋਨ ਵੈਲੀ ਦੇ ਦਿਲ, ਸੈਨ ਹੋਜ਼ੇ ਮਹਾਂਨਗਰ ਕੋਲ ਸੱਤਰ ਹਜ਼ਾਰ ਅਬਾਦੀ ਵਾਲੇ ਜਿਸ ਕਸਬੇ ਹੋਲਿਸਟਰ 'ਚ ਅਸੀਂ ਬੀਤੇ ਦਿਨ ਦੀ ਸੁਬ੍ਹਾ ਪੁੱਜੇ ਸਾਂ, ਉਥੇ ਸਾਡਾ ਅੱਜ ਪਹਿਲਾ ਦਿਨ



**ਡਾ. ਅੰਬਰੀਸ਼**

ਚੜ੍ਹਿਆ ਹੈ। ਸੈਨ ਹੋਜ਼ੇ ਤੇ ਸਾਂਨ ਫਰਾਂਸਿਸਕੋ ਵਰਗੇ ਵਿਸ਼ਾਲ ਸ਼ਹਿਰਾਂ ਦੇ ਕੋਲ ਇੰਜ ਦੇ ਕਸਬਿਆਂ ਨੂੰ 'ਬੈਡਰੂਮ ਸਿਟੀਜ਼' ਕਿਹਾ ਜਾਂਦਾ ਹੈ- ਵੱਡੇ ਸ਼ਹਿਰਾਂ 'ਚ ਜਾਂ ਤਾਂ ਘਰ ਉਪਲਬਧ ਹੀ ਨਹੀਂ, ਜੇਕਰ ਹੈਨ ਤਾਂ ਉਹ ਬਹੁਤਿਆਂ ਦੀ ਪਹੁੰਚ ਤੋਂ ਬਾਹਰ ਨੇ। ਉਨ੍ਹਾਂ ਸ਼ਹਿਰਾਂ 'ਚ ਕੰਮ ਕਰਦੇ ਲੋਕ ਇਨ੍ਹਾਂ ਬੈਡਰੂਮ ਸਿਟੀਜ਼ 'ਚ ਖਰੀਦੇ ਜਾਂ ਕਿਰਾਏ 'ਤੇ ਲਏ ਘਰਾਂ 'ਚ ਸਿਰਫ ਸੌਣ ਲਈ ਆਉਂਦੇ ਨੇ।

ਮੈਂ ਜਦੋਂ ਵੀ ਕਿਸੇ ਨਵੇਂ ਸ਼ਹਿਰ ਦੇ ਕਿਸੇ ਨਵੇਂ ਘਰ, ਹੋਟਲ, ਗੈਸਟ ਹਾਊਸ ਆਦਿ 'ਚ ਗਿਆ ਪਹਿਲੀ ਸੁਬ੍ਹਾ ਜਾਗਦਾ ਹਾਂ ਤਾਂ ਉਠਦਿਆਂ ਸਾਰ ਸੂਰਜ-ਉਦੈ ਦੀ ਦਿਸ਼ਾ ਲੱਭਦਾ ਹਾਂ - ਵੱਖਰੇ ਦੇਸ਼, ਸ਼ਹਿਰ, ਤੇ ਖਾਸ ਕਰਕੇ ਮਹਾਂਦੀਪ ਗਿਆਂ, ਸਮਾਂ-ਸਪੇਸ-ਸਥਿਤੀ ਨਾਲ ਤਾਲਮੇਲ ਵਾਸਤੇ ਇਹ ਜ਼ਰੂਰੀ ਹੈ। ਬੇਟੇ-ਨੂੰਹ ਦੇ ਇਸ ਸ਼ਹਿਰ ਦੀ ਨਵੀਂ ਕਲੋਨੀ ਦੇ ਜਿਸ ਨਵੇਂ ਘਰ ਦੀ ਉਪਰਲੀ ਮੰਜ਼ਲ 'ਤੇ ਸਾਡਾ ਸੌਣ-ਕਮਰਾ ਹੈ, ਸੂਰਜ ਓਥੇ ਸ਼ੀਸ਼ੇ ਦੀ ਵੱਡੀ ਖਿੜਕੀ ਦੇ ਖੱਬੇ ਹੱਥ ਵੱਲੋਂ ਉਗਿਆ ਹੈ, ਵਾਹਵਾ ਨੇੜੇ, ਲਹਿਰਦਾਰ, ਨੀਵੀਂ, ਭੂਰੀ-ਨੀਲੀ ਪਹਾੜੀ ਪਿੱਛਿਓਂ। ਚਮਕਦਾਰ। ਭਾਰਤ ਦੇ ਹਿਸਾਬ ਨਾਲ, ਕੁਝ ਜ਼ਿਆਦਾ ਹੀ ਚਮਕਦਾਰ। ਉੱਤਰੀ ਗੋਲਾਰਧ 'ਚ ਸੂਰਜ ਦੀ ਸਥਿਤੀ, ਜਾਂ ਖਬਰੇ ਏਥੋਂ ਦੀ ਮੁਕਾਬਲਤਨ ਸਾਫ ਹਵਾ ਕਰਕੇ, ਧੁੱਪ ਏਥੇ ਬਹੁਤ ਚਮਕੀਲੀ ਹੁੰਦੀ ਹੈ। ਚੁੰਧਿਆਉਂਦੀ ਚਮਕੀਲੀ। ਪਿਛਲੀ ਸਾਝਰੇ ਸਾਂਨ ਫਰਾਂਸਿਸਕੋ ਤੋਂ ਹੋਲਿਸਟਰ ਆਉਂਦਿਆਂ, ਹਵਾਈ ਜਹਾਜ਼ 'ਚ ਰਾਤ ਭਰ ਦੇ ਉਨੀਂਦਰੇ ਕਾਰਨ, ਇਹ ਚਮਕਾਹਟ ਅੱਖਾਂ 'ਚੋਂ ਪਾਣੀ ਕੱਢਦੀ ਪੀੜਾਦਾਇਕ ਸੀ।

ਫਿਰ ਵੀ ਮੈਂ ਸਮਤਲ, ਬਹੁਲੇਨੀ ਸੜਕ 'ਤੇ ਵਾਹੋਦਾਹੀ ਦੌੜਦੀਆਂ (ਏਥੇ 130-40 ਕਿਲੋਮੀਟਰ ਪ੍ਰਤੀ ਘੰਟਾ 'ਤੇ ਗੱਡੀ ਚਲਾਉਣਾ ਆਮ ਹੈ) ਕਾਰਾਂ 'ਚੋਂ ਟੈਸਲਾ ਦੀਆਂ ਖਾਸ 'ਸਾਇ-ਫਾਇ' ਆਕਾਰ ਅਤੇ ਬਿਨਾਂ 'ਇਗਜ਼ਾਸਟ' ਪਾਈਪਾਂ ਵਾਲੀਆਂ ਕੁਝ ਕਾਰਾਂ ਪਛਾਣ ਹੀ ਲਈਆਂ ਸਨ। ਅਮਰੀਕਾ, ਚੀਨ, ਯੂਰਪ, ਭਾਰਤ ਅਤੇ ਕਈ ਹੋਰ ਦੇਸ਼ਾਂ 'ਚ ਈ.ਵੀ.'ਜ਼ ਦਾ ਚਲਨ ਦਿਨੋਂ ਦਿਨ ਵਧ ਰਿਹਾ ਹੈ, ਇਹ ਵਾਹਨ-ਉਦਯੋਗ ਦਾ ਭਵਿੱਖ ਹੈ, ਤੇ ਭਵਿੱਖ ਬਰੂਹਾਂ 'ਤੇ ਖੜ੍ਹਾ ਹੈ। ਇਹ ਵਾਤਾਵਰਨ ਤੇ ਧਰਤੀ ਦੀ ਸਿਹਤ ਸੁਧਾਰਨ ਲਈ ਵੱਡਾ ਕਦਮ ਹੈ - ਧਰਤੀ 'ਤੇ ਤਕਰੀਬਨ 20 ਪ੍ਰਤੀਸ਼ਤ ਹਵਾ ਪ੍ਰਦੂਸ਼ਣ ਡੀਜ਼ਲ-ਪੈਟਰੋਲ ਦੀਆਂ ਗੱਡੀਆਂ ਕਾਰਨ ਹੈ। (ਹਰ ਰੋਜ਼ ਹਜ਼ਾਰਾਂ ਟਨ ਮਾਈਕ੍ਰੋ-ਪਲਾਸਟਿਕ ਦੇ ਕਣ ਵੀ ਇਨ੍ਹਾਂ ਗੱਡੀਆਂ ਦੇ ਘਸਦੇ ਟਾਇਰਾਂ 'ਚੋਂ ਨਿਕਲਦੇ, ਪਾਣੀ ਰਾਹੀਂ ਨਦੀਆਂ ਤੇ ਦਰਿਆਵਾਂ 'ਚ ਮਿਲਦੇ, ਆਖਰ ਸਮੁੰਦਰ 'ਚ ਜਾ ਰਲਦੇ ਤੇ ਉਹਨੂੰ ਪਲੀਤ ਕਰਦੇ ਨੇ।)

ਸ਼ੁਰੂ ਜਵਾਨੀ 'ਚ ਜਦੋਂ ਮੈਂ ਕਵਿਤਾ ਅਜੇ ਲਿਖਣੀ ਸ਼ੁਰੂ ਕੀਤੀ ਸੀ ਤਾਂ ਇਕ ਵਾਰ ਚੰਡੀਗੜ੍ਹ ਦੀ ਸੁਖਨਾ ਝੀਲ ਕੋਲ ਸੈਰ ਕਰਦਿਆਂ, ਝੀਲ ਤੇ ਸ਼ਹਿਰ ਵਿਚਲੀ ਸੜਕ ਕੰਢੇ, ਰੁੱਖਾਂ-ਹਰਿਆਲੀ 'ਚ ਘਿਰੇ ਕਿਸੇ ਸ਼ਾਂਤ ਘਰ ਦੇ ਇਕ ਚੁੱਪਚਾਪ ਕਮਰੇ 'ਚ, ਝੀਲ ਤੇ ਉਹਦੇ ਪਾਰ ਪਹਾੜੀਆਂ ਨੂੰ ਖੁੱਲ੍ਹਦੀ ਖਿੜਕੀ ਕੋਲ ਬੈਠਿਆਂ ਕਵਿਤਾ ਲਿਖਦੇ ਹੋਣ ਦੀ ਕਲਪਨਾ ਕੀਤੀ ਸੀ। ਕਈ ਦਹਾਕਿਆਂ ਮਗਰੋਂ ਜਿਸ ਕਮਰੇ 'ਚ ਬੈਠਾ ਮੈਂ ਹੁਣ ਇਹ ਲੇਖ ਲਿਖ ਰਿਹਾਂ, ਤਾਂ ਇਹਦੀ ਖਿੜਕੀ ਸਾਹਮਣੇ ਝੀਲ ਤਾਂ ਨਹੀਂ, ਪਰ ਪਹਾੜੀਆਂ ਜ਼ਰੂਰ ਨੇ; ਇਕ ਹਰੀ ਪਹਾੜੀ ਤਾਂ ਘਰ ਦੇ ਸੱਜੇ ਹੱਥ ਐਨ ਗੀਟਾ-ਸੁੱਟ ਦੂਰੀ 'ਤੇ ਹੈ, ਤੇ ਇਹ ਕਮਰਾ ਤੇ ਘਰ ਮੇਰੇ ਉਸ ਵੇਲੇ ਚਿਤਵੇ ਤੋਂ ਵੱਧ ਸੋਹਣਾ ਹੈ। ਖੁੱਲ੍ਹੀਆਂ ਸਾਫ ਯੋਜਨਾਬੱਧ ਸੜਕਾਂ, ਇਕੋ ਜਿਹੀ ਸੁਚੱਜੀ ਇਮਾਰਤਸਾਜ਼ੀ ਵਾਲੇ ਸਾਢੇ ਤਿੰਨ ਸੌ ਘਰਾਂ ਦੀ ਇਹ ਕਲੋਨੀ ਵੀ ਸੋਹਣੀ ਤੇ ਸ਼ਾਂਤ ਹੈ। ਨੇੜੇ ਕੋਈ ਮੁੱਖ ਸੜਕ ਨਾ ਹੋਣ ਕਰਕੇ ਦਿਨੇ-ਰਾਤੀਂ ਇਕੋ ਜਿਹੀ ਸ਼ਾਂਤੀ ਰਹਿੰਦੀ ਹੈ। ਅਮਰੀਕਾ 'ਚ ਹਾਰਨਾਂ ਦੀਆਂ ਅਵਾਜ਼ਾਂ ਹੁੰਦੀਆਂ ਨਹੀਂ ਤੇ ਰੇਹੜੀਆਂ-ਆਟੋਆਂ 'ਤੇ ਸਬਜ਼ੀਆਂ ਤੇ ਹੋਰ ਸ਼ੈਆਂ ਵੇਚਦੇ, ਅਤੇ ਸਾਈਕਲਾਂ 'ਤੇ ਕੁੱਕਰ, ਗੈਸ ਠੀਕ ਕਰਵਾਉਣ ਤੇ ਕਬਾੜੀ ਵਾਲਿਆਂ ਦੇ ਭਾਂਤ-ਸੁਭਾਂਤੀ, ਇਕਸਾਰ ਕਦੇ ਸੰਗੀਤਕ ਹੋਕੇ ਸੁਣਾਈ ਨਹੀਂ ਦੇਂਦੇ। ਗਲੀਆਂ 'ਚ ਵਿਹਲੀਆਂ ਖੜ੍ਹੀਆਂ, ਸਿਆਸਤ ਦੀਆਂ ਗੱਲਾਂ ਕਰਦੀਆਂ ਢਾਣੀਆਂ, ਗੁੱਡੀਆਂ ਲੁੱਟਦੇ ਜਾਂ ਖੇਡਦੇ ਬੱਚੇ ਤੇ ਛੱਤਾਂ 'ਤੇ "ਓ ਬੋਅ ਈ ਓ..." ਦਾ ਰੌਲਾ ਪਾਉਂਦੇ, ਪਤੰਗਾਂ ਉਡਾਉਂਦੇ ਬੱਚੇ-ਬਾਲਗ ਨਹੀਂ ਹੁੰਦੇ।

ਪਹੁ-ਫੁਟਾਲੇ ਤੋਂ ਲੈ ਕੇ ਦੁਪਹਿਰ ਦੇ ਢਾਈ-ਤਿੰਨ ਵਜੇ ਤਕ ਖਿੜਕੀ 'ਚੋਂ ਆਉਂਦੀ ਧੁੱਪ 'ਚ, ਸਾਡੀ ਨੂੰਹ ਦੁਆਰਾ ਕਮਰੇ ਦੀ ਖਿੜਕੀ 'ਚ ਰੱਖੇ ਨਿੱਕੇ ਦੋ ਸੋਹਣੇ ਇਨਡੋਰ ਬੂਟੇ ਚੁੱਪ-ਚਾਪ ਜਗਦੇ ਤੇ ਫੋਟੋਸਿੰਥੇਸਿਸ ਦਾ ਆਪਣਾ ਬੇਆਵਾਜ਼ ਤੇ ਅਤਿ ਜਟਿਲ ਕਾਰਜ ਕਰਦੇ ਰਹਿੰਦੇ, ਆਕਸੀਜਨ ਛੱਡਦੇ ਰਹਿੰਦੇ ਨੇ। ਜ਼ਰਾ ਗਹਿਰਾ ਸੋਚ ਕੇ ਵੇਖੋ: ਇਸ ਕਾਰਜ ਬਿਨਾਂ ਧਰਤੀ 'ਤੇ ਜੀਵਨ ਅਸੰਭਵ ਹੈ; ਸਗੋਂ ਲਗਭਗ 2 ਸਵਾ 2 ਅਰਬ ਸਾਲ ਪਹਿਲਾਂ ਧਰਤੀ ਗ੍ਰਹਿ 'ਤੇ ਸਰਲਤਮ ਜੀਵਨ ਦੀ ਉਤਪਤੀ ਮਗਰੋਂ, ਸਮੁੰਦਰ 'ਚ ਮੁੱਢਲੇ ਜੀਵਨ 'ਚ ਫੋਟੋਸਿੰਥੇਸਿਸ ਦੀ ਇਹ ਪ੍ਰਕਿਰਿਆ ਹੀ ਸੀ ਜਿਹਨੇ ਧਰਤੀ ਦੇ ਭਰਪੂਰ ਆਕਸੀਜਨ ਵਾਲੇ ਵਾਯੂਮੰਡਲ ਦਾ ਨਿਰਮਾਣ ਕੀਤਾ ਅਤੇ ਅਗਲੇ ਅਰਬਾਂ ਵਰ੍ਹਿਆਂ ਦੌਰਾਨ, ਜੀਵਨ ਦੇ ਲੱਖਾਂ-ਕਰੋੜਾਂ ਰੂਪਾਂ - ਟੇਬਲੈਟ 'ਤੇ ਉਂਗਲ ਚਲਾਉਂਦੇ, ਕ੍ਰਮਵਿਕਾਸ ਦੀ ਸਿਖਰ 'ਤੇ ਬਿਰਾਜਮਾਨ ਪ੍ਰਜਾਤੀ ਦੇ ਇਸ ਨਮੂਨੇ ਸਮੇਤ - ਦੇ ਵਿਕਸਤ ਹੋਣ ਦਾ ਮੁੱਢ ਧਰਿਆ।

ਹੋਲਿਸਟਰ ਸ਼ਹਿਰ ਦੇ ਆਸੇ-ਪਾਸੇ, ਕੈਲੀਫੋਰਨੀਆ ਰਾਜ ਦੀ ਇਕ ਹੋਰ ਖਾਸੀਅਤ ਖੇਤੀਬਾੜੀ ਦੀ ਜ਼ਮੀਨ ਹੈ। ਅੱਜ-ਕੱਲ੍ਹ ਬਹੁਤੇ ਖੇਤ ਖਾਲੀ ਨੇ। ਇਨ੍ਹਾਂ 'ਚੋਂ ਕਈਆਂ 'ਚ ਭਰਪੂਰ ਪੀਲੇ ਫੁੱਲਾਂ ਤੇ ਹਰੇ ਕੂਲੇ ਘਾਹ ਦੇ ਖਿੱਤੇ ਨੇ। ਉਹ ਕਾਸ਼ਤ ਕੀਤੇ ਲੱਗਦੇ, ਪਰ ਮੇਰਾ ਖਿਆਲ ਹੈ ਉਹ ਜੰਗਲੀ ਫੁੱਲਾਂ ਤੇ ਘਾਹਾਂ ਦੇ ਪਸਾਰ ਨੇ। ਪੰਜਾਬ 'ਚ ਇਨ੍ਹੀਂ ਦਿਨੀਂ ਹਰੀ ਕਣਕ ਦੇ ਵਿਸ਼ਾਲ ਪਸਾਰਾਂ 'ਚ ਕਿਤੇ ਕਿਤੇ ਖਿੜੇ ਸਰ੍ਹੋਂ ਦੇ ਖੇਤ ਬਿਲਕੁਲ ਇਹੀ ਦ੍ਰਿਸ਼ ਸਿਰਜਦੇ ਨੇ। ਪੰਜਾਬ ਦਾ ਤੇ ਹੋਲਿਸਟਰ ਦਾ ਇਨ੍ਹਾਂ ਦਿਨਾਂ ਦਾ ਮੌਸਮ ਵੀ ਲਗਭਗ ਇਕੋ ਜਿਹਾ ਹੈ। ਪਰ ਪੰਜਾਬ ਦੇ ਕੰਢੀ ਇਲਾਕਿਆਂ ਨੂੰ ਛੱਡ ਪਹਾੜ ਨੇੜੇ ਕਿਤੇ ਨਹੀਂ ਦਿਸਦੇ, ਤੇ ਏਥੇ ਵਿਸ਼ਾਲ ਸਮਤਲ ਵਾਦੀ ਦੇ ਦੋਹੀਂ ਪਾਸੀਂ ਨੀਵੀਆਂ ਪਹਾੜੀਆਂ ਨੇ। ਇਹ ਵਾਦੀ ਕੈਲੀਫੋਰਨੀਆ ਦੀ ਵਿਸ਼ਾਲ ਵਾਦੀ ਸੈਂਟਰਲ ਵੈਲੀ ਦਾ ਹਿੱਸਾ ਹੈ। ਕੁਝ ਇਕ ਖੇਤਾਂ 'ਚ ਇਸ ਵੇਲੇ ਨਿਪਤਰੇ ਭੂਰੇ ਤੇ ਛਾਂਗੇ ਹੋਏ ਮਧਰੇ ਰੁੱਖਾਂ ਵਾਲੇ ਫਲਾਂ ਦੇ ਬਾਗ ਨੇ। ਬਹਾਰ ਪਰਤਣ ਵਾਲੀ ਹੈ ਤੇ ਇਹ ਸਾਰੇ ਬਾਗ ਤਰ੍ਹਾਂ-ਤਰ੍ਹਾਂ ਦੇ ਰੰਗਾਂ-ਆਕਾਰਾਂ ਦੇ ਫੁੱਲਾਂ ਨਾਲ ਭਰ ਜਾਣਗੇ। ਅਜੇ ਨਿੱਕੀ ਜਾਪਦੀ ਕਿਸੇ ਫਸਲ ਵਾਲਿਆਂ ਕੁਝ ਖੇਤਾਂ 'ਚ ਸਿੰਚਾਈ ਵਾਸਤੇ ਫੁਹਾਰੇ ਚੱਲਦੇ ਪਏ ਨੇ। ਏਥੇ ਪਾਣੀ ਦੀ ਵਰਤੋਂ ਵਿਗਿਆਨਕ ਤੇ ਪਾਣੀ-ਬਚਾਊ ਢੰਗ ਨਾਲ ਕੀਤੀ ਜਾਂਦੀ ਹੈ, ਫਿਰ ਵੀ ਏਨਾ ਵੱਧ ਰਕਬਾ ਖੇਤੀ ਹੇਠ ਹੈ ਕਿ ਕੈਲੀਫੋਰਨੀਆ 'ਚ ਅਕਸਰ ਪਾਣੀ ਦੀ ਕਿੱਲਤ ਰਹਿੰਦੀ, ਸੋਕੇ ਦੀ ਸਥਿਤੀ ਰਹਿੰਦੀ ਹੈ।

ਅਮਰੀਕਾ, ਬੇਟੇ ਤੇ ਉਹਦੇ ਪਰਿਵਾਰ ਦੇ ਏਥੇ ਹੋਣ ਤੋਂ ਇਲਾਵਾ, ਕਈ ਹੋਰ ਗੱਲਾਂ ਕਾਰਨ ਵੀ ਮੈਨੂੰ ਆਪਣਾ ਲਗਦਾ ਹੈ। ਮੇਰਾ ਸਭ ਤੋਂ ਮਨਪਸੰਦ ਲੇਖਕ Henry David Thoreau ਏਥੋਂ ਦਾ ਸੀ। ਕਿੰਨੇ ਹੋਰ ਲੇਖਕ ਜਿਨ੍ਹਾਂ ਨੂੰ ਮੈਂ ਦੁਬਾਰਾ, ਕਈਆਂ ਨੂੰ ਤਿਬਾਰਾ ਪੜ੍ਹਿਆ ਹੈ, ਏਥੋਂ ਦੇ ਸਨ: E.B. White, John Steinbeck, ਕਵੀ ਤੇ ਮੇਰੇ ਵਾਂਗ ਬੱਚਾ-ਰੋਗ ਵਿਸ਼ੇਸ਼ਗ William Carlos Williams. ਅਮਰੀਕਾ ਮੈਨੂੰ ਕਿੰਨਾ ਆਪਣਾ ਸਮਝਦਾ, ਇਹ ਵੱਖਰਾ ਮੁੱਦਾ ਹੈ।

# ਮਰਦਮਸ਼ੁਮਾਰੀ ਦੇ ਅੰਕੜੇ ਲੁਕੋਣ ਦੇ ਅਰਥ

ਸਾਲ 2023 ਸ਼ੁਰੂ ਹੋ ਚੁੱਕਿਆ ਹੈ ਪਰ ਮਰਦਮਸ਼ੁਮਾਰੀ ਨਾਲ ਸਬੰਧਿਤ ਅੰਕੜੇ ਜੋ 2011 ਤੋਂ ਬਾਅਦ 2021 ਵਿਚ ਜਾਰੀ ਹੋਣੇ ਚਾਹੀਦੇ ਸਨ, ਅਜੇ ਤੱਕ ਨਹੀਂ ਆਏ। ਮਰਦਮਸ਼ੁਮਾਰੀ ਦੇ ਅੰਕੜੇ ਦਹਾਕੇ ਵਾਰ ਘਰੋ-ਘਰੀ ਜਾ ਕੇ ਇਕੱਠੇ ਕੀਤੇ ਜਾਂਦੇ ਹਨ। ਇਸ ਦੇ ਪਹਿਲੇ ਪੜਾਅ ਵਿਚ ਸਾਲ, ਡੇਢ ਸਾਲ ਪਹਿਲਾਂ ਹੀ ਘਰਾਂ ਦੀ ਨਿਸ਼ਾਨਦੇਹੀ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਦੂਜੇ ਪੜਾਅ ਵਿਚ ਵਸੋਂ ਦੀ ਖੇਤਰ ਵਾਰ ਵੰਡ ਅਰਥਾਤ ਪੇਂਡੂ-ਸ਼ਹਿਰੀ, ਉਮਰ, ਲਿੰਗ ਅਨੁਪਾਤ ਆਦਿ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ। ਵਸੋਂ ਸਬੰਧੀ ਇਹ ਵਿਸਤ੍ਰਿਤ ਰੂਪ ਵਿਚ ਇੱਕਠੀ ਕੀਤੀ ਜਾਣਕਾਰੀ ਸਬੰਧਿਤ ਦਫਤਰਾਂ ਅਤੇ ਨੀਤੀ ਸੰਸਥਾਵਾਂ ਨੂੰ ਮੁਹੱਈਆ ਕੀਤੀ ਜਾਂਦੀ

**ਕੰਵਲਜੀਤ ਕੌਰ ਗਿੱਲ**
ਫੋਨ: +91-98551-22857

ਹੈ ਤਾਂ ਜੋ ਮੌਜੂਦਾ ਸਥਿਤੀ ਅਨੁਸਾਰ ਲੋੜੀਂਦੇ ਪ੍ਰੋਗਰਾਮ ਉਲੀਕੇ ਜਾ ਸਕਣ। ਮਾਰਚ 2020 ਵਿਚ ਕੋਵਿਡਕਾਰਨ ਘਰੋ-ਘਰੀ ਜਾ ਕੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨੀ ਮੁਸ਼ਕਿਲ ਹੋ ਗਈ ਸੀ; ਇਸ ਵਾਸਤੇ ਇਹ ਕੰਮ ਹਾਲਾਤ ਠੀਕ ਹੋਣ ਤੱਕ ਅੱਗੇ ਪਾ ਦਿੱਤਾ ਗਿਆ। ਉਸ ਵੇਲੇ ਕਿਸੇ ਵੀ ਦੇਸ਼ ਵਿਚ ਮਰਦਮਸ਼ੁਮਾਰੀ ਦਾ ਕੰਮ ਨਾ ਹੋ ਸਕਿਆ।

ਹੁਣ ਕੋਵਿਡ-19 ਦਾ ਭਿਆਨਕ ਦੌਰ ਲਗਭਗ ਖਤਮ ਹੋਣ ਮਗਰੋਂ ਅਮਰੀਕਾ, ਚੀਨ, ਯੂ.ਕੇ. ਅਤੇ ਇਜ਼ਰਾਈਲ ਵਰਗੇ ਦੇਸ਼ਾਂ ਨੇ ਮਰਦਮਸ਼ੁਮਾਰੀ ਦਾ ਕਾਰਜ ਮੁਕੰਮਲ ਕਰ ਲਿਆ ਹੈ। ਗੁਆਂਢੀ ਦੇਸ਼ ਨੇਪਾਲ ਅਤੇ ਬੰਗਲਾਦੇਸ਼ ਸਮੇਤ ਏਸ਼ੀਆ ਦੇ 12 ਤੋਂ ਵੱਧ ਦੇਸ਼ਾਂ ਨੇ ਵੀ ਇਹ ਕਾਰਜ ਲਗਭਗ ਸਮਾਪਤ ਕਰ ਲਿਆ ਹੈ। ਸਹਿਜੇ ਹੀ ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਵਿਚ ਇਹ ਕੰਮ ਕਿਉਂ ਨਹੀਂ ਕੀਤਾ ਗਿਆ? ਕੀ ਭਾਰਤ ਵਿਚ ਮਹਾਮਾਰੀ ਦੇ ਫੈਲਣ ਦਾ ਡਰ ਅਜੇ ਵੀ ਬਰਕਰਾਰ ਹੈ? ਜਾਂ ਫਿਰ ਉਸ ਨਾਲ ਕੋਈ ਸਿਆਸੀ ਕਾਰਨ ਜੁੜੇ ਹੋਏ ਹਨ ਜਿਸ ਕਰ ਕੇ ਇਸ ਨੂੰ ਆਨੇ-ਬਹਾਨੇ ਅੱਗੇ ਪਾਇਆ ਜਾ ਰਿਹਾ ਹੈ। ਜੇ 2011 ਦੇ ਅੰਕੜਿਆਂ ਉਪਰ ਆਧਾਰਿਤ ਹੀ ਸਰਕਾਰੀ ਪ੍ਰੋਗਰਾਮ ਜਾਂ ਨੀਤੀਆਂ ਚਲਦੀਆਂ ਰਹੀਆਂ ਤਾਂ ਕੀ ਅਸੀਂ ਉਨ੍ਹਾਂ ਲਾਭਪਾਤਰੀਆਂ ਤੱਕ ਪਹੁੰਚ ਸਕਾਂਗੇ ਜਿਨ੍ਹਾਂ ਦੀ ਗਿਣਤੀ ਇਹਨਾਂ 11-12 ਸਾਲਾਂ ਦੌਰਾਨ ਵਧ ਗਈ ਹੈ? ਇਨ੍ਹਾਂ ਵਿਚੋਂ ਕੁਝ ਮਰ ਮੁੱਕ ਗਏ ਹੋਣਗੇ ਅਤੇ ਕੁਝ ਜਿਹੜੇ ਉਸ ਵੇਲੇ ਅਜੇ ਬੱਚੇ ਸਨ, ਉਹ ਜਵਾਨ ਹੋ ਕੇ ਹੁਣ ਆਪਣੇ ਵੱਖਰੇ ਘਰ-ਬਾਰਾਂ ਵਾਲੇ ਹੋ ਚੁਕੇ ਹਨ। ਸੋ ਮੰਗ ਵਿਚ ਤਬਦੀਲੀ ਆਉਣੀ ਲਾਜ਼ਮੀ ਹੈ ਜਿਸ ਬਾਰੇ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿਉਂਕਿ ਨਿਸ਼ਚਿਤ ਅੰਕੜੇ ਪ੍ਰਾਪਤ ਨਹੀਂ ਹਨ। ਇਸ ਤੋਂ ਇਲਾਵਾ ਬਜਟ ਨਾਲ ਸਬੰਧਿਤ ਆਮਦਨ ਖਰਚੇ, ਸਮਾਜਿਕ ਆਰਥਿਕ ਮੱਦਾਂ/ਸੇਵਾਵਾਂ ਉਪਰ ਕਿਵੇਂ ਅਲਾਟ ਕੀਤੇ ਜਾਣਗੇ? ਇਹ ਕੁਝ ਸਵਾਲ 'ਸਭ ਦੇ ਵਿਕਾਸ' ਦੇ ਪ੍ਰਸੰਗ ਵਿਚ ਜਵਾਬ ਮੰਗਦੇ ਹਨ।

ਭਾਰਤ ਵਿਚ ਕੋਵਿਡ-19 ਕਾਰਨ ਮਰਦਮਸ਼ੁਮਾਰੀ ਦਾ ਕੰਮ ਪਹਿਲਾਂ 2021 ਤੇ ਮੁੜ 2022 ਤੱਕ ਟਾਲ ਦਿੱਤਾ ਸੀ। ਹੁਣ ਇੱਕ ਵਾਰ ਫਿਰ 30 ਜੂਨ 2023 ਤਕ ਇਹ ਕਾਰਜ ਨੂੰ ਰੋਕ ਦਿੱਤਾ ਹੈ। ਤਰਕ ਇਹ ਦਿੱਤਾ ਗਿਆ ਹੈ ਕਿ ਜਦੋਂ ਤੱਕ ਰਾਜਾਂ ਦੀਆਂ ਮੁੜ ਉਲੀਕੀਆਂ ਪ੍ਰਬੰਧਕੀ ਸੀਮਾਵਾਂ ਤੈਅ ਨਹੀਂ ਹੋ ਜਾਂਦੀਆਂ ਤੇ ਇਹਨਾਂ ਨੂੰ ਬਦਲਣ ਦਾ ਕੰਮ ਪੂਰੀ ਤਰ੍ਹਾਂ ਮੁਕੰਮਲ ਨਹੀਂ ਹੋ ਜਾਂਦਾ, ਮਰਦਮਸ਼ੁਮਾਰੀ ਦਾ ਕੰਮ ਆਰੰਭ ਨਹੀਂ ਕੀਤਾ ਜਾ ਸਕਦਾ। ਅਗਲੇ ਸਾਲ 2024 ਵਿਚ ਆਮ ਚੋਣਾਂ ਹੋਣੀਆਂ ਹਨ ਜਿਸ ਕਾਰਨ ਇਹ ਕੰਮ ਇਸ ਤੋਂ ਵੀ ਬਾਅਦ ਹੀ ਸੰਭਵ ਹੋ ਸਕੇਗਾ। ਮਰਦਮਸ਼ੁਮਾਰੀ ਦਾ ਕੰਮ ਅੱਗੇ ਪਾਉਣ ਦਾ ਸਿਲਸਿਲਾ ਆਜ਼ਾਦ ਭਾਰਤ ਵਿਚ ਪਹਿਲੀ ਵਾਰ ਹੋਇਆ ਹੈ। ਕਾਨੂੰਨੀ ਤੌਰ 'ਤੇ ਮਰਦਮਸ਼ੁਮਾਰੀ ਤੋਂ ਪਹਿਲਾਂ ਹੀ ਸਾਰੇ ਰਾਜਾਂ, ਜ਼ਿਲ੍ਹਿਆਂ ਅਤੇ ਇਨ੍ਹਾਂ ਵਿਚ ਆਉਂਦੇ ਬਲਾਕਾਂ, ਤਹਿਸੀਲਾਂ, ਪਿੰਡਾਂ ਆਦਿ ਦੀਆਂ ਸਰਹੱਦਾਂ ਨਿਸ਼ਚਿਤ ਕਰ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਗਿਣਤੀ-ਮਿਣਤੀ ਵਿਚ ਕੋਈ ਗਲਤੀ ਨਾ ਹੋਵੇ। ਇਸ ਹਿਸਾਬ ਨਾਲ 31 ਦਸੰਬਰ 2019 ਤੱਕ ਇਹ ਸਰਹੱਦਾਂ ਜਾਂ ਸੀਮਾਵਾਂ ਨਿਰਧਾਰਨ ਕਰਨ ਦਾ ਕੰਮ ਮੁਕੰਮਲ ਕਰ ਕੇ 2020 ਦੇ ਸ਼ੁਰੂ ਵਿਚ ਹੀ ਰਜਿਸਟਰਾਰ ਜਨਰਲ ਦੇ ਦਫਤਰ ਵਿਚ ਜਾਣਕਾਰੀ ਹਿੱਤ ਪੁੱਜਦਾ ਕਰ ਦੇਣਾ ਚਾਹੀਦਾ ਸੀ ਪਰ ਕੋਵਿਡ-19 ਦੀ ਮਹਾਮਾਰੀ ਕਾਰਨ ਇਹ ਸੰਭਵ ਨਹੀਂ ਹੋ ਸਕਿਆ ਅਤੇ 2022 ਦੌਰਾਨ ਵੀ ਕਿਸੇ ਕਿਸਮ ਦਾ ਯਤਨ ਕਰਨ ਦੀ ਥਾਂ ਇਸ ਨੂੰ ਹੋਰ ਅੱਗੇ ਪਾ ਦਿੱਤਾ ਗਿਆ।

ਭਾਰਤ ਵਿਚ ਮਰਦਮਸ਼ੁਮਾਰੀ ਦਾ ਕੰਮ ਪਹਿਲੀ ਵਾਰ ਡਿਜੀਟਲ ਤਰੀਕੇ ਨਾਲ ਕੀਤਾ ਜਾਣਾ ਸੀ ਜਿਹੜਾ ਮੋਬਾਈਲ ਐਪ 'ਤੇ ਹੀ ਸੰਭਵ ਹੈ। ਇਸ ਕਾਰਜ ਵਾਸਤੇ 3768 ਕਰੋੜ ਰੁਪਏ 2021 ਦੇ ਬਜਟ ਵਿਚ ਅਲਾਟ ਕੀਤੇ ਪਰ ਨਾਲ ਹੀ ਇਹ ਰੌਲਾ ਪੈ ਗਿਆ ਕਿ ਭਾਰਤ ਦੇ ਅਸਲੀ ਨਾਗਰਿਕ ਉਹੀ ਹਨ ਜਿਨ੍ਹਾਂ ਪਾਸ ਤੈਅ ਨਿਯਮਾਂ ਅਨੁਸਾਰ ਲੋੜੀਂਦੇ ਦਸਤਾਵੇਜ਼ ਹਨ। ਇਸ ਲਈ ਨਾਗਰਿਕਤਾ ਸੋਧ ਐਕਟ (ਸੀ.ਏ.ਏ.) ਪਾਸ ਕੀਤਾ ਗਿਆ। ਇਸ ਤੋਂ ਇਲਾਵਾ ਦੇਸ਼ ਵਿਚ ਬਾਹਰੋਂ ਦਾਖਲ ਹੋਏ ਘੁਸਪੈਠੀਏ ਜਾਂ ਹੋਰਾਂ ਦੀ ਪਛਾਣ ਕਿਵੇਂ ਹੋਵੇਗੀ, ਇਸ ਵਾਸਤੇ ਨਾਗਰਿਕਾਂ ਦਾ ਕੌਮੀ ਰਜਿਸਟਰ (ਐਨ.ਸੀ.ਆਰ.) ਹੋਂਦ ਵਿਚ ਆਇਆ ਜਿਹੜਾ ਅਸਾਮ ਵਿਚ ਘੁਸਪੈਠੀਆਂ ਅਤੇ ਭਾਰਤੀ ਨਾਗਰਿਕਾਂ ਦੀ ਪਛਾਣ ਲਈ ਵਰਤਿਆ ਜਾਣਾ ਸੀ ਪਰ ਇਸ ਦੇ ਵਿਸਥਾਰ ਵਿਚ ਨਿਯਮ ਅਜੇ ਤਕ ਨਹੀਂ ਬਣਾਏ



ਗਏ ਜਿਸ ਦੇ ਆਧਾਰ ਤੇ ਨਾਗਰਿਕਤਾ ਨਿਸ਼ਚਿਤ ਹੋਵੇਗੀ। ਕੇਵਲ ਇਹ ਕਿਹਾ ਗਿਆ ਕਿ ਦਸੰਬਰ 2014 ਤੋਂ ਭਾਰਤ ਵਿਚ ਨਾਜਾਇਜ਼ ਢੰਗ ਨਾਲ ਦਾਖਲ ਹੋਇਆਂ ਨੂੰ, ਜੇਕਰ ਉਹ ਸਹੀ ਕਾਗਜ਼ ਪੱਤਰ ਦਿਖਾ ਦਿੰਦੇ ਹਨ ਤਾਂ ਛੇ ਸਾਲਾਂ ਦੇ ਵਿਚ ਵਿਚ ਭਾਰਤੀ ਨਾਗਰਿਕ ਕਰਾਰ ਦਿੱਤਾ ਜਾ ਸਕਦਾ ਹੈ। ਇਸ ਵਿਚ ਅਫਗਾਨਿਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਵੱਲੋਂ ਦਾਖਲ ਹੋਏ ਮੁਸਲਮਾਨਾਂ ਤੋਂ ਇਲਾਵਾ ਵੱਖ ਵੱਖ ਧਰਮਾਂ ਨਾਲ ਸਬੰਧਿਤ ਲੋਕ- ਸਿੱਖ, ਹਿੰਦੂ, ਈਸਾਈ, ਬੋਧੀ, ਜੈਨੀ ਆਦਿ ਲੋਕ ਸਨ। ਉਨ੍ਹਾਂ ਵਿਚੋਂ ਕਈਆਂ ਨੇ ਆਪਣਾ ਅਸਰ ਰਸੂਖ ਵਰਤ ਕੇ ਅਤੇ ਕਈਆਂ ਨੇ ਡਰ ਦੇ ਮਾਰੇ ਪਹਿਲਾਂ ਹੀ ਆਪਣੇ ਲੋੜੀਂਦੇ ਕਾਗਜ਼ ਪੱਤਰ ਤਿਆਰ ਕਰ ਲਏ ਸਨ ਤਾਂ ਜੋ ਉਹ ਭਾਰਤੀ ਕਹਿਲਾਉਣ ਦੇ ਯੋਗ ਹੋ ਸਕਣ। ਬਾਅਦ ਵਿਚ ਪਤਾ ਲੱਗਿਆ ਕਿ ਲੱਗਭਗ 19 ਲੱਖ ਲੋਕਾਂ ਪਾਸ ਇਹ ਜ਼ਰੂਰੀ ਦਸਤਾਵੇਜ਼ ਨਹੀਂ ਸਨ ਜਿਨ੍ਹਾਂ ਵਿਚੋਂ 12 ਲੱਖ ਦੇ ਕਰੀਬ ਹਿੰਦੂ ਤੇ ਬੰਗਾਲੀ ਸਨ। ਜਿਨ੍ਹਾਂ ਨੂੰ ਬਾਹਰ ਕਰਨ ਦਾ ਮਨਸ਼ਾ ਸੀ, ਉਨ੍ਹਾਂ ਕੋਲ ਜ਼ਰੂਰੀ ਦਸਤਾਵੇਜ਼ ਪਹਿਲਾਂ ਹੀ ਮੌਜੂਦ ਸਨ। ਇਸ ਵਾਸਤੇ ਨਾਗਰਿਕਤਾ ਕਾਨੂੰਨ ਦਾ ਕਾਰਜ ਵਿਚੇ ਹੀ ਛੱਡ ਦਿੱਤਾ ਗਿਆ। ਇਵੇਂ ਹੀ ਨਾਗਰਿਕਤਾ ਸੋਧ ਐਕਟ ਨੂੰ ਸਮੁੱਚੇ ਭਾਰਤ ਵਿਚ ਲਾਗੂ ਕਰਨ ਦਾ ਸੁਝਾਅ ਦਿੱਤਾ ਗਿਆ। ਇਸ ਦਾ ਪੁਰਜ਼ੋਰ ਵਿਰੋਧ ਹੋਣ ਕਾਰਨ ਇਹ ਕਾਨੂੰਨ ਦਾ ਰੂਪ ਧਾਰਨ ਨਹੀਂ ਕਰ ਸਕਿਆ। ਮੁਸਲਮਾਨ ਭਾਈਚਾਰੇ ਖਾਸਕਰ ਉਨ੍ਹਾਂ ਦੀਆਂ ਔਰਤਾਂ ਨੇ ਇਸ ਦਾ ਖੁੱਲ੍ਹੇਆਮ ਤੇ ਵਧ-ਚੜ੍ਹ ਕੇ ਵਿਰੋਧ ਕੀਤਾ। ਦੂਜੇ ਪਾਸੇ ਮੌਜੂਦਾ ਸਰਕਾਰ ਨਹੀਂ ਚਾਹੁੰਦੀ ਕਿ ਛੋਟੀਆਂ, ਪਛੜੀਆਂ ਜਾਤਾਂ ਤੇ ਗੋਤਾਂ ਬਾਰੇ ਜਾਣਕਾਰੀ ਇਕੱਠੀ ਹੋਵੇ। ਇਸ ਨਾਲ ਵੀ ਦੇਸ਼ ਦੀ ਬਹੁਗਿਣਤੀ 'ਤੇ ਮਨੂ ਸਮ੍ਰਿਤੀ ਅਨੁਸਾਰ ਆਪਣੇ ਆਪ ਨੂੰ ਉੱਚ ਸ਼੍ਰੇਣੀ 'ਚੋਂ ਮੰਨਦੇ ਹੋਇਆਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨਾਲ ਰਿਜ਼ਰਵੇਸ਼ਨ ਅਤੇ ਕੋਟੇ ਤਹਿਤ ਮਿਲਣ ਵਾਲੇ ਲਾਭਾਂ ਤੇ ਹੱਕਦਾਰਾਂ ਦੀ ਗਿਣਤੀ ਕਈ ਗੁਣਾ ਵਧ ਜਾਂਦੀ ਹੈ ਜਿਸ ਨੂੰ ਕੇਂਦਰੀ ਸਰਕਾਰ ਜਾਰੀ ਕਰਨ ਦੇ ਨਾ ਤਾਂ ਸਮਰੱਥ ਹੈ ਅਤੇ ਨਾ ਹੀ ਕਰਨਾ ਚਾਹੁੰਦੀ ਹੈ।

ਸੋ, ਕਾਰਨ ਭਾਵੇਂ ਕੋਈ ਵੀ ਹੋਵੇ, ਸੱਚ ਸਾਹਮਣੇ ਹੈ ਕਿ ਅਸੀਂ 150 ਸਾਲਾਂ ਤੋਂ ਦਹਾਕਾ ਵਾਰ ਹੁੰਦੀ ਮਰਦਮਸ਼ੁਮਾਰੀ ਦੇ ਕੰਮ ਨੂੰ ਹਾਲ ਦੀ ਘੜੀ ਰੋਕ ਦਿੱਤਾ ਹੈ। ਮਰਦਮਸ਼ੁਮਾਰੀ ਕੇਵਲ ਜਨ-ਗਣਨਾ ਨਹੀਂ ਹੁੰਦੀ ਸਗੋਂ ਇਸ ਨਾਲ ਸਾਨੂੰ ਅੰਕੜਿਆਂ ਸਬੰਧੀ ਅਜਿਹੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ ਜਿਸ ਨਾਲ ਜ਼ਮੀਨੀ ਪੱਧਰ 'ਤੇ ਜ਼ਰੂਰੀ ਫੈਸਲੇ ਕਰਨੇ ਹੁੰਦੇ ਹਨ; ਜਿਵੇਂ ਲੋਕ ਭਲਾਈ ਸਕੀਮਾਂ ਅਤੇ ਪ੍ਰੋਗਰਾਮਾਂ ਲਈ ਵਰਤੇ ਜਾਂਦੇ ਫੰਡ ਅਲਾਟ ਕਰਨ ਵਾਸਤੇ ਲਾਭਪਾਤਰੀਆਂ ਦੀ ਗਿਣਤੀ ਦਾ ਸਹੀ ਗਿਆਨ ਹੋਣਾ ਜ਼ਰੂਰੀ ਹੈ। ਫੌਰੀ ਤੌਰ 'ਤੇ ਇਸ ਦਾ ਨੁਕਸਾਨ ਜਨਤਕ ਵੰਡ ਪ੍ਰਣਾਲੀ (ਪੀ.ਡੀ.ਐਸ.) ਤਹਿਤ ਵੰਡੇ ਜਾਂਦੇ ਅਨਾਜ ਅਤੇ ਖਾਧ ਪਦਾਰਥਾਂ ਦੇ ਹੱਕਦਾਰਾਂ ਨੂੰ ਹੋ ਰਿਹਾ ਹੈ। ਪ੍ਰਸਿੱਧ ਅਰਥਸ਼ਾਸਤਰੀ ਜੀਨ ਡਰੇਜ਼ ਅਤੇ ਰੀਤਿਕਾ ਖਹਿਰਾ ਦੇ ਅਧਿਐਨ ਅਨੁਸਾਰ ਕੌਮੀ ਅਨਾਜ ਸੁਰੱਖਿਆ ਐਕਟ-2013 ਅਨੁਸਾਰ ਦੇਸ਼ ਦੀ ਕੁੱਲ ਵਸੋਂ ਦਾ 67% ਸਬਸਿਡੀ ਵਾਲੇ ਅਨਾਜ ਦਾ ਹੱਕਦਾਰ ਹੈ। ਇਸ ਵਿਚ 75% ਪੇਂਡੂ ਅਤੇ 50% ਸ਼ਹਿਰੀ ਵਸੋਂ ਹੈ। 2011 ਦੀ ਕੁੱਲ ਵਸੋਂ ਦੇ ਅੰਕੜਿਆਂ ਅਨੁਸਾਰ, 121 ਕਰੋੜ ਵਿਚੋਂ 80 ਕਰੋੜ ਇਸ ਸਕੀਮ ਦੇ ਹੱਕਦਾਰ ਸਨ। ਹੁਣ ਅੰਦਾਜ਼ਨ ਵਸੋਂ ਜੇ 137 ਕਰੋੜ (2021) ਹੋ ਜਾਂਦੀ ਹੈ ਤਾਂ ਲੱਗਭੱਗ 92 ਕਰੋੜ ਪੀਡੀਐਸ ਦੇ ਹੱਕਦਾਰ ਬਣਦੇ ਹਨ। ਸੋ, ਭਲਾਈ ਸਕੀਮਾਂ ਅਤੇ ਇਸ ਅਧੀਨ ਆਉਂਦੇ ਫੰਡਾਂ ਨੂੰ ਮੁੜ ਵਿਚਾਰਨਾ ਪਵੇਗਾ।

ਨੈਸ਼ਨਲ ਸਟੈਟਿਸਟਿਕਸ ਕਮਿਸ਼ਨ ਦੇ ਸਾਬਕਾ ਚੇਅਰਪਰਸਨ ਪ੍ਰਣਬ ਸੇਨ ਅਨੁਸਾਰ ਮਰਦਮਸ਼ੁਮਾਰੀ ਦੇ ਸਮੁੱਚੇ ਅੰਕੜੇ ਹੋਰ ਏਜੰਸੀਆਂ ਆਪਣੇ ਅਧਿਐਨ ਵਾਸਤੇ ਵਰਤਦੀਆਂ ਹਨ। ਇਸ ਨੂੰ ਭਰੋਸੇਯੋਗ ਆਧਾਰ ਮੰਨਦੇ ਹੋਏ ਇਸ ਵਿਚੋਂ ਸੈਂਪਲ ਲੈਂਦੀਆਂ ਹਨ, ਜਿਵੇਂ ਨੈਸ਼ਨਲ ਫੈਮਿਲੀ ਹੈਲਥ ਸਰਵੇ, ਐਨ.ਐਸ.ਐਸ.ਓ., ਸੀ.ਐਸ.ਓ. ਆਦਿ। ਹੁਣ ਇਨ੍ਹਾਂ ਨੂੰ ਪੁਰਾਣੇ ਅੰਕੜਿਆਂ ਉਪਰ ਹੀ ਨਿਰਭਰ ਹੋਣਾ ਪਵੇਗਾ। ਵਸੋਂ ਸਬੰਧੀ ਵਿਸਤ੍ਰਿਤ ਜਾਣਕਾਰੀ ਤੋਂ ਸਾਨੂੰ ਦੇਸ਼ ਵਿਚ ਮੌਜੂਦ ਛੋਟੀਆਂ, ਪਛੜੀਆਂ ਤੇ ਅਨੁਸੂਚਿਤ ਜਾਤਾਂ/ਜਨ-ਜਾਤਾਂ ਬਾਰੇ ਵੀ ਗਿਆਨ ਹੁੰਦਾ ਹੈ। ਵਸੋਂ ਦੀ ਉਮਰ ਸੰਰਚਨਾ, ਲਿੰਗ ਅਨੁਪਾਤ, ਪੇਂਡੂ ਸ਼ਹਿਰੀ ਵਸੋਂ ਦੇ ਨਾਲ-ਨਾਲ ਭਾਸ਼ਾ, ਬੋਲੀ, ਸਭਿਆਚਾਰ ਤੋਂ ਇਲਾਵਾ ਉਥੋਂ ਦੇ ਰੁਜ਼ਗਾਰ, ਸਿਹਤ ਤੇ ਸਿੱਖਿਆ ਦੇ ਪੱਧਰ ਆਦਿ ਦਾ ਵੀ ਗਿਆਨ ਹੁੰਦਾ ਹੈ। ਕੁੱਲ ਵੱਸੋਂ ਕੇਵਲ ਜਨਮ ਦਰ ਜਾਂ ਮੌਤ ਦਰ ਉਪਰ ਹੀ ਨਿਰਭਰ ਨਹੀਂ ਕਰਦੀ। ਇਸ ਵਿਚ ਹਿਜਰਤ ਜਾਂ ਪਰਵਾਸ ਦਾ ਵੀ ਬਹੁਤ ਵੱਡਾ ਹੱਥ ਹੁੰਦਾ ਹੈ। ਕੋਵਿਡ-19 ਦੌਰਾਨ ਬਹੁਤ ਵੱਡੀ ਗਿਣਤੀ ਵਿਚ ਛੋਟੀ ਤੇ ਮਜ਼ਦੂਰ ਜਮਾਤ ਦੇ ਲੋਕ ਰੁਜ਼ਗਾਰ ਠੱਪ ਹੋ ਜਾਣ ਕਾਰਨ ਪੰਜਾਬ, ਹਰਿਆਣਾ, ਕਰਨਾਟਕ, ਆਂਧਰਾ ਪ੍ਰਦੇਸ਼, ਤਿਲੰਗਾਨਾ, ਗੁਜਰਾਤ, ਮਹਾਰਾਸ਼ਟਰ ਤੇ ਦਿੱਲੀ ਤੋਂ ਯੂ.ਪੀ., ਬਿਹਾਰ, ਉੜੀਸਾ, ਮੱਧ ਪ੍ਰਦੇਸ਼ ਵੱਲ ਵਾਪਸ ਪਰਤੇ ਜਿਹੜੇ 20-30 ਸਾਲਾਂ ਤੋਂ ਇੱਥੇ ਰਹਿ ਰਹੇ ਸਨ। ਉਨ੍ਹਾਂ ਨੂੰ ਕਿਹੜੇ ਰਾਜ ਵਿਚ ਗਿਣਨਾ ਹੈ, ਅੰਕੜਿਆਂ ਦੀ ਅਣਹੋਂਦ ਕਾਰਨ ਇਹ ਕਹਿਣਾ ਬਹੁਤ ਮੁਸ਼ਕਿਲ ਹੈ। ਇਸ ਵਾਸਤੇ ਜੇ ਸਮੇਂ ਸਿਰ ਜਾਣਕਾਰੀ ਇਕੱਠੀ ਨਹੀਂ ਹੁੰਦੀ ਤਾਂ ਅਸੀਂ ਭਵਿੱਖ ਲਈ ਅਤੇ ਸਮਾਜਿਕ ਆਰਥਿਕ ਵਿਕਾਸ ਵਾਸਤੇ ਕੋਈ ਨੀਤੀ ਨਹੀਂ ਬਣਾ ਸਕਦੇ ਅਤੇ ਨਾ ਹੀ ਕੋਈ ਠੋਸ ਪ੍ਰੋਗਰਾਮ ਉਲੀਕੇ ਜਾ ਸਕਦੇ ਹਨ।

ਸੋ, ਅਜਿਹੇ ਮੁੱਦੇ ਦੀ ਅਹਿਮੀਅਤ ਨੂੰ ਸਮਝਦਿਆਂ ਇਸ ਵੇਲੇ ਜ਼ਰੂਰੀ ਹੈ ਕਿ ਸਿਆਸੀ ਪਾਰਟੀਬਾਜ਼ੀ ਤੋਂ ਬਾਹਰ ਨਿਕਲ ਕੇ ਸਮੁੱਚੇ ਦੇਸ਼ ਦੇ ਹਿੱਤਾਂ ਬਾਰੇ ਮੁੜ ਤੋਂ ਸੋਚਣਾ ਸ਼ੁਰੂ ਕਰੀਏ। ਅੰਕੜਾ ਅਤੇ ਜਨ-ਸੰਖਿਅਕ ਵਿਗਿਆਨੀਆਂ ਨੂੰ ਬਿਨਾ ਕਿਸੇ ਦਿਮਾਗੀ ਬੋਝ ਜਾਂ ਪ੍ਰੈਸ਼ਰ ਹੇਠ ਆਪਣਾ ਕੰਮ ਕਰਨ ਦਾ ਮਾਹੌਲ ਮੁਹੱਈਆ ਕਰੀਏ। ਆਪਸੀ ਭਾਈਚਾਰੇ ਨੂੰ ਧਾਰਮਿਕ ਕੱਟੜਤਾ ਵਿਚ ਨਾ ਧਕੇਲਦੇ ਹੋਏ ਫਿਰਕੂ ਨਫ਼ਰਤਾਂ ਤੋਂ ਦੂਰ ਰੱਖੀਏ। ਸਹੀ ਲਾਭਪਾਤਰੀਆਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਬਣਦੇ ਹੱਕ ਦੇਈਏ। ਇਹ ਹੱਕ ਭਾਵੇਂ ਰਿਜ਼ਰਵੇਸ਼ਨ ਜਾਂ ਕੋਟੇ ਦੇ ਹੋਣ, ਭਾਵੇਂ ਖਾਧ ਪਦਾਰਥਾਂ, ਅਨਾਜ ਜਾਂ ਬਿਜਲੀ ਪਾਣੀ ਦੇ। ਭਾਰਤ ਵਿਚ ਭਾਵੇਂ ਜਲਵਾਯੂ, ਵਾਤਾਵਰਨ ਤੇ ਭੂਗੋਲਿਕ ਤੋਂ ਇਲਾਵਾ ਧਾਰਮਿਕ ਵੰਨ-ਸਵੰਨਤਾ ਵੀ ਹੈ ਪਰ ਇਸ ਵੰਨ-ਸਵੰਨਤਾ ਵਿਚ ਏਕਤਾ ਵੀ ਹੈ ਜਿਸ ਨੂੰ ਬਰਕਰਾਰ ਰੱਖਣਾ ਉਤਨਾ ਹੀ ਜ਼ਰੂਰੀ ਹੈ।

# ਅਡਾਨੀ ਮਾਮਲਾ ਤੇ ਦਰਬਾਰੀ ਪੂੰਜੀਵਾਦ

ਗੌਤਮ ਅਡਾਨੀ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਅਜਿਹਾ ਦਿਨ ਵੀ ਦੇਖਣਾ ਪਵੇਗਾ। ਜਿਵੇਂ ਅੰਗਰੇਜ਼ੀ 'ਚ ਕਹਿੰਦੇ ਹਨ- ਉਨ੍ਹਾਂ ਨੇ ਚਾਰੇ ਖਾਣੇ ਚਿੱਤ ਕਰ ਦਿੱਤੇ। ਉਨ੍ਹਾਂ ਨੂੰ ਸਰਕਾਰ ਦਾ ਭਰਪੂਰ ਸਮਰਥਨ ਮਿਲ ਰਿਹਾ ਸੀ। ਸਰਕਾਰੀ ਪੈਸਾ ਜੀਵਨ ਬੀਮਾ ਨਿਗਮ ਵਰਗੀਆਂ ਸੰਸਥਾਵਾਂ ਨੇ ਬਿਨਾ ਕਿਸੇ ਰੋਕ-ਟੋਕ ਉਨ੍ਹਾਂ ਦੀਆਂ ਕੰਪਨੀਆਂ 'ਚ ਲਗਾਇਆ। ਉਹ ਗੁਜਰਾਤੀ ਸਨ। ਇਸ ਦੇ ਨਾਲ-ਨਾਲ ਉਹ ਹੁਣ ਤੋਂ ਨਹੀਂ ਸਗੋਂ ਉਸ ਸਮੇਂ ਤੋਂ ਪ੍ਰਧਾਨ ਮੰਤਰੀ

**ਅਭੈ ਕੁਮਾਰ ਦੂਬੇ**

ਦੇ ਐਲਾਨੇ ਹੋਏ ਸਮਰਥਕ ਸਨ, ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਹੁੰਦੇ ਸਨ। ਇਸ ਸਮੇਂ ਭਾਰਤ ਦੇ ਸਭ ਤੋਂ ਜ਼ਿਆਦਾ ਤੇਜ਼ੀ ਨਾਲ ਵਧਦੇ ਹੋਏ ਉਦਯੋਗਿਕ ਘਰਾਣਿਆਂ 'ਚ ਉਨ੍ਹਾਂ ਦਾ ਨਾਂ ਸ਼ਾਮਿਲ ਹੋ ਰਿਹਾ ਸੀ। ਰਾਤੋ-ਰਾਤ ਸਿਖ਼ਰ ਛੂਹਣ ਵਾਲੇ ਉਦਯੋਗਪਤੀਆਂ ਦੀ ਸ਼੍ਰੇਣੀ 'ਚ ਆਉਣ ਲਈ ਉਨ੍ਹਾਂ ਨੇ ਰਿਲਾਇੰਸ ਦੇ ਧੀਰੂਭਾਈ ਅੰਬਾਨੀ ਨੂੰ ਵੀ ਪਿੱਛੇ ਛੱਡ ਦਿੱਤਾ ਸੀ।

ਉਨ੍ਹਾਂ ਨੂੰ ਇਹ ਦੇਖ ਕੇ ਬਹੁਤ ਗੁੱਸਾ ਆ ਰਿਹਾ ਹੋਵੇਗਾ ਕਿ ਅਮਰੀਕੀ ਸੰਸਥਾ ਹਿੰਡਨਬਰਗ ਰਿਸਰਚ ਨੇ ਰਿਪੋਰਟ ਜਾਰੀ ਕਰ ਕੇ ਦਿਨ ਦੁੱਗਣੀ ਰਾਤ ਚੌਗੁਣੀ ਰਫ਼ਤਾਰ ਨਾਲ ਵਧ ਰਹੀ ਉਨ੍ਹਾਂ ਦੇ ਘਰਾਣੇ ਦੀ ਤਰੱਕੀ ਨੂੰ ਨਾ ਸਿਰਫ਼ ਲਗਾਮ ਲਗਾ ਦਿੱਤੀ ਸਗੋਂ ਦੋ ਦਿਨਾਂ ਦੇ ਅੰਦਰ-ਅੰਦਰ ਉਨ੍ਹਾਂ ਦੀਆਂ ਕੰਪਨੀਆਂ ਦੇ ਸ਼ੇਅਰ ਮੂਧੇ ਮੂੰਹ ਡਿੱਗ ਗਏ। ਅਡਾਨੀ ਇੰਟਰਪ੍ਰਾਈਜ਼ਿਜ਼ 18 ਫ਼ੀਸਦੀ ਹੇਠਾਂ ਆ ਗਏ। ਅਡਾਨੀ ਟਰਾਂਸਮਿਸ਼ਨ ਵੀਹ ਫ਼ੀਸਦੀ ਡਿੱਗ ਗਿਆ। ਅਡਾਨੀ ਟੋਟਲ ਗੈਸ ਅਤੇ ਅਡਾਨੀ ਗਰੀਨ ਐਨਰਜੀ ਦਾ ਵੀ ਇਹੀ ਹਸ਼ਰ ਹੋਇਆ। ਅਡਾਨੀ ਪੋਰਟ 'ਚ 16 ਫ਼ੀਸਦੀ ਦੀ ਗਿਰਾਵਟ ਆਈ। ਅਡਾਨੀ ਪਾਵਰ ਅਤੇ ਅਡਾਨੀ ਵਿਲਮਰ ਪੰਜ ਫ਼ੀਸਦੀ ਘੱਟ ਹੋ ਗਏ। ਹਾਲ ਹੀ 'ਚ ਖ਼ਰੀਦੇ ਗਏ ਟੀ.ਵੀ. ਚੈਨਲ ਐਨ.ਡੀ.ਟੀ.ਵੀ. ਦੇ ਸ਼ੇਅਰਾਂ ਨੂੰ ਵੀ ਇਹ ਮਾਰ ਬਰਦਾਸ਼ਤ ਕਰਨੀ ਪਈ।

ਅਡਾਨੀ ਨੇ ਚੀਕ-ਚੀਕ ਕੇ ਕਿਹਾ ਕਿ ਇਹ ਸਭ ਸਾਜ਼ਿਸ਼ ਹੈ। ਦਰਅਸਲ, ਜਦੋਂ ਉਨ੍ਹਾਂ ਦਾ ਘਰਾਣਾ ਬਾਜ਼ਾਰ ਤੋਂ ਵੀਹ ਹਜ਼ਾਰ ਕਰੋੜ ਚੁੱਕਣ ਲਈ ਹੁਣ ਤੱਕ ਦਾ ਸਭ ਤੋਂ ਵੱਡਾ ਐਫ.ਪੀ.ਓ. (ਫਾਲੋਆਨ ਪਬਲਿਕ ਆਫਰ) ਜਾਰੀ ਕਰ ਰਿਹਾ ਸੀ, ਉਸੇ ਸਮੇਂ ਬੜੀ ਚਾਲਾਕੀ ਨਾਲ ਹਿੰਡਨਬਰਗ ਦੀ ਇਹ ਰਿਪੋਰਟ ਜਾਰੀ ਕੀਤੀ ਗਈ। ਰਿਪੋਰਟ ਦਾ ਸਿਰਲੇਖ ਸੀ- 'ਅਡਾਨੀ ਗਰੁੱਪ: ਹਾਓ ਦਾ ਵਰਲਡ'ਜ਼ ਥਰਡ ਰਿਚਰਡਸ ਮੈਨ ਇਜ਼ ਪੁਲਿੰਗ ਦਿ ਲਾਰਜੈਸਟ ਕੌਨ ਇਨ ਦਿ ਕਾਰਪੋਰੇਟ ਹਿਸਟਰੀ'। ਇਸ ਰਿਪੋਰਟ 'ਚ ਸ਼ੇਅਰਾਂ 'ਚ ਗੜਬੜੀ ਅਤੇ ਵਿੱਤੀ ਧੋਖਾਧੜੀ ਦਾ ਦੋਸ਼ ਸੀ। ਇਕ ਪਾਸੇ ਅਡਾਨੀ ਗਰੁੱਪ ਦੀਆਂ ਸਫ਼ਲਤਾਈਆਂ ਸਨ, ਦੂਜੇ ਪਾਸੇ ਹਿੰਡਨਬਰਗ ਦਾ ਰਿਕਾਰਡ ਸੀ। ਇਸ ਖੋਜ ਸੰਸਥਾ ਨੇ ਅਡਾਨੀ ਨੂੰ ਨਿਸ਼ਾਨੇ 'ਤੇ ਲੈਣ ਤੋਂ ਪਹਿਲਾਂ ਅਮਰੀਕਾ ਦੀ ਲਾਰਡਸਟਾਊਨ ਮੋਟਰਜ਼ ਕਾਰਪੋਰੇਸ਼ਨ, ਨਿਕੋਲਾ ਮੋਟਰ ਕੰਪਨੀ ਅਤੇ ਕਲੋਵਰ ਹੈਲਥ ਦੀ ਪੋਲ ਖੋਲ੍ਹ ਕੇ ਆਪਣਾ ਵੱਕਾਰ ਹਾਸਲ ਕੀਤਾ ਸੀ। ਉਹ ਚੀਨ ਦੀ ਕਾਂਡੀ ਅਤੇ ਕੋਲੰਬੀਆ ਦੀ ਟੈਕਨੋਲਾਸ ਸਮੇਤ 12 ਤੋਂ ਜ਼ਿਆਦਾ ਕੰਪਨੀਆ ਖਿਲਾਫ਼ ਰਿਪੋਰਟ ਜਾਰੀ ਕਰ ਚੁੱਕੀ ਸੀ। ਹਰ ਵਾਰ ਉਸ ਦੇ ਦਿੱਤੇ ਗਏ ਤੱਥ ਸਹੀ ਸਾਬਤ ਹੋਏ ਸਨ। ਹਰ ਵਾਰ ਹਵਾ 'ਚ ਉੱਡ ਰਹੀਆਂ ਕੰਪਨੀਆਂ ਜ਼ਮੀਨ 'ਤੇ ਆ ਗਈਆਂ ਸਨ। ਉਹੀ ਨਤੀਜਾ ਹੁਣ ਅਡਾਨੀ ਗਰੁੱਪ ਦਾ ਹੋਇਆ ਹੈ। ਅਡਾਨੀ ਚਾਰ ਸਥਾਨ ਡਿੱਗ ਕੇ ਦੁਨੀਆ 'ਚ ਸੱਤਵੇਂ ਨੰਬਰ 'ਤੇ ਆ ਗਏ। ਦੋ ਦਿਨਾਂ ਦੇ ਅੰਦਰ-ਅੰਦਰ ਉਸ ਦੀ ਪੂੰਜੀ 51 ਅਰਬ ਡਾਲਰ ਘਟ ਗਈ। ਉਹ ਤਾਂ ਸ਼ੁੱਕਰਵਾਰ ਕਰ ਕੇ ਸ਼ੇਅਰ ਬਾਜ਼ਾਰ 'ਚ ਸਰਕਟ ਬ੍ਰੇਕਰ ਲੱਗਾ ਹੋਇਆ ਸੀ, ਨਹੀਂ ਤਾਂ ਉਨ੍ਹਾਂ ਦੇ ਸ਼ੇਅਰ ਹੋਰ ਹੇਠਾਂ ਚਲੇ ਜਾਂਦੇ।

ਅਡਾਨੀ ਗਰੁੱਪ ਦਾ ਜੋ ਹੋਣਾ ਹੈ, ਉਹ ਤਾਂ ਹੋਵੇਗਾ ਹੀ, ਇਸ ਘਟਨਾਕ੍ਰਮ 'ਚ ਸਾਨੂੰ ਸਿੱਖਿਆ ਮਿਲਦੀ ਹੈ। ਸਾਨੂੰ ਪਤਾ ਲਗਦਾ ਹੈ ਕਿ ਜਿਸ ਚੀਜ਼ ਨੂੰ ਅਸੀਂ 'ਕ੍ਰੋਨੀ ਕੈਪਿਟਲਿਜ਼ਮ' ਕਹਿੰਦੇ ਹਾਂ, ਉਹ ਦਰਅਸਲ ਕੀ ਬਲਾ ਹੁੰਦੀ ਹੈ। 'ਕ੍ਰੋਨੀ ਕੈਪਿਟਲਿਜ਼ਮ' ਤੋਂ ਭਾਵ ਹੈ ਗੋਦੀ ਪੂੰਜੀਵਾਦ ਜਾਂ ਦਰਬਾਰੀ ਪੂੰਜੀਵਾਦ। ਇਸ ਦਾ ਸਿੱਧਾ ਮਤਲਬ ਹੈ ਸਰਕਾਰ ਦੇ ਚੋਣਵੇਂ ਕਾਰਪੋਰੇਟ ਘਰਾਣਿਆਂ ਨੂੰ ਇਕ ਤਰ੍ਹਾਂ ਦਾ ਅਸਾਧਾਰਨ ਸਮਰਥਨ ਦੇਣਾ ਜਿਸ ਦੇ ਦਮ 'ਤੇ ਉਨ੍ਹਾਂ ਘਰਾਣਿਆਂ ਦੀ ਸੰਪਤੀ ਅਤੇ ਪ੍ਰਭਾਵ ਦਾ ਅਸਾਧਾਰਨ ਵਿਸਥਾਰ ਹੋਣਾ। ਅਡਾਨੀ ਘਰਾਣੇ ਨੂੰ ਸਰਕਾਰ ਵਲੋਂ ਇਸੇ ਤਰ੍ਹਾਂ ਦਾ ਲਾਭ ਮਿਲਿਆ ਹੈ। ਇਸ ਦਾ ਸਭ ਤੋਂ ਵੱਡਾ ਸਬੂਤ ਹੈ ਇਸ ਘਰਾਣੇ 'ਚ ਜੀਵਨ ਬੀਮਾ ਨਿਗਮ ਦਾ ਨਿਵੇਸ਼। ਜੀਵਨ ਬੀਮਾ ਨਿਗਮ ਜਨਤਾ ਦੇ ਪੈਸਿਆਂ 'ਤੇ ਚੱਲਣ ਵਾਲੀ ਦੇਸ਼ ਦੀ ਸਭ ਤੋਂ ਵੱਡੀ ਬੀਮਾ ਕੰਪਨੀ ਹੈ। ਪਤਾ ਨਹੀਂ ਕਿੰਨੇ ਕਰਮਚਾਰੀਆਂ ਦੀ ਗਰੈਚੁਟੀ ਦਾ ਬੰਦੋਬਸਤ ਐਲ.ਆਈ.ਸੀ. ਦੇ ਹੱਥ 'ਚ ਹੈ। ਪਤਾ ਨਹੀਂ ਕਿੰਨਿਆਂ ਦਾ ਆਰਥਿਕ ਭਵਿੱਖ ਉਸ ਦੇ ਕਬਜ਼ੇ 'ਚ ਹੈ। ਸਮਝਿਆ ਜਾਂਦਾ ਹੈ ਕਿ ਇਸ ਕੰਪਨੀ ਨੇ ਅਡਾਨੀ ਗਰੁੱਪ 'ਚ ਲਗਭਗ 74 ਹਜ਼ਾਰ ਕਰੋੜ ਦਾ ਨਿਵੇਸ਼ ਕੀਤਾ ਹੋਇਆ ਹੈ, ਉਹ ਵੀ ਉਸ ਹਾਲਾਤ 'ਚ ਜਦੋਂ ਹੋਰ ਮਿਊਚਲ ਫੰਡਜ਼ ਇਸ ਸਮੂਹ 'ਚ ਨਿਵੇਸ਼ ਕਰਨ ਤੋਂ ਪਰਹੇਜ਼ ਕਰ ਰਹੇ ਹਨ। ਜ਼ਾਹਿਰ ਹੈ ਕਿ ਐਲ.ਆਈ.ਸੀ. ਉਦੋਂ ਤੱਕ ਕਿਸੇ ਪ੍ਰਾਈਵੇਟ ਉਦਯੋਗ ਸਮੂਹ 'ਚ ਨਿਵੇਸ਼ ਨਹੀਂ ਕਰ ਸਕਦੀ, ਜਦੋਂ ਤੱਕ ਸਰਕਾਰ ਵਲੋਂ ਉਸ ਨੂੰ ਅਜਿਹਾ ਕਰਨ ਲਈ ਨਾ ਕਿਹਾ ਜਾ ਰਿਹਾ ਹੋਵੇ।

ਇਤਿਹਾਸਕ ਤੌਰ 'ਤੇ ਏਸ਼ਿਆਈ ਪੂੰਜੀਪਤੀ ਪੂੰਜੀ ਲਗਾਉਣ ਦੇ ਮਾਮਲੇ 'ਚ ਕਮਜ਼ੋਰ ਸਨ। ਬਿਜਲੀ, ਸਟੀਲ ਅਤੇ ਹੋਰ ਬੁਨਿਆਦੀ ਢਾਂਚੇ ਨਾਲ ਸੰਬੰਧਿਤ ਉਦਯੋਗਾਂ 'ਚ ਪੂੰਜੀ ਲਗਾ ਕੇ ਮੁਨਾਫ਼ੇ ਦੀ ਉਡੀਕ ਕਰਨ 'ਚ ਜੋ ਲੰਬੀ ਮਿਆਦ ਖ਼ਰਚ ਹੋਣੀ ਸੀ, ਉਸ ਦੇ ਲਾਇਕ ਸਮਰੱਥਾ ਉਨ੍ਹਾਂ ਦੇ ਕੋਲ ਨਹੀਂ ਸੀ। ਇਸ ਲਈ ਭਾਰਤ ਅਤੇ ਜਾਪਾਨ ਜਿਹੀਆਂ ਅਰਥਵਿਵਸਥਾਵਾਂ 'ਚ ਸੂਬੇ ਦੀਆਂ ਸੰਸਥਾਵਾਂ ਨੇ ਉਨ੍ਹਾਂ ਦੀ ਮਦਦ ਕੀਤੀ। ਜਾਪਾਨ ਦਾ ਮੀਜ਼ੀ ਰੀਸਟੋਰੇਸ਼ਨ ਅਤੇ ਭਾਰਤ ਦਾ ਬੰਬੇ ਪਲਾਨ ਇਸ ਦੀ ਉਦਾਹਰਨ ਹੈ। ਇਨ੍ਹਾਂ ਦੋਵਾਂ ਦਾ ਮਕਸਦ ਇਕ ਹੀ ਹੈ। ਦੋਵਾਂ ਮਾਮਲਿਆਂ 'ਚ ਸੂਬੇ ਦੀ ਸੰਸਥਾ ਨੇ ਵੱਡੇ ਅਤੇ ਦੇਰੀ ਨਾਲ ਵਿਕਸਿਤ ਹੋਣ ਵਾਲੇ ਉਦਯੋਗਾਂ ਵਿਚ ਪੂੰਜੀ ਵਿਸ਼ ਕੀਤਾ ਅਤੇ ਫਿਰ ਦੂਰਅੰਦੇਸ਼ੀ ਯੋਜਨਾ ਤਹਿਤ ਪ੍ਰਾਈਵੇਟ ਖੇਤਰ ਨੂੰ ਉਨ੍ਹਾਂ ਨੂੰ ਸੌਂਪ ਦਿੱਤਾ।

ਕਿਸੇ ਜ਼ਮਾਨੇ 'ਚ ਧੀਰੂਭਾਈ ਅੰਬਾਨੀ ਦੇ ਰਿਲਾਇੰਸ ਉਦਯੋਗ ਸਮੂਹ ਨੂੰ ਇੰਦਰਾ ਗਾਂਧੀ ਦੇ ਵਿੱਤ ਮੰਤਰੀ ਦੇ ਰੂਪ 'ਚ ਪ੍ਰਣਬ ਮੁਖਰਜੀ ਦਾ ਬਹੁਚਰਚਿਤ ਸਮਰਥਨ ਪ੍ਰਾਪਤ ਹੋਇਆ ਸੀ। ਉਸ ਸਮੇਂ ਮੀਡੀਆ 'ਚ ਵਿਅੰਗ ਛਪਦਾ ਸੀ ਕਿ ਪ੍ਰਣਬ ਮੁਖਰਜੀ ਦਾ ਇਕ ਹੀ ਨਾਅਰਾ ਹੈ 'ਓਨਲੀ ਵਿਮਲ'। ਅਡਾਨੀ ਸਮੂਹ ਦਾ ਮਾਮਲਾ ਇਸ ਤੋਂ ਵੀ ਕਿਤੇ ਜ਼ਿਆਦਾ ਗੰਭੀਰ ਹੈ। 2002 'ਚ ਜਦੋਂ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਨਰਿੰਦਰ ਮੋਦੀ ਮੁਸਲਮਾਨ ਵਿਰੋਧੀ ਹਿੰਸਾ ਕਾਰਨ ਨਿਸ਼ਾਨੇ 'ਤੇ ਆਏ ਅਤੇ ਜਦੋਂ ਵੱਖ-ਵੱਖ ਸੰਸਥਾਵਾਂ ਨੇ ਉਨ੍ਹਾਂ ਖਿਲਾਫ਼ ਪ੍ਰਸਤਾਵ ਪਾਸ ਕਰਨੇ ਸ਼ੁਰੂ ਕੀਤੇ ਤਾਂ ਉਹ ਗੌਤਮ ਅਡਾਨੀ ਹੀ ਸਨ ਜਿਨ੍ਹਾਂ ਨੇ ਉਦਯੋਗਪਤੀਆਂ ਦੀ ਸੰਸਥਾ ਐਸੋਚੈਮ 'ਚ ਖੜ੍ਹੇ ਹੋ ਕੇ ਮੋਦੀ ਖਿਲਾਫ਼ ਪ੍ਰਸਤਾਵ ਪਾਸ ਹੋਣ ਤੋਂ ਰੁਕਵਾਏ ਸਨ। ਉਦੋਂ ਤੋਂ ਉਹ ਮੌਜੂਦਾ ਪ੍ਰਧਾਨ ਮੰਤਰੀ ਦੀਆਂ ਅੱਖਾਂ ਦੇ ਤਾਰੇ ਹਨ। ਪਹਿਲਾਂ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਅਡਾਨੀ ਨੂੰ ਮੋਦੀ ਸਰਕਾਰ ਦਾ ਨਿਰੰਤਰ ਸਮਰਥਨ ਹਾਸਲ ਹੋਇਆ ਅਤੇ ਫਿਰ ਭਾਰਤ ਦੇ ਪ੍ਰਧਾਨ ਮੰਤਰੀ ਦੇ ਰੂਪ 'ਚ ਇਹ ਸਿਲਸਿਲਾ ਜਾਰੀ ਰਿਹਾ। ਪਿਛਲੇ 9 ਸਾਲਾਂ 'ਚ ਜਿਸ ਰਫ਼ਤਾਰ ਅਤੇ ਨਿਰੰਤਰਤਾ ਨਾਲ ਸਰਕਾਰੀ ਸਮਰਥਨ ਸਦਕਾ ਉਨ੍ਹਾਂ ਦਾ ਵਿਸਥਾਰ ਹੋਇਆ ਹੈ, ਅਜਿਹਾ ਭਾਰਤ ਦੇ ਕਾਰਪੋਰੇਟ ਇਤਿਹਾਸ 'ਚ ਕਦੇ ਨਹੀਂ ਹੋਇਆ।

ਹੋ ਸਕਦਾ ਹੈ ਕਿ ਗੌਤਮ ਅਡਾਨੀ ਇਸ ਸੰਕਟ ਤੋਂ ਬੇਦਾਗ਼ ਨਿਕਲ ਜਾਣ ਪਰ ਜੇ ਉਹ ਅਜਿਹਾ ਨਾ ਕਰ ਸਕੇ ਤਾਂ ਇਹ ਮੋਦੀ ਸਰਕਾਰ ਲਈ ਵੱਡਾ ਝਟਕਾ ਹੋਵੇਗਾ। ਆਮ ਤੌਰ 'ਤੇ ਮਜ਼ਬੂਤ ਸਮਝੀਆਂ ਜਾਣ ਵਾਲੀਆਂ ਸਰਕਾਰਾਂ ਵੀ ਆਰਥਿਕ ਝਟਕਿਆਂ ਤੋਂ ਨਹੀਂ ਉੱਭਰ ਸਕਦੀਆਂ। ਇਸ ਸਮੇਂ ਤਾਂ ਸਟੇਟ ਬੈਂਕ ਅਤੇ ਅਡਾਨੀ ਸਮੂਹ ਨੂੰ ਕਰਜ਼ਾ ਦੇਣ ਵਾਲੇ ਹੋਰ ਬੈਂਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਿਸੇ ਸਮੂਹ ਨੂੰ ਕਰਜ਼ਾ ਦੇਣ ਦੇ ਮਾਮਲੇ 'ਚ ਰਿਜ਼ਰਵ ਬੈਂਕ ਵਲੋਂ ਤੈਅ ਕੀਤੀਆਂ ਗਈਆਂ ਹੱਦਾਂ ਦੀ ਉਲੰਘਣਾ ਨਹੀਂ ਕੀਤੀ ਪਰ ਇਹ ਸਭ ਸਫ਼ਾਈਆਂ ਹਨ। ਭਾਰਤ ਦੇ ਦਰਬਾਰੀ ਪੂੰਜੀਵਾਦ 'ਤੇ ਪਿਆ ਪਰਦਾ ਉੱਠਣ ਲੱਗਾ ਹੈ। ਪਤਾ ਨਹੀਂ ਇਸ ਦੇ ਪਿੱਛੇ ਕੀ-ਕੀ ਲੁਕਿਆ ਹੋਇਆ ਸੀ। ਜਿਵੇਂ-ਜਿਵੇਂ ਭੇਤ ਖੁੱਲ੍ਹੇਗਾ, ਉਵੇਂ-ਉਵੇਂ ਪਤਾ ਲੱਗੇਗਾ ਕਿ ਮੋਦੀ ਸਰਕਾਰ ਅਤੇ ਅਡਾਨੀ ਸਮੂਹ ਵਿਚਾਲੇ ਕੀ-ਕੀ ਪੱਕਦਾ ਰਿਹਾ ਹੈ।



# ਨੀਰੂ ਬਾਜਵਾ ਦੀ ਅਦਾਕਾਰੀ

ਅਦਾਕਾਰਾ ਨੀਰੂ ਬਾਜਵਾ ਨੇ ਪਹਿਲਾਂ ਸੋਚਿਆ ਸੀ ਕਿ ਉਹ ਕਦੇ ਵੀ ਵਿਆਹ ਨਹੀਂ ਕਰਵਾਏਗੀ ਅਤੇ ਸਾਰੀ ਉਮਰ ਕੁਆਰੀ ਰਹੇਗੀ ਪਰ ਬਾਅਦ ਵਿਚ ਉਸ ਨੂੰ ਹੈਰੀ ਜਵੰਧਾ ਨਾਲ ਪਿਆਰ ਹੋ ਗਿਆ ਅਤੇ ਉਨ੍ਹਾਂ ਦੋਵਾਂ ਨੇ ਵਿਆਹ ਕਰਵਾ ਲਿਆ। ਉਸ ਨੇ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕਰਦਿਆਂ ਕਿਹਾ, "ਮੈਂ ਕਦੇ ਵੀ ਵਿਆਹ ਨਹੀਂ ਕਰਵਾਉਣਾ ਚਾਹੁੰਦੀ ਸੀ ਤੇ ਮੈਂ ਸੋਚਦੀ ਸੀ ਕਿ ਹਮੇਸ਼ਾ ਕੁਆਰੀ ਰਹਾਂਗੀ ਕਿਉਂਕਿ ਮੈਂ ਰੋਮਾਂਟਿਕ ਕਿਸਮ ਦੀ ਨਹੀਂ ਹਾਂ ਪਰ ਤੁਸੀਂ ਜਾਣਦੇ ਹੋ ਕਿ ਜਦੋਂ ਤੁਹਾਨੂੰ ਕਿਸੇ ਨਾਲ ਪਿਆਰ ਹੋ ਜਾਂਦਾ ਹੈ ਤਾਂ ਸਭ ਕੁਝ ਚੰਗਾ ਲੱਗਣ ਲੱਗ ਜਾਂਦਾ ਹੈ ਅਤੇ ਤੁਹਾਨੂੰ ਖਾਸ ਅਹਿਸਾਸ ਹੁੰਦਾ ਹੈ।"


ਉਸ ਨੇ ਕਿਹਾ, "ਸੱਚ ਕਹਾਂ ਤਾਂ ਇਹ ਸਭ ਕੁਝ ਉਦੋਂ ਹੋਇਆ ਜਦੋਂ ਮੈਂ ਹੈਰੀ ਨੂੰ ਦੇਖਿਆ। ਉਸ ਵੇਲੇ ਮੈਨੂੰ ਪਤਾ ਲੱਗ ਗਿਆ ਸੀ ਕਿ ਮੈਂ ਹੈਰੀ ਨਾਲ ਵਿਆਹ ਕਰਵਾ ਰਹੀ ਹਾਂ।" ਨੀਰੂ ਬਾਜਵਾ ਨੇ ਇਹ ਗੱਲਾਂ ਆਪਣੀ ਭੈਣ ਨਾਲ ਸਾਂਝੀਆਂ ਕੀਤੀਆਂ ਜੋ ਹੈਰੀ ਨੂੰ ਲੰਮੇ ਸਮੇਂ ਤੋਂ ਜਾਣਦੀ ਸੀ। ਉਸ ਦੀ ਭੈਣ ਨੇ ਕਿਹਾ ਸੀ ਕਿ ਹੈਰੀ ਸੋਲਾਂ ਕਲਾ ਸੰਪੂਰਨ ਹੈ ਅਤੇ ਉਸ ਨੂੰ ਹੈਰੀ ਨਾਲ ਵਿਆਹ ਕਰਵਾ ਲੈਣਾ ਚਾਹੀਦਾ ਹੈ। ਇਹ ਸਾਰੀਆਂ ਗੱਲਾਂ ਨੀਰੂ ਨੇ 'ਦਿ ਕਪਿਲ ਸ਼ਰਮਾ ਸ਼ੋਅ' ਵਿਚ ਸਾਂਝੀਆਂ ਕੀਤੀਆਂ। ਉਹ ਇਸ ਸ਼ੋਅ ਵਿਚ ਸਤਿੰਦਰ ਸਰਤਾਜ ਨਾਲ ਆਪਣੀ ਨਵੀਂ ਫਿਲਮ 'ਕਲੀ ਜੋਟਾ' ਦੀ ਪ੍ਰਮੋਸ਼ਨ ਲਈ ਆਈ ਸੀ।

# ਮਸਾਬਾ ਦਾ ਵਿਆਹ

ਫੈਸ਼ਨ ਡਿਜ਼ਾਈਨਰ ਮਸਾਬਾ ਗੁਪਤਾ ਅਤੇ ਅਭਿਨੇਤਾ ਸਤਿਆਦੀਪ ਮਿਸ਼ਰਾ ਵਿਆਹ ਬੰਧਨ ਵਿਚ ਬੱਝ ਗਏ ਹਨ। 33 ਸਾਲਾ ਫੈਸ਼ਨ ਡਿਜ਼ਾਈਨਰ-ਅਦਾਕਾਰਾ ਮਸਾਬਾ ਗੁਪਤਾ ਨੇ ਆਪਣੇ ਇੰਸਟਾਗ੍ਰਾਮ ਪੇਜ 'ਤੇ ਇਹ ਜਾਣਕਾਰੀ ਸਾਂਝੀ ਕੀਤੀ ਅਤੇ ਸਤਿਆਦੀਪ ਮਿਸ਼ਰਾ ਨਾਲ ਫੋਟੋਆਂ ਪੋਸਟ ਕੀਤੀਆਂ। ਸਤਿਆਦੀਪ ਮਿਸ਼ਰਾ ਨੇ 'ਨੋ ਵਨ ਕਿਲਡ ਜੈਸਿਕਾ' ਅਤੇ 'ਬੰਬੇ ਵੈਲਵੇਟ' ਵਰਗੀਆਂ ਫਿਲਮਾਂ ਵਿਚ ਕੰਮ ਕੀਤਾ ਹੈ। ਮਸਾਬਾ ਗੁਪਤਾ ਦਾ ਵਿਆਹ ਪਹਿਲਾਂ ਜੂਨ 2015 ਵਿਚ ਨਿਰਮਾਤਾ ਮਧੂ ਨਾਲ ਹੋਇਆ ਸੀ ਪਰ ਦੋਵੇਂ 2019 ਵਿਚ ਵੱਖ ਹੋ ਗਏ। ਸਤਿਆਦੀਪ ਮਿਸ਼ਰਾ ਦਾ ਪਹਿਲਾਂ ਅਦਾਕਾਰਾ ਅਦਿਤੀ ਰਾਓ ਹੈਦਰੀ ਨਾਲ ਵਿਆਹ ਹੋਇਆ ਸੀ। ਮਸਾਬਾ ਵੈਸਟਇੰਡੀਜ਼ ਦੇ ਮਹਾਨ ਕ੍ਰਿਕਟਰ ਵਿਵਿਅਨ ਰਿਚਰਡਸ ਅਤੇ ਅਦਾਕਾਰਾ ਨੀਨਾ ਗੁਪਤਾ ਦੀ ਧੀ ਹੈ।




*ਮਸਾਬਾ ਗੁਪਤਾ ਆਪਣੀ ਮਾਂ ਨੀਨਾ ਗੁਪਤਾ ਨਾਲ।*



*ਮਸਾਬਾ ਗੁਪਤਾ ਆਪਣੇ ਪਿਤਾ ਵਿਵੀਅਨ ਰਿਚਰਡ ਨਾਲ।*

ਮਸਾਬਾ ਗੁਪਤਾ ਦਾ ਜਨਮ 2 ਨਵੰਬਰ 1989 ਨੂੰ ਹੋਇਆ ਸੀ। ਉਹ 8 ਵਰ੍ਹਿਆਂ ਦੀ ਹੋਈ ਤਾਂ ਉਸ ਦੀ ਤਮੰਨਾ ਟੈਨਿਸ ਖਿਡਾਰੀ ਬਣਨ ਦੀ ਸੀ ਪਰ 16 ਸਾਲ ਦੀ ਉਮਰ ਤੱਕ ਪੁੱਜਦਿਆਂ-ਪੁੱਜਦਿਆਂ ਉਸ ਨੇ ਟੈਨਿਸ ਦੀ ਸਿਖਲਾਈ ਬੰਦ ਕਰ ਦਿੱਤੀ। ਨਾਚ ਅਤੇ ਸੰਗੀਤ ਦੀ ਸ਼ੌਕੀਨ ਮਸਾਬਾ ਸ਼ਿਆਮਕ ਡਾਵਰ ਦੇ ਨਾਚ ਗਰੁੱਪ ਦਾ ਹਿੱਸਾ ਬਣਨਾ ਚਾਹੁੰਦੀ ਸੀ ਪਰ ਉਸ ਦੀ ਮਾਂ ਨੀਨਾ ਗੁਪਤਾ ਨੇ ਬਹੁਤਾ ਹੁੰਗਾਰਾ ਨਹੀਂ ਭਰਿਆ। ਫਿਰ ਵੀ ਉਸ ਨੇ ਲੰਡਨ ਵਿਚ ਸੰਗੀਤ ਅਤੇ ਨਾਚ ਦੀ ਬਾਕਾਇਦਾ ਸਿਖਲਾਈ ਲਈ ਦਾਖਲਾ ਲਿਆ ਪਰ ਇਹ ਸਿਖਲਾਈ ਵੀ ਉਸ ਨੇ ਵਿਚਾਲੇ ਹੀ ਛੱਡ ਦਿੱਤੀ। ਉਹ ਉਥੇ ਇਕੱਲਤਾ ਦੀ ਸ਼ਿਕਾਰ ਹੋ ਗਈ ਸੀ। ਮਸਾਬਾ ਦਾ ਕਹਿਣਾ ਹੈ ਕਿ ਸਕੂਲ ਦੇ ਦਿਨਾਂ ਦੌਰਾਨ ਉਸ ਨੂੰ ਨਸਲਪ੍ਰਸਤੀ ਦੇ ਕਹਿਰ ਦਾ ਸਾਹਮਣਾ ਕਰਨਾ ਪਿਆ।

19 ਵਰ੍ਹਿਆਂ ਦੀ ਉਮਰ ਵਿਚ ਮਸਾਬਾ ਨੇ ਮੁੰਬਈ ਵਿਚ ਫੈਸ਼ਨ ਦੇ ਖੇਤਰ ਵਿਚ ਜਾਣ ਲਈ ਵੈਂਡਲ ਰੌਡਰਿਕਸ ਕੋਲ ਪਹੁੰਚ ਕੀਤੀ। ਇਸ ਖੇਤਰ ਵਿਚ ਉਸ ਦੀ ਪਹਿਲੀ ਕੁਲੈਕਸ਼ਨ 'ਕਾਤਰਾਂ' ਸੀ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਫਿਰ ਉਸ ਨੂੰ ਕੰਮ ਮਿਲਦਾ ਗਿਆ ਅਤੇ ਫਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹ ਦੱਸਦੀ ਹੈ ਕਿ ਉਸ ਨੇ ਆਪਣੀ ਮਾਂ ਅਤੇ ਪਿਤਾ ਕੋਲੋਂ ਬੜਾ ਕੁਝ ਸਿੱਖਿਆ ਹੈ।



*ਮਸਾਬਾ ਗੁਪਤਾ ਆਪਣੇ ਪਤੀ ਅਭਿਨੇਤਾ ਸਤਿਆਦੀਪ ਮਿਸ਼ਰਾ ਨਾਲ।*

# ਫਿਲਮ 'ਪਠਾਨ' ਦੀ ਸਫਲਤਾ ਅਤੇ ਸਿਆਸਤ

ਫਿਲਮ ਅਦਾਕਾਰ ਸ਼ਾਹਰੁਖ ਖਾਨ, ਦੀਪਿਕਾ ਪਾਦੂਕੋਣ ਅਤੇ ਜੌਹਨ ਅਬਰਾਹਿਮ ਦੀ ਫਿਲਮ 'ਪਠਾਨ' ਨੂੰ ਦੁਨੀਆ ਭਰ ਦੇ ਸਿਨੇਮਿਆਂ ਵਿਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਫਿਲਮ ਨੇ ਕਮਾਈ ਦੇ ਢੇਰ ਲਾ ਦਿੱਤੇ ਹਨ। ਭਾਰਤ ਦੇ ਕਈ ਸ਼ਹਿਰਾਂ ਵਿਚ ਰੋਸ ਪ੍ਰਦਰਸ਼ਨਾਂ ਦੇ ਬਾਵਜੂਦ ਇਸ ਫਿਲਮ ਨੂੰ ਦੇਖਣ ਲਈ ਦਰਸ਼ਕ ਉਤਸ਼ਾਹ ਨਾਲ ਸਿਨੇਮਾ ਘਰਾਂ ਵਿਚ ਪਹੁੰਚੇ। ਫਿਲਮ ਦਾ ਨਿਰਦੇਸ਼ਨ ਸਿਧਾਰਥ ਆਨੰਦ ਨੇ ਕੀਤਾ ਹੈ ਅਤੇ ਇਹ ਦੁਨੀਆ ਭਰ ਦੀਆਂ 8 ਹਜ਼ਾਰ ਸਕਰੀਨਾਂ 'ਤੇ ਦਿਖਾਈ ਜਾ ਰਹੀ ਹੈ ਜਿਨ੍ਹਾਂ ਵਿਚ ਭਾਰਤ ਦੀਆਂ 5500 ਸਕਰੀਨਾਂ ਸ਼ਾਮਲ ਹਨ। ਇਸ ਫਿਲਮ ਨੂੰ ਤਾਮਿਲ ਅਤੇ ਤੇਲਗੂ ਭਾਸ਼ਾ ਵਿਚ ਵੀ ਰਿਲੀਜ਼ ਕੀਤਾ ਗਿਆ ਹੈ।

ਇਸੇ ਦੌਰਾਨ ਰੋਸ ਪ੍ਰਦਰਸ਼ਨ ਦੌਰਾਨ ਇੰਦੌਰ ਵਿਚ ਇਤਰਾਜ਼ਯੋਗ ਨਾਅਰੇਬਾਜ਼ੀ ਕਰਨ ਦੇ ਦੋਸ਼ ਹੇਠ ਪੁਲਿਸ ਨੇ ਇਕ ਵਿਅਕਤੀ ਖਿਲਾਫ ਪਰਚਾ ਦਰਜ ਕੀਤਾ ਹੈ। ਇਸ ਫਿਲਮ ਵਿਚ ਡਿੰਪਲ ਕਪਾਡੀਆ ਅਤੇ ਆਸ਼ੂਤੋਸ਼ ਰਾਣਾ ਦੀਆਂ ਵੀ ਅਹਿਮ ਭੂਮਿਕਾਵਾਂ ਹਨ। ਸ਼ਾਹਰੁਖ ਖਾਨ ਦੀ ਇਹ ਫਿਲਮ ਚਾਰ ਸਾਲ ਦੇ ਵਕਫੇ ਤੋਂ ਬਾਅਦ ਆਈ ਹੈ। ਇਸ ਤੋਂ ਪਹਿਲਾਂ 2018 ਵਿਚ ਉਸ ਦੀ ਫਿਲਮ 'ਜ਼ੀਰੋ' ਆਈ ਸੀ। ਫਿਲਮ ਨੂੰ ਸ਼ੁਰੂਆਤ ਵਿਚ ਇੰਨਾ ਜ਼ਿਆਦਾ ਹੁੰਗਾਰਾ ਮਿਲਿਆ ਕਿ 300 ਸ਼ੋਅ ਹੋਰ ਵਧਾਉਣੇ ਪਏ।

ਭਾਰਤ ਵਿਚ ਮੱਧ ਪ੍ਰਦੇਸ਼ ਦੇ ਕਈ ਸ਼ਹਿਰਾਂ ਵਿਚ ਫਿਲਮ 'ਪਠਾਨ' ਦਾ ਵਿਰੋਧ ਕੀਤਾ ਗਿਆ ਜਿਸ ਕਾਰਨ ਇੰਦੌਰ ਤੇ ਭੁਪਾਲ ਵਿਚ ਇਸ ਦੇ ਸਵੇਰ ਦੇ ਸ਼ੋਅ ਰੱਦ ਕਰਨੇ ਪਏ। ਰੋਸ ਪ੍ਰਦਰਸ਼ਨ ਕਰ ਰਹੀਆਂ ਜਥੇਬੰਦੀਆਂ ਅਨੁਸਾਰ ਫਿਲਮ ਦੇ ਗਾਣੇ 'ਬੇਸ਼ਰਮ ਰੰਗ' ਨਾਲ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਭੁਪਾਲ ਵਿਚ ਰੋਸ ਪ੍ਰਦਰਸ਼ਨ ਕਰ ਰਹੇ ਬਜਰੰਗ ਦਲ ਦੇ ਕਾਰਕੁਨਾਂ ਨੇ ਰਾਜਮਹਿਲ ਸਿਨੇਮਾ ਹਾਲ ਦੇ ਪ੍ਰਬੰਧਕਾਂ ਨੂੰ ਫਿਲਮ ਦੇ ਪੋਸਟਰ ਹਟਾਉਣ ਲਈ ਮਜਬੂਰ ਕੀਤਾ। ਪ੍ਰਦਰਸ਼ਨਕਾਰੀਆਂ ਨੇ ਫਿਲਮ ਦੇ ਪੋਸਟਰਾਂ ਨੂੰ ਪਾੜ ਵੀ ਦਿੱਤਾ। ਭੁਪਾਲ ਦੇ ਐਡੀਸ਼ਨਲ ਪੁਲਿਸ ਕਮਿਸ਼ਨਰ ਸਚਿਨ ਕੁਮਾਰ ਨੇ ਦੱਸਿਆ ਕਿ ਸਿਨੇਮਾ ਘਰਾਂ ਦੇ ਬਾਹਰ ਪੁਲਿਸ ਤਾਇਨਾਤ ਕਰ ਦਿੱਤੀ ਗਈ ਹੈ। ਬਜਰੰਗ ਦਲ ਦੀ ਭੁਪਾਲ ਇਕਾਈ ਦੇ ਜੁਾਇੰਟ ਕਨਵੀਨਰ ਅਭਿਜੀਤ ਸਿੰਘ ਰਾਜਪੂਤ ਨੇ ਕਿਹਾ ਕਿ ਸੰਸਥਾ ਦੇ ਕਾਰਕੁਨਾਂ ਨੇ ਸ਼ਹਿਰ ਦੇ ਤਿੰਨ ਸਿਨੇਮਾ ਘਰਾਂ ਅੱਗੇ ਰੋਸ ਪ੍ਰਦਰਸ਼ਨ ਕੀਤੇ ਹਨ ਤੇ ਪੋਸਟਰ ਹਟਾਏ। ਇਸੇ ਤਰ੍ਹਾਂ ਇੰਦੌਰ ਵਿਚ ਹਿੰਦੂ ਜਾਗਰਨ ਮੰਚ ਨੇ ਸਪਨਾ-ਸੰਗੀਤਾ ਸਿਨੇਮਾ ਹਾਲ ਅੱਗੇ ਰੋਸ ਪ੍ਰਦਰਸ਼ਨ ਕੀਤਾ। ਗਵਾਲੀਅਰ ਵਿਚ ਵੀ ਬਜਰੰਗ ਦਲ ਦੇ ਕਾਰਕੁਨਾਂ ਨੇ ਦੀਨਦਿਆਲ ਮਾਲ 'ਚ ਸਥਿਤ ਮਲਟੀਪਲੈਕਸ ਦੇ ਸਾਹਮਣੇ ਰੋਸ ਪ੍ਰਦਰਸ਼ਨ ਦੌਰਾਨ ਫਿਲਮ 'ਪਠਾਨ' ਦੀ ਸਕਰੀਨਿੰਗ ਰੋਕਣ ਦੀ ਮੰਗ ਕੀਤੀ।



ਫਰੀਦਾਬਾਦ ਦੇ ਇਕ ਸਿਨੇਮਾ ਹਾਲ ਅੰਦਰ ਬਜਰੰਗ ਦਲ ਨੇ ਤੋੜ-ਭੰਨ ਕੀਤੀ ਅਤੇ ਫਿਲਮ ਦੇ ਪੋਸਟਰ ਪਾੜ ਦਿੱਤੇ। ਬਜਰੰਗ ਦਲ ਦੇ ਕਾਰਕੁਨ ਮਥੁਰਾ ਰੋਡ ਸਥਿਤ ਆਈਨੈਕਸ ਮਾਲ ਵਿਚ ਬਣੇ ਪੀ.ਵੀ.ਆਰ. ਵਿਚ ਵੜ ਗਏ ਤੇ ਭੰਨ-ਤੋੜ ਕੀਤੀ। ਇਸੇ ਦੌਰਾਨ ਪੀ.ਵੀ.ਆਰ. ਦੇ ਪ੍ਰਬੰਧਕਾਂ ਨੇ ਦਰਸ਼ਕਾਂ ਨੂੰ ਤੁਰੰਤ ਬਾਹਰ ਕੱਢ ਦਿੱਤਾ। ਇਸ ਘਟਨਾ ਮਗਰੋਂ ਸ਼ਹਿਰ ਦੇ ਸਿਨੇਮਾ ਘਰਾਂ ਵਿਚ ਪੁਲਿਸ ਨੇ ਸੁਰੱਖਿਆ ਵਧਾ ਦਿੱਤੀ ਹੈ। ਸੀਤਾਪੁਰ ਦੇ ਮਲਟੀਪਲੈਕਸ ਵਿਚ ਫਿਲਮ ਦੀ ਸਕਰੀਨਿੰਗ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੇ ਮਲਟੀਪਲੈਕਸ ਦੇ ਬਾਹਰ ਪੁਲਿਸ ਤਾਇਨਾਤ ਕੀਤੀ। ਇਸ ਫਿਲਮ ਦੇ ਵਿਰੋਧ ਵਿਚ ਰਾਸ਼ਟਰੀ ਹਿੰਦੂ ਸ਼ੇਰ ਸੈਨਾ ਨੇ ਵਿਰੋਧ ਪ੍ਰਦਰਸ਼ਨ ਕੀਤਾ ਸੀ।

ਉਧਰ, ਉਘੇ ਸੰਗੀਤਕਾਰ ਏ.ਆਰ. ਰਹਿਮਾਨ ਨੇ ਲੋਕਾਂ ਵੱਲੋਂ ਫਿਲਮਾਂ ਦੇਖੇ ਬਿਨਾ ਉਸ ਬਾਰੇ ਧਾਰਨਾਵਾਂ ਬਣਾਉਣ ਨੂੰ 'ਮੰਦਭਾਗਾ' ਕਰਾਰ ਦਿੱਤਾ ਹੈ। ਸੰਗੀਤਕਾਰ ਨੇ ਕਿਹਾ, "ਇਹ ਮੰਦਭਾਗਾ ਹੈ ਕਿ ਲੋਕ ਬਿਨਾ ਫਿਲਮ ਦੇਖੇ ਹੀ ਉਸ ਬਾਰੇ ਅਨੁਮਾਨ ਲਾਉਂਦੇ ਹਨ।" ਰਹਿਮਾਨ ਨੇ ਰਾਜਕੁਮਾਰ ਸੰਤੋਸ਼ੀ ਦੀ ਫਿਲਮ 'ਗਾਂਧੀ ਗੋਡਸੇ: ਏਕ ਯੁੱਧ' ਦਾ ਸੰਗੀਤ ਤਿਆਰ ਕੀਤਾ ਹੈ ਅਤੇ ਇਹ ਫਿਲਮ ਵੀ ਬਹਿਸ ਦਾ ਵਿਸ਼ਾ ਬਣੀ ਹੋਈ। ਕੁਝ ਲੋਕ ਇਹ ਦਲੀਲਾਂ ਦੇ ਰਹੇ ਹਨ ਕਿ ਇਹ ਫਿਲਮ ਮਹਾਤਮਾ ਗਾਂਧੀ ਦੀ ਵਿਰਾਸਤ ਨੂੰ ਖੋਖਲਾ ਕਰਨ ਅਤੇ ਉਨ੍ਹਾਂ ਦੇ ਕਾਤਲ ਨੱਥੂਰਾਮ ਗੋਡਸੇ ਨੂੰ ਵਡਿਆਉਣ ਦੀ ਕੋਸ਼ਿਸ਼ ਹੈ।

ਯਾਦ ਰਹੇ ਕਿ ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ, ਫਿਲਮ ਸਨਅਤ ਨੂੰ ਫਿਰਕੂ ਆਧਾਰ 'ਤੇ ਵੰਡ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਕੰਗਨਾ ਰਣੌਤ ਵਰਗੀ ਅਦਾਕਾਰਾ ਨੇ ਇਸ ਮਾਮਲੇ ਵਿਚ ਬੜਾ ਮਾੜਾ ਰੋਲ ਨਿਭਾਇਆ ਹੈ। ਫਿਲਮ ਸਨਅਤ ਨਾਲ ਜੁੜੇ ਸੰਜੀਦਾ ਲੋਕਾਂ ਦਾ ਆਖਣਾ ਹੈ ਕਿ ਇਸ ਤਰ੍ਹਾਂ ਕਰ ਕੇ ਨੁਕਸਾਨ ਸਿਰਫ ਫਿਲਮ ਸਨਅਤ ਦਾ ਹੀ ਹੋਵੇਗਾ। ਫਿਲਮਾਂ ਵਿਰੁਧ ਰੋਸ ਪ੍ਰਦਰਸ਼ਨ ਬਿਲਕੁਲ ਸਿਆਸਤ ਤੋਂ ਪ੍ਰੇਰਤ ਹਨ ਅਤੇ ਅਜਿਹੀਆਂ ਕਾਰਵਾਈਆਂ ਨੂੰ ਠੱਲ੍ਹ ਪੈਣੀ ਚਾਹੀਦੀ ਹੈ।

ਯਾਦ ਰਹੇ ਕਿ ਫਿਲਮ 'ਪਠਾਨ' ਦੀ ਨਾਇਕਾ ਦੀਪਿਕਾ ਪਾਦੂਕੋਣ ਨੇ ਦਿੱਲੀ ਵਿਚ ਵਿਦਿਆਰਥੀਆਂ ਦੇ ਅੰਦੋਲਨ ਦੀ ਹਮਾਇਤ ਕੀਤੀ ਸੀ ਜਿਸ ਕਾਰਨ ਕੱਟੜਪੰਥੀ ਉਸ ਦੇ ਮਗਰ ਪੈ ਗਏ ਅਤੇ ਉਸ ਦੀ ਹਰ ਫਿਲਮ ਦਾ ਵਿਰੋਧ ਕੀਤਾ ਗਿਆ। ਉਂਝ, ਇਸ ਦੌਰਾਨ ਇਕ ਹੋਰ ਨੁਕਤਾ ਵੀ ਸਾਹਮਣੇ ਆ ਰਿਹਾ ਹੈ। ਇਹ ਨੁਕਤਾ ਹੈ ਕਿ ਫਿਲਮ 'ਪਠਾਨ' ਮੂਲ ਰੂਪ ਵਿਚ ਸਥਾਪਤੀ ਦੇ ਹੱਕ ਵਿਚ ਭੁਗਤਦੀ ਹੈ। ਕੁੱਲ ਮਿਲਾ ਕੇ ਹੁਣ ਮਾਹੌਲ ਇਸ ਤਰ੍ਹਾਂ ਦਾ ਬਣਾ ਦਿੱਤਾ ਗਿਆ ਹੈ ਕਿ ਹਰ ਪਾਸੇ ਕੱਟੜਪੰਥੀਆਂ ਦੀ ਹੀ ਸਿਆਸਤ ਚੱਲ ਰਹੀ ਹੈ। ਘੱਟਗਿਣਤੀਆਂ ਨਾਲ ਜੁੜੇ ਲੋਕ ਆਪਣੀ ਦੇਸ਼ਭਗਤੀ ਸਾਬਤ ਕਰਦੇ-ਕਰਦੇ ਕੱਟੜਪੰਥੀਆਂ ਦੇ ਪਾਲੇ ਵਿਚ ਹੀ ਜਾ ਖੜ੍ਹੇ ਹੁੰਦੇ ਹਨ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ੴ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥

‘ਏਕ ਪਿਤਾ ਏਕਸ ਕੇ ਹਮ ਬਾਰਿਕ’ ਦਾ ਸੁਨੇਹਾ ਦੇਣ ਵਾਲੇ

# ਸ੍ਰੀ ਗੁਰੂ ਰਵਿਦਾਸ ਜੀ ਦੇ

## ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ



# ਲੱਖ ਲੱਖ ਵਧਾਈ ਹੋਵੇ

ਵਲੋਂ: ਤੂਰਾ ਪਰਿਵਾਰ, ਕਾਰਮਲ (ਇੰਡੀਆਨਾ)
ਫੋਨ: 317-702-0481